
ਆਰਸੀ

ਮਈ 1995 • ਮੁੱਲ 10 ਰੁਪਏ



ਗੁਰਬਖ਼ਸ਼ ਸਿੰਘ ਸ਼ਤਾਬਦੀ ਅੰਕ

ਨਵਯੁਗ ਪਬਲਿਸ਼ਰਜ਼ ਵਲੋਂ ਛਪੀਆਂ ਪੰਜਾਬੀ ਪੁਸਤਕਾਂ

ਗੁਰਬਖਸ਼ ਸਿੰਘ

ਰੁਖਾਂ ਦੀ ਜੀਰਾਂਦ	22/-
ਮੇਰੀ ਜੀਵਨ ਕਹਾਣੀ I	35/-
ਮੇਰੀ ਜੀਵਨ ਕਹਾਣੀ II	60/-
ਮੇਰੀ ਜੀਵਨ ਕਹਾਣੀ III	40/-
ਚਿਠੀਆਂ ਜੀਤਾਂ ਦੇ ਨਾਂ	25/-
ਸਰਬ ਪੱਖੀ ਨਾਇਕ	35/-
ਪ੍ਰੀਤਾਂ ਦੀ ਪਹਿਰੇਦਾਰ	16/-
ਪ੍ਰੀਤ ਕਹਾਣੀਆਂ	25/-
ਇਸ਼ਕ ਜਿਨ੍ਹਾਂ ਦੀ ਹੱਡੀਂ ਰਚਿਆ	40/-
ਪਰਮ ਮਨੁੱਖ	20/-
ਜ਼ਿੰਦਗੀ ਦੀ ਡਾਟ	15/-
ਤਕਦੀਰਾਂ ਦੀ ਫੁਲ ਕਿਆਰੀ	20/-
ਨਵਾਂ ਸ਼ਿਵਾਲਾ	30/-
ਸਾਡੇ ਵਾਰਿਸ	20/-
ਪ੍ਰਸੰਨ ਲੰਮੀ ਉਮਰ	20/-
ਮਨੋਹਰ ਸ਼ਖ਼ਸੀਅਤ	30/-
ਸਾਵੀਂ ਪੱਧਰੀ ਜ਼ਿੰਦਗੀ	45/-
ਸੁਖਾਵੀਂ ਸੁਧਰੀ ਜ਼ਿੰਦਗੀ	16/-
ਮੇਰੀਆਂ ਅਭੁੱਲ ਯਾਦਾਂ	20/-
ਜ਼ਿੰਦਗੀ ਦੀ ਕਵਿਤਾ	30/-
ਇਕ ਦੁਨੀਆਂ ਦੇ ਤੇਰਾਂ ਸੁਪਨੇ	18/-
ਤਾਜ ਤੇ ਸਰੂ	20/-
ਖੁਸ਼ਹਾਲ ਜੀਵਨ	20/-
ਮੇਰੇ ਝਰੋਖੇ 'ਚੋਂ	35/-
ਚੰਗੇਰੀ ਦੁਨੀਆਂ	20/-
ਮਹਾਨ ਵਿਚਾਰ	20/-
ਭਖ਼ਦੀ ਜੀਵਨ ਚੰਗਿਆੜੀ	20/-
ਗੁਰਬਖ਼ਸ਼ ਸਿੰਘ ਅਭਿਨੰਦਨ ਗ੍ਰੰਥ	100/-
ਇਹ ਜਗ ਸਾਡਾ	25/-
ਨਵੀਂ ਤਕੜੀ ਦੁਨੀਆਂ	20/-
ਅਨੋਖੇ ਤੇ ਇਕੱਲੇ	65/-
ਜ਼ਿੰਦਗੀ ਦੀ ਰਾਸ	25/-
ਖੁਲ੍ਹਾ ਦਰ	10/-
ਸ਼ਬਨਮ	10/-
ਭਾਬੀ ਮੈਨਾ	10/-
ਜ਼ਿੰਦਗੀ ਵਾਰਸ ਹੈ	10/-

ਕਰਤਾਰ ਸਿੰਘ ਦੁੱਗਲ

ਨਾਨਕ ਨਾਮ ਚੜ੍ਹਦੀ ਕਲਾ	250/-
ਤੇਰੇ ਭਾਣੇ	300/-
ਸਰਬਤ ਦਾ ਭਲਾ	225/-
ਕਿਸ ਪਹਿ ਖੋਲ੍ਹਉ ਗੰਠੜੀ	150/-

ਦੁੱਗਲ ਦੇ ਵੀਹ ਕਹਾਣੀ-ਸੰਗ੍ਰਹਿਆਂ
ਦਾ ਸੋਧਿਆ ਹੋਇਆ ਪੂਰਾ ਸੈੱਟ
ਹਰੇਕ ਸੰਗ੍ਰਹਿ ਵਿਚ 25 ਕਹਾਣੀਆਂ

ਸਵੇਰ ਸਾਰ	65/-
ਪਿੱਪਲ ਪੱਤੀਆਂ	65/-
ਕੁੜੀ ਕਹਾਣੀ ਕਰਦੀ ਗਈ	65/-
ਅੱਗ ਖਾਣ ਵਾਲੇ	65/-
ਕਰਾਮਾਤ	65/-
ਨਵਾਂ ਆਦਮੀ	65/-
ਲੜਾਈ ਨਹੀਂ	65/-
ਫੁੱਲ ਤੋੜਨਾ ਮਨ੍ਹਾਂ ਹੈ	65/-
ਪਾਰੇ ਮੇਰੇ	65/-
ਸੱਭੇ ਸਾਝੀਵਾਲ ਸਦਾਇਣ	65/-
ਮਾਜ੍ਹਾ ਨਹੀਂ ਮੋਇਆ	65/-
ਇਕ ਛਿਟ ਚਾਨਣ ਦੀ	65/-
ਗੌਰਜ	65/-
ਢੋਇਆ ਹੋਇਆ ਬੂਹਾ	65/-
ਇਕਰਾਰਾਂ ਵਾਲੀ ਰਾਤ	65/-
ਤਰਕਾਲਾਂ ਵੇਲੇ	65/-
ਹੰਸਾ ਆਦਮੀ	65/-
ਪੈਣਗੇ ਵੈਣ ਡੂੰਘੇ	65/-
ਭਾਬੀ ਜਾਨ	65/-
ਮੌਤ ਇਕ ਗ਼ੁੰਚੇ ਦੀ	65/-

ਇਹ ਪੁਸਤਕਾਂ ਪੇਪਰ ਬੈਕ ਵਿਚ ਵੀ
ਮਿਲ ਸਕਦੀਆਂ ਹਨ –
ਮੁੱਲ ਹਰੇਕ ਪੁਸਤਕ 45/-

ਮੈਂ ਤੋਂ ਪ੍ਰੇਮ ਦੀਵਾਨੀ (ਨਾਵਲ)	35/-
ਦਰਦ ਨਾ ਜਾਨੇ ਕੋਇ (ਨਾਵਲ)	35/-
ਮੇਰੀਆਂ ਸ੍ਰੇਸ਼ਟ ਕਹਾਣੀਆਂ	25/-
ਇਕ ਅੱਖ ਇਕ ਨਜ਼ਰ (ਨਾਟਕ)	20/-
ਸ਼ੇਰ ਤੇ ਸੰਗੀਤ (ਨਾਟਕ)	20/-
ਬੁੱਧਮ ਸ਼ਰਣਮ ਗੱਛਾਮੀ (ਨਾਟਕ)	20/-
ਫੁੱਲਾਂ ਦਾ ਸਾਥ (ਨਾਵਲ)	40/-

ਅਜੀਤ ਕੌਰ

ਆਪਣੇ ਆਪਣੇ ਜੰਗਲ	85/-
ਨਾ ਮਾਰੋ	55/-
ਤਕੀਏ ਦਾ ਪੀਰ	65/-
ਸਾਵੀਆਂ ਚਿੜੀਆਂ	75/-
ਖ਼ਾਨਾ ਬਦੋਸ਼ (ਜੀਵਨੀ)	50/-
ਮੌਤ ਅਲੀ ਬਾਬੇ ਦੀ	35/-
ਗੁਲਬਾਨੋ	15/-
ਫਾਲਤੂ ਔਰਤ	50/-
ਮਹਿਕ ਦੀ ਮੌਤ	17/-
ਗੌਰੀ	40/-

ਬਲਵੰਤ ਗਾਰਗੀ

ਕਾਸ਼ਨੀ ਵਿਹੜਾ	85/-
ਸ਼ਰਬਤ ਦੀਆਂ ਘੁੱਟਾਂ	225/-
ਰੰਗ ਮੰਚ	124/-
ਅਭਿਸਾਰਿਕਾ	45/-
ਲੋਹਾ ਕੁਟ	30/-
ਧੂਣੀ ਦੀ ਅੱਗ	30/-
ਸੁਲਤਾਨ ਰਜ਼ੀਆ	20/-
ਕਣਕ ਦੀ ਬੱਲੀ	25/-
ਚਾਕੂ	35/-
ਪੈਂਤੜੇਬਾਜ਼	45/-
ਸੌਕਣ	25/-
ਮਿਰਜ਼ਾ ਸਾਹਿਬਾਂ	35/-
ਕੁਆਰੀ ਟੀਸੀ	25/-
ਪੱਤਣੀ ਦੀ ਬੇੜੀ	25/-
ਕੇਸਰੋ	35/-
ਨੰਗੀ ਧੁੱਪ	75/-
ਹੁਸੀਨ ਚਿਹਰੇ (ਰੇਖਾ ਚਿਤਰ)	65/-
ਨਿੰਮ ਦੇ ਪੱਤੇ	20/-
ਸੁਰਮੇ ਵਾਲੀ ਅੱਖ	20/-
ਕੌਡੀਆਂ ਵਾਲਾ ਸੱਪ	30/-
ਕੱਕਾ ਰੇਤਾ	25/-
ਗਗਨ ਮੈ ਥਾਲੁ	55/-
ਐਕਟ੍ਰੈੱਸ	75/-

ਕੁਲਵੰਤ ਸਿੰਘ ਵਿਰਕ

ਮੇਰੀਆਂ ਸਾਰੀਆਂ ਕਹਾਣੀਆਂ	150/-
ਮੇਰੀਆਂ ਸ੍ਰੇਸ਼ਟ ਕਹਾਣੀਆਂ	25/-

ਦਲੀਪ ਕੌਰ ਟਿਵਾਣਾ

ਮੇਰੀਆਂ ਸਾਰੀਆਂ ਕਹਾਣੀਆਂ	250/-
ਨੰਗੇ ਪੈਰਾਂ ਦਾ ਸਫ਼ਰ (ਜੀਵਨੀ)	75/-
ਪੂਛਤੇ ਹੋ ਤੋ ਸੁਨੋ (ਜੀਵਨੀ)	60/-
ਦੂਨੀ ਸੁਹਾਵਾ ਬਾਗ਼	50/-
ਸਰਕੰਡਿਆਂ ਦੇ ਦੇਸ	25/-
ਜਿਮੀ ਪੁਛੈ ਅਸਮਾਨ	50/-
ਲੰਘ ਗਏ ਦਰਿਆ	50/-
ਕਥਾ ਕੁਕਨੁਸ ਦੀ	40/-

ਦਲੀਪ ਕੌਰ ਟਿਵਾਣਾ ਦੇ ਵੀਹ
ਨਾਵਲਾਂ ਦੀਆਂ ਚਾਰ ਸੈਂਚੀਆਂ
ਪਾਠਕਾਂ ਤੇ ਲਾਇਬਰੇਰੀਆਂ ਲਈ
ਅਮੁੱਲੀ ਸੁਗਾਤ

ਪਹਿਲੀ ਸੈਂਚੀ

ਅਗਨੀ ਪ੍ਰੀਖਿਆ
ਏਹੁ ਹਮਾਰਾ ਜੀਵਣਾ

ਗੁਰਬਖ਼ਸ਼ ਸਿੰਘ
ਸ਼ਤਾਬਦੀ ਅੰਕ ਦੀ ਝਲਕ

ਰਚਨਾਵਾਂ

ਆਰਸੀ

ਗੁਰਬਖ਼ਸ਼ ਸਿੰਘ ਸ਼ਤਾਬਦੀ ਅੰਕ

ਉਨਤਾਲੀਵਾਂ ਸਾਲ : ਅੰਕ 5 ਮਈ 1995 ਮੁੱਲ : 10 ਰੁਪਏ

ਸਾਹਿਤ ਗਗਨਾਂ ਦੀ ਕਹਿਕਸ਼ਾਂ

ਸਰਦਾਰ ਗੁਰਬਖ਼ਸ਼ ਸਿੰਘ ਨਾਲ ਸਾਹਿਤ-ਸਿਰਜਣਾ ਦੇ ਇਤਿਹਾਸ ਵਿਚ ਅਸਲੋਂ ਹੀ ਇਕ ਨਵੇਂ ਯੁਗ ਦਾ ਮੁੱਢ ਬਝਦਾ ਹੈ। ਉਹ ਸਚ ਮੁਚ ਹੀ ਸਾਹਿਤ ਗਗਨਾਂ ਦੀ ਅਜਿਹੀ ਕਹਿਕਸ਼ਾਂ ਸਨ ਜਿਸ ਨੇ ਸਭਨਾਂ ਦਾ ਧਿਆਨ ਖਿਚਿਆ, ਆਪਣੀਆਂ ਰੰਗੀਨੀਆਂ ਨਾਲ ਬਹੁਤਿਆਂ ਦੀਆਂ ਨਜ਼ਰਾਂ ਵਿਚ ਨਵੇਂ ਰੰਗ ਭਰੇ, ਨਵੇਂ ਰਸਾਂ ਨਾਲ ਉਨ੍ਹਾਂ ਨੂੰ ਸਰਸ਼ਾਰ ਕੀਤਾ ਅਤੇ ਕਿਸੇ ਨਵੇਰੇ, ਚੰਗੇਰੇ ਤੇ ਸੁਹਣੇਰੇ ਜੀਵਨ ਦੇ ਸੁਪਨੇ ਅੱਖਾਂ ਵਿਚ ਲਟਕਾਏ।

ਸਰਦਾਰ ਗੁਰਬਖ਼ਸ਼ ਸਿੰਘ ਨੇ ਮਾਂ-ਬੋਲੀ ਨੂੰ ਸ਼ਿੰਗਾਰਿਆ, ਸੰਵਾਰਿਆ ਤੇ ਜ਼ੁਬਨਾਇਆ। ਇਹਦੇ ਨੈਣ-ਨਕਸ਼ ਤਰਾਸ਼ੇ ਜਿਵੇਂ ਕਦੇ ਏਜੰਤਾ ਤੇ ਏਲੋਰਾ ਦੇ ਬੁਤਘਾੜਿਆਂ ਨੇ ਪੱਥਰਾਂ ਨੂੰ ਤਰਾਸ਼ ਤਰਾਸ਼ ਕੇ ਮਨ-ਮੋਹਣੀਆਂ ਮੂਰਤੀਆਂ ਬਣਾਈਆਂ ਸਨ, ਉਵੇਂ ਹੀ ਸਰਦਾਰ ਜੀ ਨੇ ਸ਼ਬਦ-ਚਿਤਰਾਂ ਦੀ ਸਿਰਜਣਾ ਕੀਤੀ, ਸ਼ਬਦਾਂ ਦੇ ਹੀਰੇ, ਮੋਤੀ, ਲਾਲ ਤੇ ਪੰਨੇ ਮਾਂ-ਬੋਲੀ ਦੇ ਭੇਸ਼ਨ ਵਿਚ ਕੁਝ ਏਦਾਂ ਜੜੇ ਕਿ ਇਹ ਕੁਦਰਤੀ ਸੁਹੱਪਣ ਦਾ ਅੰਗ ਬਣ ਗਏ – ਸਭ ਕੁਝ ਬਿਨਾਂ ਕਿਸੇ ਤਰੱਦਦ ਦੇ ਸਹਿਜ ਸੁਭਾਵਕ ਤਰਾਂ ਕੀਤਾ ਗਿਆ ਜਾਪਿਆ। ਇਕ ਨਵੀਂ ਸ਼ੈਲੀ ਦਾ ਜਨਮ ਹੋਇਆ, ਸ਼ੈਲੀ ਜਿਸ ਵਿਚ ਮਾਂ-ਬੋਲੀ ਦੀ ਧੁਰੋਂ ਮਿਲੀ ਸਾਦਗੀ ਅਤੇ ਸਰਲਤਾ ਵਿਚ ਦਲੀਲ, ਤਰਕ, ਨਵੀਨਤਾ ਤੇ ਆਧੁਨਿਕਤਾ ਬੜੀ ਹੀ ਸੁਚੱਜੀ ਤਰਾਂ ਸਮੋਏ ਹੋਏ ਸਨ। ਇਸੇ ਲਈ ਹੀ ਇਕ ਨਰੋਆ ਤੇ ਤੰਦਰੁਸਤ ਸੁਹਜ-ਸੁਆਦ ਰੂਪਮਾਨ ਹੋਇਆ। ਸੌਂਦਰਯ ਗੁਰਬਖ਼ਸ਼ ਸਿੰਘ ਦਾ ਇਸ਼ਕ ਸੀ ਤੇ ਉਹਦੀ ਸ਼ੈਲੀ ਦੀ ਪਛਾਣ ਸੀ।

ਗੁਰਬਖਸ਼ ਸਿੰਘ ਪ੍ਰੀਤ ਮਾਰਗ ਦਾ ਉਹ ਰਾਹੀ ਸੀ ਜਿਸ ਨੇ ਗਾਡੀ ਰਾਹ ਤਿਆਗ ਕੇ ਨਵੇਂ ਪੂਰਨੇ ਪਾਏ, ਨਵੇਂ ਦਿਸ-ਹੱਦਿਆਂ ਵੱਲ ਸੈਣਤਾਂ ਕੀਤੀਆਂ ਅਤੇ ਕਿਸੇ ਅਦਿੱਸ ਪਰ ਮਨੁੱਖੀ ਖ਼ਾਬ ਦੇ ਹਾਣ ਦੀ ਮੰਜ਼ਿਲ ਵੱਲ ਕਦਮ ਪੁੱਟਣੇ ਅਰੰਭੇ, ਅਤੇ ਹਜ਼ਾਰਾਂ ਹੀ ਪੰਜਾਬੀ ਭੌਰੇ ਨਵੇਂ ਇਕਰਾਰਾਂ ਦੇ ਟੁੰਬੇ, ਪ੍ਰੇਰੇ ਤੇ ਹੁਲਾਰੇ ਹੋਏ ਉਹਦੇ ਹਮਸਫ਼ਰ ਬਣੇ।

ਗੁਰਬਖ਼ਸ਼ ਸਿੰਘ ਵਲੋਂ ਉਲੀਕੇ ਮਾਰਗ ਉਤੇ ਨਵੇਂ ਤੋਂ ਨਵੇਂ ਗਿਆਨ ਦੇ ਚਾਨਣ ਮੁਨਾਰੇ ਸਨ। ਮਨੁੱਖੀ ਚਿੰਤਨ ਦੀਆਂ ਪ੍ਰਾਪਤੀਆਂ ਦੇ ਖ਼ਜ਼ਾਨੇ ਸਨ। ਕਮਾਲ-ਮੰਜ਼ਿਲ ਦੀਆਂ ਪੌੜੀਆਂ ਚੜ੍ਹ ਕੇ ਮਨੋਰਥ-ਪ੍ਰਾਪਤੀ ਦੀ ਤਸੱਲੀ ਹਾਸਲ ਕਰਨ ਦੇ ਵਾਹਦੇ ਸਨ।

ਗੁਰਬਖਸ਼ ਸਿੰਘ ਨਵੇਂ ਅਨੁਭਵਾਂ ਤੇ ਨਵੇਂ ਤਜਰਬਿਆਂ ਦਾ ਸ਼ੈਦਾਈ ਸੀ, ਉਸ ਵਿਚ ਜਾਣਨ, ਸਮਝਣ ਤੇ ਕੰਮ ਆਉਣ ਦੇ ਚਾਉ ਦੀ ਕਾਹਲ ਸੀ। ਉਹਨੂੰ ਮਨੁੱਖੀ ਸਮਰਥਾ ਵਿਚ ਓੜਕਾਂ ਦਾ ਭਰੋਸਾ ਸੀ ਤੇ ਇਹ ਭਰੋਸਾ ਉਹਨੇ ਸੈਂਕੜੇ ਮਨਾਂ ਵਿਚ ਜਗਾਇਆ।

ਗੁਰਬਖ਼ਸ਼ ਸਿੰਘ ਪ੍ਰੀਤ ਦਾ ਪੈਗੰਬਰ ਸੀ – ਉਹਦੀ ਪ੍ਰੀਤ ਮੁਲਕ ਨਹੀਂ ਵੇਖਦੀ, ਕੌਮ ਨਹੀਂ ਵੇਖਦੀ, ਰੰਗ ਨਹੀਂ ਵੇਖਦੀ, ਜਾਤੀ ਨਹੀਂ ਵੇਖਦੀ, ਉਮਰ ਨਹੀਂ ਵੇਖਦੀ, ਉਹ ਤਾਂ ਰੂਹ ਵਾਲੇ ਬੰਦਿਆਂ ਨੂੰ ਆਪਣੀਆਂ ਪੁਸ਼ਪ-ਕੜੀਆਂ ਵਿਚ ਕਸ ਲੈਂਦੀ ਹੈ। ਪ੍ਰੀਤ ਤਾਂ ਸ੍ਵੈ-ਪੂਰਨਤਾ ਦੀ ਲਗਨ ਦਾ ਸਾਧਨ ਬਣਦੀ ਹੈ, ਉਚੇਰੀ ਮੰਜ਼ਿਲ ਦੀਆਂ ਪੌੜੀਆਂ ਚੜ੍ਹਨ ਵਿਚ ਅਤੇ ਨਿਸ਼ਕਾਮ ਪ੍ਰੇਮ ਦੀਆਂ ਟੀਸੀਆਂ ਛੋਹਣ ਵਿਚ ਸਹਾਈ ਹੁੰਦੀ ਹੈ – ਟੀਸੀ ਜਿਥੇ ਪਹੁੰਚ ਕੇ ਸਾਡਾ ਮਨ 'ਯਾਰੜੇ ਦਾ ਸਾਨੂੰ ਸੱਥਰ ਚੰਗਾ ਭਠ ਖੇੜਿਆਂ ਦਾ ਰਹਿਣਾ' ਗਾਉਣ ਲਗਦਾ ਹੈ।

26 ਅਪਰੈਲ ਗੁਰਬਖ਼ਸ਼ ਸਿੰਘ ਹੋਰਾਂ ਦਾ ਸੌਵਾਂ ਜਨਮ-ਦਿਵਸ ਹੈ। ਆਰਸੀ ਦਾ ਇਹ ਵਿਸ਼ੇਸ਼ ਅੰਕ ਉਹਨਾਂ ਦੀ ਯਾਦ ਨੂੰ ਪੂਰੇ ਆਦਰ ਨਾਲ ਸਮਰਪਿਤ ਹੈ।

ਬੇਨਜ਼ੀਰ ਬਹੁ-ਪੱਖੀ ਪ੍ਰਤਿਭਾ

ਕਰਤਾਰ ਸਿੰਘ ਦੁੱਗਲ

ਸਰਦਾਰ ਗੁਰਬਖ਼ਸ਼ ਸਿੰਘ ਕੋਈ ਨਿਰੇ ਇੱਕ ਵਿਅਕਤੀ ਨਹੀਂ ਸਨ; ਉਹ ਇਕ ਸੰਸਥਾ ਸਨ। ਇੱਕ ਲੇਖਕ ਦੇ ਤੌਰ ਤੇ ਉਹ ਆਪਣੇ-ਆਪ ਵਿਚ ਕਈ ਲੇਖਕ ਸਨ। ਅਜ ਤੋਂ ਕੋਈ ਸਠ ਵਰ੍ਹੇ ਪਹਿਲੇ ਉਨ੍ਹਾਂ ਪੰਜਾਬੀ ਬੋਲਣ ਵਾਲੇ ਲੋਕਾਂ ਦੀ ਆਪਣੀ ਕਲਮ ਦਵਾਰਾ ਸੇਵਾ ਸ਼ੁਰੂ ਕੀਤੀ ਤੇ ਆਪਣੇ ਅੰਤ ਤੀਕ ਇਕ ਸੁਰ ਹੋਕੇ ਇਸ ਪਾਸੇ ਜੁਟੇ ਰਹੇ। ਉਨ੍ਹਾਂ ਦੀ ਸਿਹਤ ਵਿਗੜੀ ਹੋਈ ਸੀ ਤਾਂ ਵੀ ਪ੍ਰੀਤਲੜੀ ਦੇ ਉਨ੍ਹਾਂ ਵਲੋਂ ਸੰਪਾਦਿਤ ਆਖਰੀ ਅੰਕ ਵਿਚ ਕੋਈ ਪੰਜ ਲੇਖ ਉਨ੍ਹਾਂ ਦੀ ਕਲਮ ਦੀ ਦੇਣ ਸਨ। ਉਨ੍ਹਾਂ ਦੀ ਲਗਨ ਵੇਖਕੇ ਆਦਰ ਵਿਚ ਸਿਰ ਝੁਕ ਝੁਕ ਜਾਂਦਾ ਹੈ।

ਮੇਰੀ ਨਜ਼ਰ ਵਿਚ ਸਰਦਾਰ ਗੁਰਬਖ਼ਸ਼ ਸਿੰਘ ਦਾ ਸਭ ਤੋਂ ਵਡਾ ਗੁਣ ਸੀ ਉਨ੍ਹਾਂ ਦੇ ਨਜ਼ਰੀਏ ਦੀ ਲਚਕ। ਉਹ ਹਮੇਸ਼ਾ ਨਵੇਂ ਪ੍ਰਭਾਵਾਂ ਨੂੰ, ਨਵੀਂ ਸੋਚਣੀ ਨੂੰ ਗ੍ਰਹਿਣ ਕਰਨ ਲਈ ਤਿਆਰ ਰਹਿੰਦੇ ਸਨ ਤੇ ਜਿਤਨੇ ਵਰ੍ਹੇ ਜੀਵੇ ਉਹ ਆਪਣੇ ਸਮੇਂ ਨਾਲ ਕਦਮ ਮੇਚ ਕੇ ਤੁਰੇ। **ਉਨ੍ਹਾਂ ਦਾ ਮਨ ਨਿਰੋਆ ਸੀ, ਉਨ੍ਹਾਂ ਦਾ ਹੀਆ ਉਦਮੀ ਸੀ, ਉਨ੍ਹਾਂ ਦੀ ਦ੍ਰਿਸ਼ਟੀ ਵਿਗਿਆਨਕ ਸੀ, ਉਨ੍ਹਾਂ ਦਾ ਹਿਰਦਾ ਕੋਮਲ ਸੀ, ਉਨ੍ਹਾਂ ਦੀਆਂ ਰੁਚੀਆਂ ਸਿਰਜਣਾਤਮਕ ਸਨ।**

ਸਰਦਾਰ ਗੁਰਬਖ਼ਸ਼ ਸਿੰਘ ਬਹੁ-ਰੁਚੀਏ ਲੇਖਕ ਸਨ। ਜਿਸ ਪਾਸੇ ਵੀ ਉਨ੍ਹਾਂ ਦੀ ਕਲਮ ਤੁਰੀ, ਉਨ੍ਹਾਂ ਵਰਗਾ ਕੋਈ ਹੋਰ ਨਹੀਂ ਜਾਪਦਾ, ਭਾਵੇਂ ਨਿਬੰਧ, ਭਾਵੇਂ ਕਹਾਣੀ, ਭਾਵੇਂ ਨਾਵਲ ਦਾ ਖੇਤਰ ਹੋਵੇ। ਇਸ ਵਿਚ ਕਵਿਤਾ ਵੀ ਇਕ ਤਰ੍ਹਾਂ ਨਾਲ ਸ਼ਾਮਿਲ ਹੈ। ਆਖ਼ਰ **ਏਸ਼ੀਆ ਦਾ ਚਾਨਣ** ਅਨੁਵਾਦ ਨਾ ਹੋ ਕੇ ਇਕ ਮਹਾਨ ਮੌਲਿਕ ਰਚਨਾ ਵਾਂਗਰਾਂ ਅਜ ਕਈ ਵਰ੍ਹਿਆਂ ਤੋਂ ਪੰਜਾਬੀ ਪਾਠਕਾਂ ਤੇ ਜਾਦੂ ਕੀਤੇ ਹੋਏ ਹੈ।

ਸਰਦਾਰ ਗੁਰਬਖ਼ਸ਼ ਸਿੰਘ ਦੀ ਸ਼ਖ਼ਸੀਅਤ ਵਿਚ ਤੇ ਉਨ੍ਹਾਂ ਦੀ ਕਲਮ ਵਿਚ ਇਕ ਨਾ ਮਿਥੀ ਜਾ ਸਕਣ ਵਾਲੀ ਜਾਜ਼ਬੀਅਤ ਹੈ। ਆਪਣੇ ਦੇਸ ਤੇ ਦੇਸ ਤੋਂ ਬਾਹਰ ਹਜ਼ਾਰਾਂ ਉਨ੍ਹਾਂ ਦੇ ਸ਼ਰਧਾਲੂ ਹਨ ਜਿਨ੍ਹਾਂ ਨੂੰ ਉਨ੍ਹਾਂ ਆਪਣੇ ਸੁਫਨਿਆਂ ਦੀ ਪ੍ਰੀਤ-ਲੜੀ ਵਿਚ ਪ੍ਰੋਇਆ ਹੋਇਆ ਸੀ। ਉਹ ਉਨ੍ਹਾਂ ਦੇ ਨਿੱਜ ਵਿਚ ਉਨ੍ਹਾਂ ਦੇ ਟੱਬਰ ਵਿਚ, ਉਨ੍ਹਾਂ ਦੀ ਤਕਣੀ ਵਿਚ, ਉਨ੍ਹਾਂ ਦੀਆਂ ਨਿਤ-ਨਵੀਆਂ ਯੋਜਨਾਵਾਂ ਵਿਚ ਦਿਲਚਸਪੀ ਲੈਂਦੇ ਸਨ। ਇਕ ਲੇਖਕ ਦੇ ਤੌਰ ਤੇ ਉਨ੍ਹਾਂ ਦੇ ਸ਼ਬਦਾਂ ਦਾ ਜਾਦੂ ਪਾਠਕ ਨੂੰ ਮੋਹ ਕੇ ਰਖ ਲੈਂਦਾ ਸੀ। ਨੌਸ਼ਹਿਰਾ ਵਰਗੇ ਵਿਚਲੇ ਵਿਚ ਪਏ ਸ਼ਹਿਰ ਤੋਂ ਉਨ੍ਹਾਂ ਪ੍ਰੀਤਲੜੀ ਮਾਸਕ ਸ਼ੁਰੂ ਕੀਤਾ ਤੇ ਸਾਰੇ ਪੰਜਾਬ ਨੂੰ ਕੀਲ ਕੇ ਰੱਖ ਲਿਆ।

ਤੇ ਉਹ ਕੋਈ ਉਂਜ ਅਨੁਕਰਣੀ ਸੁਭਾ ਦੇ ਵਿਯਕਤੀ ਹਰਗਿਜ਼ ਨਹੀਂ ਸਨ। ਅਸਲੋਂ ਬਾਗ਼ੀ ਰੁੱਚੀਆਂ ਦੇ ਮਾਲਕ ਉਨ੍ਹਾਂ ਨੂੰ ਆਪਣੇ ਪਾਠਕਾਂ ਨੂੰ ਚੌਂਕਾਣਾ ਚੰਗਾ ਲੱਗਦਾ ਸੀ। ਤੇ ਜਦੋਂ ਉਨ੍ਹਾਂ ਲਿਖਣਾ ਸ਼ੁਰੂ ਕੀਤਾ, ਇਸ ਤਰ੍ਹਾਂ ਦੀ ਲੇਖਣੀ ਦੀ ਲੋੜ ਵੀ ਕਿਤਨੀ ਸੀ! ਸਰਦਾਰ ਗੁਰਬਖ਼ਸ਼ ਸਿੰਘ ਪੋਲੇ ਪੋਲੇ ਟਕੋਰਾਂ ਲਾਕੇ ਅਗਲੇ ਦੇ ਗ਼ਲਤ ਅਕੀਦਿਆਂ ਨੂੰ ਝੰਜੋੜਦੇ ਰਹਿੰਦੇ ਤੇ ਫੇਰ ਮੌਕਾ ਪਾਕੇ ਅਡੋਲ ਹੀ ਪੁਰਾਣੀ ਤੋਂ ਪੁਰਾਣੀ ਅਟਾਰੀ ਨੂੰ ਮਿਸਮਾਰ ਕਰਕੇ ਰਖ ਦਿੰਦੇ। ਜਿਥੋਂ ਤੀਕ ਮੁਮਕਿਨ ਹੁੰਦਾ, ਉਹ ਕਿਸੇ ਦੇ ਦਿਲ ਨੂੰ ਨਾ ਦੁਖਾਂਦੇ। ਇੰਜ ਕਰ ਸਕਣਾ ਕੋਈ ਸੌਖਾ ਨਹੀਂ ਸੀ। ਤੇ ਨਾ ਹੀ ਉਹ ਬਿਨਾਂ ਕਿਸੇ ਨੂੰ ਖਹਿਸਰ ਪਹੁੰਚਾਏ ਹਮੇਸ਼ਾ ਨਿਵਿਰਤ ਹੋ ਜਾਂਦੇ ਸਨ। ਕਈ ਵਾਰ ਉਹ ਕਈ ਕੋੜੀਆਂ ਬਹਿਸਾਂ, ਅਤਿਅੰਤ ਭੱਦੇ ਵਾਦ-ਵਿਵਾਦ ਵਿਚ ਫਸ ਜਾਂਦੇ ਸਨ। ਪਰ ਨਰੋਈ ਤਕਣੀ ਦਾ ਸਦਕਾ, ਉਸਾਰੂ ਰੁਚੀਆਂ ਦਾ ਪਹਿਰਾ, ਉਹ ਹਰ ਵਾਰ ਆਪਣੀ ਕਹਿਣੀ ਦੀ ਸੱਚਾਈ ਦਾ ਅਗਲੇ ਨੂੰ ਵਿਸ਼ਵਾਸ ਦਿਵਾਣ ਵਿਚ ਸਫ਼ਲ ਹੋਏ। ਤੇ ਉਨ੍ਹਾਂ ਦੇ ਪ੍ਰਸਤਾਰਾਂ ਦਾ ਘੇਰਾ ਚੁੜੇਰਾ ਹੁੰਦਾ ਗਿਆ। ਕਈ ਲੋਕ ਅਜਿਹੇ ਵੀ ਹਨ ਜਿਹੜੇ ਉਨ੍ਹਾਂ ਦੇ ਨਜ਼ਰੀਏ ਨਾਲ ਅਜੇ ਵੀ ਸਹਿਮਤ ਨਹੀਂ, ਪਰ ਉਨ੍ਹਾਂ ਨੂੰ ਪੜ੍ਹਦੇ ਤਾਂ ਵੀ ਉਹ ਜ਼ਰੂਰ ਨੇ। ਉਨ੍ਹਾਂ ਦੀ ਲੇਖਣੀ ਦਾ ਅਜਿਹਾ ਜਾਦੂ ਹੈ।

ਭਾਈ ਸਾਹਿਬ ਵੀਰ ਸਿੰਘ, ਸਰਦਾਰ ਨਾਨਕ ਸਿੰਘ ਦੇ ਨਾਲ ਨਾਲ ਸਰਦਾਰ ਗੁਰਬਖ਼ਸ਼ ਸਿੰਘ ਪੰਜਾਬੀ ਵਿਚ ਪੁਸਤਕਾਂ ਪੜ੍ਹਨ ਦੀ ਪਿਰਤ ਪਾਉਣ ਵਾਲਿਆਂ ਵਿਚ ਸਭ ਤੋਂ ਅਗੇਰੇ ਸਨ। ਉਨ੍ਹਾਂ ਨੂੰ ਪੜ੍ਹਨ ਲਈ ਪੰਜਾਬੀਆਂ ਨੇ ਦੇਵਨਾਗਰੀ ਤੇ ਫਾਰਸੀ ਅਖਰਾਂ ਵਿਚ ਵੀ ਪੰਜਾਬੀ ਪੜ੍ਹੀ। ਕਈਆਂ ਨੇ ਇਸ ਠਰਕ ਦਾ ਸਦਕਾ ਗੁਰਮੁਖੀ ਸਿਖੀ। ਸ਼ੁਰੂ ਸ਼ੁਰੂ ਵਿਚ ਉਹ ਵਧੇਰੇ ਮਧਸ੍ਰੇਣੀ ਦੇ ਪਾਠਕਾਂ ਲਈ ਲਿਖਦੇ ਸਨ ਜਾਂ ਇਸ ਸ੍ਰੇਣੀ ਦੇ ਹਾਸ਼ੀਏ ਵਿਚ ਆਉਂਦੇ ਪੰਜਾਬੀਆਂ ਲਈ। ਫੇਰ ਇਕ ਵੇਲਾ ਆਇਆ ਜਦੋਂ ਉਹ ਕਿਸਾਨਾਂ ਵਿਚ ਤੇ ਮਜ਼ਦੂਰਾਂ ਵਿਚ ਵੀ ਉਤਨੇ ਹੀ ਲੋਕਪ੍ਰੀਯਾ ਹੋ ਗਏ। ਉਨ੍ਹਾਂ ਦੀ ਛਾਤੀ ਦੀ ਧੜਕਣ ਨੇ ਉਨ੍ਹਾਂ ਨਾਲ ਸਾਂਝ ਬਣਾ ਲਈ।

ਸਰਦਾਰ ਗੁਰਬਖ਼ਸ਼ ਸਿੰਘ ਹੋਰਾਂ ਕਈ ਯੋਜਨਾਵਾਂ ਸ਼ੁਰੂ ਕੀਤੀਆਂ। ਕਈ ਨਹੀਂ ਚਲ ਸਕੀਆਂ ਪਰ ਜਿਹੜੀਆਂ ਕਾਮਯਾਬ ਹੋਈਆਂ ਉਨ੍ਹਾਂ ਵਿਚ ਉਨ੍ਹਾਂ ਦੀ ਸਫਲਤਾ ਬੇਸ਼ਕ ਸ਼ਾਨਦਾਰ ਹੈ। ਅਸਲੋਂ ਉਹ ਸਿਰਜਨਾਤਕ ਲਿਖਾਰੀ ਸਨ। **ਉਹ ਆਪਣੀ ਖ਼ੁਸ਼ਗਵਾਰ ਵਾਰਤਕ ਲਈ ਯਾਦ ਕੀਤੇ ਜਾਣਗੇ। ਇਸਦਾ ਸੁਖਾਵਾਂ ਪ੍ਰਭਾਵ ਬੇਜੋੜ ਹੈ। ਉਹ ਆਪਣੀਆਂ ਕਹਾਣੀਆਂ ਤੇ ਨਾਵਲਾਂ ਲਈ ਯਾਦ ਕੀਤੇ ਜਾਣਗੇ ਜਿਨ੍ਹਾਂ ਵਿਚ ਉਨ੍ਹਾਂ ਦੀ ਪੈਣੀ ਨਜ਼ਰ ਨੇ ਆਪਣੇ ਆਸ ਪਾਸ ਦੀ ਜ਼ਿੰਦਗੀ ਦੇ ਬੇਮਿਸਾਲ ਚਿਤਰ ਪੇਸ਼ ਕੀਤੇ ਹਨ। ਉਹ ਉਸ ਹਮਦਰਦੀ ਲਈ ਯਾਦ ਕੀਤੇ ਜਾਣਗੇ ਜਿਹੜੀ ਉਨ੍ਹਾਂ ਦੀ ਕਲਮ ਵਿਚ ਗ਼ਰੀਬਾਂ ਤੇ ਮਜ਼ਦੂਰਾਂ, ਕਾਮਿਆਂ ਤੇ ਕਿਸਾਨਾਂ ਲਈ ਸੀ।**

ਅਪਣਾ ਲੇਖਕ ਦਾ ਜੀਵਣ ਅਮ੍ਰੀਕਨ ਰਹਿਣੀ-ਬਹਿਣੀ ਦੇ ਪ੍ਰਸੰਸਕ ਤੋਂ ਸ਼ੁਰੂ ਕਰਕੇ ਰੂਸ ਦੇਸ ਦੀ ਕਈ ਵਾਰ ਯਾਤਰਾ ਕਰਣੀ, ਇਹ ਪੈਂਡਾ ਚੋਖਾ ਲੰਮਾ ਹੈ ਤੇ ਸਿਆਣੀ ਪ੍ਰਤਿਭਾ ਦਾ

ਮੁਥਾਜ ਵੀ। ਇਹ ਵੇਖਣਾ ਕਿ ਉਨ੍ਹਾਂ ਦੇ ਦ੍ਰਿਸ਼ਟੀਕੋਣ ਵਿਚ ਕਿਵੇਂ ਕਿਵੇਂ ਤਬਦੀਲੀ ਆਂਦੀ ਗਈ ਤੇ ਉਨ੍ਹਾਂ ਦੀ ਲਿਖਤ ਵਿਚ ਉਹ ਕਿਵੇਂ ਕਿਵੇਂ ਬਿਆਨ ਲੈਂਦੀ ਰਹੀ ਆਪਣੇ ਆਪ ਵਿਚ ਇਕ ਦਿਲਚਸਪ ਸਟਡੀ ਹੈ।

ਉਹ ਇਕ ਮਹਾਨ ਪਤ੍ਰਕਾਰ ਸਨ। ਹਰ ਮਹੀਨੇ ਢੇਰ ਸਾਰੀ ਸਾਮਿਗ੍ਰੀ ਉਨ੍ਹਾਂ ਨੇ ਲਿਖਣੀ ਹੁੰਦੀ ਸੀ। ਉਨ੍ਹਾਂ ਕਹਾਣੀਆਂ ਲਿਖੀਆਂ, ਨਾਵਲ ਲਿਖੇ, ਤਿੰਨ ਭਾਗਾਂ ਵਿਚ ਆਪਣੀ ਜੀਵਣ ਕਹਾਣੀ ਕਹੀ। ਨਾਟਕ ਲਿਖੇ। ਕਵਿਤਾ ਕਹਿਣ ਦੀ ਰੁਚੀ ਦਰਸਾਈ। ਉਨ੍ਹਾਂ ਕਈ ਉਘੇ ਗ੍ਰੰਥਾਂ ਦਾ ਪੰਜਾਬੀ ਵਿਚ ਅਨੁਵਾਦ ਕੀਤਾ। ਬੱਚਿਆਂ ਲਈ ਸਾਹਿਤ ਦੀ ਘਾਟ ਵੇਖਕੇ, ਬੱਚਿਆਂ ਲਈ ਕਿਤਾਬਾਂ ਲਿਖੀਆਂ ਵੀ, ਉਲਥਾਈਆਂ ਵੀ।

ਸਰਦਾਰ, ਗੁਰਬਖ਼ਸ਼ ਸਭ ਤੋਂ ਵਧੇਰੇ ਆਪਣੇ ਲੇਖਾਂ ਲਈ ਸਤਿਕਾਰੇ ਜਾਂਦੇ ਹਨ। ਲੇਖਾਂ ਦੇ ਉਨ੍ਹਾਂ ਦੇ ਕਈ ਸੰਗ੍ਰਹਿ ਹਨ। ਇਨ੍ਹਾਂ ਵਿਚ ਵਧੇਰੇ ਪ੍ਰਮਾਣਿਤ ਹਨ : **ਪ੍ਰੀਤ ਮਾਰਗ** (1934), **ਰੋਜ਼ਾਨਾ ਜ਼ਿੰਦਗੀ ਦੀ ਸਿਖਿਆ** (1942), **ਸਾਵੀਂ ਪੱਧਰੀ ਜ਼ਿੰਦਗੀ** (1943), **ਇਕ ਦੁਨੀਆ ਦੇ ਤੇਰ੍ਹਾਂ ਸੁਪਨੇ** (1947) **ਚੰਗੇਰੀ ਦੁਨੀਆ** (1947), **ਜ਼ਿੰਦਗੀ ਦੀ ਰਾਸ** (1957)। ਕਿਉਂਕਿ ਇਹ ਲੇਖ ਪਹਿਲੇ ਪ੍ਰੀਤ ਲੜੀ ਆਦਿ ਲਈ ਲਿਖੇ ਗਏ, ਇਨ੍ਹਾਂ ਵਿਚ ਅੰਤਾਂ ਦੀ ਵਿਵਿਧਤਾ ਹੈ। ਗੁਰੂ ਨਾਨਕ ਤੋਂ ਐਟਮ ਸ਼ਕਤੀ ਤਕ ਸ਼ਾਇਦ ਹੀ ਕੋਈ ਮਜ਼ਮੂਨ ਹੋਵੇ ਜਿਸ ਬਾਰੇ ਉਨ੍ਹਾਂ ਨਾ ਲਿਖਿਆ ਹੋਵੇ। ਕਿਉਂਕਿ ਇਹ ਲੇਖ ਪਹਿਲੇ ਕਿਸੇ ਨ ਕਿਸੇ ਪੱਤਰ ਵਿਚ ਛਪਣ ਲਈ ਲਿਖੇ ਗਏ, ਇਨ੍ਹਾਂ ਵਿਚ ਪਤ੍ਰਕਾਰਿਤਾ ਦਾ ਰੰਗ ਹੈ; ਭਾਵੇਂ ਪਤ੍ਰਕਾਰਿਤਾ ਸਰਦਾਰ ਗੁਰਬਖ਼ਸ਼ ਸਿੰਘ ਵਰਗੀ ਸ਼ਖ਼ਸੀਅਤ ਦੇ ਮਾਮਲੇ ਵਿਚ ਇਕ ਕੋਮਲ ਉਨਰ ਹੋ ਕੇ ਰਹਿ ਗਈ। ਕਿਉਂਕਿ ਇਹ ਲੇਖ ਕਿਸੇ ਨ ਕਿਸੇ ਪੱਤਰ ਲਈ ਮਿਥੇ ਗਏ, ਅਕਸਰ ਇਹ ਕੱਦ ਵਿਚ ਮਧਰੇ ਹਨ, ਆਕਾਰ ਵਿਚ ਸੰਕੁਚਵੇਂ ਹਨ। ਪੱਤਰਕਾਰ ਨੂੰ ਪਾਠਕਾਂ ਦੀ ਲੋੜ ਤੇ ਉਨ੍ਹਾਂ ਦੇ ਪੱਧਰ ਦਾ ਖਿਆਲ ਰੱਖਣਾ ਹੁੰਦਾ ਹੈ। ਬਹੁਤ ਘਟ ਲੇਖ ਹਨ ਜਿਨ੍ਹਾਂ ਵਿਚ ਕਿਸੇ ਮਸਲੇ ਨੂੰ ਹਰ ਪਹਿਲੂ ਤੋਂ ਪੂਰੇ-ਸੂਰੇ ਵਿਸਤਾਰ ਨਾਲ ਨਿਪਟਾਇਆ ਗਿਆ ਹੋਵੇ। ਇਸਦਾ ਕਾਰਨ, ਅਖ਼ਬਾਰ ਵਿਚ ਥਾਂ ਦੀ ਘਾਟ ਦੀ ਮਜਬੂਰੀ ਹੁੰਦੀ ਹੈ। ਪਰ ਇਸ ਤਰ੍ਹਾਂ ਦੀ ਲਿਖਤ ਦਾ ਵਿਸ਼ੇਸ਼ ਗੁਣ ਇਹ ਹੁੰਦਾ ਹੈ ਕਿ ਇਹ ਪਾਠਕ ਨੂੰ ਹੋਰ ਪੜ੍ਹਨ ਲਈ, ਉਸ ਵਿਸ਼ੇ ਬਾਰੇ ਹੋਰ ਜਾਣਨ ਲਈ ਉਕਸਾਂਦੀ ਹੈ। ਜਿਸ ਵਿਸ਼ੇ ਨੂੰ ਉਹ ਪਕੜਦੇ ਆਪਣੀ ਕਲਮ ਦੇ ਜਾਦੂ ਨਾਲ ਉਸਨੂੰ ਅਤਿਅੰਤ ਰੋਚਕ ਬਣਾ ਘਤਦੇ। ਇੰਜ ਕਰਨ ਲਈ ਕਦੀ ਉਨ੍ਹਾਂ ਨੂੰ ਨਵੇਂ ਸ਼ਬਦ ਘੜਨੇ ਪੈਂਦੇ, ਕਦੀ ਪੁਰਾਣੇ ਵਿਚੱਲੇ ਵਿਚ ਪਏ ਸ਼ਬਦਾਂ ਦਾ ਮੁੜ ਪ੍ਰਯੋਗ ਕਰਨਾ ਪੈਂਦਾ, ਤੇ ਕਈ ਸ਼ਬਦਾਂ ਨੂੰ ਨਵੇਂ ਅਰਥਾਂ ਵਿਚ ਵਰਤਣਾ ਹੁੰਦਾ। ਸੁਹਜ-ਸਵਾਦ ਦੀ ਉਨ੍ਹਾਂ ਦੀ ਵਿਲੱਖਣ ਪਛਾਣ, ਉਨ੍ਹਾਂ ਦੀ ਲੇਖਣੀ ਵਿਚ ਇਕ ਚੁੰਭਕ ਸ਼ਕਤੀ ਹੈ, ਇਕ ਵਹਾ ਹੈ ਤੇ ਪਾਠਕ ਮੁੜ ਮੁੜ ਉਸਨੂੰ ਪੜ੍ਹਨ ਲਈ ਮਜਬੂਰ ਹੁੰਦਾ ਹੈ। ਗੁਰਬਖ਼ਸ਼ ਸਿੰਘ ਦੇ ਪਾਠਕ ਅਕਸਰ ਗੁਰਬਖ਼ਸ਼ ਸਿੰਘ ਦੇ ਸ਼ੈਦਾਈ ਬਣ ਜਾਂਦੇ ਹਨ। ਗੁਰਬਖ਼ਸ਼ ਸਿੰਘ ਤੇ ਹੋਰ ਕੁਝ ਵੀ ਨਹੀਂ। ਜਿਹੜੀ ਦਿਮਾਗ਼ੀ ਤਰਬੀਅਤ ਇਸ ਲੇਖਕ ਨੇ ਸੁਤੇ-ਸਿਧ ਅਪਣੇ ਪਾਠਕਾਂ ਦੀ ਕੀਤੀ, ਭਾਈ ਵੀਰ ਸਿੰਘ ਤੋਂ ਛੁਟ ਕਿਸੇ ਹੋਰ ਸਮਕਾਲੀ ਨੇ ਨਹੀਂ ਕੀਤੀ। ਜੋ ਕੁਝ ਵੀ ਉਹ ਲਿਖਦੇ, ਉਸ ਵਿਚ ਡੁਬ ਕੇ ਲਿਖਦੇ, ਇਸ ਤਰ੍ਹਾਂ ਦੀ ਲੇਖਣੀ ਦਾ ਸਦਕਾ ਉਹ ਪਾਠਕ ਨੂੰ ਆਪਣੇ ਨਾਲ ਵਹਾ ਲਿਜਾਂਦੇ। ਮੈਂ ਜਦੋਂ ਕਦੀ ਵੀ ਉਨ੍ਹਾਂ ਨੂੰ ਪੜ੍ਹਦਾ ਹਾਂ, ਕਈ ਕਈ ਦਿਨ ਉਸਤੋਂ ਬਾਅਦ ਉਨ੍ਹਾਂ ਦੇ ਸ਼ਬਦ ਤੇ ਵਾਕੰਸ਼ ਮੇਰੇ ਕੰਨਾਂ ਵਿਚ ਗੂੰਜਦੇ ਰਹਿੰਦੇ ਹਨ। ਉਨ੍ਹਾਂ ਦੀ ਲੇਖਣੀ ਉਨ੍ਹਾਂ ਦੀ ਨੁਹਾਰ-ਵਰਗੀ ਹੈ; ਇਕ ਸਰੋਦੀ ਸੋਹਜ, ਸੀਤਲ, ਸ਼ਾਂਤ, ਸੰਗੀਤਮਈ, ਸੁਤੇ ਸੁਤੇ ਸਾਗਰਾਂ ਵਰਗੀ ਨਿਰਲੇਪ। ਉਨ੍ਹਾਂ ਦੀ ਨੁਹਾਰ ਉਨ੍ਹਾਂ ਦੀ ਲੇਖਣੀ ਵਰਗੀ ਸੀ। ਫੁਲਾਂ ਵਰਗੀ ਸ਼ਬਦਾਂ ਦੀ ਚੋਣ, ਛੋਟੇ ਛੋਟੇ ਵਾਕ, ਨਪਿਆ-ਤੁਲਿਆ ਬਿਆਨ।

ਪੰਜਾਬੀ ਕਹਾਣੀ ਨੂੰ ਜਿਸ ਪੜਾ ਤੇ ਸਰਦਾਰ ਨਾਨਕ ਸਿੰਘ ਨੇ ਲਿਆਂਦਾ ਸੀ, ਉਸਤੋਂ ਅਗੇ ਤੋਰਨ ਵਾਲਿਆਂ ਵਿਚ ਸਰਦਾਰ ਗੁਰਬਖ਼ਸ਼ ਸਿੰਘ ਮੋਢੀ ਹਨ। ਉਨ੍ਹਾਂ ਨਿੱਕੀ ਕਹਾਣੀ ਨੂੰ ਆਪਣੀ ਫਿਲਾਸਫ਼ੀ ਦਾ ਮਾਧਿਅਮ ਬਣਾਕੇ ਇਸ ਦਾ ਕੱਦ ਉਚੇਰਾ ਕੀਤਾ। ਜ਼ਿੰਦਗੀ ਪ੍ਰਤੀ ਉਨ੍ਹਾਂ ਦਾ ਦ੍ਰਿਸ਼ਟੀਕੋਣ ਨਰੋਆ ਸੀ, ਨਵੀਨਤਾ ਭਰਪੂਰ ਸੀ, ਇਸ ਲਈ ਪੰਜਾਬੀ ਕਹਾਣੀ ਦਾ ਕਲੇਵਰ ਹੋਰ ਦਾ ਹੋਰ ਹੋ ਗਿਆ। ਉਨ੍ਹਾਂ ਦੀ ਜੀਵਨ-ਜਾਚ, ਉਨ੍ਹਾਂ ਦੀ ਜਨ ਸਾਧਾਰਣ ਨਾਲ ਗਹਿਰੀ ਹਮਦਰਦੀ, ਪੰਜਾਬੀ ਕਹਾਣੀ ਨੂੰ ਅਮੀਰ ਕਰਨ ਵਿਚ ਸਹਾਈ ਹੋਈ। ਉਨ੍ਹਾਂ ਨੇ ਕੋਈ ਬਾਰ੍ਹਾਂ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਕੀਤੇ ਜਿਨ੍ਹਾਂ ਵਿਚ ਵਧੇਰੇ ਪ੍ਰਮਾਣਿਤ ਹਨ: **ਅਨੋਖੇ ਤੇ ਇਕੱਲੇ** (1940), **ਵੀਣਾ ਵਿਨੋਦ** (1942), **ਭਾਬੀ ਮੈਨਾ** (1943), **ਪ੍ਰੀਤ ਕਹਾਣੀਆਂ** (1950), **ਸ਼ਬਨਮ** (1955)। ਉਨ੍ਹਾਂ ''ਕਿਹਰੂ ਦਸ ਨੰਬਰੀਆ'' ਵਰਗੀਆਂ ਕਹਾਣੀਆਂ ਲਿਖੀਆਂ ਜਿਨ੍ਹਾਂ ਤੇ ਕੋਈ ਸਾਹਿਤ ਵੀ ਮਾਣ ਕਰ ਸਕਦਾ ਹੈ। ਕਿਹਰੂ ਦਾ ਕਿਰਦਾਰ ਅਨੋਖਾ ਹੈ। ਇਹ ਸਰਦਾਰ ਗੁਰਬਖ਼ਸ਼ ਸਿੰਘ ਦੀ ਪੈਣੀ ਨਜ਼ਰ ਦਾ ਕ੍ਰਿਸ਼ਮਾ ਹੈ ਕਿ ਉਹ ਇਕ ਡਾਕੂ ਵਿਚ ਲੁਕੇ ਹੁਸਨ ਨੂੰ ਟੋਲਕੇ ਸਾਕਾਰ ਕਰ ਸਕਦੇ ਹਨ, ਉਸ ਲਈ ਹਮਦਰਦੀ ਪੈਦਾ ਕਰ ਸਕਦੇ ਹਨ। 'ਭਾਬੀ ਮੈਨਾ' ਉਨ੍ਹਾਂ ਦੀ ਵਧੇਰੇ ਚਰਚਿਤ ਕਹਾਣੀ ਹੈ। ਇਸ ਵਿਚ ਉਨ੍ਹਾਂ 'ਸਹਿਜ ਪ੍ਰੀਤ' ਦੇ ਆਪਣੇ ਫਲਸਫੇ ਨੂੰ ਪੇਸ਼ ਕੀਤਾ ਹੈ। ਭਾਬੀ ਮੈਨਾ ਆਪਣੇ ਗੁਆਂਢੀਆਂ ਦੇ ਤੇਰ੍ਹਾਂ ਵਰ੍ਹਿਆਂ ਦੇ ਬੱਚੇ ਦੀ ਮਾਸੂਮ ਮੁਹੱਬਤ ਦਾ ਇਕ ਝਲਕਾਰਾ ਪਾਕੇ ਇਹ ਭੁਲਣ ਲਗ ਪੈਂਦੀ ਹੈ ਕਿ ਉਹ ਇੱਕ ਵਿਧਵਾ ਹੈ। ਉਸਦੇ ਪਤੀ ਦੇ ਨਾਲ ਉਸਦੇ ਸਾਰੇ ਚਾਅ ਸਾਰੇ ਸੁਫਨੇ, ਸਾਰੇ ਉਦਰੇਵੇਂ ਭਸਮ ਹੋ ਗਏ ਹਨ। ਇਸ ਬੇਲੋਸ ਮੁਹੱਬਤ ਦੀ ਕੀਮਤ ਭਾਬੀ ਮੈਨਾ ਨੂੰ ਆਪਣੇ ਪ੍ਰਾਣਾਂ ਨਾਲ ਦੇਣੀ ਪੈਂਦੀ ਹੈ। ''ਸਹਿਜ ਪ੍ਰੀਤ'' ਦੇ ਆਪਣੇ ਫਲਸਫੇ ਨੂੰ ਸਭ ਤੋਂ ਪਹਿਲਾਂ ਉਨ੍ਹਾਂ **ਰਾਜ ਕੁਮਾਰੀ ਲਤਿਕਾ** ਨਾਂ ਦੇ ਨਾਟਕ ਵਿਚ ਪੇਸ਼ ਕੀਤਾ ਸੀ। ਇਸ ਵਿਸ਼ੇ ਉਤੇ ਉਨ੍ਹਾਂ ਢੇਰ ਸਾਰਾ ਹੋਰ ਵੀ ਲਿਖਿਆ।

ਸਰਦਾਰ ਗੁਰਬਖ਼ਸ਼ ਸਿੰਘ ਆਪਣੇ ਵੀਚਾਰਾਂ ਦੀ ਗੰਢ ਦੇ ਪੱਕੇ ਸਨ, ਆਪਣੇ ਅਕੀਦੇ ਤੇ ਪੂਰਾ ਪਹਿਰਾ ਦਿੰਦੇ ਸਨ। ਕਿਸੇ ਪਤ੍ਰਕਾਰ ਲਈ ਇੰਜ ਕਰਨਾ ਸੌਖਾ ਨਹੀਂ ਹੁੰਦਾ। ਖ਼ਾਸ ਤੌਰ ਤੇ ਇੱਕ ਸੰਪਾਦਕ ਲਈ। **ਉਹ ਕਿਸੇ ਨਵੀਂ ਪਗਡੰਡੀ ਤੇ ਤੁਰਨ ਤੋਂ ਕਤਰਾਂਦੇ ਨਹੀਂ ਸਨ ਜੇ ਉਹ ਰਾਹ ਉਨ੍ਹਾਂ ਨੂੰ ਠੀਕ ਪ੍ਰਤੀਤ ਹੋਵੇ। ਉਹ ਕੋਈ ਓਪਰੀ ਗੱਲ ਕਰਨੋਂ ਝਕਦੇ ਨਹੀਂ ਸਨ ਜੇ ਉਹ ਗੱਲ ਉਨ੍ਹਾਂ ਦੀ ਨਜ਼ਰ ਵਿਚ ਸਹੀ ਹੋਵੇ। ਉਹ ਹਰ ਨਵੇਂ ਦ੍ਰਿਸ਼ਟੀਕੋਣ ਨੂੰ ਗ੍ਰਹਿਣ ਕਰਨ ਲਈ ਤਿਆਰ ਹੁੰਦੇ ਜੇ ਉਹ ਉਨ੍ਹਾਂ ਦੇ ਸੁਫਨਿਆਂ ਦੀ ਦੁਨੀਆਂ ਨੂੰ ਹੋਰ ਸੁਹਾਣਾ ਬਣਾ ਸਕਦਾ ਹੋਏ।** ਇੰਜ ਕਰਨ ਨਾਲ ਕਈ ਵਾਰ ਉਹ ਆਪਣੇ ਪਾਠਕਾਂ ਦੀ ਖ਼ਫ਼ਗੀ ਦਾ ਕਾਰਨ ਵੀ ਬਣੇ। ਪਰ ਉਹ ਆਪਣੇ ਪੈਰਾਂ ਤੇ ਖਲੋਤੇ ਰਹੇ। ਇਸ ਤਰ੍ਹਾਂ ਦਾ ਇਕ ਹਾਦਸਾ 1943 ਵਿਚ ਹੋਇਆ ਜਦੋਂ ਉਨ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ-ਉਤਸਵ ਤੇ 'ਪਰਮ ਮਨੁਖ' ਨਾਂ ਦਾ ਇਕ ਲੇਖ ਲਿਖਕੇ ਮਹਾਨ ਸਿਖ ਗੁਰੂ ਨੂੰ ਆਪਣੀ ਸ਼ਰਧਾ ਪੇਸ਼ ਕੀਤੀ। ਗੁਰੂ ਗੋਬਿੰਦ ਸਿੰਘ ਜੀ ਬਾਰੇ ਲਿਖੀਆਂ ਬਹੁਤ ਘਟ ਰਚਨਾਵਾਂ ਇਸ ਸ਼ਰਧਾ ਨਾਲ ਲਿਖੀਆਂ ਗਈਆਂ ਹਨ ਤੇ ਇਤਨੀਆਂ ਦਿਲ ਤੇ ਦਿਮਾਗ਼ ਨੂੰ ਟੁੰਬਣ ਵਾਲੀਆਂ ਹਨ, ਜਿਸ ਤਰ੍ਹਾਂ ਦੀ ਇਹ ਰਚਨਾ ਹੈ। ਪਰ ਉਨ੍ਹਾਂ ਦੇ ਪਾਠਕਾਂ ਨੂੰ ਇਹ ਗਵਾਰਾ ਨਹੀਂ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਕੋਈ ਇਕ 'ਮਨੁੱਖ' ਕਹੇ? ਉਹ ਤੇ ਅਵਤਾਰ ਸਨ। ਸਰਦਾਰ ਗੁਰਬਖ਼ਸ਼ ਸਿੰਘ ਦਾ ਕਹਿਣਾ ਸੀ, ਜੋ ਕੁਝ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਤੇ ਕਿਹਾ ਉਹ ਕੁਝ ਜੇ ਇਕ ਮਨੁੱਖ ਕਰੇ ਤੇ ਕਹੇ, ਉਹ ਕਿਤੇ ਵਡੇਰਾ ਹੁੰਦਾ ਹੈ ਕਿਸੇ ਅਵਤਾਰ ਤੋਂ। ਪਰ ਇਹ ਗਲ ਉਨ੍ਹਾਂ ਦੇ ਕਈ ਪਾਠਕਾਂ ਦੀ ਸਮਝ ਵਿਚ ਨਹੀਂ ਆਈ। 'ਪ੍ਰੀਤ ਲੜੀ' ਦਾ ਗੁਰਦਵਾਰਿਆਂ ਤੇ ਸਿਖ ਸੰਸਥਾਵਾਂ ਵਿਚ ਪ੍ਰਵੇਸ਼ ਬੰਦ ਕਰ ਦਿੱਤਾ ਗਿਆ। ਕੋਈ ਗੁਰਸਿਖ ਸਰਦਾਰ ਗੁਰਬਖ਼ਸ਼ ਸਿੰਘ ਦੇ ਰਚੇ ਸਾਹਿਤ ਨੂੰ ਵੇਖਣ ਲਈ ਤਿਆਰ ਨਹੀਂ ਸੀ। ਇਤਨਾ ਵੀ ਸੁਣਨ ਵਿਚ ਆਇਆ ਕਿ ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ ਗਈਆਂ ਸਨ। ਇਸ ਤਰ੍ਹਾਂ ਦਾ ਇਕ ਵਾਦ-ਵਿਵਾਦ ਕੋਈ ਇਕ ਵਰ੍ਹਾ ਪਹਿਲੇ ਉਨ੍ਹਾਂ ਦੇ ਨਾਵਲੈਟ **'ਅਣ ਵਿਆਹੀ ਮਾਂ'** ਦੇ ਛਪਣ ਤੇ ਵੀ ਉਠ ਖੜ੍ਹਾ ਹੋਇਆ ਸੀ। ਅਜਕਲ ਭਾਵੇਂ ਉੱਨਤ ਦੇਸਾਂ ਵਿਚ ਅਣਵਿਆਹੀ ਮਾਂ ਦੀ ਹਸਤੀ ਨੂੰ ਸਵੀਕਾਰਿਆ ਜਾਣ ਲਗ ਪਿਆ ਹੈ, ਰੂਸ ਦੇ ਸੰਵਿਧਾਨ ਵਿਚ ਤਾਂ ਇਹ ਵੀ ਮੰਨਿਆ ਗਿਆ ਹੈ ਕਿ ਇਸ ਤਰ੍ਹਾਂ ਦੀਆਂ ਮਾਵਾਂ ਸਰਕਾਰ ਦੀ ਜ਼ਿੰਮੇਵਾਰੀ ਹੋਣਗੀਆਂ। ਪਰ 1942 ਵਿਚ ਅਣਵਿਆਹੀ ਮਾਂ ਦਾ ਨਾਂ ਸੁਣਨ ਲਈ ਕੋਈ ਤਿਆਰ ਨਹੀਂ ਸੀ। ਇਸ ਨਾਵਲੈਟ ਦੀ ਬੜੀ ਦੁਰਗਤ ਹੋਈ, ਪਰ ਇਹ ਉਤਨਾ ਹੀ ਵਧੇਰੇ ਵਿਕਿਆ ਤੇ ਅਜ ਤੀਕ ਉਂਜ ਦਾ ਉਂਜ ਪੜ੍ਹਿਆ ਜਾ ਰਿਹਾ ਹੈ।

ਸਰਦਾਰ ਗੁਰਬਖ਼ਸ਼ ਸਿੰਘ ਦੇ ਨਾਵਲਾਂ ਵਿਚ ਉਨ੍ਹਾਂ ਦੀ ਰਚਨਾ **ਰੁੱਖਾਂ ਦੀ ਜੀਰਾਂਦ** ਵਧੇਰੇ ਮਹੱਤਵਪੂਰਣ ਹੈ। ਇਸ ਨਾਵਲ ਨੂੰ ਲੇਖਕ ਆਪਣੀ ਸਰਵਉੱਤਮ ਰਚਨਾ ਮੰਨਦੇ ਹਨ। ਇਹ ਇਕ ਮਾਸੂਮ ਪੇਂਡੂ ਕੁੜੀ ਦੀ ਕਹਾਣੀ ਹੈ ਜਿਹੜੀ ਮੇਲੇ ਵਿਚ ਆਪਣੇ ਮਾਪਿਆਂ ਤੋਂ ਵਿਛੜ ਜਾਂਦੀ ਹੈ ਤੇ ਬਦਕਿਸਮਤੀ ਨਾਲ ਗੁੰਡਿਆਂ ਦੇ ਹੱਥ ਆ ਜਾਂਦੀ ਹੈ। ਇਹ ਲੋਕ ਉਹਨੂੰ ਗਾਣ ਤੇ ਨੱਚਣ ਲਈ ਤਰਬੀਅਤ ਦਿੰਦੇ ਹਨ। ਵਡੀ ਹੋਕੇ ਉਹ ਇਕ ਅਤਿਅੰਤ ਹਸੀਨ ਕੋਠੇ ਵਾਲੀ ਗਿਣੀ ਜਾਣ ਲੱਗ ਪੈਂਦੀ ਹੈ। ਉਸਨੂੰ ਇਕ ਅਮੀਰ ਵਪਾਰੀ ਖ਼੍ਰੀਦ ਕੇ ਕਿਸੇ ਅੰਗ੍ਰੇਜ਼ ਅਫ਼ਸਰ ਨੂੰ ਭੇਂਟ ਕਰਦਾ ਹੈ। ਅੰਗ੍ਰੇਜ਼ ਦੀ ਰਖੈਲ ਬਣਕੇ ਜਦੋਂ ਉਹ ਰਹਿ ਰਹੀ ਹੁੰਦੀ ਹੈ ਤਾਂ ਇਕ ਬੇਟੇ ਦੀ ਮਾਂ ਬਣਦੀ ਹੈ। ਇਹ ਬੇਟਾ ਵਡਾ ਹੋਕੇ ਆਪਣੀ ਮਾਂ ਨੂੰ ਸਮਾਜ ਦੀ ਉਹ ਸਾਰੀ ਸਹਾਨਭੂਤੀ, ਸਾਰਾ ਆਦਰ ਦਿਵਾਂਦਾ ਹੈ ਜਿਸ ਲਈ ਉਹ ਸਾਰੀ ਉਮਰ ਸਹਿਕਦੀ ਰਹੀ। ਬੜੀ ਦਿਲਚਸਪ ਇਹ ਕਹਾਣੀ ਹੈ, ਬੜੇ ਕੋਮਲ ਢੰਗ ਨਾਲ ਕਹੀ ਗਈ ਹੈ।

ਸਰਦਾਰ ਗੁਰਬਖ਼ਸ਼ ਸਿੰਘ ਨੇ ਆਪਣੀ ਜੀਵਨੀ ਨੂੰ ਤਿੰਨਾਂ ਹਿੱਸਿਆਂ ਵਿਚ ਪ੍ਰਕਾਸ਼ਿਤ ਕੀਤਾ – **ਮੇਰੀ ਜੀਵਨ ਕਹਾਣੀ, ਮੰਜ਼ਿਲ ਦਿਸ ਪਈ** ਤੇ **ਮੇਰੀ ਜੀਵਨ ਕਹਾਣੀ – ਭਾਗ ਤਿੰਨ**। ਜਿਸ ਤਰ੍ਹਾਂ ਦੀ ਰੋਚਕ ਉਨ੍ਹਾਂ ਦੀ ਜ਼ਿੰਦਗੀ ਸੀ, ਉਸਤੋਂ ਕਿਤੇ ਵਧੇਰੇ ਰੋਚਕ ਉਨ੍ਹਾਂ ਦੀ ਬਿਆਨ ਕੀਤੀ ਇਹ ਕਹਾਣੀ ਹੈ। ਕਿ ਉਨ੍ਹਾਂ ਸੱਚਾਈ ਤੇ ਸਾਫ਼ਗੋਈ ਦਾ ਇਸ ਕਹਾਣੀ ਵਿਚ ਸਾਥ ਨਹੀਂ ਛੱਡਿਆ, ਇਸਦੇ ਕਈ ਪ੍ਰਮਾਣ ਮਿਲਦੇ ਹਨ। ਅਮ੍ਰੀਕਾ ਵਿਚ ਮਿਸ਼ੀਗਨ ਯੂਨੀਵਰਸਿਟੀ ਦੇ ਉਨ੍ਹਾਂ ਦੇ ਪ੍ਰੋਫ਼ੈਸਰ ਨੇ ਆਪਣੇ ਪ੍ਰਮਾਣ ਪੱਤਰ ਵਿਚ ਉਨ੍ਹਾਂ ਬਾਰੇ ਲਿਖਿਆ – ਮੈਨੂੰ ਇਹ ਪ੍ਰਮਾਣਿਤ ਕਰਕੇ ਖ਼ੁਸ਼ੀ ਹੁੰਦੀ ਹੈ ਕਿ ਗੁਰਬਖ਼ਸ਼ ਸਿੰਘ ਵਿਦਿਆਰਥੀ ਦੇ ਤੌਰ ਤੇ ਮਿਹਨਤੀ ਤੇ ਕਾਬਿਲ ਹੀ ਨਹੀਂ, ਸਗੋਂ ਇਕ ਉੱਚੇ ਆਚਰਣ ਤੇ ਸ਼ਖ਼ਸੀਅਤ ਦਾ ਮਾਲਕ ਵੀ ਹੈ। ਉਹ ਆਪਣੇ ਚਲਨ ਤੇ ਕ੍ਰਾਂਤੀਕਾਰੀ ਸ਼ਕਤੀਆਂ ਤੇ ਅਕੀਦਿਆਂ ਤੋਂ ਦੁਰੇਡੇ ਰਹਿਕੇ ਤੇ ਸਰਕਾਰ ਦੇ ਸਰਵਉੱਤਮ ਉੱਦੇਸ਼ ਪ੍ਰਤੀ ਵਫ਼ਾਦਾਰੀ ਨਿਭਾਕੇ ਸਾਡੀ ਸਮਾਜ ਦੀ ਭਾਰਤੀ ਵਿਦਿਆਰਥੀਆਂ ਬਾਰੇ ਰਾਏ ਨੂੰ ਚੰਗੇਰੀ ਬਨਾਉਣ ਵਿਚ ਸਹਾਈ ਹੋਇਆ ਹੈ। ਜਿਸ ਤਰ੍ਹਾਂ ਦਾ ਬਿੰਬ ਸਰਦਾਰ ਗੁਰਬਖ਼ਸ਼ ਸਿੰਘ ਦਾ ਖ਼ਾਸ ਤੌਰ ਤੇ ਆਜ਼ਾਦੀ ਤੋਂ ਬਾਅਦ ਬਣ ਗਿਆ ਸੀ, ਉਸ ਤਰ੍ਹਾਂ ਦੀ ਸ਼ਖ਼ਸੀਅਤ ਲਈ ਇਸ ਪ੍ਰਮਾਣ ਪੱਤਰ ਦਾ ਉਂਜ-ਦਾ-ਉਂਜ ਛਾਪਣਾ ਇਕ ਦਲੇਰੀ ਤੇ ਸੱਚਾਈ ਨਾਲ ਸੱਚੇ ਇਸ਼ਕ ਦਾ ਸੂਚਕ ਹੈ। ਮੇਰੀ ਇਹ ਧਾਰਣਾ ਕਿ ਉਨ੍ਹਾਂ ਦੇ ਬੇਟੇ ਨਵਤੇਜ ਦਾ ਆਪਣੇ ਪਿਤਾ ਦੀ ਸੋਚਣੀ ਨੂੰ ਮੋੜ ਦੇਣ ਵਿਚ ਬਹੁਤ ਵਡਾ ਹੱਥ ਸੀ ਸ਼ਾਇਦ ਗ਼ਲਤ ਨਹੀਂ।

ਸਰਦਾਰ ਗੁਰਬਖ਼ਸ਼ ਸਿੰਘ 82 ਵਰ੍ਹਿਆਂ ਦਾ ਭਰਪੂਰ ਜੀਵਨ ਜੀ ਕੇ ਤੁਰੇ। ਇਕ ਇਕ ਛਿਨ ਨੂੰ ਉਨ੍ਹਾਂ ਇਕ ਜੀਵਨ ਵਾਂਗ ਜੀਵਿਆ ਹੈ। ਆਦਮੀ ਦੀਆਂ ਸਧਰਾਂ ਦਾ ਕੋਈ ਅੰਤ ਨਹੀਂ ਹੁੰਦਾ, ਪਰ ਜਿਸ ਤਰ੍ਹਾਂ ਦਾ ਸਫਲ ਜੀਵਨ, ਹਰ ਪਹਿਲੂ ਤੋਂ, ਉਨ੍ਹਾਂ ਜੀਵਿਆ ਇਹ ਕਿਸੇ ਕਿਸੇ ਨੂੰ ਹੀ ਨਸੀਬ ਹੋਇਆ ਕਰਦਾ ਹੈ।

ਬੇਸ਼ਕ, ਸਰਦਾਰ ਗੁਰਬਖ਼ਸ਼ ਸਿੰਘ ਇਕ ਬੇਨਜ਼ੀਰ ਬਹੁ-ਮੁਖੀ ਪ੍ਰਤਿਭਾ ਦੇ ਮਾਲਕ ਸਨ। □

ਗੁਰਬਖ਼ਸ਼ ਸਿੰਘ ਇਕ ਆਦਰਸ਼ਵਾਦੀ

ਡਾ. ਐਮ. ਐਸ. ਰੰਧਾਵਾ

ਗੁਰਬਖ਼ਸ਼ ਸਿੰਘ ਦੀ ਖ਼ੁਸ਼ਬੋ ਮੇਰੇ ਤਕ 1937 ਵਿਚ ਪਹੁੰਚੀ। ਉਦੋਂ ਮੈਂ ਫ਼ੈਜ਼ਾਬਾਦ ਯੂ. ਪੀ. ਵਿਚ ਸਾਂ। ਮੇਰੇ ਦਿਲ ਵਿਚ ਇੱਛਾ ਪੈਦਾ ਹੋਈ ਕਿ ਮੈਂ ਉਸ ਆਦਰਸ਼ਵਾਦੀ ਨੂੰ ਨੇੜਿਉਂ ਹੋ ਕੇ ਦੇਖਾਂ, ਜੋ ਅਮਰੀਕਾ ਤੋਂ ਇੰਜੀਨੀਅਰਿੰਗ ਦੀ ਉੱਚੀ ਡਿਗਰੀ ਲੈ ਕੇ ਆਇਆ ਸੀ ਅਤੇ ਜਿਸ ਨੂੰ ਆਉਣ ਸਾਰ ਰੇਲਵੇ ਦੇ ਮਹਿਕਮੇ ਵਿਚ ਮਾਣਯੋਗ ਪਦਵੀ ਉਤੇ ਲਗਾ ਦਿਤਾ ਗਿਆ ਸੀ, ਪਰ ਜਿਸ ਨੇ ਇਸ ਨੂੰ ਠੁਕਰਾ ਕੇ ਕਾਬਲ ਦਰਿਆ ਦੇ ਕੰਢੇ ਨੁਸ਼ਹਿਰੇ ਵਿਚ ਜਾ ਡੇਰੇ ਲਾਏ ਸਨ। ਗੁਰਬਖ਼ਸ਼ ਸਿੰਘ ਦੇ ਆਪਣੇ ਸ਼ਬਦਾਂ ਵਿਚ ਉਹ ਕੁਝ ਕਰਨਾ ਚਾਹੁੰਦਾ ਸੀ। ਉਸ ਦਾ ਨਿਸਚਾ ਸੀ ਕਿ ਰਾਜਸੀ ਦਲਾਂ ਵਿਚ ਸ਼ਾਮਲ ਹੋਏ ਬਿਨਾਂ ਕੁਝ ਕੀਤਾ ਜਾ ਸਕਦਾ ਹੈ। ਕੁਝ ਕਰਨ ਲਈ ਆਪਣੇ ਵਿਚਾਰਾਂ ਨੂੰ ਲੋਕਾਂ ਤਕ ਪੁਚਾਣ ਦੀ ਲੋੜ ਸੀ ਤਾਂ ਜੇ ਉਹ ਹਮਖ਼ਿਆਲ ਸਾਥੀ ਲਭ ਸਕੇ। ਸੋ 1933 ਵਿਚ ਉਸ ਨੇ ਨੁਸ਼ਹਿਰੇ ਵਿਚ ਅਕਾਲੀ ਫੂਲਾ ਸਿੰਘ ਦੀ ਸਮਾਧ ਦੇ ਨਾਲ ਲਗਦੀ ਜ਼ਮੀਨ ਠੇਕੇ ਤੇ ਲੈ ਲਈ ਅਤੇ ਪ੍ਰੀਤ ਲੜੀ ਨਾਂ ਦਾ ਮਾਸਕ ਪੱਤਰ ਚਾਲੂ ਕੀਤਾ। ਪਹਿਲੇ ਪਰਚਿਆਂ ਦੀ ਬੋਲੀ ਤੇ ਸ਼ੈਲੀ ਕੰਮ-ਟਪਾਊ ਪਧਰ ਦੀ ਹੀ ਸੀ ਅਤੇ ਗੁਰਬਖ਼ਸ਼ ਸਿੰਘ ਨੂੰ ਇਸ ਕਮਜ਼ੋਰੀ ਦਾ ਅਹਿਸਾਸ ਸੀ। ਉਹ ਬਾਰ ਬਾਰ ਲਿਖਦਾ ਸੀ, ਨਾ ਮੈਂ ਜ਼ਬਾਨਦਾਨ ਹਾਂ, ਨਾ ਸਾਹਿਤਕਾਰ। ਮੇਰਾ ਮਨੋਰਥ ਤਾਂ ਲੋਕਾਂ ਤੀਕ, ਕਿਸੇ ਨਾ ਕਿਸੇ ਤਰ੍ਹਾਂ, ਆਪਣੇ ਵਿਚਾਰਾਂ ਨੂੰ ਪਹੁੰਚਾਣਾ ਹੈ। ਪਰ ਇਕ ਦੋ ਸਾਲਾਂ ਵਿਚ ਹੀ ਗੁਰਬਖ਼ਸ਼ ਸਿੰਘ ਨੇ ਪੰਜਾਬੀ ਬੋਲੀ ਉਤੇ ਅਧਿਕਾਰ ਪ੍ਰਾਪਤ ਕਰ ਕੇ ਇਕ ਅਤ ਸੁੰਦਰ ਸ਼ੈਲੀ ਨੂੰ ਹੋਂਦ ਵਿਚ ਲੈ ਆਂਦਾ। ਕਿੰਨਾ ਅੱਛਾ ਹੋਵੇ ਜੇ ਅਜ ਕਲ੍ਹ ਦੇ ਲਿਖਾਰੀ ਜੇਹੜੇ ਪੰਜਾਬੀ ਨੂੰ ਸੰਸਕ੍ਰਿਤ ਦੇ ਸ਼ਬਦਾਂ ਦੇ ਭਾਰ ਹੇਠਾਂ ਲੱਦੀ ਜਾਂਦੇ ਹਨ, ਗੁਰਬਖ਼ਸ਼ ਸਿੰਘ ਤੋਂ ਜ਼ਬਾਨ ਦੀ ਸਾਦਗੀ ਦਾ ਸਬਕ ਲੈਣ।

ਗੁਰਬਖ਼ਸ਼ ਸਿੰਘ ਅਮਰੀਕਾ ਤੋਂ ਕਈ ਸੁਫ਼ਨੇ ਲੈ ਕੇ ਆਇਆ ਸੀ। ਉਹ ਛੇਤੀ ਤੋਂ ਛੇਤੀ ਇਹਨਾਂ ਨੂੰ ਸਾਕਾਰ ਕਰਨਾ ਲੋਚਦਾ ਸੀ। ਸਭ ਤੋਂ ਪਹਿਲੇ ਉਸ ਨੇ ਵਿਗਿਆਨਕ ਲੀਹਾਂ ਉਤੇ ਖੇਤੀ ਬਾੜੀ ਦਾ ਤਜਰਬਾ ਸ਼ੁਰੂ ਕੀਤਾ। ਉਹ ਜਾਣਦਾ ਸੀ ਕਿ ਆਧੁਨਿਕ ਕ੍ਰਿਸ਼ੀ – ਵਿਧੀਆਂ ਦੀ ਵਰਤੋਂ ਨਾਲ, ਜ਼ਮੀਨ ਵਿਚੋਂ ਕਈ ਗੁਣਾ ਵਧ ਝਾੜ ਲਿਆ ਜਾ ਸਕਦਾ ਹੈ। ਪਰ ਉਸ ਨੂੰ ਸਫ਼ਲਤਾ ਨਾ ਹੋਈ। ਇਸ ਦਾ ਕਾਰਨ, ਕੁਝ ਤਾਂ ਉਸ ਸਮੇਂ ਦੀਆਂ ਪ੍ਰਸਥਿਤੀਆਂ ਸਨ ਅਤੇ ਕੁਝ ਗੁਰਬਖ਼ਸ਼ ਸਿੰਘ ਦਾ ਆਦਰਸ਼ਵਾਦ ਸੀ। ਉਹ ਇਕੋ ਸਮੇਂ ਕਈ ਮੁਹਾਜ਼ਾਂ ਉਤੇ ਕੰਮ ਕਰਨਾ ਚਾਹੁੰਦਾ ਸੀ, ਜਿਸ ਕਾਰਨ ਇਸ ਨਵੇਂ ਤਜਰਬੇ ਵਲ ਅਖੰਡ ਧਿਆਨ ਨਾ ਦਿਤਾ ਜਾ ਸਕਿਆ। ਖੇਤੀਬਾੜੀ ਦਾ ਵਿਸ਼ੇਸ਼ੱਗ ਹੋਣ ਦੇ ਨਾਤੇ ਮੈਂ ਮਸ਼ੀਨੀ ਕਾਸ਼ਤ ਦੀ ਸ਼ਕਤੀ ਨੂੰ ਜਾਣਦਾ ਹਾਂ, ਪਰ ਇਸ ਰਾਹ ਵਿਚ ਉਦੋਂ ਮੁਸ਼ਕਲਾਂ ਵੀ ਬਹੁਤ ਸਨ। ਕਿਸਾਨਾਂ ਨੂੰ ਉਹਨਾਂ ਦੀਆਂ ਫ਼ਸਲਾਂ ਦਾ ਬਹੁਤ ਘਟ ਮੁੱਲ ਮਿਲਦਾ ਸੀ, ਤੇ ਉਹ ਫ਼ਸਲਾਂ ਪੈਦਾ ਕਰਨ ਦਾ ਖ਼ਰਚਾ ਵੀ ਨਹੀਂ ਕੱਢ ਸਕਦੇ ਸੀ। ਅਸਫਲਤਾ ਦੇ ਬਾਵਜੂਦ ਵੀ ਭਾਰਤਵਰਸ਼ ਦੇ ਕ੍ਰਿਸ਼ੀ – ਇਤਿਹਾਸ ਵਿਚ ਗੁਰਬਖ਼ਸ਼ ਸਿੰਘ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ, ਕਿਉਂਕਿ ਇਤਨੇ ਮਹਾਨ ਦੇਸ਼ ਵਿਚ, ਸਭ ਤੋਂ ਪਹਿਲੇ ਉਸ ਨੇ ਹੀ ਮਸ਼ੀਨੀ ਕਾਸ਼ਤ ਦਾ ਸੁਫ਼ਨਾ ਲਿਆ ਸੀ ਤੇ ਮਸ਼ੀਨੀ ਖੇਤੀ ਦਾ ਮੋਢੀ ਬਣਿਆ।

1933 ਤੋਂ 1935 ਤਕ ਕੀਤੇ ਤਜਰਬਿਆਂ ਵਿਚੋਂ ਗੁਰਬਖ਼ਸ਼ ਸਿੰਘ ਨੇ ਕਈ ਸਬਕ ਸਿਖੇ। ਇਕ ਤਾਂ ਉਸ ਨੂੰ ਇਸ ਗੱਲ ਦਾ ਵਿਸ਼ਵਾਸ ਹੋ ਗਿਆ ਸੀ ਕਿ ਕਾਸ਼ਤਕਾਰੀ ਨਾਲੋਂ ਉਹ ਪੱਤਰਕਾਰੀ ਦੇ ਮੈਦਾਨ ਵਿਚ ਕਿਤੇ ਵਡੇਰੀਆਂ ਜਿੱਤਾਂ ਪ੍ਰਾਪਤ ਕਰ ਸਕਦਾ ਹੈ। ਦੂਜਾ ਸਬਕ ਉਸ ਨੇ ਇਹ ਸਿਖਿਆ ਕਿ ਕਾਬਲ ਦਰਿਆ ਦੀ ਵਾਦੀ ਰਮਣੀਕ ਜ਼ਰੂਰ ਹੈ, ਪਰ ਦੁਰਾਡੀ ਤੇ ਪਸਿੱਤੀ ਹੋਣ ਦੇ ਕਾਰਨ, ਉਸ ਦੇ ਸੁਫ਼ਨਿਆਂ ਦੀ ਪੂਰਤੀ ਲਈ ਯੋਗ ਨਹੀਂ। ਇਸ ਕੰਮ ਲਈ ਕਿਸੇ ਕੇਂਦਰੀ ਅਸਥਾਨ ਵਿਚ ਬੈਠਣਾ ਜ਼ਰੂਰੀ ਸੀ। ਸੋ 1936 ਵਿਚ ਉਹ ਨੁਸ਼ਹਿਰੇ ਤੋਂ ਉਠ ਕੇ ਮਾਡਲ ਟਾਊਨ ਲਾਹੌਰ ਆਣ ਬੈਠਾ। ਦਿਨਾਂ ਵਿਚ ਹੀ ਉਸ ਦੀ ਵਾਕਫ਼ੀ ਦਾ ਘੇਰਾ ਵਿਸ਼ਾਲ ਹੋ ਗਿਆ। ਕਈ ਨਵੇਂ ਸਾਥੀ ਤੇ ਕਈ ਮਿੱਤਰ ਉਸ ਦੇ ਦੁਆਲੇ ਆਣ ਜੁੜੇ। ਪ੍ਰੀਤ-ਮਿਲਣੀਆਂ ਸ਼ੁਰੂ ਹੋ ਗਈਆਂ। ਵਿਅਕਤੀਆਂ ਤੇ ਵਿਚਾਰਾਂ ਦੀ ਖਹਿਸਰ 'ਚੋਂ ਕਈ ਨਵੀਆਂ ਚਿੰਗਾੜੀਆਂ ਪੈਦਾ ਹੋਈਆਂ। ਫਿਰ ਪ੍ਰੀਤ-ਮਿਲਣੀਆਂ ਪ੍ਰੀਤ-ਮੰਡਲ ਵਿਚ ਬਦਲ ਗਈਆਂ। ਏਥੇ ਹੀ ਗੁਰਬਖ਼ਸ਼ ਸਿੰਘ ਦੇ ਨਵੇਂ ਸੁਫ਼ਨੇ ਦੀ ਰੂਪ ਰੇਖਾ ਤਿਆਰ ਹੋਈ ਅਤੇ ਲਾਹੌਰ ਤੇ ਅੰਮ੍ਰਿਤਸਰ ਵਿਚਾਲੇ ਪ੍ਰੀਤ ਨਗਰ ਨੂੰ ਵਸਾਣ ਦਾ ਫ਼ੈਸਲਾ ਲਿਆ ਗਿਆ। ਲੋਪੋਕੇ ਦੇ ਲਾਗੇ ਪੰਦਰਾਂ ਏਕੜ ਜ਼ਮੀਨ ਲੈ ਕੇ ਪ੍ਰੀਤ ਨਗਰ ਦੀ ਨੀਂਹ ਰਖ ਦਿਤੀ ਗਈ। ਦੇਸ਼ ਦੇ ਇਲਾਵਾ ਬਦੇਸ਼ਾਂ ਵਿਚ ਬੈਠੇ ਕਈ ਲੋਕਾਂ ਨੇ ਪਲਾਟ ਖ਼ਰੀਦ ਲਏ। ਮੈਂ ਵੀ ਇਕ ਪਲਾਟ ਖ਼ਰੀਦ ਲਿਆ। ਹੌਲੀ ਹੌਲੀ ਪ੍ਰੀਤ-ਲੰਗਰ, ਪ੍ਰੀਤ-ਕਲੱਬ, ਪ੍ਰੀਤ-ਸੈਨਾ, ਪ੍ਰੀਤ ਸੈਨਿਕ ਪੱਤਰ, ਐਕਟਿਵਿਟੀ ਸਕੂਲ ਆਦਿ ਸੰਸਥਾਵਾਂ ਹੋਂਦ ਵਿਚ ਆ ਗਈਆਂ। ਇਕ ਪੱਕੀਆਂ ਪੌੜੀਆਂ ਵਾਲੇ ਪੁਰਾਣੇ ਤਲਾਅ ਦੀ ਮੁਰੰਮਤ ਕਰ ਕੇ ਉਸ ਨੂੰ ਖੁਲ੍ਹੇ ਮੰਡੂਏ ਵਿਚ ਬਦਲ ਲਿਆ ਗਿਆ। ਨਾਟਕ ਖੇਡੇ ਜਾਣ ਲਗੇ। ਦਰਸ਼ਕਾਂ ਦੀਆਂ ਭੀੜਾਂ ਜੁੜਨ ਲਗੀਆਂ। ਭੁੱਖਾਂ ਮਿਟਣ ਲਗੀਆਂ। ਪਿਆਸਾਂ ਬੁਝਣ ਲਗੀਆਂ। ਪਰ ਵਡੇ ਦੁਖ ਦੀ ਗੱਲ ਹੈ ਕਿ 1947 ਦੇ ਘਲੂਘਾਰੇ ਨੇ ਇਸ ਸੁੰਦਰ ਸੁਫ਼ਨੇ ਨੂੰ ਪੂਰਿਆਂ ਨਾ ਹੋਣ ਦਿਤਾ। ਪ੍ਰੀਤ ਨਗਰ ਪਾਕ-ਹਿੰਦ ਬਾਰਡਰ ਤੇ ਆ ਗਿਆ, ਤੇ ਏਹੀ ਇਸ ਦੀ ਤਬਾਹੀ ਦਾ ਕਾਰਨ ਬਣਿਆ। ਗੁਰਬਖ਼ਸ਼ ਸਿੰਘ ਦਾ ਖ਼ਾਬ ਪਰੇਸ਼ਾਨ ਹੋ ਗਿਆ। ਉਸ ਦੇ ਪ੍ਰੀਤ ਸੈਨਿਕ ਖਿੰਡ ਪੁੰਡ ਗਏ। ਸੈਨਾਪਤੀ ਨੇ ਵੀ ਦਿੱਲੀ ਵਿਚ ਜਾ ਪਨਾਹ ਲਈ।

ਦੇਵ ਨੇਤ ਨਾਲ ਉਹਨਾਂ ਦਿਨਾਂ ਵਿਚ ਮੈਂ ਦਿੱਲੀ ਹੀ ਸਾਂ। ਸੁਫਨਿਆਂ ਦੇ ਇਸ ਵਣਜਾਰੇ ਲਈ, ਮੇਰੇ ਕੋਲੋਂ ਜੋ ਕੁਝ ਵੀ ਹੋ ਸਕਿਆ, ਮੈਂ ਕੀਤਾ। ਮਹਿਰੋਲੀ ਵਿਚ ਇਕ ਦਿੱਲੀ ਦੇ ਰਈਸ ਦੀ ਕੋਠੀ ਖ਼ਾਲੀ ਪਈ ਸੀ, ਉਸ ਨੇ ਮੇਰੇ ਪ੍ਰੇਰਨ ਉਤੇ ਗੁਰਬਖ਼ਸ਼ ਸਿੰਘ ਜੀ ਨੂੰ ਸਸਤੇ ਕਿਰਾਏ ਤੇ ਦੇ ਦਿਤੀ। ਕੁਝ ਚਿਰ ਮਗਰੋਂ ਗੁਰਬਖ਼ਸ਼ ਸਿੰਘ ਫਿਰ ਸਰਗਰਮ ਹੋ ਗਿਆ। ਮੈਂ ਇਹ ਦੇਖ ਕੇ ਹੈਰਾਨ ਰਹਿ

ਗਿਆ ਕਿ ਹਕੀਕਤ ਨਾਲ ਇਤਨੇ ਵਡੇ ਟਕਰਾਉ ਦੇ ਬਾਵਜੂਦ ਵੀ ਗੁਰਬਖ਼ਸ਼ ਸਿੰਘ ਦਾ ਹੌਸਲਾ ਢੱਠਾ ਨਹੀਂ। ਉਸ ਦਾ ਆਦਰਸ਼ਵਾਦ ਉਸੇ ਤਰ੍ਹਾਂ ਕਾਇਮ ਸੀ। ਦਿੱਲੀ ਵਿਚ ਉਸ ਨੂੰ ਕਿਸੇ ਚੀਜ਼ ਦੀ ਘਾਟ ਨਹੀਂ ਸੀ, ਪਰ ਉਹ ਜਿਤਨਾ ਚਿਰ ਇਥੇ ਰਿਹਾ ਆਪਣੇ ਆਪ ਨੂੰ ਪਰਦੇਸੀ ਹੀ ਸਮਝਦਾ ਰਿਹਾ। ਦਿੱਲੀ ਦੀਆਂ ਰੰਗੀਨੀਆਂ ਤੇ ਦਿਲਬਸਤਗੀਆਂ ਉਸ ਨੂੰ ਬੰਨ੍ਹ ਕੇ ਰਖ ਨਾ ਸਕੀਆਂ। ਉਸ ਦਾ ਧਿਆਨ ਮੁੜ ਮੁੜ ਆਪਣੇ ਆਲ੍ਹਣੇ ਵਲ ਜਾਂਦਾ ਸੀ। ਆਖ਼ਰ ਉਹ ਉੱਡ ਕੇ ਪ੍ਰੀਤ ਨਗਰ ਪਹੁੰਚ ਗਿਆ। ਉਸ ਦੇ ਆਉਣ ਨਾਲ ਹੋਰ ਕਈ ਪੰਛੀ ਵੀ ਮੁੜ ਆਲ੍ਹਣਿਆਂ ਵਿਚ ਆਣ ਬੈਠੇ ਅਤੇ ਮੁੜ ਕੇ ਜੀਵਨ ਦੀ ਹਿਲਜੁਲ ਸ਼ੁਰੂ ਹੋ ਗਈ। ਗੁਰਬਖ਼ਸ਼ ਸਿੰਘ ਦੇ ਪ੍ਰੀਤ ਨਗਰ ਮੁੜਨ ਦਾ ਕਾਰਨ ਉਹਦਾ ਕੁਦਰਤ ਨਾਲ ਪਿਆਰ, ਚੁੱਪ ਤੇ ਸ਼ਾਂਤੀ ਦੀ ਭਾਲ ਸੀ। ਉਸ ਨੂੰ ਕਣਕ ਦੇ ਹਰੇ ਖੇਤ ਤੇ ਸਰ੍ਹੋਂ ਦੇ ਪੀਲੇ ਫੁੱਲ ਮਹਿਰੌਲੀ ਦੇ ਸੁੱਕੇ ਹੋਏ ਬਾਗ਼ ਵਿਚ ਯਾਦ ਆਉਂਦੇ ਸਨ। ਉਸ ਨੂੰ ਪ੍ਰੀਤ ਨਗਰ ਦੇ ਖੇਤਾਂ ਦੀ ਚੁੱਪ ਤੇ ਸ਼ਾਂਤੀ ਯਾਦ ਆਉਂਦੀ ਸੀ।

ਗੁਰਬਖ਼ਸ਼ ਸਿੰਘ ਦੇ ਬਹੁਤ ਸੁਫਨੇ ਪੂਰੇ ਨਹੀਂ ਹੋਏ, ਪਰ ਉਸ ਦੇ ਅਧੂਰੇ ਸੁਫਨਿਆਂ ਨੇ ਹਜ਼ਾਰਾਂ ਲੋਕਾਂ ਨੂੰ ਕਈ ਨਵੀਆਂ ਪ੍ਰੇਰਣਾਵਾਂ ਦਿਤੀਆਂ ਹਨ। ਉਸ ਨੇ ਪੰਜਾਬੀ ਵਾਰਤਕ ਨੂੰ ਉਸਾਰਿਆ ਤੇ ਸਰਲ ਕੀਤਾ। ਉਸ ਨੇ ਪੰਜਾਬੀਆਂ ਨੂੰ ਤੰਗ ਦਿਲੀ ਦੇ ਦਾਇਰੇ 'ਚੋਂ ਕੱਢ ਕੇ, ਸਾਇੰਸ ਦੀ ਵਿਸ਼ਾਲਤਾ ਵਿਖਾਈ। ਪੰਜਾਬੀ ਜ਼ਬਾਨ, ਸਾਹਿਤ ਤੇ ਸਭਿਆਚਾਰ 'ਤੇ ਗੁਰਬਖ਼ਸ਼ ਸਿੰਘ ਦੀ ਮੋਹਰ ਛਾਪ ਹਮੇਸ਼ਾ ਹੀ ਰਹੇਗੀ। □

ਗੁਰਬਖ਼ਸ਼ ਸਿੰਘ

ਬਲਵੰਤ ਗਾਰਗੀ

ਗੁਰਬਖ਼ਸ਼ ਸਿੰਘ ਇਕ ਪੂਰੀ ਸਾਹਿਤਕ ਪੀੜ੍ਹੀ ਦਾ ਪਿਤਾ ਹੈ।

ਮੈਂ ਪੰਜਾਬੀ ਵਿਚ ਸ਼ਾਇਦ ਕਦੇ ਲਿਖਣਾ ਸ਼ੁਰੂ ਨਾ ਕਰਦਾ ਜੇ ਪ੍ਰੀਤ ਨਗਰ ਨਾ ਜਾਂਦਾ। ਮੈਂ ਪ੍ਰੀਤ ਲੜੀ ਵਿਚ ਉਸ ਦੀਆਂ ਕਹਾਣੀਆਂ ਪੜ੍ਹ ਕੇ ਉਸ ਨੂੰ ਮਿਲਣ ਦਾ ਇੱਛਕ ਹੋਇਆ। 'ਕੇਸਰੀ ਦੀ ਗੱਡ' ਨੇ ਮੇਰੇ ਉਤੇ ਡੂੰਘਾ ਅਸਰ ਪਾਇਆ। ਉਸ ਦੀਆਂ ਲਿਖਤਾਂ ਵਿਚ ਸੱਜਰੀ ਕਣਕ ਦੀ ਖ਼ੁਸ਼ਬੋ ਸੀ। ਜਵਾਨ ਮੁਹੱਬਤ ਤੇ ਰੁਮਾਂਚ ਭਿੱਜੀ ਬਗ਼ਾਵਤ। ਮੇਰੇ ਲਈ ਉਹ ਜਵਾਨੀ ਦਾ ਪ੍ਰਤੀਕ ਸੀ। ਇਹਨਾਂ ਜਜ਼ਬਿਆਂ ਨਾਲ ਮੈਂ ਉਸ ਨੂੰ ਪ੍ਰੀਤ ਮਿਲਣੀ ਉਤੇ 1939 ਵਿਚ ਮਿਲਿਆ।

ਉਦੋਂ ਗੁਰਬਖ਼ਸ਼ ਸਿੰਘ 45 ਸਾਲ ਦਾ ਸੀ। ਖੁਲ੍ਹੀ ਨਿੱਖਰੀ ਹੋਈ ਦਾੜ੍ਹੀ, ਨਿੱਖਰੀ ਆਵਾਜ਼, ਨਿਖਰੀ ਸ਼ਖ਼ਸੀਅਤ। ਪਰ ਇਹਨਾਂ ਉਤੇ ਸਿਆਣਪ ਤੇ ਬਜ਼ੁਰਗੀ ਦਾ ਪਰਭਾਵ।

ਗੁਰਬਖ਼ਸ਼ ਸਿੰਘ ਜਵਾਨੀ ਵਿਚ ਹੀ ਬਜ਼ੁਰਗ ਤੇ ਸਾਹਿਤਕ ਨੇਤਾ ਸੀ। ਉਸ ਦੀ ਸ਼ਖ਼ਸੀਅਤ ਨੇ ਮੈਨੂੰ ਮੋਹ ਲਿਆ ਤੇ ਮੈਂ ਕੁਝ ਮਹੀਨੇ ਪ੍ਰੀਤ ਨਗਰ ਜਾ ਕੇ ਰਿਹਾ ਜਿਥੇ ਮੈਂ ਟਿਊਸ਼ਨਾਂ ਕਰ ਕੇ ਗੁਜ਼ਾਰਾ ਕੀਤਾ।

ਮੈਨੂੰ ਪ੍ਰੀਤ ਨਗਰ ਦੀ ਫ਼ਿਜ਼ਾ ਚੰਗੀ ਲੱਗੀ। ਹਰ ਕੋਈ ਗੁਰਬਖ਼ਸ਼ ਸਿੰਘ ਨੂੰ ਮਿਲਣ ਦਾ ਇੱਛਕ ਸੀ। ਸਾਂਝੇ ਲੰਗਰ ਵਿਚ ਰੋਟੀ ਖਾਂਦੇ ਵੀ ਸ਼ਭਨਾਂ ਦੀ ਇਹੋ ਰੀਝ ਹੁੰਦੀ ਕਿ ਉਸ ਦੇ ਨੇੜੇ ਹੋ ਕੇ ਬੈਠਣ ਦਾ ਮੌਕਾ ਮਿਲੇ। ਪ੍ਰੀਤ ਨਗਰ ਖ਼ੁਦ ਇਕ ਵਡਾ ਸਾਂਝਾ ਟੱਬਰ ਸੀ ਜਿਸ ਵਿਚ ਦੋਸਤੀ, ਮੁਹੱਬਤ, ਈਰਖਾ ਤੇ ਰੜਕਾਂ ਸਨ। ਇਹ ਸਭ ਕੁਝ ਸਿਹਤਮੰਦ ਸੀ।

ਲੇਖਕਾਂ ਦੀ ਢਾਣੀ ਜੋ ਗੁਰਬਖ਼ਸ਼ ਸਿੰਘ ਦੇ ਦੁਆਲੇ ਜੁੜੀ ਉਹਨਾਂ ਵਿਚ ਨੌਰੰਗ ਸਿੰਘ ਤੇ ਪਿਆਰਾ ਸਿੰਘ ਸਹਿਰਾਈ ਖ਼ਾਸ ਤੌਰ ਉਤੇ ਉੱਘੇ ਸਨ।

ਪ੍ਰੀਤ ਨਗਰ ਵਿਚ ਵਾਰਸ਼ਿਕ ਉਤਸਵ ਉਤੇ ਨਾਟਕ ਖੇਡੇ ਜਾਂਦੇ ਜੋ ਅਕਸਰ ਗੁਰਬਖ਼ਸ਼ ਸਿੰਘ ਦੇ ਲਿਖੇ ਹੁੰਦੇ। "ਰਾਜਕੁਮਾਰੀ ਲਤਿਕਾ" ਤੇ "ਪ੍ਰੀਤ ਮੁਕਟ" ਮੈਂ ਇਸੇ ਮੰਚ ਉਤੇ ਦੇਖਿਆ। ਉਸ ਦੇ ਸਥਾਪਤ ਸ਼ਕਤੀਸ਼ਾਲੀ ਪ੍ਰੀਤ ਥੀਏਟਰ ਦੇ ਨਾਲ ਨਾਲ ਕੁਝ ਨੌਜਵਾਨ ਮੁੰਡੇ ਕੁੜੀਆਂ ਨੇ ਵੀ ਆਪਣਾ ਗ਼ਰੀਬੜਾ ਥੀਏਟਰ ਕਾਇਮ ਕੀਤਾ। ਮੈਂ ਇਸੇ ਥੀਏਟਰ ਲਈ ਨਾਟਕ ਲਿਖੇ।

ਗੁਰਬਖ਼ਸ਼ ਸਿੰਘ ਦੇ ਨਾਟਕ ਵਿਚ ਚੰਗਾ ਸੈੱਟ ਤੇ ਪ੍ਰਬੰਧ ਹੁੰਦਾ। ਉਸ ਦੀ ਵਡੀ ਧੀ ਉਮਾ ਤੇ ਨਵਤੇਜ ਪਾਰਟ ਕਰਦੇ। ਸਾਡੇ ਥੀਏਟਰ ਵਿਚ ਅਚਲਾ ਸਚਦੇਵ, ਡਾਕਟਰ ਇੰਦਰਜੀਤ ਤੇ ਸੋਢੀ ਜੋਗਿੰਦਰ ਸਿੰਘ ਪ੍ਰਸਿੱਧ ਸਨ। ਇਥੇ ਹੀ ਮੇਰੀ ਨਾਟ-ਕਲਾ ਦਾ ਮੁੱਢ ਬੱਝਾ।

ਵਾਰਸ਼ਿਕ ਉਤਸਵਾਂ ਉਤੇ ਅੰਮ੍ਰਿਤਾ ਪ੍ਰੀਤਮ, ਦੇਵਿੰਦਰ ਸਤਿਆਰਥੀ, ਮੋਹਨ ਸਿੰਘ ਤੇ ਹੋਰ ਕਈ ਸਾਹਿਤਕਾਰ ਤੇ ਕਲਾਕਾਰ ਲਾਹੌਰ ਤੋਂ ਆਉਂਦੇ। ਇਹ ਪ੍ਰੀਤ ਨਗਰ ਦਾ ਸੁਨਹਿਰਾ ਯੁਗ ਸੀ। ਸਾਹਿਤਕ ਗੋਸ਼ਟੀਆਂ ਘਰ ਘਰ ਜੁੜਦੀਆਂ। ਸਭ ਤੋਂ ਵਧ ਰੰਗ ਕਰਤਾਰ ਸਿੰਘ ਸਚਦੇਵ ਦੇ ਘਰ ਜੰਮਦਾ। ਸਭ ਸਾਹਿਤਕਾਰ ਗੁਰਬਖ਼ਸ਼ ਸਿੰਘ ਦੀ ਪ੍ਰਸੰਸਾ ਲੋਚਦੇ ਸਨ। ਸਭ ਉਸ ਤੋਂ ਸਾਹਿਤਕ ਰਾਏ ਮੰਗਦੇ ਸਨ।

ਉਸ ਦੇ ਲਾਡਲੇ ਸਾਹਿਤਕਾਰਾਂ ਨੇ ਉਸ ਤੋਂ ਬਗ਼ਾਵਤ ਕੀਤੀ – ਇਸੇ ਲਈ ਤਰੱਕੀ ਕਰ ਗਏ। ਉਹਨਾਂ ਨੇ ਗੁਰਬਖ਼ਸ਼ ਸਿੰਘ ਨੂੰ ਪਿਆਰ ਕੀਤਾ, ਗੁਰਮੰਤਰ ਲਿਆ ਤੇ ਅਗਲੀਆਂ ਮੰਜ਼ਲਾਂ ਵਲ ਤੁਰ ਪਏ। ਜਿਹੜੇ ਉਸ ਦੀ ਪੈਰਵੀ ਕਰਦੇ ਰਹੇ ਉਹ ਪਛੜ ਗਏ।

ਗੁਰਬਖ਼ਸ਼ ਸਿੰਘ ਖ਼ੁਦ ਬਾਗ਼ੀ ਸੀ। ਉਸ ਦੀ ਸਾਹਿਤਕ ਪਿਰਤ ਨੂੰ ਅਗੇ ਤੋਰਨ ਲਈ ਉਸ ਤੋਂ ਬਗ਼ਾਵਤ ਦੀ ਹੀ ਲੋੜ ਸੀ। ਉਸ ਦੀ ਲਿਸ਼ਕੀ ਪੁਸ਼ਕੀ ਵਾਰਤਕ ਨੂੰ ਤਜ ਕੇ ਕੁੜੱਤਣ ਤੇ ਨਵੀਂ ਚੇਤਨਾ ਵਿਚ ਸਮੋ ਕੇ ਹੀ ਨਵੀਂ ਵਾਰਤਕ ਰਚੀ ਜਾ ਸਕਦੀ ਸੀ। ਇਸ ਪੀੜ੍ਹੀ ਦੇ ਕਾਮਯਾਬ ਲੇਖਕ ਇਸ ਗੱਲੋਂ ਗੁਰਬਖ਼ਸ਼ ਸਿੰਘ ਦੇ ਰਿਣੀ ਹਨ।

ਗੁਰਬਖ਼ਸ਼ ਸਿੰਘ ਇਕ ਵਡੇ ਪਿਤਾ ਦੇ ਰੂਪ ਵਿਚ ਆਪਣੇ ਸਾਹਿਤਕ ਪੁੱਤਰਾਂ ਤੋਂ ਪਿਆਰ ਤੇ ਨਫ਼ਰਤ ਦਾ ਭਾਗੀ ਸੀ। ਪਿਤਾ ਪੁੱਤਰ ਦਾ ਇਹੋ ਰਿਸ਼ਤਾ ਸਿਹਤਮੰਦ ਹੈ। □

ਸਰਦਾਰ ਗੁਰਬਖਸ਼ ਸਿੰਘ ਦੀ ਮਹਾਨਤਾ

ਸੰਤ ਸਿੰਘ ਸੇਖੋਂ

ਸ. ਗੁਰਬਖ਼ਸ਼ ਸਿੰਘ ਬਾਰੇ ਮੈਂ ਪਹਿਲੀ ਵਾਰੀ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਪ੍ਰੋਫ਼ੈਸਰ ਤੇਜਾ ਸਿੰਘ ਜਾਂ ਪ੍ਰੋਫ਼ੈਸਰ ਮੋਹਣ ਸਿੰਘ ਪਾਸੋਂ ਸੁਣਿਆ ਹੋਵੇਗਾ। ਉਂਝ ਉਹਨਾਂ ਦੇ ਛੋਟੇ ਭਰਾ ਸ. ਗੁਰਦਿਆਲ ਸਿੰਘ ਉਸ ਸਮੇਂ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਪ੍ਰੋਫ਼ੈਸਰ ਵੀ ਸਨ। ਪਰ ਗੁਰਦਿਆਲ ਸਿੰਘ ਨਾਲ ਮੇਰਾ ਬਹੁਤਾ ਬੈਠਣ ਉਠਣ ਨਹੀਂ ਸੀ। ਸ. ਗੁਰਬਖ਼ਸ਼ ਸਿੰਘ ਬਾਰੇ ਸੁਣਿਆ ਵੀ ਉਹਨਾਂ ਦੇ ਮਾਸਿਕ ਪੱਤਰ 'ਪ੍ਰੀਤ ਲੜੀ' ਦੇ ਸੰਬੰਧ ਵਿਚ ਹੀ ਸੀ। ਪਹਿਲਾਂ ਪਹਿਲਾਂ ਇਹ ਉਸ ਵੇਲੇ ਦੇ ਸਰਹੱਦੀ ਸੂਬੇ ਦੇ ਨੌਸ਼ਹਿਰਾ ਸ਼ਹਿਰ ਵਿਚੋਂ ਪ੍ਰਕਾਸ਼ਿਤ ਕੀਤਾ ਜਾਂਦਾ ਸੀ, ਜਿਥੇ ਸ. ਗੁਰਬਖ਼ਸ਼ ਸਿੰਘ ਆਪਣੀ ਇੰਜੀਨੀਅਰੀ ਦੀ ਨੌਕਰੀ ਛਡ ਕੇ ਗੁਰਦੁਆਰੇ ਦੀ ਕਈ ਸੌ ਏਕੜ ਜ਼ਮੀਨ ਠੇਕੇ ਉਤੇ ਲੈ ਕੇ ਖੇਤੀ ਕਰਨ ਲਗੇ, ਟਰੈਕਟਰਾਂ ਨਾਲ ਸਹਿਕਾਰੀ ਢੰਗ ਨਾਲ। ਇੰਜੀਨੀਅਰ ਤੋਂ ਕਿਸਾਨ ਬਣਨ ਦਾ ਇਹ ਪ੍ਰਯੋਗ ਤਾਂ ਸਫਲ ਨਾ ਹੋਇਆ, ਪਰ ਇਥੇ ਰਹਿੰਦਿਆਂ ਉਹਨਾਂ ਨੂੰ ਆਪਣੇ ਜੀਵਨ ਦੀ ਸੇਧ ਮਿਲ ਗਈ। ਤੇ ਉਹਨਾਂ ਪੰਜਾਬੀ ਦਾ 'ਪ੍ਰੀਤ ਲੜੀ' ਸ਼ੁਰੂ ਕਰ ਲਿਆ। ਆਰੰਭਕ ਵਰ੍ਹੇ ਵਿਚ ਹੀ 'ਪ੍ਰੀਤ ਲੜੀ' ਚੋਖਾ ਸਫਲ ਹੋ ਗਿਆ ਸੀ।

ਇਸ ਦੀ ਸਫਲਤਾ ਦਾ ਮੁਖ ਕਾਰਨ ਸ. ਗੁਰਬਖ਼ਸ਼ ਸਿੰਘ ਦੇ ਨਵੇਂ ਵਿਚਾਰ ਸਨ। ਉਹ ਅਮਰੀਕਾ ਵਿਚ ਪੜ੍ਹ ਕੇ ਆਏ ਸਨ ਤੇ ਉਹਨਾਂ ਨੇ ਆਪਣੇ ਸਿੱਖੀ ਸਰੂਪ ਵਿਚ ਰਹਿੰਦਿਆਂ ਹੀ ਅਮਰੀਕਨ ਲੋਕਾਂ ਦੀ ਜੀਵਨ ਸ਼ੈਲੀ ਨੂੰ ਅਪਣਾ ਲਿਆ ਹੋਇਆ ਸੀ।

ਮੈਂ ਹਾਲੀ ਪੰਜਾਬੀ ਵਿਚ ਲਿਖਣ ਨਹੀਂ ਲਗਿਆ ਸਾਂ, ਪਰ ਪ੍ਰੋਫ਼ੈਸਰ ਮੋਹਨ ਸਿੰਘ ਦੀ ਪੰਜਾਬੀ ਕਵਿਤਾ ਦਾ ਬੜਾ ਪ੍ਰਸ਼ੰਸਕ ਸਾਂ। 'ਪ੍ਰੀਤ ਲੜੀ' ਵਿਚ ਪ੍ਰੋਫ਼ੈਸਰ ਮੋਹਣ ਸਿੰਘ ਦੀਆਂ ਕਵਿਤਾਵਾਂ ਛਪਦੀਆਂ ਸਨ। ਮੈਂ ਵੀ ਮਨੋਂ ਚਾਹੁੰਦਾ ਸਾਂ ਕਿ ਮੈਂ ਲੇਖਕ ਬਣਾਂ ਪਰ ਮੇਰਾ ਮਨ ਉਸ ਸਮੇਂ ਅੰਗਰੇਜ਼ੀ ਵਿਚ ਲਿਖਣ ਵਿਚ ਹੀ ਉਲਝਿਆ ਹੋਇਆ ਸੀ। ਮੈਂ ਪੰਜਾਬੀ ਸਾਹਿਤਕ ਮੰਡਲਾਂ ਵਿਚ ਵੀ ਚੋਖਾ ਜਾਣਿਆਂ ਜਾਣ ਲੱਗ ਪਿਆ ਸਾਂ। ਪਰ ਮੈਂ ਹਊਮੈ ਵੱਸ ਪੰਜਾਬੀ ਦੇ ਕਿਸੇ ਮਾਸਿਕ ਜਾਂ ਦੈਨਿਕ ਪੱਤਰ ਵਿਚ ਛਪਣ ਦਾ ਇਛਕ ਨਹੀਂ ਸਾਂ। 'ਪ੍ਰੀਤ ਲੜੀ' ਦੀ ਪੰਜਾਬੀ ਸਾਹਿਤਕ ਮੰਡਲਾਂ ਵਿਚ ਪ੍ਰਿਅਤਾ ਤੋਂ ਪ੍ਰਭਾਵਿਤ ਹੋ ਕੇ ਉਸ ਵਿਚ ਪ੍ਰਕਾਸ਼ਿਤ ਹੋਣ ਲਈ ਮੇਰੇ ਮਨ ਵਿਚ ਇਛਾ ਉਤਪੰਨ ਹੁੰਦੀ ਸੀ, ਪਰ ਮੈਂ ਚਾਹੁੰਦਾ ਸਾਂ ਕਿ ਗੁਰਬਖ਼ਸ਼ ਸਿੰਘ ਜੀ ਮੈਨੂੰ ਆਪ 'ਪ੍ਰੀਤ ਲੜੀ' ਵਿਚ ਲਿਖਣ ਲਈ ਆਖਣ। ਉਹਨਾਂ ਨੇ ਮੈਨੂੰ ਆਖਿਆ ਨਾ ਤੇ ਮੈਂ 'ਪ੍ਰੀਤ ਲੜੀ' ਵਿਚ ਲਿਖਣ ਦੀ ਕਦੇ ਤਾਂਘ ਨਾ ਕੀਤੀ। ਇਸ ਹਉਮੈ ਕਾਰਨ ਹੀ 'ਪ੍ਰੀਤ ਲੜੀ' ਵਿਚ ਹੁਣ ਤਕ ਮੇਰੀ ਕੋਈ ਲਿਖਤ ਨਹੀਂ ਛਪੀ ਸਿਵਾਇ ਇਕ ਕਹਾਣੀ ਦੇ ਜੋ ਸਵਰਗੀ ਨਵਤੇਜ ਸਿੰਘ ਨੇ ਕਿਤੋਂ ਪ੍ਰਾਪਤ ਕਰਕੇ ਛਾਪ ਦਿਤੀ ਸੀ।

ਇਕ ਕਾਰਨ ਮੇਰਾ ਸ. ਗੁਰਬਖ਼ਸ਼ ਸਿੰਘ ਵਲ ਉਦਾਸੀਨਤਾ ਦਾ ਮੇਰੇ ਮਾਰਕਸਵਾਦੀ ਵਿਚਾਰ ਸਨ, ਜਿਹੜੇ ਹਾਲੀਂ ਬਹੁਤੇ ਪੱਕੇ ਤਾਂ ਨਹੀਂ ਸਨ ਪਰ ਪੰਜਾਬੀ ਦੇ ਸਾਹਿਤਕ ਤੇ ਬੌਧਿਕ ਮੰਡਲਾਂ ਵਿਚ ਮੇਰੀ ਪਛਾਣ ਬਣ ਗਏ ਸਨ। ਮੈਂ ਸ. ਗੁਰਬਖ਼ਸ਼ ਸਿੰਘ ਦੇ ਵਿਚਾਰਾਂ ਨੂੰ ਅਮਰੀਕਨ ਆਧੁਨਿਕਤਾ ਦੇ ਧਾਰਨੀ ਸਮਝਦਾ ਸਾਂ। ਤੇ ਬਹੁਤੇ ਕੱਚਘਰੜ ਮਾਰਕਸੀਆਂ ਵਾਕਰ ਕਿਸੇ ਵਿਅਕਤੀ ਦਾ ਅਮਰੀਕਨ ਪ੍ਰਕਾਰ ਦਾ ਆਧੁਨਿਕਵਾਦੀ ਹੋਣਾ ਮੇਰੇ ਲਈ ਉਸ ਵੱਲ ਪਿੱਠ ਫੇਰਨ ਲਈ ਕਾਫ਼ੀ ਸੀ।

ਸੋ ਇਸ ਤਰ੍ਹਾਂ ਮੈਂ ਸ. ਗੁਰਬਖ਼ਸ਼ ਸਿੰਘ ਨੂੰ ਨੇੜੇ ਹੋ ਕੇ ਜਾਨਣ ਦਾ ਕਦੇ ਯਤਨ ਨਾ ਕੀਤਾ। ਮੈਂ ਸ਼ਾਇਦ 1944 ਵਿਚ ਇਕ ਵਾਰੀ ਸ. ਜੀਵਨ ਸਿੰਘ ਮਾਲਕ ਲਾਹੌਰ ਬੁੱਕ ਸ਼ਾਪ ਨਾਲ ਪ੍ਰੀਤ ਨਗਰ ਵੀ ਗਿਆ ਸਾਂ। ਪਰ ਉਸ ਸਮੇਂ ਵੀ ਸ. ਗੁਰਬਖ਼ਸ਼ ਸਿੰਘ ਨਾਲ ਮੇਰੀ ਮਿਲਣੀ ਓਪਰੀ ਓਪਰੀ ਜਿਹੀ ਰਹੀ ਸੀ। ਪ੍ਰੀਤ ਨਗਰ ਦੀ ਉਸ ਫੇਰੀ ਦੀ ਇਕ ਹਾਸੇ ਵਾਲੀ ਗੱਲ ਮੈਨੂੰ ਯਾਦ ਹੈ। ਜੀਵਨ ਸਿੰਘ ਤੇ ਮੈਂ ਪ੍ਰੀਤ ਨਗਰ ਵਾਲੀ ਲਾਰੀ ਵਿਚ ਲਾਹੌਰ ਨੂੰ ਪਰਤ ਰਹੇ ਸਾਂ ਕਿ ਕਿਤਾਬਾਂ ਦੀਆਂ ਗੱਲਾਂ ਵਿਚ ਜੀਵਨ ਸਿੰਘ ਨੇ ਆਖਿਆ ਕਿ ਬਰਤਾਨੀਆਂ ਤੇ ਅਮਰੀਕਾ ਵਿਚੋਂ ਆਈਆਂ ਕਿਤਾਬਾਂ ਚੋਖੀਆਂ ਸਸਤੀਆਂ ਹੁੰਦੀਆਂ ਹਨ। ਮੈਂ ਜੀਵਨ ਸਿੰਘ ਨੂੰ ਕਿਹਾ ਕਿ ਸਭ ਚੰਗੀਆਂ ਸਰਕਾਰਾਂ ਦੀ ਨੀਤੀ ਵਿਦਿਆ ਉਤੇ ਕੋਈ ਟੈਕਸ ਨਾ ਲਾਉਣ ਦੀ ਹੁੰਦੀ ਹੈ। ਸਾਡੇ ਬਰਾਬਰ ਦੀ ਇਕ ਸੀਟ ਉਤੇ ਇਕ ਯੁਵਤੀ ਬੈਠੀ ਸੀ ਜਿਸ ਦੇ ਚਿਹਰੇ ਮੋਹਰੇ ਉਤੇ ਮੇਰੀ ਇਸ ਗੱਲ ਦਾ ਕੁਝ ਰੋਸ ਜਿਹੇ ਵਾਲਾ ਭਾਵ ਪ੍ਰਤੀਤ ਹੋਇਆ। ਥੋੜੇ ਚਿਰ ਪਿਛੋਂ ਮੈਂ ਦੇਖਿਆ ਕਿ ਉਸ ਦੇ ਹੱਥ ਉਤੇ ਉਸ ਦਾ ਨਾਮ 'ਵਿਦਿਆ' ਉਕਰਿਆ ਹੋਇਆ ਸੀ। ਮੈਨੂੰ ਇਕਦਮ ਖ਼ਿਆਲ ਆਇਆ ਕਿ ਸ਼ਾਇਦ ਉਸ ਯੁਵਤੀ ਨੇ ਮੇਰੀ ਗੱਲ ਨੂੰ ਉਸ ਉਤੇ ਇਕ ਚੋਟ ਸਮਝਿਆ ਹੋਵੇ।

ਸ. ਗੁਰਬਖ਼ਸ਼ ਸਿੰਘ ਨਾਲ ਮੇਰਾ ਮਿਲਣ ਗਿਲਣ ਕੁਝ ਥੋੜਾ ਜਿਹਾ ਵਧਿਆ ਜਦੋਂ 1949 ਵਿਚ ਮੈਂ ਕਮਿਊਨਿਸਟ ਮਿੱਤਰਾਂ ਦੇ ਕਹਿਣ ਉਤੇ ਅੰਮ੍ਰਿਤਸਰ ਅਮਨ ਲਹਿਰ ਵਿਚ ਅੱਗੇ ਵਧ ਕੇ ਹਿੱਸਾ ਲੈਣ ਲਗ ਪਿਆ। 1950 ਵਿਚ ਸ. ਗੁਰਬਖ਼ਸ਼ ਸਿੰਘ ਨਾਲ ਮੈਂ ਸਰਬ-ਹਿੰਦ ਅਮਨ ਕਾਨਫਰੰਸ ਉਤੇ ਬੰਬਈ ਵੀ ਗਿਆ। ਉਥੇ ਅਸੀਂ ਦੋਵੇਂ ਰਜਿੰਦਰ ਸਿੰਘ ਬੇਦੀ ਦੇ ਘਰ ਹੀ ਤਿੰਨ ਚਾਰ ਦਿਨ ਰਹੇ। ਸ. ਗੁਰਬਖ਼ਸ਼ ਸਿੰਘ ਵਲ ਕੁਝ ਨੇੜਤਾ ਹੋਈ ਪਰ ਬਹੁਤ ਮਾਮੂਲੀ।

ਸ. ਗੁਰਬਖ਼ਸ਼ ਸਿੰਘ ਨੂੰ ਨੇੜੇ ਹੋ ਕੇ ਜਾਨਣ ਦਾ ਮੌਕਾ ਵੀ ਮੈਨੂੰ ਮਿਲਿਆ ਜਦੋਂ ਅਸੀਂ 1958 ਵਿਚ ਐਫਰੋਏਸ਼ਿਆਈ ਲੇਖਕਾਂ

ਦੀ ਕਾਨਫਰੰਸ ਉਤੇ ਸੋਵੀਅਤ ਰੂਸ ਗਏ। ਦੋ ਹਫਤੇ ਤੋਂ ਵਧੇਰੇ ਅਸੀਂ ਤਾਸ਼ਕੰਦ ਰਹੇ ਸਾਂ। ਤਾਸ਼ਕੰਦ ਸੋਵੀਅਤ ਯੂਨੀਅਨ ਦੇ ਮੁਖ ਏਸ਼ਿਆਈ ਰਾਜ ਉਜ਼ਬੇਕਿਸਤਾਨ ਦਾ ਰਾਜਧਾਮ ਹੈ ਤੇ ਉਥੇ ਘੱਟੋ-ਘੱਟ ਸ਼ਹਿਰੀ ਜੀਵਨ ਬਿਲਕੁਲ ਪਛਮੀ ਭਾਂਤ ਦਾ ਹੋਇਆ ਹੋਇਆ ਹੈ। (ਉਂਜ ਉਜ਼ਬੇਕਿਸਤਾਨ ਦੇ ਇਕ ਪਿੰਡ ਵਿਚ ਮੈਂ ਇਕ ਥਾਂ ਕੰਧ ਉਤੇ ਪਾਥੀਆਂ ਥੱਪੀਆਂ ਹੋਈਆਂ ਵੀ ਦੇਖੀਆਂ।) ਉਥੇ ਕਿਸੇ ਸਕੂਲ ਕਾਲਜ ਵਿਚ ਜਾਂ ਹੋਰ ਥਾਈਂ ਸ਼ਾਮ ਦੇ ਇਕੱਠਾਂ ਵਿਚ ਪੱਛਮੀ ਸ਼ੈਲੀ ਦਾ ਨਾਚ ਵੀ ਹੁੰਦਾ ਸੀ ਜਿਥੇ ਕੁੜੀਆਂ ਸਾਨੂੰ, ਪ੍ਰਾਹੁਣਚਾਰੀ ਅਨੁਸਾਰ, ਫੜ ਫੜ ਕੇ ਆਪਣੇ ਨਾਲ ਨੱਚਣ ਲਾਂਦੀਆਂ ਸਨ। ਜਿਵੇਂ ਸਭ ਜਾਣਦੇ ਹਨ ਉਥੇ ਇਸਤ੍ਰੀਆਂ ਪੁਰਸ਼ ਜੱਫੀ ਪਾ ਕੇ ਇਕੱਠੇ ਨੱਚਦੇ ਹਨ। ਮੈਂ ਤਾਂ ਜਮਨਾ ਗਏ ਜਮਨਾ ਦਾਸ ਬਣ ਜਾਂਦਾ ਸਾਂ ਪਰ ਸ. ਗੁਰਬਖ਼ਸ਼ ਸਿੰਘ ਬਹੁਤ ਸੁਕੜੇ ਸੁਕੜੇ ਰਹਿੰਦੇ। ਇਕ ਰਾਤ ਮੈਂ ਕੁਝ ਕੁੜੀਆਂ ਨੂੰ ਗੁਰਬਖ਼ਸ਼ ਸਿੰਘ ਨੂੰ ਫੜ ਕੇ ਆਪਣੇ ਨਾਲ ਨਚਾਣ ਲਈ ਕਿਹਾ। ਇਕ ਕੁੜੀ ਨੇ ਆ ਕੇ ਉਹਨਾਂ ਨੂੰ ਹੱਥਾਂ ਤੋਂ ਫੜ ਲਿਆ ਤੇ ਨੱਚਣ ਲਾ ਲਿਆ। ਪਰ ਸ. ਗੁਰਬਖ਼ਸ਼ ਸਿੰਘ ਨੇ ਉਸ ਨੂੰ ਜੱਫੀ ਤਾਂ ਕੀ ਪਾਉਣੀ ਸੀ, ਇਤਨਾ ਕੋਡਾ ਹੋ ਕੇ ਲੱਕ ਪਿਛੇ ਕਰਕੇ ਨੱਚਣ ਦੀ ਕੋਸ਼ਿਸ਼ ਕੀਤੀ ਕਿ ਦੇਖਣ ਵਾਲੇ ਨੂੰ ਹਾਸਾ ਆਉਂਦਾ ਸੀ। ਪਿੰਡ ਇਕ ਸਭਾ ਉਤੇ ਤਾਂ ਸਾਡੇ ਵਿਚ ਕੁਝ ਤਲਖ਼-ਕਲਾਮੀ ਵੀ ਹੋ ਗਈ ਜਦੋਂ ਮੈਂ ਉਹਨਾਂ ਨੂੰ ਇਤਨਾ ਅਛੋਹ ਰਹਿਣ ਉਤੇ ਮਖ਼ੌਲ ਕਰਨ ਲਗ ਪਿਆ। ਪਰ ਸਮੁਚੇ ਰੂਪ ਵਿਚ ਉਹ ਤੇ ਮੈਂ ਉਥੇ ਪਹਿਲੀ ਵਾਰ ਇਕ ਦੂਜੇ ਦੇ ਦੋਸਤ ਬਣੇ।

ਬੰਬਈ ਵਿਚ ਇਕ ਬੈਠਕ ਵਿਚ, ਸ਼ਾਇਦ ਰਾਜਿੰਦਰ ਸਿੰਘ ਬੇਦੀ ਦੇ ਘਰ ਹੀ ਮੈਂ ਗੁਰਬਖ਼ਸ਼ ਸਿੰਘ ਹੋਰਾਂ ਨੂੰ ਇਹ ਪੁੱਛਿਆ ਕਿ ਉਹ ਜਦੋਂ ਇਸਤ੍ਰੀ-ਪੁਰਸ਼ ਪਿਆਰ ਦੀ ਕੋਈ ਗੱਲ ਕਰਦੇ ਹਨ ਤਾਂ ਦੋਹਾਂ ਜਣਿਆਂ ਨੂੰ ਇਕ ਦੂਜੇ ਦੇ ਚਚੇਰ-ਮਸੇਰ ਬਣਾ ਦਿੰਦੇ ਹਨ। ਤੇ ਇਸ ਤਰ੍ਹਾਂ ਉਹ ਪਿਆਰ ਦੀ ਗੱਲ ਨੂੰ ਅਫ਼ਲਾਤੂਨੀ ਬਣਾ ਦਿੰਦੇ ਹਨ। ਉਸ ਦਿਨ ਸ. ਗੁਰਬਖ਼ਸ਼ ਸਿੰਘ ਨੇ ਨਿਰਝਕ ਮੈਨੂੰ ਦੱਸਿਆ ਕਿ ਜੇ ਉਹ ਇਸਤ੍ਰੀ-ਪੁਰਸ਼ ਪਿਆਰ ਦੀ ਗੱਲ ਇਸ ਤਰੀਕੇ ਨਾਲ ਨਾ ਕਰਨ ਤਾਂ ਸ਼ਾਇਦ ਲੋਕ ਉਹਨਾਂ ਨੂੰ ਆਪਣੇ ਘਰ ਨਾ ਵੜਨ ਦੇਣ।

ਤਾਸ਼ਕੰਦ ਜਾਂ ਮਾਸਕੋ ਵਿਚ ਮੇਰੇ ਖੁਲ੍ਹੇ ਡੁਲ੍ਹੇ ਵਰਤਾਰੇ ਨੂੰ ਸ. ਗੁਰਬਖ਼ਸ਼ ਸਿੰਘ ਨੇ ਨਾ ਕੇਵਲ ਸਹਿਣ ਹੀ ਕੀਤਾ ਸਗੋਂ ਇਸ ਦੀ ਪ੍ਰਸੰਸਾ ਵੀ ਕੀਤੀ ਤੇ ਉਸ ਦਿਨ ਤੋਂ ਸ. ਗੁਰਬਖ਼ਸ਼ ਸਿੰਘ ਮੈਨੂੰ ਹੋਰ ਵੀ ਚੰਗੇ ਲੱਗਣ ਲਗ ਪਏ। ਸਮਝ ਲਵੋ ਕਿ ਸ. ਗੁਰਬਖ਼ਸ਼ ਸਿੰਘ ਤੇ ਮੈਂ ਉਥੇ ਤਾਸ਼ਕੰਦ ਜਾ ਕੇ ਇਕ ਦੂਜੇ ਦੇ ਮਿੱਤਰ ਬਣੇ।

ਪਹਿਲਾਂ ਪਹਿਲਾਂ ਮੈਂ ਸ. ਗੁਰਬਖ਼ਸ਼ ਸਿੰਘ ਦੀ ਲਿਖਤ ਨੂੰ ਪਸੰਦ ਨਹੀਂ ਕਰਦਾ ਸਾਂ। ਇਸ ਦਾ ਮੁਖ ਕਾਰਨ ਈਰਖਾ ਸੀ, ਤੇ ਮੈਂ ਉਦੋਂ ਵੀ ਜਾਣਦਾ ਸਾਂ ਕਿ ਮੈਂ ਈਰਖਾ ਵਸ ਸ. ਗੁਰਬਖ਼ਸ਼ ਸਿੰਘ ਦੇ ਕੰਮ ਦੀ ਸ਼ਲਾਘਾ ਨਹੀਂ ਕਰਦਾ ਸਾਂ। ਲੱਭਣ ਨੂੰ ਤਾਂ ਇਸ ਦੇ ਦੋ ਕਾਰਨ ਲੱਭੇ ਵੀ ਜਾ ਸਕਦੇ ਹਨ 'ਇਕ ਤਾਂ ਉਹਨਾਂ ਦਾ ਅਮਰੀਕਾ ਦਾ ਸ਼ਲਾਘਾਕਾਰ ਹੋਣਾ ਤੇ ਦੂਜਾ ਉਹਨਾਂ ਦੀ ਲਿਖਣ ਸ਼ੈਲੀ। ਇਹਨਾਂ ਦੋਹਾਂ ਮੱਦਾਂ ਹੇਠ ਸ. ਗੁਰਬਖ਼ਸ਼ ਸਿੰਘ ਦੀ ਆਲੋਚਨਾ ਯਥਾਰਥਕ ਹੋ ਸਕਦੀ ਹੈ। ਅਸੀਂ ਮਾਰਕਸਵਾਦੀ ਵਿਚਾਰਾਂ ਵਾਲੇ ਲੋਕ ਅਮਰੀਕਾ ਦੀ ਜੀਵਨ ਜਾਚ ਨੂੰ ਰੋਗ ਗ੍ਰਸਿਤ ਸਮਝਦੇ ਸਾਂ। ਅਸੀਂ ਨਹੀਂ ਚਾਹੁੰਦੇ ਸਾਂ ਕਿ ਅਸੀਂ ਕਿਸੇ ਗੱਲ ਵਿਚ ਵੀ ਅਮਰੀਕਾ ਦੀ ਨਕਲ ਕਰੀਏ। ਆਪਣੇ ਨਵੇਂ ਧਾਰਨ ਕੀਤੇ ਜੋਸ਼ ਵਿਚ ਅਸੀਂ ਭੁਲ ਜਾਂਦੇ ਸਾਂ ਕਿ ਅਸੀਂ ਅਮਰੀਕਾ ਤੋਂ ਵੀ ਬਹੁਤ ਕੁਝ ਸਿਖ ਸਕਦੇ ਹਾਂ।

ਦੂਜੀ ਆਪੱਤੀ ਮੈਨੂੰ ਸ. ਗੁਰਬਖ਼ਸ਼ ਸਿੰਘ ਦੀ ਸ਼ੈਲੀ ਉਤੇ ਸੀ। ਇਕ ਤਾਂ ਉਹ ਮੇਰੇ ਉਸ ਸਮੇਂ ਦੇ ਜੁਆਨ ਸੁਭਾਉ ਅਨੁਸਾਰ ਬਹੁਤੀਆਂ ਹੇਜਲੀਆਂ ਗੱਲਾਂ ਕਰਦੇ ਸਨ। ਮੈਂ ਸਰਦਾਰ ਜੀ ਲਈ ਦਾਰ ਜੀ ਸ਼ਬਦ ਵਰਤਣ ਨੂੰ ਇਕ ਪ੍ਰੀਤ ਨਗਰ ਦੀ ਬਨਾਵਟ ਸਮਝਦਾ ਸਾਂ। ਮੈਨੂੰ ਪਿਤਾ ਜਾਂ ਪਤੀ ਲਈ ਦਾਰ ਜੀ ਸ਼ਬਦ ਵਰਤਣਾ ਹੁਣ ਤਕ ਵੀ ਚੰਗਾ ਨਹੀਂ ਲਗਦਾ। ਸਮੁਚੇ ਰੂਪ ਵਿਚ ਮੈਂ ਪ੍ਰੀਤ ਲੜੀ ਦੇ ਸਰਵਰਕ ਉਤੇ ਵਰਤੇ ਗਏ ਸਲੋਕ ਨੂੰ ਵੀ ਸਾਹਿਤਕ ਸ਼ੈਲੀ ਦੇ ਪੱਖ ਤੋਂ ਬਹੁਤ ਅਣਘੜਤ ਜਿਹਾ ਸਮਝਦਾ ਸਾਂ। ਤੇ ਹੁਣ ਤਕ ਵੀ ਇਸ ਸਲੋਕ ਨੂੰ ਪਸੰਦ ਨਹੀਂ ਕਰ ਸਕਿਆ। ਇਸ ਤੋਂ ਵੀ ਵੱਧ ਮੈਂ ਸ. ਗੁਰਬਖ਼ਸ਼ ਸਿੰਘ ਦੇ ਨਵੇਂ ਸ਼ਬਦ ਵਿਧਾਨ ਨੂੰ ਨਾਪਸੰਦ ਕਰਦਾ ਸਾਂ। ਸ਼ਬਦ ਵਿਧਾਨ ਦੇ ਸੰਬੰਧ ਵਿਚ ਮੈਂ ਕੁਝ ਕੱਟੜ ਹਾਂ। ਮੈਂ ਕ੍ਰਿਤਰਮ ਸ਼ਬਦਾਂ ਵਿਚ ਸੰਸਕ੍ਰਿਤ ਤੇ ਅਰਬੀ ਫ਼ਾਰਸੀ ਦੀ ਮਿਲਾਵਟ ਨੂੰ ਪਸੰਦ ਨਹੀਂ ਕਰਦਾ ਤੇ ਵਾਹ ਲਗਦੀ ਮੈਂ ਅਰਬੀ ਫ਼ਾਰਸੀ ਦੇ ਸ਼ਬਦ ਜਾਂ ਉਹਨਾਂ ਉਤੇ ਆਧਾਰਿਤ ਸ਼ਬਦ ਨਹੀਂ ਵਰਤਦਾ। ਇਸ ਕਰਕੇ ਮੈਨੂੰ ਵਧੇਰੇ ਖੁਲ੍ਹੇ ਵਿਚਾਰਾਂ ਵਾਲੇ ਲੋਕਾਂ ਨੇ ਸੰਸਕ੍ਰਿਤਵਾਦੀ ਵੀ ਆਖਿਆ ਹੈ। ਕਿਵੇਂ ਵੀ ਹੋਵੇ ਮੈਨੂੰ ਸ਼ਬਦਾਂ ਦੀ ਦੋਗਲੀ ਬਨਾਵਟ ਚੰਗੀ ਨਹੀਂ ਲਗਦੀ।

ਪਰ ਫਿਰ ਜਦੋਂ ਮੈਂ ਪੰਜਾਬੀ ਸਾਹਿਤ ਵਿਚ ਵਧੇਰੇ ਡੂੰਘਾ ਪ੍ਰਵਿਸ਼ਟ ਕਰ ਗਿਆ ਤੇ ਪੰਜਾਬੀ ਵਿਚ ਲਿਖਣ ਨੂੰ ਹੀ — ਅੰਗਰੇਜ਼ੀ ਦਾ ਖ਼ਿਆਲ ਛਡ ਕੇ — ਆਪਣੇ ਜੀਵਨ ਮਨੋਰਥ ਦਾ ਮੁਖ ਅੰਸ਼ ਬਣਾ ਲਿਆ ਤਾਂ ਮੈਨੂੰ ਪਤਾ ਲਗਦਾ ਗਿਆ ਕਿ ਸ. ਗੁਰਬਖ਼ਸ਼ ਸਿੰਘ ਨੇ ਪੰਜਾਬੀ ਬੋਲੀ ਤੇ ਸਾਹਿਤ ਨੂੰ ਕਿਤਨਾ ਮਾਲੋ-ਮਾਲ ਕੀਤਾ ਹੈ। ਜੇ ਕੋਈ ਮੈਨੂੰ ਅੱਜ ਪੁਛੇ ਤਾਂ ਮੈਂ ਨਿਰਝੱਕ ਇਹ ਕਹਿਣ ਨੂੰ ਤਿਆਰ ਹਾਂ ਕਿ ਸਾਡੀ ਵੀਹਵੀਂ ਸਦੀ ਦੇ ਪੰਜਾਬੀ ਸਾਹਿਤਕਾਰਾਂ ਦਾ ਸ਼ਿਰੋਮਣੀ ਸ. ਗੁਰਬਖ਼ਸ਼ ਸਿੰਘ ਹੈ। ਇਹ ਲੇਖ ਕਿਸੇ ਸਾਹਿਤਕ, ਮਨੋਰਥ ਲਈ ਨਹੀਂ ਲਿਖਿਆ ਗਿਆ, ਇਸ ਲਈ ਮੈਂ ਆਪਣੇ ਇਸ ਨਿਰਣੇ ਬਾਰੇ ਕੋਈ ਸਾਹਿਤਕ ਚਰਚਾ ਵਿਚ ਨਹੀਂ ਪੈਣੀ ਚਾਹੁੰਦਾ। ਮੈਨੂੰ ਵਿਸ਼ਵਾਸ ਹੈ ਕਿ ਪੰਜਾਬੀ ਦੇ ਬਹੁਤ ਪਾਠਕ ਤੇ ਲੇਖਕ ਸ. ਗੁਰਬਖ਼ਸ਼ ਸਿੰਘ ਦੇ ਸਾਹਿਤਕ ਕੱਦ ਬੁਤ ਬਾਰੇ ਮੇਰੇ ਉਪਰੋਕਤ ਕਥਨ ਨਾਲ ਸਹਿਮਤ ਹੋਣਗੇ।

(ਧੰਨਵਾਦ ਪ੍ਰੀਤਲੜੀ)

ਸਰਦਾਰ ਗੁਰਬਖ਼ਸ਼ ਸਿੰਘ, ਨਿਸਚੇ ਹੀ ਸਾਡੇ ਸਮਿਆਂ ਵਿਚ ਪੰਜਾਬ ਦੀ ਸਭ ਤੋਂ ਵਧੀਕ ਪ੍ਰਭਾਵਸ਼ਾਲੀ ਸਾਹਿਤਕ ਸ਼ਖ਼ਸ਼ੀਅਤ ਰਹੇ ਹਨ। ਉਹਨਾਂ ਨੇ ਕੇਵਲ ਪੰਜਾਬੀ ਬੋਲੀ ਤੇ ਲੇਖਣੀ ਵਿਚ ਹੀ ਨਹੀਂ, ਸਗੋਂ ਪੰਜਾਬੀ ਜੀਵਨ ਦੇ ਹੋਰ ਵੀ ਕਈ ਪਿੜਾਂ ਵਿਚ ਤਾਜ਼ਗੀ ਤੇ ਤਬਦੀਲੀ ਲਿਆਂਦੀ। ਪੰਜਾਬੀ ਵਾਰਤਕ ਦੇ ਮੋਹਰੀ ਦੇ ਤੌਰ ਤੇ ਸਾਡੇ ਸਾਹਿਤਕ ਇਤਿਹਾਸ ਵਿਚ ਉਹਨਾਂ ਦਾ ਉੱਚ ਰੁਤਬਾ ਯਕੀਨੀ ਹੈ। ਜਦੋਂ ਉਹਨਾਂ ਨੇ 1932 ਵਿਚ ਆਪਣੇ ਰੇਲਵੇ ਇੰਜੀਨੀਅਰ ਦੇ ਅਹੁਦੇ ਨੂੰ ਤਿਆਗ ਕੇ ਪੰਜਾਬ ਦੇ ਇਕ ਅਗਿਆਤ ਜਿਹੇ ਕਸਬੇ ਵਿਚੋਂ 'ਪ੍ਰੀਤ ਲੜੀ' ਕਢਣਾ ਸ਼ੁਰੂ ਕੀਤਾ ਤਾਂ ਉਹਨਾਂ ਨੇ ਇਕ ਨਵੀਨ ਲਿਖਣ-ਢੰਗ, ਰੂਪ ਤੇ ਉੱਚੀ ਪੱਧਰ ਦੀਆਂ ਬੁਨਿਆਦਾਂ ਧਰੀਆਂ ਸਨ। ਇਸ ਪੱਤਰ ਦਾ ਜਨਮ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਇਕ ਨਿਰਣੇਕਾਰੀ ਮੀਲ-ਪੱਥਰ ਹੈ। ਇਸ ਦਿਨ ਤੋਂ ਪੰਜਾਬੀ ਇਕ ਅਸਲੋਂ ਹੀ ਨਵੇਲੇ ਮੁਹਾਵਰੇ ਵਿਚ ਲਿਖੀ ਜਾਣ ਲਗੀ। ਇਸ ਨਵੀਨ ਗੱਦ ਸ਼ੈਲੀ ਤੋਂ ਬਿਨਾਂ ਸਰਦਾਰ ਗੁਰਬਖ਼ਸ਼ ਸਿੰਘ ਨੇ ਸਮਾਜੀ ਜੀਵਨ ਵਿਚ ਸੁਤੰਤਰਤਾ ਦੀ ਸ਼ਕਤੀਸ਼ਾਲੀ ਦਿੱਖ ਦਾ ਵੀ ਸੰਚਾਰ ਕੀਤਾ। ਉਹਨਾਂ ਨੇ ਇਸ ਵਿਚ ਸੁਹਜ, ਕਲਾ ਤੇ ਰਹਿਣ ਸਹਿਣ ਦੇ ਨਵੇਂ ਵਿਚਾਰ ਲਿਆਂਦੇ। ਏਡੀ ਹੀ ਮਹੱਤਵਪੂਰਨ ਗੱਲ ਇਹ ਹੈ ਕਿ ਸ: ਗੁਰਬਖ਼ਸ਼ ਸਿੰਘ ਨੇ ਜਿਨ੍ਹਾਂ ਵਿਚਾਰਾਂ ਦਾ ਪ੍ਰਚਾਰ ਕੀਤਾ ਉਹਨਾਂ ਨੂੰ ਅਮਲੀ ਜ਼ਿੰਦਗੀ ਵਿਚ ਜੀਊਣ ਦੀ ਵੀ ਕੋਸ਼ਿਸ਼ ਕੀਤੀ ਤੇ ਉਹਨਾਂ ਨਿੱਜੀ-ਪਸੰਦ ਤੇ ਦਿਆਨਤਦਾਰੀ ਦੇ ਮਿਆਰਾਂ ਨੂੰ ਸਦਾ ਕਾਇਮ ਰਖਿਆ।

ਹਰਬੰਸ ਸਿੰਘ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸਰਦਾਰ ਗੁਰਬਖ਼ਸ਼ ਸਿੰਘ ਪਿਛਲੇ ਪੰਜ ਦਹਾਕਿਆਂ ਤੋਂ ਪੰਜਾਬ ਦੇ ਸਾਹਿਤਕ ਤੇ ਸਭਿਆਚਾਰਕ ਦ੍ਰਿਸ਼ ਦਾ ਇਕ ਸੁਭਾਵਿਕ ਅੰਗ ਬਣੇ ਰਹੇ। ਉਹਨਾਂ ਦੀ ਸ਼ਖ਼ਸੀਅਤ, ਉਹਨਾਂ ਦੀ ਲੇਖਣੀ, ਪ੍ਰੀਤ ਲੜੀ, ਪ੍ਰੀਤ ਨਗਰ ਤੇ ਕਿਤਨੇ ਹੀ ਹੋਰ ਪੂਰੇ ਅਧੂਰੇ ਸੁਪਨਿਆਂ ਦਾ ਰੂਪ ਧਾਰ ਧਾਰ ਪੰਜਾਬੀ ਸੰਸਕ੍ਰਿਤੀ ਦੀ ਸਮੂਚੀ ਰੂਪ-ਰੇਖਾ ਨੂੰ ਪ੍ਰਭਾਵਤ ਕਰਦੀ ਰਹੀ। ਇਹ ਆਪਣੇ ਆਪ ਵਿਚ ਪ੍ਰਮਾਣ ਹੈ, ਇਸ ਗੱਲ ਦਾ ਕਿ ਸ: ਗੁਰਬਖ਼ਸ਼ ਸਿੰਘ ਦੀ ਸ਼ਖ਼ਸੀਅਤ ਇਕ ਵਿਅਕਤਿਤਵ ਨਹੀਂ, ਉਹ ਇਕ ਸੰਸਥਾ ਸਨ, ਜਿਸ ਦੀ ਦੇਣ ਹੁਣ ਉਪਰਲੀ ਪਰਤ ਤੋਂ ਹੇਠਾਂ ਉਤਰ ਕੇ ਪੰਜਾਬੀ ਦੀ ਸਮੂਚੀ ਸਾਹਿਤਕ ਪ੍ਰਕ੍ਰਿਆ ਵਿਚ ਹਲੂਲ ਹੋ ਗਈ।

ਸ: ਗੁਰਬਖ਼ਸ਼ ਸਿੰਘ ਦੀ ਪੰਜਾਬੀ ਬੋਲੀ ਨੂੰ ਸਭ ਤੋਂ ਵਡੀ ਦੇਣ ਤਾਂ ਇਹ ਹੈ ਕਿ ਉਹਨਾਂ ਨੇ ਇਸ ਨੂੰ ਇਸ ਦੀ ਪੰਜਾਬੀਅਤ ਪ੍ਰਦਾਨ ਕੀਤੀ। ਇਹ ਬੋਲੀ ਆਪਣੇ ਇਤਿਹਾਸ ਦੇ ਮਧ ਕਾਲ ਵਿਚ ਵੀ ਧਰਮ ਕੇਂਦਰਿਤ ਹੀ ਰਹੀ ਤੇ ਇਸ ਗੱਲ ਨੇ ਇਸ ਦੀ ਸਮਰਥਾ ਨੂੰ ਵੀ ਵਧਣ ਨਾ ਦਿਤਾ ਤੇ ਸੰਭਾਵਨਾ ਨੂੰ ਵੀ ਸੁਕਾਈ ਰੱਖਿਆ। ਸ: ਗੁਰਬਖ਼ਸ਼ ਸਿੰਘ ਪਹਿਲਾ ਪੰਜਾਬੀ ਲੇਖਕ ਹੈ, ਜਿਸ ਨੇ ਚੇਤੰਨ ਤੌਰ ਤੇ ਧਰਮ ਦੇ ਪ੍ਰਸੰਗਾਂ ਤੇ ਪਰਵੇਸ਼ਾਂ ਨੂੰ ਉਲੰਘ ਕੇ ਨਿਰੋਲ ਲੌਕਿਕ, ਧਰਮ-ਨਿਰਪੇਖ, ਮਾਨਵ-ਕੇਂਦਰਿਤ ਦ੍ਰਿਸ਼ਟੀਕੋਣ ਨੂੰ ਅਪਣਾਇਆ ਤੇ ਫਿਰ ਇਸ ਦੇ ਅਨੁਕੂਲ ਇਕ ਅਜਿਹੇ ਸ਼ਿਸ਼ਟਾਚਾਰ, ਸਵੱਛ ਨਾਗਰਿਕ ਪੰਜਾਬੀ ਮੁਹਾਵਰੇ ਦੀ ਰਚਨਾ ਕੀਤੀ, ਜਿਸ ਵਿਚ ਨੈਣ ਅੱਖਾਂ ਬਣ ਕੇ ਹੋਰ ਵੀ ਸੁਹਣੇ ਹੋ ਗਏ, ਚਰਨ-ਕੰਵਲ ਪੈਰ ਬਣ ਕੇ ਹੋਰ ਵੀ ਨਿੱਘੇ ਤੇ ਹਸਤ ਕੰਵਲ ਹੱਥ ਬਣ ਕੇ ਇਨਸਾਨੀ ਦੋਸਤੀ ਦੇ ਦੂਤ ਬਣ ਨਿਬੜੇ। ਗੁਰਬਖ਼ਸ਼ ਸਿੰਘ ਦੀ ਅਸਲ ਕਰਾਮਾਤ ਹੀ ਇਹ ਸੀ ਕਿ ਉਹਨਾਂ ਨੇ ਪੰਜਾਬੀ ਬੋਲੀ ਨੂੰ ਪੰਜਾਬੀਆਂ ਦੀਆਂ ਨਵੀਆਂ ਨਾਗਰਿਕ ਲੋੜਾਂ ਦੀ ਪੂਰਤੀ ਦਾ ਇਕ ਉਚਿਤ ਮਾਧਿਅਮ ਬਣਾਇਆ।

ਪ੍ਰੀਤ ਲੜੀ ਤੇ ਇਸ ਦੇ ਸੰਪਾਦਕ ਦੇ ਆਗਮਨ ਤੋਂ ਪਹਿਲਾਂ ਪੰਜਾਬੀਅਤ ਦਾ ਸੰਕਲਪ ਗਰਾਮੀਣ ਪੰਜਾਬ ਤਕ ਸੀਮਿਤ ਸੀ। ਸ: ਗੁਰਬਖ਼ਸ਼ ਸਿੰਘ ਨੇ ਮਧ-ਸ਼ਰੇਣੀ ਦੇ ਨਵੇਂ ਪੜ੍ਹੇ ਲਿਖੇ ਲੋਕਾਂ ਨੂੰ ਇਕ ਨਵੀਂ ਖੁਲ੍ਹੀ ਡੁਲ੍ਹੀ, ਸੁਹਜ-ਮੁਖੀ ਜ਼ਿੰਦਗੀ ਦਾ ਸੁਨੇਹਾ ਦਿਤਾ। ਪਰ ਗੱਲ ਕੇਵਲ ਉਪਦੇਸ਼ ਤਕ ਰੁਕੀ ਨਾ ਰਹੀ। ਸ: ਗੁਰਬਖ਼ਸ਼ ਸਿੰਘ ਨੇ ਜਿਹੜੀ ਵੱਡੀ ਪ੍ਰਾਪਤੀ ਕੀਤੀ ਉਹ ਸੀ ਪੰਜਾਬੀ ਬੋਲੀ ਦੁਆਰਾ ਗਿਆਨ ਤੇ ਵਿਗਿਆਨ, ਨੀਤੀ ਤੇ ਸਦਾਚਾਰ, ਇਸਤ੍ਰੀ ਪੁਰਸ਼ ਦੇ ਪ੍ਰਾਕ੍ਰਿਤਿਕ ਤੇ ਸਮਾਜਕ ਸੰਬੰਧਾਂ, ਅਰੋਗਤਾ ਤੇ ਚਿਕਿਤਸਾ ਸੰਬੰਧੀ ਨਵੀਂ ਜਗਿਆਸਾ ਪੈਦਾ ਕਰਨੀ ਤੇ ਉਸ ਦੀ ਸੰਤੁਸ਼ਟੀ ਦਾ ਪ੍ਰਬੰਧ ਵੀ ਕਰਨਾ। ਨਿੱਤ ਪਸਰਦੇ ਦੁਮੇਲਾਂ ਦੀ ਇਹ ਨਵੀਂ ਚੇਤੰਨਤਾ ਦੇ ਕੇ ਸ: ਗੁਰਬਖ਼ਸ਼ ਸਿੰਘ ਨੇ ਧਰਤੀ ਤੇ ਵਿਛੀ ਪੰਜਾਬੀ ਬੋਲੀ ਨੂੰ ਉੱਡਣ ਲਈ ਪੰਖ ਵੀ ਦਿਤੇ, ਸਾਹਸ ਵੀ।

ਇਹ ਹੈ ਗੁਰਬਖ਼ਸ਼ ਸਿੰਘ ਦੀ ਲੰਮੀ ਸਾਧਨਾ ਦੀ ਪ੍ਰਾਪਤੀ ਤੇ ਇਕ ਅਤਿ ਕੋਮਲ ਭਾਵੀ ਮਨੁੱਖ ਦੀ ਆਤਮ-ਪੂਰਤੀ।

ਅਤਰ ਸਿੰਘ

ਸ: ਗੁਰਬਖ਼ਸ਼ ਸਿੰਘ ਜੀ ਨੇ ਪੰਜਾਬੀ ਪਾਠਕਾਂ ਨੂੰ ਨਵੇਂ ਵਿਸ਼ੇ ਤੇ ਨਵੀਆਂ ਸੋਚਾਂ ਦਿੱਤੀਆਂ ਹਨ। ਲੋਕਾਂ ਨੂੰ ਅਗਾਂਹਵਧੂ ਰੁਚੀਆਂ ਦੇ ਧਾਰਨੀ ਬਣਨ ਦੀ ਪਰੇਰਨਾ ਦਿਤੀ ਹੈ। ਆਪ ਜੀ ਨੇ ਪੰਜਾਬੀ ਵਾਰਤਾ ਨੂੰ ਨਵਾਂ ਖੇਤਰ ਅਤੇ ਮਾਨਯੋਗ ਪੱਧਰ ਦਿੱਤਾ ਹੈ।

ਸ: ਗੁਰਬਖ਼ਸ਼ ਸਿੰਘ ਜੀ ਪ੍ਰੀਤ ਲੜੀ ਵਲੋਂ ਪੰਜਾਬੀ ਲੋਕਾਂ ਅਤੇ ਪੰਜਾਬੀ ਸਾਹਿਤ ਦੀ ਜੋ ਸੇਵਾ ਹੋਈ ਹੈ ਉਸ ਦੀ ਜਿੰਨੀ ਪ੍ਰਸੰਸਾ ਕੀਤੀ ਜਾਏ ਘੱਟ ਹੈ। **ਪ੍ਰਕਾਸ਼ ਸਿੰਘ ਬਾਦਲ**

ਸ: ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਰਸਾਲੇ ਦੇ ਮੋਢੀ ਤੇ ਵਰਤਮਾਨ ਪੰਜਾਬੀ ਗਦ ਦੇ ਨਿਰਮਾਤਾ ਹੋਣ ਕਰ ਕੇ ਪੰਜਾਬੀ ਸਾਹਿਤ ਵਿਚ ਆਪਣਾ ਵਿਸ਼ੇਸ਼ ਦਰਜਾ ਰਖਦੇ ਹਨ। 1933 ਤੋਂ ਚਾਲੂ ਕੀਤੇ ਰਸਾਲੇ ਪ੍ਰੀਤ ਲੜੀ ਅਤੇ ਹੋਰ ਦਰਜਨਾਂ ਪੁਸਤਕਾਂ ਰਾਹੀ ਸ: ਗੁਰਬਖ਼ਸ਼ ਸਿੰਘ ਨੇ ਜਿਨ੍ਹਾਂ ਪਿਆਰ ਭਿੱਜੇ ਅਗਾਂਹਵਧੂ ਵੀਚਾਰਾਂ ਦਾ ਪਰਚਾਰ ਕੀਤਾ, ਉਸ ਦੀ ਮੋਹਰ ਅਜੋਕੇ ਸਮਾਜ ਦੇ ਹਰ ਪੜ੍ਹੇ ਲਿਖੇ ਪੰਜਾਬੀ ਉਤੇ ਸਾਫ਼ ਦਿਸਦੀ ਹੈ।

ਇਸ ਸੁਲਝੇ ਹੋਏ ਲੇਖਕ ਵਲੋਂ ਪ੍ਰੀਤਨਗਰ ਦੀ ਸਥਾਪਨਾ ਤੇ ਨਵੀਨ ਢੰਗ ਦੀ ਖੇਤੀਬਾੜੀ ਕਰਨ ਦਾ ਜੋ ਬੀੜਾ ਚੁੱਕਿਆ ਗਿਆ ਸੀ ਉਹ ਵੀ ਹਰ ਤਰ੍ਹਾਂ ਵਡਿਆਈ ਦਾ ਹੱਕਦਾਰ ਹੈ ਜਿਸ ਪਾਸੋਂ ਨੌਜਵਾਨ ਬਹੁਤ ਵੱਡੀ ਪਰੇਰਨਾ ਲੈ ਕੇ ਨਵ-ਨਿਰਮਾਣ ਤੇ ਦੇਸ਼ ਉਸਾਰੀ ਦੇ ਖੇਤਰ ਵਿਚ ਵੱਡੀ ਭਾਰੀ ਸੇਵਾ ਕਰ ਸਕਦੇ ਹਨ।

ਸੁਰਜੀਤ ਸਿੰਘ ਬਰਨਾਲਾ

ਗੁਰਬਖ਼ਸ਼ ਸਿੰਘ ਦਾ ਸਥਾਨ

ਡਾ. ਅਮਰੀਕ ਸਿੰਘ

ਗੁਰਬਖ਼ਸ਼ ਸਿੰਘ ਦਾ ਪੰਜਾਬੀ ਸਾਹਿਤ ਵਿਚ ਕੀ ਸਥਾਨ ਹੈ? ਇਹ ਸਵਾਲ ਅਜ ਕਲ ਘੱਟ ਹੀ ਚੁਕਿਆ ਜਾਂਦਾ ਹੈ। ਬਹੁਤੇ ਪੰਜਾਬੀ ਪਿਆਰੇ ਗੁਰਬਖ਼ਸ਼ ਸਿੰਘ ਨੂੰ ਪਿਛਲੀ ਅੱਧੀ ਸਦੀ ਦਾ ਇਕ ਮਹਾਨ ਲਿਖਾਰੀ ਤਾਂ ਗਿਣ ਲੈਂਦੇ ਨੇ ਪਰ ਇਸ ਕਥਨ ਦਾ ਵਿਸਥਾਰ ਘੱਟ ਹੀ ਕਰਦੇ ਨੇ। ਉਹ ਕਿਓਂ ਮਹਾਨ ਹੈ? ਕਿਸ ਗੱਲ ਕਰਕੇ ਮਹਾਨ ਹੈ? ਉਹਦੀ ਕੀ ਪ੍ਰਾਪਤੀ ਹੈ ਤੇ ਕੀ ਦੇਣ ਹੈ? ਇਹ ਸਵਾਲ ਕਦੀਂ ਕਦਾਈਂ ਹੀ ਚੁਕੇ ਜਾਂਦੇ ਨੇ। ਜੇ ਚੁਕੇ ਵੀ ਜਾਂਦੇ ਨੇ, ਤਾਂ ਉਹਨਾਂ ਦੀ ਗਹਿਰਾਈ ਵਿਚ ਜਾਣ ਦੀ ਘੱਟ ਹੀ ਕੋਸ਼ਿਸ਼ ਕੀਤੀ ਜਾਂਦੀ ਹੈ।

ਅਸਲ ਵਿਚ ਜਿਨ੍ਹਾਂ ਹਾਲਾਤ ਵਿਚ ਗੁਰਬਖ਼ਸ਼ ਸਿੰਘ ਨਵੇਂ ਕਿਸਮ ਦੇ ਲਿਖਾਰੀ ਦੇ ਤੌਰ ਤੇ ਉਭਰਿਆ ਤੇ 25-30 ਸਾਲ ਉਹਦੀ ਸੋਚ ਤੇ ਲਿਖਣ ਪਰਣਾਲੀ ਦਾ ਦਬ-ਦਬਾ ਕਾਇਮ ਰਿਹਾ, ਉਹ ਹਾਲਾਤ ਕਾਫ਼ੀ ਹਦ ਤਕ ਬਦਲ ਗਏ ਨੇ। ਅਜ ਕਲ ਦੇ ਵਿਦਿਆਰਥੀਆਂ ਲਈ ਇਹ ਸਮਝਣਾ ਜ਼ਰਾ ਮੁਸ਼ਕਲ ਹੈ ਕਿ 1930-40 ਵਿਚ ਕਿਹੜੇ ਵਿਸ਼ੇ ਅਹਿਮ ਗਿਣੇ ਜਾਂਦੇ ਸਨ, ਕਿਉਂ ਗਿਣੇ ਜਾਂਦੇ ਸਨ ਤੇ ਉਹਨਾਂ ਦੇ ਆਲੇ-ਦੁਆਲੇ ਕਿਸ ਕਿਸਮ ਦੀ ਚਰਚਾ ਹੁੰਦੀ ਸੀ। ਲੋੜ ਇਸ ਗੱਲ ਦੀ ਹੈ ਕਿ ਗੁਰਬਖ਼ਸ਼ ਸਿੰਘ ਦੀ ਸਾਹਿਤਕ ਮਹੱਤਤਾ ਨੂੰ ਸਮਝਿਆ ਜਾਵੇ, ਉਹਦੀ ਸਾਹਿਤਕ ਦੇਣ ਦਾ ਅੰਗ ਨਿਖੇੜ ਕਰਕੇ ਉਹਦੇ ਯੁਗ ਦੇ ਪਛੋਕੜ ਵਿਚ ਪੇਸ਼ ਕੀਤਾ ਜਾਵੇ ਤੇ, ਇਸ ਤੋਂ ਇਲਾਵਾ, ਉਹਦੀ ਲਿਖਤ ਦਾ ਆਪਣੇ ਆਪ ਵਿਚ ਮੁਲੰਕਣ ਕੀਤਾ ਜਾਵੇ। ਤਾਂ ਹੀ ਗੁਰਬਖ਼ਸ਼ ਸਿੰਘ ਦੇ ਸਥਾਨ ਦਾ ਠੀਕ ਠੀਕ ਨਿਰਣਾ ਕੀਤਾ ਜਾ ਸਕਦਾ ਹੈ।

ਅਗਲੇ ਕੁਝ ਪੰਨਿਆਂ ਵਿਚ ਇਹਨਾਂ ਵਿਚੋਂ ਕੁਝ ਕੁ ਸਵਾਲਾਂ ਦੇ ਜਵਾਬ ਲਭਣ ਦੀ ਕੋਸ਼ਿਸ਼ ਕੀਤੀ ਜਾਵੇਗੀ।

II

ਪੰਜਾਬ ਉਪਰ ਅੰਗ੍ਰੇਜ਼ਾਂ ਦੇ ਕਬਜ਼ੇ ਦੇ ਬਾਅਦ, 25-30 ਸਾਲਾਂ ਦੇ ਕਰੀਬ, ਨਵੇਂ ਨਵੇਂ ਪਰਭਾਵ ਪੈਂਦੇ ਰਹੇ ਤੇ ਨਵੇਂ ਨਵੇਂ ਮਸਲੇ ਉੱਠਦੇ ਰਹੇ। ਕਿਸੇ ਨੂੰ ਇਹ ਪਤਾ ਨਹੀਂ ਸੀ ਲੱਗ ਰਿਹਾ ਕਿ ਕੀ ਹੋ ਰਿਹਾ ਹੈ ਤੇ ਕਿਵੇਂ ਹੋ ਰਿਹਾ ਸੀ, ਬਸ ਇਕ ਗੱਲ ਸਾਫ਼ ਸੀ ਕਿ ਹਾਲਾਤ ਬਦਲ ਗਏ ਨੇ, ਨਵੇਂ ਕਿਸਮ ਦੀਆਂ ਤਾਕਤਾਂ ਉਭਰ ਕੇ ਆ ਰਹੀਆਂ ਨੇ ਤੇ ਜੋ ਕੁਝ ਪਹਿਲਾਂ ਹੁੰਦਾ ਹੁੰਦਾ ਸੀ, ਉਸਦੀ ਨੁਹਾਰ ਬੁਨਿਆਦੀ ਤੌਰ ਤੇ ਬਦਲ ਗਈ ਹੈ; ਤੇ ਬਦਲ ਰਹੀ ਹੈ।

ਇਕ ਨਵਾਂ ਵਿਦਿਅਕ ਢਾਂਚਾ ਲਾਗੂ ਹੋ ਰਿਹਾ ਸੀ। ਉਸੇ ਤੇ ਨਤੀਜੇ ਤੇ, ਸਕੂਲ ਕਾਲਜ ਖੁਲ੍ਹ ਰਹੇ ਸਨ, ਛਾਪੇ ਖਾਨੇ ਲਗ ਰਹੇ ਸਨ, ਅਖਬਾਰ ਨਿਕਲ ਰਹੇ ਸਨ। ਇਹ ਸਾਰਾ ਕੁਝ ਹੋ ਰਿਹਾ ਸੀ ਤੇ ਇਹਨਾਂ ਤਬਦੀਲੀਆਂ ਦਾ ਬੜਾ ਡੂੰਘਾ ਅਸਰ ਪੈ ਰਿਹਾ ਸੀ। ਰੇਲ, ਸੜਕਾਂ, ਡਾਕਖਾਨੇ ਤੇ ਤਾਰ ਘਰ ਅਗੇ ਹੀ ਸਥਾਪਤ ਹੋ ਚੁਕੇ ਸਨ। ਸਮੁਚੇ ਤੌਰ ਤੇ ਜ਼ਿੰਦਗੀ ਦੀ ਰਫ਼ਤਾਰ ਬਦਲ ਰਹੀ ਸੀ।

ਸਮਾਜਕ ਤੇ ਧਾਰਮਕ ਜ਼ਿੰਦਗੀ ਵਿਚ ਕਾਫ਼ੀ ਉਥਲ-ਪੁਥਲ ਹੋ ਰਿਹਾ ਸੀ। ਆਰੀਆ ਸਮਾਜ ਤੇ ਸਿੰਘ ਸਭਾ ਲਹਿਰਾਂ ਇਸੇ ਪ੍ਰਤਿਕਰਮ ਦਾ ਇਜ਼ਹਾਰ ਸਨ। ਅਹਿਮਦੀਆ ਲਹਿਰ ਜ਼ਰਾ ਕੁ ਦੇਰ ਬਾਅਦ ਚਲੀ। ਪਰ ਇਸ ਦਾ ਜ਼ਿਕਰ ਕਰਨਾ ਇਸ ਲਈ ਜ਼ਰੂਰੀ ਹੈ ਕਿ ਇਹ ਕਿਹਾ ਜਾ ਸਕੇ ਕਿ ਪੰਜਾਬ ਦੇ ਹਰ ਤਬਕੇ ਤੇ ਹਰ ਧਾਰਮਕ ਵੰਡੀ ਵਿਚ ਨਵੀਂ ਕਿਸਮ ਦਾ ਕੋਈ ਨਾ ਕੋਈ ਤ੍ਰੋੜ-ਮਰੋੜ ਆ ਰਿਹਾ ਸੀ।

ਇਥੇ ਇਕ ਗੱਲ ਦਾ ਜ਼ਿਕਰ ਕਰਨਾ ਬੜਾ ਜ਼ਰੂਰੀ ਹੈ। ਕਈ ਸੌ ਸਾਲਾਂ ਤੋਂ ਪੰਜਾਬੀ ਸਾਹਿਤ ਦੀਆਂ ਦੋ ਵੱਖੋ ਵੱਖਰੀਆਂ ਪ੍ਰੰਪ੍ਰਾਵਾਂ ਚਲਦੀਆਂ ਰਹੀਆਂ ਨੇ। ਇਕ ਸੂਫ਼ੀਵਾਦ ਤੇ ਇਕ ਗੁਰਬਾਣੀ ਦੀ। ਇਹੋ ਦੋ ਧਾਰਾਵਾਂ ਇਕ ਦੂਜੇ ਦੇ ਨਾਲ ਨਾਲ ਚਲਦੀਆਂ ਰਹੀਆਂ ਪਰ ਕਠੀਆਂ ਕਦੀ ਵੀ ਨਾ ਹੋਈਆਂ। ਮੁਸਲਮਾਨ ਲਿਖਾਰੀ ਅਰਬੀ ਲਿਪੀ ਵਰਤਦੇ ਰਹੇ। ਸਿੱਖ ਗੁਰੂਆਂ ਨੇ ਗੁਰਮੁਖੀ ਲਿਪੀ ਵਰਤੀ ਪਰ ਗੁਰੂਆਂ ਤੋਂ ਬਾਅਦ ਜਿਹੜੀ ਪ੍ਰੰਪਰਾ ਗ਼ੈਰ ਸਿੱਖਾਂ ਵਿਚ ਪ੍ਰਚਲਤ ਹੋਈ, ਉਸ ਨੇ ਬ੍ਰੱਜ ਭਾਸ਼ਾ ਨੂੰ (ਲਿਪੀ ਦੀ ਗੱਲ ਇਕ ਪਾਸੇ ਰਹੀ) ਤਰਜੀਹ ਦਿਤੀ।

ਗੁਰੂ ਨਾਨਕ ਤੋਂ ਬਾਅਦ ਬਹੁਤੇ ਸਿੱਖ ਗੁਰੂਆਂ ਨੇ ਵੀ ਬ੍ਰੱਜ ਭਾਸ਼ਾ ਨੂੰ ਆਪਣਾ ਮਾਧਿਅਮ ਬਣਾਇਆ। ਗੁਰੂ ਅਰਜਨ ਦੇਵ ਜੀ ਦੀ ਬਾਣੀ ਇਸ ਤੱਥ ਦੀ ਮਿਸਾਲ ਹੈ। ਸਿਰਫ਼ ਭਾਈ ਗੁਰਦਾਸ ਵਿਚ ਪੰਜਾਬੀ ਦੀ ਕਿਧਰੇ ਕਿਧਰੇ ਲਿਸ਼ਕ ਨਜ਼ਰ ਆਂਦੀ ਹੈ, ਹੋਰ ਕਿਧਰੇ ਨਹੀਂ। ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਕੁਝ ਰਾਜਸੀ ਗੱਲਾਂ ਇਸ ਤਰ੍ਹਾਂ ਦੀਆਂ ਹੋਈਆਂ ਕਿ ਆਪਸ ਵਿਚ ਪਹਿਲਾਂ ਨਾਲੋਂ ਜ਼ਿਆਦਾ ਨੇੜਤਾ ਹੋ ਗਈ। ਇਸ ਸਥਿਤੀ ਦੀ ਸਭ ਤੋਂ ਚੰਗੀ ਮਿਸਾਲ ਸ਼ਾਹ ਮੁਹੰਮਦ ਦਾ ਜੰਗਨਾਮਾ ਹੈ। ਜਿਹੜੀ ਮਾੜੀ ਮੋਟੀ ਵਿਥ ਸੀ ਸਿੱਖਾਂ ਤੇ ਮੁਸਲਮਾਨਾਂ ਵਿਚਕਾਰ ਉਹ ਤਕਰੀਬਨ ਤਕਰੀਬਨ ਨਵੇਂ ਹਾਲਾਤ ਦੀ ਗਰਮੀ ਨਾਲ ਭਰ ਗਈ।

ਪਰ ਅੰਗ੍ਰੇਜ਼ਾਂ ਦੇ ਕਬਜ਼ੇ ਤੋਂ ਬਾਅਦ ਪੰਜਾਬ ਦੇ ਹਾਲਾਤ ਫੇਰ ਬਦਲਣੇ ਸ਼ੁਰੂ ਹੋ ਗਏ। ਜਿਹੜੀ ਵਿਥ ਮਿਟਣੀ ਸ਼ੁਰੂ ਹੋ ਚੁਕੀ ਸੀ, ਉਹ ਮੁੜ ਕੇ ਪੈਦਾ ਹੋ ਗਈ, ਸਗੋਂ ਹੋਰ ਚੌੜੀ ਹੋਣੀ ਸ਼ੁਰੂ ਹੋ ਗਈ। ਇਸੇ ਕਾਲ ਵਿਚ, ਕਈ ਕਾਰਨਾਂ ਕਰਕੇ ਜਿਨ੍ਹਾਂ ਦਾ ਇਥੇ ਜ਼ਿਕਰ ਨਹੀਂ ਕੀਤਾ ਜਾ ਸਕਦਾ, ਸਿੱਖਾਂ ਨੇ ਪੰਜਾਬੀ ਨੂੰ ਅਪਣਾ ਲਿਆ, ਮੁਸਲਮਾਨਾਂ ਨੇ ਉਰਦੂ ਨੂੰ ਤੇ ਹਿੰਦੂਆਂ ਨੇ ਹਿੰਦੀ ਨੂੰ। ਇਹ ਤਿੰਨ-ਨੁਕਰੀ ਵੰਡ 1870-80 ਦੇ ਕਰੀਬ ਸਪੱਸ਼ਟ ਤੌਰ ਤੇ ਸਾਹਮਣੇ ਆਣੀ ਸ਼ੁਰੂ ਹੋ ਗਈ।

ਆਰੀਆ ਸਮਾਜ ਤੇ ਸਿੰਘ ਸਭਾ ਵਿਚ ਜਿਹੜੇ ਉਸ ਵੇਲੇ ਵਾਦ ਵਿਵਾਦ ਹੁੰਦੇ ਰਹੇ, ਉਹ ਇਸ ਬਦਲਦੀ ਸਥਿਤੀ ਦਾ ਕਾਰਨ ਵੀ ਸਨ ਤੇ ਸਬੂਤ ਵੀ ਸਨ। ਮੁਸਲਮਾਨਾਂ ਦੀ ਇਕ ਵਖਰੀ ਦੁਨੀਆ ਸੀ। ਪੜ੍ਹਾਈ ਲਿਖਾਈ ਘੱਟ ਤੇ ਰਵਾਇਤੀ ਕਿਸਮ ਦਾ ਧਾਰਮਕ ਜੀਵਨ ਹੀ ਦੋ ਮੋਟੇ ਚਿੰਨ੍ਹ ਸਨ ਉਹਨਾਂ ਦੀ ਸਮਾਜਕ ਤੇ ਧਾਰਮਕ ਜ਼ਿੰਦਗੀ ਦੇ। ਪਰ ਇਕ ਫ਼ਰਕ ਸੀ ਹਿੰਦੂਆਂ ਤੇ ਮੁਸਲਮਾਨਾਂ ਦੇ ਕਾਰਜ ਤੇ ਰਵਈਏ ਵਿਚ; ਤੇ ਉਹਦੇ ਵਲ ਇਸ਼ਾਰਾ ਕਰਨਾ ਬਣਦਾ ਹੈ।

ਸੂਫ਼ੀ ਕਾਵਿ ਤੇ ਕਿੱਸਾ ਕਾਵਿ ਵਿਚ ਮੁਸਲਮਾਨਾਂ ਦਾ ਇੰਨਾ ਵੱਡਾ ਹਿੱਸਾ ਸੀ ਕਿ ਮਰਦੇ ਮਰਦੇ ਵੀ ਇਸ ਪ੍ਰੰਪਰਾ ਨੂੰ ਕੁਝ

ਵਕਤ ਲਗਿਆ। ਤੇ ਜੇ ਕਲ ਦੇ ਪਾਕਿਸਤਾਨ ਦੇ ਹਾਲਾਤ ਵੇਖੇ ਜਾਣ ਤਾਂ ਇਸ ਪ੍ਰੰਪਰਾ ਵਿਚ ਹਾਲੀ ਵੀ ਜਾਨ ਹੈ। ਮਿਸਾਲ ਦੇ ਤੌਰ ਤੇ ਗ਼ੁਲਾਮ ਫਰੀਦ, ਇਕ ਨਾਮਵਰ ਸੂਫ਼ੀ ਕਵੀ, ਉਨ੍ਹੀਵੀਂ ਸਦੀ ਦੇ ਅਖ਼ੀਰ ਤਕ ਲਿਖਦਾ ਰਿਹਾ। ਸੂਫ਼ੀ ਪ੍ਰੰਪਰਾ ਸ਼ੇਖ਼ ਫ਼ਰੀਦ ਤੇਰਵੀਂ ਸਦੀ ਵਿਚ ਸ਼ੁਰੂ ਹੋਈ ਸੀ ਤੇ ਖ਼ਤਮ ਗ਼ੁਲਾਮ ਫ਼ਰੀਦ ਤੇ ਆ ਕੇ ਹੋਈ। ਉਸਤਾਦ ਦਾਮਨ ਵਰਗੇ ਸ਼ਾਇਰ, ਭਾਵੇਂ ਉਹ ਉਸ ਪੱਧਰ ਦੇ ਨਹੀਂ ਸਨ, ਪਿਛਲੇ 10-15 ਸਾਲਾਂ ਤਕ ਉਸੇ ਪ੍ਰੰਪਰਾ ਵਿਚ ਲਿਖਦੇ ਰਹੇ। ਸਮੁਚੇ ਤੌਰ ਤੇ ਪੰਜਾਬੀ ਸਾਹਿਤ ਨੂੰ ਮੁਸਲਮਾਨੀ ਦੇਣ ਇੰਨੀ ਨਿਗਰ ਤੇ ਕਈ-ਪੱਖੀ ਸੀ ਕਿ ਅਜ ਕਲ ਦੇ ਪਾਕਿਸਤਾਨ ਵਿਚ ਜਿਹੜਾ ਸੰਘਰਸ਼ ਪੰਜਾਬੀ ਦੀ ਉਚੇਰੀ ਥਾਂ ਲਈ ਹੋ ਰਿਹਾ ਹੈ, ਉਸਦੀ ਜੜ੍ਹ ਕਈ ਸੌ ਸਾਲ ਪਿਛੇ ਜਦੀ ਹੈ।

III

ਸਿੰਘ ਸਭਾ ਲਹਿਰ ਦੇ ਆਣ ਨਾਲ ਜੋ ਪ੍ਰੀਵਰਤਨ ਪੰਜਾਬੀ ਵਿਚ ਆਇਆ, ਉਸ ਦਾ ਜ਼ਿਆਦਾ ਜ਼ਿਕਰ ਕਰਨ ਦੀ ਲੋੜ ਨਹੀਂ। ਇਸ ਬਾਰੇ ਬੜਾ ਕੁਝ ਲਿਖਿਆ ਜਾ ਚੁੱਕਿਆ ਹੈ। ਜਿਸ ਪ੍ਰਸੰਗ ਵਿਚ ਗੱਲ ਹੋ ਰਹੀ ਹੈ, ਉਸ ਬਾਰੇ ਸਿਰਫ਼ ਭਾਈ ਵੀਰ ਸਿੰਘ ਦਾ ਜ਼ਿਕਰ ਕਰਨ ਦੀ ਹੀ ਲੋੜ ਹੈ।

ਭਾਈ ਵੀਰ ਸਿੰਘ, ਸਿੰਘ ਸਭਾ ਲਹਿਰ ਦੇ ਮੋਢੀਆਂ ਵਿਚੋਂ ਇਕ ਸੀ। ਇਸ ਤੋਂ ਜ਼ਿਆਦਾ ਜ਼ਰੂਰੀ ਗੱਲ ਇਹ ਹੈ ਕਿ ਉਸ ਯੁੱਗ ਵਿਚ ਭਾਈ ਵੀਰ ਸਿੰਘ ਤੋਂ ਇਲਾਵਾ ਹੋਰ ਕੋਈ ਐਸਾ ਲਿਖਾਰੀ ਨਹੀਂ ਹੈ ਜਿਸ ਨੇ ਨਵੇਂ ਚਿੰਤਨ ਨੂੰ ਇਕ ਨਵੇਂ ਤਰੀਕੇ ਨਾਲ ਰੂਪਮਾਨ ਕੀਤਾ ਹੋਵੇ। ਭਾਈ ਸਾਹਿਬ ਦੀ ਸਾਰੀ ਲਿਖਤ, ਕਵਿਤਾ, ਨਾਵਲ ਤੇ ਹੋਰ ਕਈ ਕੁਝ ਇਸ ਗੱਲ ਦਾ ਗਵਾਹ ਨੇ ਕਿ ਸਿੰਘ ਸਭਾ ਕਿਸਮ ਦੀ ਸੋਚ ਉਹਨਾਂ ਦੇ ਰੋਮ ਰੋਮ ਵਿਚ ਵਸੀ ਹੋਈ ਸੀ। ਭਾਵੇਂ ਬਾਬਾ ਨੌਧ ਸਿੰਘ ਹੋਵੇ ਭਾਵੇਂ ਰਾਣਾ ਸੂਰਤ ਸਿੰਘ, ਭਾਈ ਸਾਹਿਬ ਦੀਆਂ ਸਾਰੀਆਂ ਲਿਖਤਾਂ ਉਸ ਚੇਤਨਤਾ ਦਾ ਪ੍ਰਗਟਾਵਾ ਸਨ ਜਿਸ ਦਾ ਸੋਮਾ ਸਿੰਘ ਸਭਾ ਲਹਿਰ ਸੀ ਤੇ ਜਿਸ ਦੀ ਚੇਤਨਾ ਪਰਨਾਲੀ ਉਸੇ ਸੋਮੇ ਤੋਂ ਤੁਰਦੀ ਸੀ।

ਇਸ ਸਮੱਸਿਆ ਬਾਰੇ ਕਈ ਕੁਝ ਕਿਹਾ ਜਾ ਚੁਕਿਆ ਹੈ ਤੇ ਹੋਰ ਕੁਝ ਕਹਿਣ ਦੀ ਲੋੜ ਨਹੀਂ। ਉਸ ਯੁੱਗ ਦੇ ਜਿੰਨੇ ਲਿਖਾਰੀ ਹੋਏ ਨੇ, ਭਾਵੇਂ ਮੋਹਨ ਸਿੰਘ ਵੈਦ ਤੇ ਭਾਵੇਂ ਪ੍ਰੋ. ਪੂਰਨ ਸਿੰਘ, ਸਭ ਉਪਰ ਭਾਈ ਵੀਰ ਸਿੰਘ ਦਾ ਪਰਛਾਵਾਂ ਸੀ, ਸਗੋਂ ਛਾਪ ਸੀ। ਇਸ ਹਦ ਤਕ ਕਿ ਉਸ ਸਮੇਂ ਦੇ ਇਤਿਹਾਸਕਾਰ ਵੀ, ਭਾਵੇਂ ਪ੍ਰੇਮ ਸਿੰਘ ਹੋਤੀ ਤੇ ਭਾਵੇਂ ਕਰਮ ਸਿੰਘ ਹਿਸਟੋਰੀਅਨ, ਉਸੇ ਟਕਸਾਲ ਦੇ ਘੜੇ ਜਾਪਦੇ ਹਨ। ਵੀਹਵੀਂ ਸਦੀ ਦੇ ਸ਼ੁਰੂ ਵਿਚ ਭਾਈ ਵੀਰ ਸਿੰਘ ਦੀ ਛਾਪ ਇੰਨੀ ਪਰਬੱਲ ਸੀ ਕਿ ਉਸ ਯੁੱਗ ਨੂੰ ਭਾਈ ਵੀਰ ਸਿੰਘ ਦਾ ਯੁੱਗ ਕਹਿਣਾ ਗ਼ਲਤ ਨਹੀਂ ਹੋਵੇਗਾ।

ਇਸ ਗੱਲ ਨੂੰ ਕਹਿਣ ਦਾ ਇਕ ਹੋਰ ਤਰੀਕਾ ਵੀ ਹੈ। ਗੁਰੂ ਨਾਨਕ ਤੋਂ ਬਾਦ ਕਿਸੇ ਸਿੱਖ ਲਿਖਾਰੀ ਦਾ ਇੰਨਾ ਸਾਹਿਤੱਕ ਕਦ ਨਹੀਂ ਸੀ ਬਣਿਆ ਜਿੰਨਾ ਭਾਈ ਵੀਰ ਸਿੰਘ ਦਾ ਬਣਿਆ। ਉਹਨਾਂ 400 ਸਾਲਾਂ ਵਿਚ ਜਿਸ ਕਿਸੇ ਲੇਖਕ ਨੇ ਕੋਈ ਮੌਲਿਕ ਚੀਜ਼ ਲਿਖੀ ਜਾਂ ਕੋਈ ਨਵੀਂ ਦ੍ਰਿਸ਼ਟੀ ਪੇਸ਼ ਕੀਤੀ, ਉਹ ਮੁਸਲਮਾਨ ਸੀ; ਨਾ ਉਹ ਹਿੰਦੂ ਸੀ ਤੇ ਨਾ ਸਿਖ। ਹਿੰਦੂ ਜਾਂ ਕੁਝ ਲਿਖ ਨਹੀਂ ਸਨ ਰਹੇ ਜਾਂ ਉਸ ਪ੍ਰੱਥਾ ਵਿਚ ਲਿਖ ਰਹੇ ਸਨ ਜਿਹੜੀ ਬਾਕੀ ਦੇ ਉਤਰੀ ਭਾਰਤ ਵਿਚ ਪ੍ਰਚੱਲਤ ਸੀ। ਸਿਖ ਲਿਖਾਰੀ ਵੀ ਤਕਰੀਬਨ ਇਸੇ ਹੀ ਵਹਿਣ ਵਿਚ ਪੈ ਗਏ। ਇਹਨਾਂ ਸਾਰਿਆਂ ਦੀ ਬੋਲਣ ਦੀ ਬੋਲੀ ਪੰਜਾਬੀ ਸੀ ਪਰ ਸਾਹਿੱਤਕ ਪ੍ਰਗਟਾਵੇ ਦਾ ਮਾਧਿਅਮ ਬ੍ਰੱਜ ਸੀ, ਪੰਜਾਬੀ ਨਹੀਂ ਸੀ।

ਪੰਜਾਬੀ ਨੂੰ ਸਾਹਿੱਤਕ ਬੋਲੀ ਘੜਨ ਵਿਚ ਤੇ ਪੇਸ਼ ਕਰਨ ਵਿਚ ਜੋ ਰੋਲ ਭਾਈ ਵੀਰ ਸਿੰਘ ਨੇ ਨਿਭਾਇਆ ਹੈ, ਉਹ ਕਿਸੇ ਤੋਂ ਗੁਝਾ ਨਹੀਂ। ਭਾਈ ਸਾਹਿਬ ਦੇ ਪਿਤਾ, ਡਾ. ਚਰਨ ਸਿੰਘ, ਬ੍ਰੱਜ ਦੇ ਨਾਮੀ ਵਿਦਵਾਨ ਸਨ। ਜੋ ਉਹਨਾਂ ਦਾ ਬੇਟਾ ਕਰ ਕਿਹਾ ਸੀ, ਉਹ ਡਾਕਟਰ ਸਾਹਿਬ ਨੂੰ ਪੂਰਾ ਪਰਵਾਨ ਨਹੀਂ ਸੀ। ਇਸ ਦੇ ਬਾਵਜੂਦ ਭਾਈ ਵੀਰ ਸਿੰਘ ਨੇ ਆਪਣਾ ਸਿਰੜ ਨਹੀਂ ਛਡਿਆ ਤੇ ਸਾਲਾਂ ਸਾਲਾਂ ਵਿਚ ਹੀ ਪੰਜਾਬੀ ਨੂੰ ਤਕਰੀਬਨ ਉੱਨਾ ਹੀ ਸ਼ਕਤੀਸ਼ਾਲੀ ਤੇ ਤਾਕਤਵਰ ਕਰ ਦਿੱਤਾ ਜਿੰਨੀਆਂ ਤਕਰੀਬਨ ਹੋਰ ਨੇੜੇ ਤੇੜੇ ਦੀਆਂ ਬੋਲੀਆਂ ਸਨ। ਇਹ ਘਾਲ ਇਕੋ ਕੱਲੇ ਆਦਮੀ ਦੀ ਸੀ। ਇਸ ਯੋਗਦਾਨ ਲਈ ਭਾਈ ਸਾਹਿਬ ਦੀ ਜਿੰਨੀ ਵੀ ਸਿਫਤ ਕੀਤੀ ਜਾਵੇ, ਥੋੜੀ ਹੈ।

IV

ਉਨੀਵੀਂ ਸਦੀ ਦੇ ਅਖੀਰ ਤੋਂ ਲੈ ਕੇ ਗੁਰਬਖਸ਼ ਸਿੰਘ ਦੇ ਆਗਮਣ ਤਕ — 1930 ਤੋਂ ਕੁਝ ਸਾਲ ਬਾਅਦ ਤਕ — ਭਾਈ ਵੀਰ ਸਿੰਘ ਦਾ ਪਰਭਾਵ ਬਿਲਕੁਲ ਮੁਸੱਲਮ ਰਿਹਾ। ਇਕ ਲਿਖਾਰੀ ਵੀ ਐਸਾ ਨਹੀਂ ਸੀ ਜਿਹੜਾ ਹੋਰ ਕਿਸੇ ਕਿਸਮ ਦੀ ਬੋਲੀ ਬੋਲਦਾ। ਤਕਰੀਬਨ ਸਾਰੇ ਹੀ ਲੇਖਕ ਜਾਂ ਭਾਈ ਵੀਰ ਸਿੰਘ ਵਾਂਗ ਸੋਚਦੇ ਸਨ ਜਾਂ ਉਸ ਦਾ ਅਸਰ ਕਬੂਲ ਕਰਦੇ ਸਨ। ਈਸ਼ਵਰ ਚੰਦਰ ਨੰਦਾ ਜਾਂ ਇਸ ਤਰ੍ਹਾਂ ਦੇ ਕੁਝ ਹੋਰ ਲਿਖਾਰੀ ਜ਼ਰਾ ਜ਼ਰਾ ਵੱਖਰੀ ਬੋਲੀ ਬੋਲਦੇ ਸਨ ਪਰ ਭਾਈ ਸਾਹਿਬ ਦੀ ਸੋਚ ਤੇ ਸ਼ੈਲੀ ਦਾ ਇੰਨਾ ਪਰਭਾਵ ਸੀ ਕਿ ਕੋਈ ਵੀ ਹੋਰ ਤਰ੍ਹਾਂ ਦੀ ਗੱਲ ਨਹੀਂ ਸੀ ਕਰਦਾ। ਰਾਜਸੀ ਤੇ ਸਮਾਜਕ ਜ਼ਿੰਦਗੀ ਦੇ ਪਰਭਾਵ ਵੀ ਇਸੇ ਪਾਸੇ ਵਲ ਝੁਕਾਉ ਰੱਖਦੇ ਸਨ। ਇਸ ਕਰਕੇ ਜਿਹੜੀ ਨੁਹਾਰ ਵੀਹਵੀਂ ਸਦੀ ਦੇ ਸ਼ੁਰੂ ਵਿਚ ਬਣ ਗਈ ਸੀ, ਉਹੋ ਚਲਦੀ ਰਹੀ।

ਰਾਜਸੀ ਖੇਤਰ ਵਿਚ ਕਈ ਕੁਝ ਹੋਇਆ ਪਰ ਉਹਦੇ ਵਿਚ ਇੰਨੀ ਗਹਿਰਾਈ ਨਹੀਂ ਸੀ ਕਿ ਸਾਹਿਤ ਉਪਰ ਅਸਰ ਪੈਂਦਾ, ''ਪਗੜੀ ਸੰਭਾਲ ਜਟਾ'' ਵਾਲੀ ਤਹਿਰੀਕ ਜਲਦੀ ਹੀ ਠੱਪ ਹੋ ਗਈ। ਗ਼ਦਰ ਲਹਿਰ ਦੀਆਂ ਜੜ੍ਹਾਂ ਡੂੰਘੀਆਂ ਸਨ ਪਰ ਉਸਦਾ ਪਾਸਾਰ ਬਹੁਤਾ ਕਰਕੇ ਦੇਸ਼ ਤੋਂ ਬਾਹਿਰ ਸੀ। ਗੁਰਦਵਾਰਾ ਸੁਧਾਰ ਲਹਿਰ ਕਈ ਸਾਲ ਚਲਦੀ ਰਹੀ ਪਰ ਉਸਦਾ ਘੇਰਾ ਭਾਈ ਵੀਰ ਸਿੰਘ ਵਾਲੀ ਸੋਚ ਪਰਨਾਲੀ ਦੇ ਅਨੁਕੂਲ ਸੀ ਤੇ ਕਿਸੇ ਤਰੀਕੇ ਨਾਲ ਵਖਰਾ ਨਹੀਂ ਸੀ। ਜਲ੍ਹਿਆਂਵਾਲੇ ਬਾਗ਼ ਦੀ ਘਟਨਾ ਵੇਲੇ ਜੋ ਕੁਝ ਅਸਰ ਹੋਇਆ, ਉਹਦਾ ਰੁਖ਼ ਕਿਸੇ ਹੋਰ ਪਾਸੇ ਵਲ ਪੈ ਗਿਆ — ਭਗਤ ਸਿੰਘ ਤੇ ਉਸਦੇ ਸਾਥੀ ਉਸ ਲਹਿਰ ਦੀ ਪੈਦਾਵਾਰ ਸਨ। ਮੁਕਦੀ ਗੱਲ ਇਹ ਕਿ ਜੋ ਲੀਹਾਂ ਸਿੰਘ ਸਭਾ ਲਹਿਰ ਵੇਲੇ ਪਈਆਂ ਸਨ ਤੇ ਜਿਨ੍ਹਾਂ ਨੂੰ ਸਾਹਿਤ ਵਿਚ ਭਾਈ ਵੀਰ ਸਿੰਘ ਨੇ ਉਲੀਕਿਆ ਤੇ ਮੂਰਤੀਮਾਨ ਕੀਤਾ ਸੀ ਉਹੋ ਚਲਦੀਆਂ ਰਹੀਆਂ।

ਗੁਰਬਖ਼ਸ਼ ਸਿੰਘ ਪਹਿਲਾ ਲੇਖਕ ਸੀ ਜਿਸ ਨੇ ਇਕ ਨਵੀਂ ਲੈ ਛੇੜੀ। ਗੁਰਬਖ਼ਸ਼ ਸਿੰਘ ਉਸ ਤਰ੍ਹਾਂ ਦਾ ਸਿਖ ਨਹੀਂ ਸੀ ਜਿਸ

ਤਰ੍ਹਾਂ ਮਿਸਾਲ ਲਈ ਭਾਈ ਮੋਹਨ ਸਿੰਘ ਵੈਦ ਸੀ। ਮੋਹਨ ਸਿੰਘ ਵੈਦ ਸਿੰਘ ਸਭੀਆ ਸੀ, ਗੁਰਬਖ਼ਸ਼ ਸਿੰਘ ਉਸਤੋਂ ਅਗਲੀ ਪੀੜ੍ਹੀ ਦਾ ਸਿਖ ਸੀ। ਦੂਜੇ ਲਫ਼ਜ਼ਾਂ ਵਿਚ ਗੁਰਬਖ਼ਸ਼ ਸਿੰਘ ਧਾਰਮਕ ਤੌਰ ਤੇ ਸਿਖ ਬਰਾਦਰੀ ਦਾ ਅੰਗ ਜ਼ਰੂਰ ਸੀ ਪਰ ਸਮਾਜਕ ਸੋਚ ਵਿਚਾਰ ਵਿਚ ਨਵੇਕਲਾ ਸੀ ਤੇ ਨਵੇਂ ਸੰਕਲਪ ਲੈ ਕੇ ਆਇਆ ਸੀ।

ਇਹ ਬਦਲਿਆ ਹੋਇਆ ਚਰਿੱਤਰ ਪ੍ਰੀਤ ਲੜੀ ਛਪਣ ਦੇ ਕੁਝ ਮਹੀਨਿਆਂ ਵਿਚ ਹੀ ਸਪੱਸ਼ਟ ਹੋ ਗਿਆ ਸੀ। ਜਿਨ੍ਹਾਂ ਗੱਲਾਂ ਦਾ ਜ਼ਿਕਰ ਗੁਰਬਖ਼ਸ਼ ਸਿੰਘ ਕਰਦਾ ਸੀ, ਉਹ ਸਮਾਜਕ ਸਨ, ਦੁਨਿਆਵੀ ਸਨ, ਜ਼ਿੰਦਗੀ ਦੀ ਹਰ ਰੋਜ਼ ਦੀ ਕਸ਼-ਮਕੱਸ਼ ਵਿਚੋਂ ਪੈਦਾ ਹੁੰਦੀਆਂ ਸਨ। ਦੋਹਾਂ ਦੇ ਵਿਸ਼ੇ ਵਖਰੇ ਸਨ, ਫਿਕਰ ਵੱਖਰੇ ਸਨ ਤੇ ਉਹਨਾਂ ਨੂੰ ਹਲ ਕਰਨ ਦਾ ਤਰੀਕਾ ਵੱਖਰਾ ਸੀ। ਭਾਈ ਵੀਰ ਸਿੰਘ ਵਿਚ ਗੁਰਬਾਣੀ ਦੀ ਲਗਣ ਸੀ। ਇਕ ਖ਼ਾਸ ਅਧਿਆਤਮਕ ਟੀਚੇ ਵਲ ਜਾਣ ਦੀ ਅਕਾਂਖਿਆ ਸੀ ਤੇ ਇਕ ਖ਼ਾਸ ਕਿਸਮ ਦੇ ਸਮਾਜ ਦਾ ਨਕਸ਼ਾ ਸੀ। ਗੁਰਬਖ਼ਸ਼ ਸਿੰਘ ਦਾ ਨਕਸ਼ਾ ਬਿਲਕੁਲ ਵਖਰਾ ਸੀ। ਨਾ ਹੀ ਉਹਦੀ ਬਿਰਤੀ ਵਿਚ ਕਿਸੇ ਅਪੁੱਹਚ ਅਧਿਆਤਮਕ ਨਿਸ਼ਾਨੇ ਤੇ ਪਹੁੰਚਣ ਦੀ ਲਾਲਸਾ ਸੀ।

ਜ਼ਿੰਦਗੀ ਦੇ ਹਾਲਾਤ ਬਦਲ ਰਹੇ ਸਨ ਤੇ ਉਹਨਾਂ ਦਾ ਅਸਰ ਹਰ ਵਰਗ ਉਪਰ ਪੈ ਰਿਹਾ ਸੀ। ਪੰਜਾਬੀ ਪੜ੍ਹਨ ਵਾਲੇ ਜਿਹੜੇ ਬਹੁਤੇ ਸਿਖ ਸਨ ਭਾਈ ਵੀਰ ਸਿੰਘ ਨੂੰ ਸ਼ੌਕ ਤੇ ਉਤਸ਼ਾਹ ਨਾਲ ਪੜ੍ਹਦੇ ਸਨ। ਪਰ ਉਹਨਾਂ ਦਾ ਰੋਜ਼ ਦਾ ਤਜਰਬਾ ਉਸ ਆਦਰਸ਼ੱਕ ਦੁਨੀਆ ਤੋਂ ਦੂਰ ਸੀ ਜਿਸ ਦੀ ਤਸਵੀਰ ਭਾਈ ਵੀਰ ਸਿੰਘ ਵਿਚ ਨਜ਼ਰ ਆਂਦੀ ਸੀ। ਜੋ ਗੁਰਬਖ਼ਸ਼ ਸਿੰਘ ਕਹਿੰਦਾ ਸੀ ਉਹਦੇ ਨਾਲ ਬਹੁਤੇ ਪਾਠਕ ਜ਼ਿਆਦਾ ਸਾਂਝ ਮਹਿਸੂਸ ਕਰਦੇ ਸਨ; ਗੁਰਬਖ਼ਸ਼ ਸਿੰਘ ਦੇ ਵੀਚਾਰ ਉਹਨਾਂ ਦੀ ਜ਼ਿੰਦਗੀ ਦੇ ਜ਼ਿਆਦਾ ਨੇੜੇ ਸਨ। ਅਸਲੀਅਤ ਇਹ ਸੀ ਕਿ ਜ਼ਿੰਦਗੀ ਦੀ ਰਫ਼ਤਾਰ ਬਦਲ ਚੁਕੀ ਸੀ। ਇਸੇ ਕਰਕੇ ਬਹੁਤੇ ਪਾਠਕ ਗੁਰਬਖ਼ਸ਼ ਸਿੰਘ ਦੀ ਗੱਲ ਵਲ ਜ਼ਿਆਦਾ ਧਿਆਨ ਦੇਣ ਲਗ ਪਏ।

ਇਸ ਸਾਰੇ ਕ੍ਰਿਸ਼ਮੇ ਵਿਚ ਇਕ ਹੋਰ ਅੰਸ਼ ਵੀ ਸ਼ਾਮਿਲ ਸੀ; ਉਹ ਸੀ ਗੁਰਬਖ਼ਸ਼ ਸਿੰਘ ਦੀ ਲਿਖਣ ਸ਼ੈਲੀ। ਪੰਜਾਬੀ ਵਾਰਤਾ ਦਾ ਠੁਕ ਭਾਵੇਂ ਵੀਰ ਸਿੰਘ ਨੇ ਬੰਨ੍ਹਿਆ ਸੀ, ਉਸਦੀ ਸ਼ਕਲ ਵਜ਼੍ਹਾ ਗੁਰਬਖ਼ਸ਼ ਸਿੰਘ ਨੇ ਸੰਵਾਰੀ। ਗੁਰਬਖ਼ਸ਼ ਸਿੰਘ ਦੀ ਲਿਖਤ ਵਿਚ ਰਸ ਸੀ, ਲੈ ਸੀ, ਇਕ ਖ਼ਾਸ ਕਿਸਮ ਦਾ ਢੁਕਾਓ ਸੀ ਜਿਹੜਾ ਉਸ ਤੋਂ ਪਹਿਲਾਂ ਪੰਜਾਬੀ ਵਾਰਤਾ ਵਿਚ ਕਦੀ ਪੇਸ਼ ਨਹੀਂ ਸੀ ਹੋਇਆ। ਪੜ੍ਹਨ ਵਾਲਿਆਂ ਨੂੰ ਸਵਾਦ ਆਇਆ। ਉਹਨਾਂ ਨੂੰ ਲਗਿਆ ਕਿ ਇਹ ਕੋਈ ਜਾਦੂਗਰ ਹੈ ਜਿਸਨੂੰ ਸ਼ਬਦ ਘੜਨੇ ਆਂਦੇ ਨੇ, ਉਹਨਾਂ ਵਿਚ ਨਵੇਂ ਮਤਲਬ ਭਰਨੇ ਆਂਦੇ ਨੇ ਤੇ, ਹੋਰ ਚੀਜ਼ਾਂ ਤੋਂ ਇਲਾਵਾ, ਇਕ ਖੂਬਸੂਰਤੀ ਭਰਨੀ ਆਂਦੀ ਹੈ ਜਿਸ ਦਾ ਨਸ਼ਾ ਹੀ ਕੁਝ ਨਵੇਕਲਾ ਹੈ। ਇਹ ਇਕ ਐਸਾ ਤਜਰਬਾ ਸੀ ਜਿਹੜਾ ਪੰਜਾਬੀ ਪੜ੍ਹਨ ਵਾਲਿਆਂ ਨੂੰ ਉਸ ਤੋਂ ਪਹਿਲਾਂ ਨਹੀਂ ਸੀ ਹੋਇਆ। ਨਤੀਜਾ ਇਹ ਨਿਕਲਿਆ ਕਿ ਭਾਵੇਂ ਪ੍ਰੀਤ ਲੜੀ ਇਕ ਗੁਮਨਾਮ ਜਿਹੀ ਜਗ੍ਹਾ ਤੋਂ ਨਿਕਲੀ ਸੀ, ਉਹ ਬੜੀ ਛੇਤੀ ਹਰਮਨ ਪਿਆਰੀ ਹੋ ਗਈ।

ਪ੍ਰੀਤ ਲੜੀ ਇਕ ਨਵੀਂ ਆਵਾਜ਼ ਸੀ। ਨਵੇਂ ਕਿਸਮ ਦੇ ਲੋਕਾਂ ਲਈ ਇਕ ਨਵੀਂ ਪ੍ਰੇਰਨਾ ਸੀ। ਇਸ ਤੋਂ ਵਧ, ਇਕ ਨਵੀਂ ਕਿਸਮ ਦਾ ਹੁੰਗਾਰਾ ਸੀ। ਇਸ ਨਵੀਂ ਤਹਿਰੀਕ ਵਿਚ – ਤੇ ਪ੍ਰੀਤ ਲੜੀ ਇਕ ਤਹਿਰੀਕ ਹੀ ਸੀ – ਵਿਚ ਕਾਫੀ ਸਾਰੇ ਉਹ ਲੋਕ ਵੀ ਸ਼ਾਮਿਲ ਹੋਏ ਜਿਹੜੇ ਇਸ ਕਿਸਮ ਦੇ ਚਰਚੇ ਤੋਂ ਆਮ ਤੌਰ ਤੇ ਦੂਰ ਰਹਿੰਦੇ ਸਨ। ਸਭ ਤੋਂ ਖਾਸ ਗੱਲ ਇਹ ਸੀ ਕਿ ਔਰਤਾਂ ਨੇ ਗੁਰਬਖ਼ਸ਼ ਸਿੰਘ ਦੇ ਸੁਨੇਹੇ ਵਲ ਉਚੇਚਾ ਧਿਆਨ ਦਿੱਤਾ।

ਆਪਣੇ ਤਜਰਬੇ 'ਚੋਂ ਗੁਰਬਖ਼ਸ਼ ਸਿੰਘ ਨੇ ਇਹ ਤੱਤ ਕਢ ਲਿਆ ਸੀ ਕਿ ਕੋਈ ਸਮਾਜ ਉਦੋਂ ਤਕ ਤਰੱਕੀ ਨਹੀਂ ਕਰ ਸਕਦਾ ਜਿੰਨੇ ਤਕ ਔਰਤਾਂ ਨੂੰ ਆਜ਼ਾਦੀ ਨਾ ਹੋਵੇ, ਬਰਾਬਰੀ ਨਾ ਹੋਵੇ ਤੇ ਉਹਨਾਂ ਦਾ ਠੀਕ ਮਹਿਨਿਆਂ ਵਿਚ ਇੱਜ਼ਤ ਸਤਿਕਾਰ ਨਾ ਹੋਵੇ। ਉਸ ਵੇਲੇ ਦੇ ਹਾਲਾਤ ਵਿਚ ਇਹ ਛੋਟੀ ਗੱਲ ਨਹੀਂ ਸੀ। ਇਕ ਲਿਹਾਜ਼ ਨਾਲ ਇਕ ਨਵੀਂ ਦੁਨੀਆ ਦਾ ਪੈਗ਼ਾਮ ਸੀ।

ਕਈ ਝਗੜੇ ਵੀ ਪਏ, ਕਈ ਔਕੜਾਂ ਵੀ ਆਈਆਂ ਪਰ ਗੁਰਬਖ਼ਸ਼ ਸਿੰਘ ਨੇ ਸਮੇਂ ਦੀ ਨਬਜ਼ ਸਮਝ ਲਈ ਸੀ ਤੇ ਉਹਨੂੰ ਆਪਣੇ ਮਨਮੋਹਨੇ ਢੰਗ ਨਾਲ ਸਾਹਿੱਤਕ ਸ਼ਿੰਗਾਰ ਨਾਲ ਪੇਸ਼ ਕਰ ਸਕਦਾ ਸੀ। ਉਹਦੀ ਨਵੀਂ ਪਛਾਣ ਤੇ ਸਾਹਿੱਤਕ ਵਡਿੱਤਣ ਦਾ ਇਹ ਦੌਰ 1947 ਤਕ ਨਿਰੰਤਰ ਕਾਇਮ ਰਿਹਾ। ਉਹਨਾਂ ਦਿਨਾਂ ਵਿਚ ਗੁਰਬਖ਼ਸ਼ ਸਿੰਘ ਹੀ ਪੰਜਾਬੀ ਦਾ ਸਰਵੋਤਮ ਲਿਖਾਰੀ ਗਿਣਿਆ ਜਾਂਦਾ ਸੀ। ਭਾਈ ਵੀਰ ਸਿੰਘ ਆਪਣੀ ਕਿਸਮ ਦਾ ਕੰਮ ਹਾਲੀ ਵੀ ਕਰ ਰਿਹਾ ਸੀ ਪਰ ਉਹਦੀ ਆਵਾਜ਼ ਵਿਚ ਉਹ ਪਕੜ ਤੇ ਉਹ ਲੋਚ ਹੁਣ ਨਹੀਂ ਸੀ ਰਹੀ ਜਿਹੜੀ ਪਹਿਲਾਂ ਹੁੰਦੀ ਹੁੰਦੀ ਸੀ। ਸਮੇਂ ਦਾ ਗੇੜ!

ਸਮੇਂ ਦੇ ਗੇੜ ਨੂੰ ਇਕ ਹੋਰ ਉਪਮਾ ਵੀ ਦਿੱਤੀ ਜਾ ਸਕਦੀ ਹੈ। ਜਿਸ ਵੇਲੇ ਪਾਣੀ ਦੀ ਛਲ ਬੇੜੀ ਨੂੰ ਉਸ ਪਾਸੇ ਧਕੇ ਜਿਸ ਪਾਸੇ ਉਹ ਬੇੜੀ ਜਾਣਾ ਚਾਹੁੰਦੀ ਹੈ, ਕੋਈ ਦਿੱਕਤ ਨਹੀਂ ਹੁੰਦੀ। 1947 ਤਕ ਬਿਲਕੁਲ ਇਹੋ ਕੁਝ ਹੁੰਦਾ ਰਿਹਾ। ਗੁਰਬਖ਼ਸ਼ ਸਿੰਘ ਦੀ ਲਿਖਤ ਵਕਤ ਦੀ ਆਵਾਜ਼ ਸੀ। ਜੋ ਲੋਕੀਂ ਸੋਚ ਰਹੇ ਸਨ, ਗੁਰਬਖ਼ਸ਼ ਸਿੰਘ ਉਹਨਾਂ ਦੇ ਦਿਲ ਦੀ ਤਰਜਮਾਨੀ ਆਪਣੇ ਜਾਦੂ ਭਰੇ ਲਫ਼ਜ਼ਾਂ ਵਿਚ ਕਰ ਰਿਹਾ ਸੀ। ਇਸ ਹਦ ਤਕ ਕਿ ਬਦਲਦੇ ਹਾਲਾਤ ਦੇ ਮੁਤਾਬਿਕ ਜਦੋਂ ਪ੍ਰੀਤ ਲੜੀ ਦਿਨੋ ਦਿਨ ਕਮਿਉਨਿਸਟ ਪਾਰਟੀ ਵਲ ਝੁਕਦੀ ਗਈ, ਕਿਸੇ ਨੂੰ ਬੁਰਾ ਨਾ ਲਗਿਆ। ਸਗੋਂ ਠੀਕ ਲਗਿਆ। ਲੋਕਾਂ ਦੀ ਸੋਚ ਬਦਲ ਰਹੀ ਸੀ ਤੇ ਪ੍ਰੀਤ ਲੜੀ ਉਸ ਬਦਲੀ ਸੋਚ ਦਾ ਪ੍ਰਤਿਨਿਧ ਵੀ ਸੀ ਤੇ ਪ੍ਰਤਿਬਿੰਬ ਵੀ।

ਪਰ 1947 ਵਿਚ ਐਸਾ ਝਟਕਾ ਲਗਿਆ ਕਿ ਪੰਜਾਬ ਦੀ ਦੁਨੀਆ ਹੀ ਟੁੱਟ ਗਈ, ਸਭ ਕੁਝ ਉਥਲ ਪੁਥਲ ਹੋ ਗਿਆ ਤੇ ਇਕ ਐਸਾ ਭੁਚਾਲ ਆਇਆ ਕਿ ਮੁੜ ਕੇ ਉਹ ਤਵਾਜ਼ਨ ਫੇਰ ਕਾਇਮ ਹੋ ਹੀ ਨਾ ਸਕਿਆ। ਲੱਖਾਂ ਲੋਕ ਮਾਰੇ ਗਏ, ਲੱਖਾਂ ਬੇਘਰ ਹੋ ਗਏ ਤੇ ਲੱਖਾਂ ਨੂੰ ਨਵੇਂ ਰੁਜ਼ਗਾਰ ਲਭਣੇ ਪਏ। ਪ੍ਰੀਤ ਲੜੀ ਆਪ ਵੀ ਇਸ ਉਥਲ-ਪੁਥਲ ਦਾ ਸ਼ਿਕਾਰ ਹੋਈ। ਪ੍ਰੀਤ ਨਗਰ ਤੋਂ ਉਜੜ ਕੇ ਦਿੱਲੀ ਆਣਾ ਪਿਆ। ਪਰ ਸਭ ਤੋਂ ਜ਼ਿਆਦਾ ਪ੍ਰੀਵਰਤਨ ਜੋ ਆਇਆ ਉਹ ਲੋਕਾਂ ਦੀ ਸੋਚ ਵਿਚ ਸੀ।

ਇਸ ਪ੍ਰੀਵਰਤਨ ਕਰਕੇ ਪੁਰਾਣੀਆਂ ਕਹਾਣੀਆਂ ਮੁਕ ਗਈਆਂ ਤੇ ਨਵੀਆਂ ਸ਼ੁਰੂ ਹੋ ਗਈਆਂ। ਦੋਹਾਂ ਵਿਚ ਕੀ ਫ਼ਰਕ

ਸੀ ਤੇ ਕਿਸ ਕਿਸਮ ਦੀਆਂ ਤਬਦੀਲੀਆਂ ਆਈਆਂ – ਇਹਨਾਂ ਸਵਾਲਾਂ ਨੂੰ ਇਥੇ ਚੁਕਣ ਦੀ ਲੋੜ ਨਹੀਂ। ਪਰ ਇਸ ਪ੍ਰੀਵਰਤਨ ਦਾ ਨਤੀਜਾ ਇਹ ਨਿਕਲਿਆ ਕਿ ਗੁਰਬਖ਼ਸ਼ ਸਿੰਘ ਜੋ ਬਦਲ ਰਹੀ ਦੁਨੀਆਂ ਦਾ ਅਲਮਬਰਦਾਰ ਸੀ ਹੌਲੀ ਹੌਲੀ ਕਰਕੇ ਇਕ ਪਾਸੇ ਲਗਣਾ ਸ਼ੁਰੂ ਹੋ ਗਿਆ। ਉਹਦੀ ਲਿਖਤ ਦਾ ਪੁਰਾਣਾ ਜਾਦੂ ਹਾਲੀ ਵੀ ਕਾਇਮ ਸੀ ਪਰ ਉਸ ਵਿਚ ਹੁਣ ਉਹ ਪਕੜ ਨਹੀਂ ਸੀ ਰਹੀ ਜਿਹੜੀ ਕਿਸੇ ਵੇਲੇ ਉਹਦੇ ਹਰ ਬੋਲ ਵਿਚ ਹੁੰਦੀ ਸੀ।

ਛੋਟਾ ਕਾਰਨ ਕਮਿਊਨਿਸਟ ਪਾਰਟੀ ਦੀ ਬਦਲਦੀ ਹੋਈ ਤੇ ਗੜਬੜ ਵਾਲੀ ਨੀਤੀ ਸੀ। ਪ੍ਰੀਤ ਲੜੀ ਨੇ ਆਪਣੇ ਆਪ ਨੂੰ ਇਸ ਲਹਿਰ ਨਾਲ ਇੰਨਾ ਨੱਥੀ ਕੀਤਾ ਹੋਇਆ ਸੀ ਕਿ ਕਿਸੇ ਕਿਸੇ ਵੇਲੇ ਇਹਦੀ ਲਿਖਤ ਚੁੱਭਣ ਲਗ ਜਾਂਦੀ ਸੀ। ਪਰ ਇਹ ਇੰਨੀ ਵੱਡੀ ਗੱਲ ਨਹੀਂ ਸੀ। ਅਸਲੀ ਗੱਲ ਇਹ ਸੀ ਕਿ ਜਿਨ੍ਹਾਂ ਹਾਲਾਤ ਵਿਚ ਗੁਰਬਖ਼ਸ਼ ਸਿੰਘ ਨੇ ਆਪਣੇ ਆਪ ਨੂੰ ਇਕ ਨਵੀਂ ਜੀਵਨ ਜਾਚ ਦਾ ਅਲਮ-ਬਰਦਾਰ ਬਣਾਇਆ ਸੀ, ਉਹ ਹਾਲਾਤ ਹੁਣ ਬਦਲ ਚੁਕੇ ਸਨ। ਅਗਲੇ ਦੋ ਦਹਾਕੇ ਗੁਰਬਖ਼ਸ਼ ਸਿੰਘ ਲਿਖਦਾ ਰਿਹਾ, ਆਪਣੀ ਦ੍ਰਿਸ਼ਟੀ ਤੋਂ ਬਦਲਦੇ ਹਾਲਾਤ ਦੀ ਸਮੀਖਿਆ ਵੀ ਕਰਦਾ ਰਿਹਾ। ਪਰ ਉਹ ਪਹਿਲਾਂ ਵਾਲੀ ਗੱਲ ਨਹੀਂ ਸੀ ਰਹੀ।

ਇਹ ਸਮੇਂ ਦੇ ਗੇੜ ਦੀ ਗੱਲ ਵੀ ਹੈ, ਪਰ ਕੁਝ ਹੋਰ ਵੀ ਹੈ। ਰਾਜਸੀ ਮਜਬੂਰੀਆਂ, ਸਮਾਜਕ ਤਾਕਤਾਂ, ਨਵੇਂ ਉਭਰ ਰਹੇ ਵਰਗ ਤੇ ਹੋਰ ਬੜਾ ਕੁਝ ਵਾਪਰ ਰਿਹਾ ਸੀ, ਇਹ ਕਹਿਣਾ ਕਿ ਗੁਰਬਖ਼ਸ਼ ਸਿੰਘ ਇਸ ਬਦਲ ਰਹੇ ਨਕਸ਼ੇ ਨੂੰ ਸਮਝਦਾ ਨਹੀਂ ਸੀ, ਗ਼ਲਤ ਹੋਵੇਗਾ। ਪਰ ਇਹ ਕਹਿਣਾ ਕਿ ਨਵੇਂ ਹਾਲਾਤ ਵਿਚ ਉਹਦੇ ਕੋਲ ਉਹ ਜਵਾਬ ਤੇ ਉਹ ਨੁਸਖ਼ਾ ਨਹੀਂ ਸੀ ਜਿਹੜੇ ਲੋਕ ਲਭਦੇ ਸਨ, ਗ਼ਲਤ ਨਹੀਂ ਹੋਵੇਗਾ। ਗੁਰਬਖ਼ਸ਼ ਸਿੰਘ ਆਪ ਇਕ ਯੁਗ ਦੀ ਪੈਦਾਵਾਰ ਸੀ। ਉਹ ਯੁਗ ਹੁਣ ਬਦਲ ਚੁਕਾ ਸੀ। ਤੇ ਜਿਵੇਂ ਭਾਈ ਵੀਰ ਸਿੰਘ ਦੀ ਗੱਲ ਵਿਚ ਉਹ ਪੁਰਾਣੀ ਪਕੜ ਨਹੀਂ ਸੀ ਰਹੀ, ਇਸੇ ਤਰ੍ਹਾਂ ਗੁਰਬਖ਼ਸ਼ ਸਿੰਘ ਦੀ ਲਿਖਤ ਵਿਚ ਉਹ ਤੀਖਣਤਾ ਹੁਣ ਬੁਝ ਗਈ ਸੀ।

ਇਸ ਸਥਿਤੀ ਉਪਰ ਅਫਸੋਸ ਕਰਨ ਦੀ ਲੋੜ ਨਹੀਂ। ਇਹ ਜ਼ਿੰਦਗੀ ਦਾ ਨੀਅਮ ਹੈ। ਹਾਲਾਤ ਬਦਲਦੇ ਨੇ ਤੇ ਕੋਈ ਗੁਣੀ ਤੇ ਸੂਝ ਵਾਲਾ ਚਿੰਤਕ ਉਹਨਾਂ ਹਾਲਾਤ ਨੂੰ ਸਮਝ ਕੇ ਨਵੇਂ ਖਿਆਲਾਂ ਦਾ ਮੁਦਈ ਬਣ ਜਾਂਦਾ ਹੈ। ਉਸ ਵੇਲੇ ਉਹਦੀ ਹਰ ਗੱਲ ਵਜ਼ਨਦਾਰ ਤੇ ਢੁਕਵੀਂ ਲਗਦੀ ਹੈ। ਜਦੋਂ ਹਾਲਾਤ ਬਦਲ ਰਹੇ ਹੁੰਦੇ ਨੇ, ਕੋਈ ਟਾਵਾਂ ਟਾਵਾਂ ਬੰਦਾ ਵਕਤ ਦਾ ਬਦਲਦਾ ਰੁਖ਼ ਵੀ ਸਮਝ ਲੈਂਦਾ ਹੈ ਤੇ ਕਈ ਵਾਰੀ ਕਦਮ ਨਾਲ ਕਦਮ ਵੀ ਮਿਲਾ ਲੈਂਦਾ ਹੈ।

ਪਰ ਆਮ ਤੌਰ ਤੇ ਇਹ ਨਹੀਂ ਹੁੰਦਾ। ਉਹ ਇਸ ਲਈ ਕਿ ਉਹਦੀ ਆਪਣੀ ਸੋਚ ਤੇ ਸ਼ਖ਼ਸੀਅਤ ਇਕ ਖ਼ਾਸ ਤਰੀਕੇ ਨਾਲ ਬਣ ਚੁਕੀ ਹੁੰਦੀ ਹੈ। ਉਹਨੂੰ ਬਦਲਣਾ ਜਾਂ ਮੁੜ ਕੇ ਢਾਲਣਾ ਬੜਾ ਮੁਸ਼ਕਿਲ ਹੁੰਦਾ ਹੈ। ਇਸ ਲਈ ਇਕ ਘੋਲ ਦਾ ਯੋਧਾ ਆਮ ਤੌਰ ਤੇ ਦੂਜੇ ਘੋਲ ਵਿਚ ਸਿਰਫ਼ ਨਾਲ ਵੀ ਨਹੀਂ ਚਲ ਸਕਦਾ, ਸਗੋਂ ਹੋਰਾਂ ਨਾਲੋਂ ਵਖਰਾ ਵੀ ਹੋ ਜਾਂਦਾ ਹੈ। ਉਹ ਪੁਰਾਣੀ ਬੋਲੀ ਹੀ ਬੋਲਦਾ ਰਹਿੰਦਾ ਹੈ ਪਰ ਹੁਣ ਨਾ ਉਹਨੂੰ ਹੋਰ ਲੋਕਾਂ ਦੀ ਗੱਲ ਸਮਝ ਆਂਦੀ ਹੈ ਤੇ ਨਾ ਹੀ ਲੋਕਾਂ ਨੂੰ ਉਹਦੀ ਗੱਲ ਦੀ। ਇਤਿਹਾਸ ਵਿਚ ਇਹੋ ਜਿਹੀਆਂ ਅਨੇਕਾਂ ਮਿਸਾਲਾਂ ਮਿਲਦੀਆਂ ਨੇ।

ਪਰ ਇਸ ਦਾ ਇਹ ਮਤਲਬ ਨਹੀਂ ਕਿ ਉਸ ਵਿਅਕਤੀ ਦੀ ਇਤਿਹਾਸਕ ਮਹੱਤਤਾ ਬਿਲਕੁਲ ਖ਼ਤਮ ਹੋ ਜਾਂਦੀ ਹੈ। ਇਹ ਕਦੀ ਨਹੀਂ ਹੁੰਦੀ। ਜਿਨ੍ਹਾਂ ਹਾਲਾਤ ਵਿਚ ਉਹ ਚਿੰਤਕ ਜਾਂ ਲੇਖਕ ਲੋਕਾਂ ਦੇ ਸਾਹਮਣੇ ਆਂਦਾ ਹੈ, ਉਹ ਉਹਨਾਂ ਹਾਲਾਤ ਉਪਰ ਨਿਰਙੱਕ ਹੋ ਕੇ ਆਪਣੀ ਛਾਪ ਲਾਂਦਾ ਹੈ। ਪਰ ਕੁਝ ਸਮੇਂ ਬਾਅਦ ਉਸ ਛਾਪ ਦੀ ਉਹ ਕਦਰ ਨਹੀਂ ਪੈਂਦੀ ਜਿਹੜੀ ਕਿਸੇ ਵੇਲੇ ਪੈਂਦੀ ਸੀ। ਹਰ ਵਿਅਕਤੀ ਆਪਣੀ ਪ੍ਰਤਿੱਭਾ ਤੇ ਆਪਣੇ ਸਮੇਂ ਦੀ ਪੈਦਾਵਾਰ ਹੁੰਦਾ ਹੈ। ਇਸ ਅਟੱਲ ਸਚਾਈ ਨੂੰ ਕਦੀ ਨਹੀਂ ਭੁਲਣਾ ਚਾਹੀਦਾ।

ਜਿਸ ਤਰ੍ਹਾਂ ਕਈ ਦਹਾਕੇ ਭਾਈ ਵੀਰ ਸਿੰਘ ਦਾ ਯੁੱਗ ਰਿਹਾ ਤੇ ਤਕਰੀਬਨ ਸਭ ਕੁਝ ਹੀ ਉਹਦੀ ਛਤਰ ਛਾਇਆ ਹੇਠ ਹੁੰਦਾ ਸੀ, ਇਸੇ ਤਰ੍ਹਾਂ ਕੁਝ ਚਿਰ ਗੁਰਬਖ਼ਸ਼ ਸਿੰਘ ਨੇ ਵੀ ਪੰਜਾਬੀ ਉਪਰ ਆਪਣੀ ਪਰਭਾਵਸ਼ਾਲੀ ਛਾਪ ਛੱਡੀ। ਪਰ ਹਾਲਾਤ ਹੌਲੀ ਹੌਲੀ ਕਰਕੇ ਬਦਲ ਗਏ। ਨਵੇਂ ਹਾਲਾਤ ਵਿਚ ਨਵੇਂ ਵਿਸ਼ੇ ਉਠ ਖੜੇ ਹੋਏ, ਨਵੀਆਂ ਮਜਬੂਰੀਆਂ ਪੈਦਾ ਹੋ ਗਈਆਂ।

ਮਿਸਾਲ ਲਈ 1947 ਤੋਂ ਕੁਝ ਸਾਲ ਬਾਅਦ ਪੰਜਾਬੀ ਸਾਹਿਤ ਵਿਚ ਮਾਰਕਸਵਾਦੀ ਦੌਰ ਆਇਆ। ਸਾਹਿਤਕ ਰਚਨਾ ਭਾਵੇਂ ਉੱਚ ਪਾਏ ਦੀ ਨਹੀਂ ਹੋਈ ਪਰ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਉਸ ਪਰਭਾਵ ਦੀ ਮਾਰ ਬੜੀ ਦੂਰ ਦੂਰ ਤਕ ਹੋਈ। ਅਜ ਉਹ ਦੌਰ ਤਕਰੀਬਨ ਖ਼ਤਮ ਹੋ ਗਿਆ ਹੈ। ਇਸ ਲਈ ਉਸ ਦਾ ਬਹੁਤਾ ਚਰਚਾ ਕਰਨ ਦੀ ਲੋੜ ਨਹੀਂ। ਪਰ ਇਕ ਗੱਲ ਜ਼ਰੂਰ ਕਹੀ ਜਾ ਸਕਦੀ ਹੈ ਕਿ ਇਸ ਦੌਰ ਵਿਚ ਕੋਈ ਐਸਾ ਨਾਮੀ ਲੇਖਕ ਨਹੀਂ ਪੈਦਾ ਹੋਇਆ ਜਿਸ ਨਾਲ ਉਸ ਯੁੱਗ ਨੂੰ ਜੋੜਿਆ ਜਾ ਸਕੇ।

ਕਈ ਲੋਕੀਂ ਕਹਿੰਦੇ ਨੇ ਕਿ ਗੁਰਬਖ਼ਸ਼ ਸਿੰਘ ਤੋਂ ਬਾਅਦ ਸਾਹਿੱਤਕ ਲਫ਼ਜ਼ਾਂ ਵਿਚ ਮੋਹਨ ਸਿੰਘ ਤੇ ਅੰਮ੍ਰਿਤਾ ਪ੍ਰੀਤਮ ਦਾ ਯੁੱਗ ਆਇਆ ਸੀ। ਪਰ ਇਹ ਕਹਿਣ ਵਾਲੇ ਆਪ ਇਸ ਗੱਲ ਵਿਚ ਪੂਰਾ ਯਕੀਨ ਨਹੀਂ ਕਰਦੇ। ਸਚਾਈ ਇਹ ਹੈ ਕਿ ਯੁੱਗ-ਨਾਇਕ ਦੀ ਪਦਵੀ ਉਸੇ ਲੇਖਕ ਨੂੰ ਦਿੱਤੀ ਜਾ ਸਕਦੀ ਹੈ ਜਿਸ ਦਾ ਪਰਭਾਵ ਦੂਰ ਦੂਰ ਤਕ ਪਹੁੰਚਿਆ ਹੋਵੇ ਤੇ ਜਿਸ ਨੇ ਬੁਨਿਆਦੀ ਮਸਲਿਆਂ ਨਾਲ ਘੋਲ ਕੀਤਾ ਹੋਵੇ। ਇਸ ਕਸਵੱਟੀ ਤੋਂ ਵੇਖਿਆਂ ਪੰਜਾਬੀ ਵਿਚ ਆਖ਼ਰੀ ਮਹਾਨ ਵਿਅਕਤੀ ਗੁਰਬਖ਼ਸ਼ ਸਿੰਘ ਹੀ ਹੋਇਆ ਹੈ। ਉਸ ਤੋਂ ਬਾਦ ਹਾਲਾਤ ਕੁਝ ਖਿੰਡਰ ਪੁੰਡਰ ਗਏ ਨੇ। ਕੁਝ ਚਿਰ ਬਾਦ ਕੋਈ ਨਵਾਂ ਯੁਗ-ਪੁਰਸ਼ ਪੈਦਾ ਹੋਵੇਗਾ। ਪਰ ਉਹ ਕੌਣ ਹੋਵੇਗਾ, ਕੀ ਕਿਹਾ ਜਾ ਸਕਦਾ ਹੈ? ■

ਜੀ.ਐਸ. ਚੋਪੜਾ

ਪ੍ਰੋ. ਪ੍ਰੀਤਮ ਸਿੰਘ

ਸਾਹਿੱਤ ਅਕਾਡਮੀ, ਦਿੱਲੀ ਦੇ ਪੰਜਾਬੀ ਸਲਾਹਕਾਰ ਬੋਰਡ ਦੀ ਮੀਟਿੰਗ ਮੇਰੇ ਘਰ ਹੋਣੀ ਸੀ। ਓਦੋਂ ਡਾ. ਮਾਚਵੇ ਅਕਾਡਮੀ ਦੇ ਮੀਤ ਸਕੱਤਰ ਸਨ। ਉਨ੍ਹਾਂ ਨੇ ਮੀਟਿੰਗ ਵਿਚ ਹਾਜ਼ਰ ਹੋਣ ਦੀ ਇੱਛਾ ਪ੍ਰਗਟਾਈ ਸੀ; ਅੰਮ੍ਰਿਤਾ ਪ੍ਰੀਤਮ ਹੁਰਾਂ ਦੀ ਰਜ਼ਾਮੰਦੀ ਦੀ ਚਿੱਠੀ ਆ ਚੁੱਕੀ ਸੀ ਤੇ ਸ. ਗੁਰਬਖ਼ਸ਼ ਸਿੰਘ ਹੁਰਾਂ ਪ੍ਰੀਤ ਨਗਰ ਤੋਂ ਆਉਣ ਦਾ ਪ੍ਰੋਗ੍ਰਾਮ ਭੇਜਿਆ ਹੋਇਆ ਸੀ। ਦਿੱਲੀ ਵੱਲੋਂ ਆਉਣ ਵਾਲੀ ਗੱਡੀ ਨੇ ਪਹਿਲਾਂ ਪਹੁੰਚਣਾ ਸੀ, ਸ਼ਾਇਦ ਤੜਕੇ ਤਿੰਨ ਚਾਰ ਵਜੇ ਦੇ ਦਰਮਿਆਨ। ਸ. ਗੁਰਬਖ਼ਸ਼ ਸਿੰਘ ਦੀ ਗੱਡੀ ਨੇ ਘੰਟਾ, ਪੌਣਾ ਘੰਟਾ ਬਾਅਦ ਵਿਚ ਪਹੁੰਚਣਾ ਸੀ। ਅਤਰ ਸਿੰਘ ਤੇ ਬਲਬੀਰ ਸਿੰਘ ਸੰਧੂ, ਜੋ ਓਦੋਂ ਐਮ.ਏ. ਵਿਚ ਪੜ੍ਹਦੇ ਸਨ, ਤੇ ਜੈਰੂਪ ਸਿੰਘ, ਮੇਰਾ ਬੇਟਾ, ਪ੍ਰਾਹੁਣਿਆਂ ਨੂੰ ਸਟੇਸ਼ਨ ਤੋਂ ਲਿਆਉਣ ਤੇ ਉਨ੍ਹਾਂ ਦੀਆਂ ਲੋੜਾਂ ਪੂਰਨ ਲਈ ਕਈ ਦਿਨਾਂ ਤੋਂ ਤਿਆਰੀਆਂ ਕੱਸ ਰਹੇ ਸਨ। ਸਾਡੇ ਮਕਾਨ ਦੀ ਚੁਬਾਰਾਨੁਮਾ ਖੁਲ੍ਹੀ ਮਿਆਨੀ ਵਿਚ ਦੋ ਪਲੰਘ ਵਿਛੇ ਹੁੰਦੇ ਸਨ, ਉਨ੍ਹਾਂ ਦੇ ਨਾਲ ਦੋ ਮੰਜੇ ਹੋਰ ਡਾਹ ਕੇ ਬਿਸਤਰੇ ਵਿਛਾ ਦਿੱਤੇ ਗਏ। ਪ੍ਰਾਹੁਣੇ ਇਕ ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਅਧੂਰੇ ਉੱਸਰੇ ਮਕਾਨ ਵਿਚ ਇੱਕੋ ਹੋਰ ਕਮਰਾ ਸੀ, ਜਿਸ ਨੂੰ ਅਸੀਂ ਸਵੇਰੇ ਬੈਠਕ, ਲਿਖਣ-ਪੜ੍ਹਨ ਦੇ ਕਮਰੇ ਤੇ ਲਾਇਬ੍ਰੇਰੀ ਵਜੋਂ ਵਰਤਦੇ ਸਾਂ ਤੇ ਰਾਤ ਨੂੰ ਸੌਣ-ਕਮਰੇ ਵਜੋਂ। ਮਿਆਨੀ ਦੇ ਥੱਲੇ ਇਕ ਛੋਟਾ ਜਿਹਾ ਸਟੋਰ ਸੀ, ਜਿਸ ਤੋਂ ਅਸੀਂ, ਸਿਆਲ ਵਿਚ, ਗੁਸਲਖ਼ਾਨੇ ਦੀ ਸੇਵਾ ਲੈ ਲਿਆ ਕਰਦੇ ਸਾਂ। ਸਿਆਲੇ ਨੇ ਅਜੇ ਆਪਣੀ ਸਫ਼ ਪੂਰੀ ਤਰ੍ਹਾਂ ਨਹੀਂ ਸੀ ਵਲ੍ਹੇਟੀ ਇਸ ਲਈ ਅਸੀਂ ਇਸੇ ਤੋਂ ਪ੍ਰਾਹੁਣਿਆਂ ਦੇ ਇਸ਼ਨਾਨ-ਘਰ ਦੀ ਸੇਵਾ ਲੈਣ ਦਾ ਫੈਸਲਾ ਕੀਤਾ ਸੀ। ਪਾਣੀ ਵਾਲੇ ਗੁਸਲਖ਼ਾਨੇ ਤੇ ਫਲੱਸ਼ ਲਈ ਵਿਹੜੇ ਵਿਚ ਜਾਣਾ ਪੈਂਦਾ ਸੀ। ਏਧਰ ਗੁਸਲਖ਼ਾਨਾ ਬਣਾਏ ਸਟੋਰ ਵਿਚ ਪਾਣੀ ਬਾਲਟੀਆਂ ਨਾਲ ਬਾਹਰੋਂ ਢੋ ਲਿਆ ਜਾਂਦਾ ਸੀ। ਉਸ ਵਿਚ ਤੌਲੀਏ, ਸਾਬਣ, ਤੇਲ ਆਦਿ ਦਾ ਇੰਤਿਜ਼ਾਮ ਕੀਤਾ ਹੋਇਆ ਸੀ। ਖਾਣਾ ਤਿਆਰ ਕਰਨ ਲਈ ਪਟਿਆਲੇ ਦੇ ਰਾਜ-ਘਰਾਣੇ ਦੇ ਖ਼ਾਸ ਕੁੱਕ ਦੀ ਸੇਵਾ ਲਈ ਹੋਈ ਸੀ। ਸਾਰਾ ਪਰਿਵਾਰ, ਪ੍ਰਾਹੁਣਚਾਰੀ ਵਿਚ ਇਕ ਦੂਜੇ ਤੋਂ ਅੱਗੇ ਵਧਣ ਲਈ ਤਤਪਰ ਸੀ। ਮੇਰੀ ਸੁਪਤਨੀ ਤੇ ਬੱਚੇ ਤੇ ਚੋਣਵੇਂ ਵਿਦਿਆਰਥੀ ਪੰਜਾਬੀ ਦੇ ਸਾਹਿੱਤਿਕ ਜਗਤ ਦੀਆਂ ਉੱਘੀਆਂ ਹਸਤੀਆਂ ਨੂੰ ਜੀ-ਆਇਆਂ ਕਹਿਣ ਦੇ ਚਾਉ ਵਿਚ ਤੇ ਉਨ੍ਹਾਂ ਦੇ ਸੁਖ-ਅਰਾਮ ਨੂੰ ਨਿਸਚਿਤ ਬਣਾਉਣ ਦੇ ਆਹਰ ਵਿਚ ਸਾਰੀ ਰਾਤ ਜਾਗਦੇ ਰਹੇ। ਇਕੱਲਾ ਮੈਂ ਹੀ ਸਾਂ ਜਿਸ ਨੇ ਕੁੱਝ ਘੜੀਆਂ ਲੱਕ ਸਿੱਧਾ ਕਰਨ ਦੀ ਵਿਹਲ ਕੱਢ ਲਈ ਸੀ। ਸਭ ਤੋਂ ਪਹਿਲਾਂ ਇਕੱਠੇ ਪਹੁੰਚੇ ਡਾ. ਮਾਚਵੇ ਤੇ ਅੰਮ੍ਰਿਤਾ ਪ੍ਰੀਤਮ। ਹਸਮੁਖ ਮਾਚਵੇ ਦੀ ਭਾਰੀ ਦੇਹ, ਚਿੱਟੇ ਖੱਦਰ ਦੇ ਸਿਲਵਟਾਂ ਵਾਲੇ ਕੁੜਤੇ, ਖੁਲ੍ਹੇ ਪਜਾਮੇ ਤੇ ਊਠ-ਰੰਗੀ ਗਰਮ ਨਹਿਰੂ ਜਾਕਟ ਵਿਚ ਸਫ਼ਰ ਦੀ ਥਕਾਵਟ ਤੋਂ ਬੇਨਿਆਜ਼ ਲਗਦੀ ਸੀ। ਅੰਮ੍ਰਿਤਾ ਦੀਆਂ ਅੱਖਾਂ ਕੁੱਝ ਅਲਸਾਈਆਂ ਹੋਈਆਂ ਸਨ ਤੇ ਵਾਲ ਪਰੇਸ਼ਾਨ ਸਨ। ਉਸ ਨੇ ਆਪਣੇ ਆਪ ਨੂੰ ਕਾਲੇ ਕੋਟ ਵਿਚ ਵਲ੍ਹੇਟਿਆ ਹੋਇਆ ਸੀ। ਮਿਆਨੀ ਵਿਚ ਪਹੁੰਚਦੇ ਸਾਰ ਉਸ ਨੇ ਆਪਣਾ ਕੋਟ ਲਾਹ ਕੇ ਕਿੱਲੀ ਨਾਲ ਟੰਗ ਦਿੱਤਾ, ਦੋ ਤਿੰਨ ਵਾਰੀ ਸਿਰ ਛੰਡਿਆ ਤੇ ਵਾਲਾਂ ਦੀ ਆਵਾਰਗੀ ਨੂੰ ਰਾਸ ਕਰਨ ਲਈ ਦਾ ਜਤਨ ਕੀਤਾ; ਬਾਹਵਾਂ ਪਿਛਲੇ ਪਾਸੇ ਕਰ ਕੇ ਛਾਤੀ ਨੂੰ ਉਭਾਰ ਕੇ ਇਕ ਹਲਕੀ ਜਿਹੀ ਹਾਕੜ ਭੰਨੀ ਤੇ ਰਜਾਈ ਵਿਚ ਵੜਦਿਆਂ ਬੋਲੀ, ''ਮੈਂ ਤਾਂ ਥੋੜੀ ਦੇਰ ਸਵਾਂਗੀ।'' ਚਾਹ ਦੇ ਕਪ ਨੂੰ ਉਸ ਨੇ ਪਹਿਲਾਂ ਹੀ ਨਾਂਹ ਕਰ ਦਿੱਤੀ ਸੀ।

ਜਦੋਂ ਸ. ਗੁਰਬਖ਼ਸ਼ ਸਿੰਘ ਪਹੁੰਚੇ, ਅਜੇ ਮੁਨ੍ਹੇਰਾ ਸੀ। ਦਰਮਿਆਨੇ ਮੇਲ ਤੋਂ ਕੁੱਝ ਵੱਡਾ ਸੂਟਕੇਸ ਉਨ੍ਹਾਂ ਦੇ ਸਮਾਨ ਦਾ ਇੱਕੋ ਇਕ ਨਗ। ਫ਼ਤਿਹ-ਫ਼ਤੂਹੀ ਦੇ ਝੱਟ ਬਾਅਦ ਉਨ੍ਹਾਂ ਨੇ ਨਹਾਉਣ ਦੀ ਇੱਛਾ ਜ਼ਾਹਰ ਕੀਤੀ। ਮੈਨੂੰ ਕੁੱਝ ਹੈਰਾਨੀ ਜ਼ਰੂਰ ਹੋਈ ਕਿਉਂਕਿ ਆਏ ਤਾਂ ਉਹ ਭਾਵੇਂ ਰਾਤ ਦਾ ਲੰਮਾ ਸਫ਼ਰ ਕਰਕੇ ਸਨ, ਪਰ ਉਨ੍ਹਾਂ ਦੀ ਬੇਦਾਗ਼ ਚਿੱਟੀ ਪੱਗ ਦਾ ਇਕ ਇਕ ਵਲਾਵਾਂ ਹਿਸਾਬ ਸਿਰ ਵਲਿਆ ਹੋਇਆ ਦਿੱਸ ਰਿਹਾ ਸੀ। ਕੋਈ ਨਹੀਂ ਸੀ ਕਹਿ ਸਕਦਾ ਕਿ ਇਹ ਪੱਗ ਸ਼ੀਸ਼ਾ ਸਾਹਮਣੇ ਰੱਖ ਕੇ ਨਹੀਂ ਬੰਨ੍ਹੀ ਹੋਈ। ਉਨ੍ਹਾਂ ਦਾ ਉੱਜਲ ਚਿਹਰਾ ਲਿਸ਼ ਲਿਸ਼ ਕਰ ਰਿਹਾ ਸੀ। ਸਿਧਾਈ ਹੋਈ ਫ਼ਰਮਾਂਬਰਦਾਰ ਦਾੜ੍ਹੀ ਦਾ ਇਕ ਇਕ ਵਾਲ ਬਿਜਲੀ ਦੀ ਰੋਸ਼ਨੀ ਵਿਚ ਚਮਕ ਰਿਹਾ ਸੀ। ਇਸਤਰੀ ਹੋਈ ਕਮੀਜ਼ ਵਿਚ ਕੋਈ ਖ਼ਾਸ ਵੱਟ ਨਹੀਂ ਸੀ ਦਿੱਸ ਰਿਹਾ। ਚਿੱਟੇ ਤੰਗ ਪਜਾਮੇ ਦੀ ਚਿਟਿਆਸ ਅਜੇ ਕੁਆਰੀ ਪਈ ਸੀ। ਨਵੇਂ ਪਾਲਸ਼ ਹੋਏ ਬੂਟਾਂ ਦੇ ਤਸਮੇ ਬਿਲਕੁਲ ਇਕਸਾਰ ਬੱਝੇ ਹੋਏ ਸਨ। ਇਸ ਨਵੇਂ-ਨਕੋਰ ਸਰੂਪ ਨੂੰ ਵੇਖ ਕੇ ਮੇਰਾ ਇਹ ਭੁਲੇਖਾ ਕੁਦਰਤੀ ਸੀ ਕਿ ਸਰਦਾਰ ਸਾਹਿਬ ਗੱਡੀ ਵਿਚ ਹੀ ਨਹਾ ਧੋ ਕੇ ਤਿਆਰ ਹੋ ਕੇ ਆਏ ਹੋਣਗੇ। ਫੇਰ ਸੋਚ ਫੁਰੀ ਕਿ ਬੰਦੇ ਦੇ ਇਸ਼ਨਾਨ ਤੋਂ ਪਹਿਲਾਂ ਦੇ ਦਰਸ਼ਨ ਏਨੇ ਨਿੰਬਲ ਸਨ, ਉਸ ਦੀ ਇਸ਼ਨਾਨ ਦੇ ਪਿੱਛੋਂ ਦੀ ਛਬ ਦੀ ਝਾਲ ਕਿਵੇਂ ਝੱਲੀ ਜਾਵੇਗੀ?

ਕਹਿਣ ਲੱਗੇ, ''ਜਿੱਥੇ ਮੈਂ ਨਹਾਉਣਾ ਹੈ, ਪਹਿਲਾਂ ਮੈਨੂੰ ਉਹ ਥਾਂ ਵਿਖਾਓ''।

ਮੈਂ ਉਨ੍ਹਾਂ ਨੂੰ ਥੱਲੇ ਗੁਸਲਖ਼ਾਨੇ ਵਿਚ ਲੈ ਗਿਆ। ਗੁਸਲਖ਼ਾਨਾ ਕੀ ਸੀ? ਦੋ ਪਾਸੇ ਕੰਧਾਂ ਤੀਜੇ ਪਾਸੇ ਬਰਾਂਡੇ ਵਿਚ ਖੁਲ੍ਹਦੀ ਵੱਡੀ ਖਿੜਕੀ ਤੇ ਸਾਹਮਣੇ ਪਾਸੇ ਅੱਧੀ ਕੰਧ ਤੇ ਬਾਕੀ ਦੀ ਅੱਧੀ ਵਿਚ ਪ੍ਰਵੇਸ਼-ਦੁਆਰ ਬਣਿਆ ਹੋਇਆ ਸੀ। ਖਿੜਕੀਆਂ ਬੰਦ ਕੀਤਿਆਂ ਦੇਸੀ ਤੇ ਅੰਗਰੇਜ਼ੀ ਸਾਬਣਾਂ ਵਾਲੀਆਂ ਸਾਬਣਦਾਨੀਆਂ, ਸਰ੍ਹੋਂ ਦਾ ਤੇਲ ਤੇ ਪਾਊਡਰ ਦੇ ਡੱਬੇ, ਆਦਿ ਟਿਕਾਉਣ ਲਈ ਥੜੀ ਨਿਕਲ ਆਉਂਦੀ ਸੀ। ਓਥੇ ਇਹ ਚੀਜ਼ਾਂ ਟਿਕਾਈਆਂ ਹੋਈਆਂ ਸਨ। ਕਿੱਲੀ ਉੱਤੇ ਇਕ ਤੌਲੀਆ ਟੰਗਿਆ ਹੋਇਆ ਸੀ। ਪਾਣੀ ਦਾ ਭਰਿਆ ਹੋਇਆ ਟੱਬ ਪਿਆ ਸੀ ਤੇ ਕੋਲ ਪਲਾਸਟਿਕ ਦਾ ਇਕ ਵੱਡਾ ਕੱਪ ਪਟੜੀ ਉੱਤੇ ਰੱਖਿਆ ਹੋਇਆ ਸੀ। ਸ. ਗੁਰਬਖ਼ਸ਼ ਸਿੰਘ ਚਾਰੇ ਪਾਸੇ ਪੜਤਾਲੀਆ ਨਿਗਾਹ ਦੁੜਾ ਕੇ ਬੋਲੇ, ''ਕੋਈ ਸਟੂਲ ਮਿਲ ਸਕਦਾ ਹੈ?''

ਮੈਂ ਕਿਹਾ, ''ਜੀ ਜ਼ਰੂਰ!''

ਬਲਬੀਰ ਸੰਧੂ ਦੌੜ ਕੇ ਸਟੂਲ ਫੜ ਲਿਆਇਆ।

''ਤੁਸੀਂ ਕੀ ਨਾਂ ਦੱਸਿਆ ਸੀ, ਆਪਣਾ?'' ਬਲਬੀਰ ਨੂੰ ਟਬ ਇਕ ਪਾਸੇ ਕਰਨ ਦੀ ਹਿਦਾਇਤ ਦੇਂਦਿਆਂ ਤੇ ਸਟੂਲ ਨੂੰ ਆਪਣੀ ਚਿੰਦੀ ਥਾਂ ਉੱਤੇ ਟਿਕਾਉਂਦਿਆਂ, ਉਨ੍ਹਾਂ ਨੇ ਪੁੱਛ ਕੀਤੀ।

''ਜੀ ਮੇਰਾ ਨਾਂ ਬਲਬੀਰ ਸਿੰਘ ਐ। ਮੈਂ ਪ੍ਰੋਫੈਸਰ ਸਾਹਿਬ ਦਾ ਸ਼ਾਗਿਰਦ ਆਂ।''

''ਅੱਛਾ! ਬਲਬੀਰ ਸਿੰਘ ਜੀ, ਤੁਸੀਂ ਮੇਰਾ ਸੂਟਕੇਸ ਚੁਬਾਰੇ ਤੋਂ ਏਥੇ ਲਿਆਉਣ ਦੀ ਖੇਚਲ ਕਰ ਸਕੋਗੇ?''

''ਲੌ ਜੀ, ਹੁਣੇ ਲਿਆਇਆ।'' ਬਲਬੀਰ ਖ਼ੁਸ਼ ਸੀ। ਪੰਜਾਬੀ ਦੇ ਏਡੇ ਵੱਡੇ ਲੇਖਕ ਦੇ ਕੰਮ ਆਉਣ ਦੇ ਚਾਉ ਨਾਲ ਉਹ ਨੇਕ ਆਦਮੀ ਉੱਡਦਾ ਫਿਰਦਾ ਸੀ ਉਸ ਨੇ ਸਕਿੰਟਾਂ ਵਿਚ ਸੂਟਕੇਸ ਲਿਆ ਹਾਜ਼ਰ ਕੀਤਾ।

ਮੈਂ ਪੁੱਛਿਆ, ''ਰਬੜ ਦੇ ਸਲੀਪਰ ਲਿਆ ਦਿਆਂ? ਬੂਟ ਛਿੱਟਿਆਂ ਤੋਂ ਬਚੇ ਰਹਿਣਗੇ।''

''ਨਹੀਂ, ਮੇਰੇ ਪਾਸ ਸਭ ਕੁੱਝ ਹੈ।''

ਚੇਤੇ ਨਹੀਂ, ਉਨ੍ਹਾਂ ਪਾਣੀ ਗਰਮ ਕਰਵਾਇਆ ਸੀ ਜਾਂ ਠੰਢੇ ਨਾਲ ਨਹਾਤੇ ਸਨ, ਪਰ ਜਦੋਂ ਉਨ੍ਹਾਂ ਨੇ ਗੁਸਲਖ਼ਾਨੇ ਦਾ ਬੂਹਾ ਢੋ ਲਿਆ ਤਾਂ ਅਸੀਂ ਸਾਰਾ ਟੱਬਰ, ਵਿਦਿਆਰਥੀ-ਸੇਵਾਦਾਰਾਂ ਦੇ ਝੁੱਟ ਸਣੇ, ਹੈਰਾਨ ਹੋ ਰਹੇ ਸਾਂ ਕਿ ਏਡੇ ਵੱਡੇ ਸਾਰੇ ਸੂਟਕੇਸ ਨੂੰ ਇਸ ਛੋਟੇ ਜਿਹੇ ਗੁਸਲਖ਼ਾਨੇ ਦੇ ਅੰਦਰ ਲਿਜਾਣ ਦੀ ਕੀ ਲੋੜ ਸੀ?

ਬਲਬੀਰ ਬੋਲਿਆ, ''ਗੱਡੀ ਵਿਚੋਂ ਉਤਰਨ ਤੋਂ ਪਹਿਲਾਂ ਜਦੋਂ

ਸਰਦਾਰ ਗੁਰਬਖ਼ਸ਼ ਸਿੰਘ ਬੂਹੇ ਦੇ ਵਿੱਚ-ਵਿਚਾਲੇ ਖੜੇ ਕਿਸੇ ਜੀ-ਆਇਆਂ ਕਰਨ ਵਾਲੇ ਦੀ ਉਡੀਕ ਕਰ ਰਹੇ ਸਨ, ਤਾਂ ਇਉਂ ਲੱਗੇ ਜਿਵੇਂ ਕੋਈ ਆਦਮਕੱਦ ਤਸਵੀਰ ਫ਼ਰੇਮ ਵਿਚ ਸਜੀ ਹੋਈ ਹੋਵੇ। ਸਿਰ ਤੋਂ ਲੈ ਕੇ ਪੈਰਾਂ ਤਕ ਛਬੀਲਾ ਰੰਗ-ਰੂਪ।''

ਮੈਂ ਕਿਹਾ, ''ਜਦੋਂ ਉਹ ਮਿਆਨੀ ਵਿਚ ਦਾਖ਼ਲ ਹੋਏ, ਓਦੋਂ ਮੈਨੂੰ ਵੀ ਇਵੇਂ ਹੀ ਲੱਗਾ ਸੀ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਸਫ਼ਰ ਰਾਤ ਦਾ ਸੀ ਤੇ ਉਹ ਸਫ਼ਰ ਵੀ ਘੱਟੋ-ਘੱਟ ਛਿਆਂ ਘੰਟਿਆਂ ਦਾ, ਪਰ ਓਨ੍ਹਾਂ ਦੇ ਕਿਸੇ ਕੱਪੜੇ ਉੱਤੇ ਕੋਈ ਵੱਟ ਨਹੀਂ ਸੀ ਪਿਆ ਹੋਇਆ ਤੇ ਚਿਹਰੇ ਉੱਤੇ ਵੀ, ਪਤਾ ਨਹੀਂ, ਕੁਦਰਤੀ ਨੂਰ ਸੀ ਜਾਂ ਕਿਸੇ ਕਰੀਮ ਦੀ ਕਿਰਪਾ ਸੀ, ਪਰ ਨੂਰ ਬਿਲਾ ਸ਼ਕ ਹੈ ਸੀ। ਇਸ ਲਈ ਮੈਂ ਤਾਂ ਇਹੀ ਸਮਝਿਆ ਸੀ ਕਿ ਉਹ ਨਹਾਉਣ-ਧੋਣ ਦੇ ਕੰਮ ਤੋਂ ਵਿਹਲੇ ਹੋ ਆਏ ਨੇ।''

ਤਹਿ ਕੀਤੀ ਰਜਾਈ ਦੇ ਉੱਤੇ ਖੱਬੀ ਕੂਹਣੀ ਟਿਕਾ ਕੇ ਤੇ ਲੱਤਾਂ ਦੂਹਰੀਆਂ ਕਰ ਕੇ ਆਪਣੇ ਖੱਦਰ ਦੇ ਕੁੜਤੇ ਤੇ ਪਜਾਮੇ ਤੇ ਗਰਮ ਬੰਡੀ ਵਿਚ ਮਾਚਵੇ ਠਿੱਘਾ ਹੋਇਆ ਬੈਠਾ ਸੀ ਤੇ ਆਪਣੇ ਅੰਤਰ-ਜਾਤੀ ਵਿਆਹ ਉੱਤੇ ਮਹਾਤਮਾ ਗਾਂਧੀ ਦੀ ਆਸ਼ੀਰਵਾਦ ਦੀ ਗੱਲ ਆਪਣੀ ਉੱਚੀ ਕਮਰਾ-ਭਰੂ ਅਵਾਜ਼ ਵਿਚ ਸੁਣਾ ਰਿਹਾ ਸੀ ਤੇ ਆਪਣੇ ਖੁਲ੍ਹੇ ਖੁਲਾਸੇ ਸੁਭਾ ਅਨੁਸਾਰ ਵਿਚ ਵਿਚ ਇਹ ਲਤੀਫ਼ਿਆਂ ਦੇ ਪਟਾਕੇ ਚਲਾ ਕੇ ਆਪ ਚਹਿਕਦਾ ਤੇ ਦੂਜਿਆਂ ਨੂੰ ਚਹਿਕਾ ਰਿਹਾ ਸੀ। ਜਦੋਂ ਅਸੀਂ ਮਿਆਨੀ ਵਿਚ ਵੜੇ ਤਾਂ ਉਹ ਦੱਸ ਰਿਹਾ ਸੀ ''ਡਾ. ਰਾਧਾਕ੍ਰਿਸ਼ਨ ਬਾਰੇ ਕਿਸੇ ਲਤੀਫ਼ਾਕਾਰ ਨੇ ਕਿਹਾ ਹੈ : **Dr. Radha Krishnan is a first rate speaker, a second rate teacher, a third rate Philosopher and a fourth rate man. . .**''

ਅੰਮ੍ਰਿਤਾ, ਜੋ ਨੀਂਦਰ ਦੀ ਝੁੱਟੀ ਦੀ ਆਸ ਵਿਚ ਰਜਾਈ ਵਿਚ ਵੜੀ ਸੀ, ਇਸ ਗਾਲੜੀ ਦੇ ਅਖੰਡ ਵਾਕ-ਪ੍ਰਵਾਹ ਵਿਚ ਰੁੜ੍ਹਦੀ, ਸੱਜੇ ਪਰਨੇ ਹੋ ਕੇ, ਉਸ ਦਾ ਹੁੰਗਾਰਾ ਭਰ ਰਹੀ ਸੀ। ਸਾਡਾ ਸੇਵਾਦਾਰ ਜੱਥਾ ਦੋ ਧੜਿਆਂ ਵਿਚ ਵੰਡੇ ਹੋਏ ਸਾਂ – ਕੁੱਝ ਮੂਕ ਸਰੋਤੇ, ਕੁੱਝ ਮੂਕ ਦਰਸ਼ਕ। ਅਚਾਨਕ ਮਾਚਵੇ ਦੀ ਗੱਲ ਨੂੰ ਵਿੱਚੇ ਟੋਕ ਕੇ ਅੰਮ੍ਰਿਤਾ ਜੀ ਨੇ ਰਜਾਈ ਵਿੱਚੋਂ ਸਾਰਾ ਮੂੰਹ ਬਾਹਰ ਕੱਢਦਿਆਂ ਮੈਨੂੰ ਕਿਹਾ, ''ਇਸ ਵੇਲੇ ਗਰਮਾ ਗਰਮ ਚਾਹ ਦਾ ਕੱਪ ਮਿਲ ਜਾਏ ਤਾਂ ਮਜ਼ਾ ਆ ਜਾਏ।''

ਅਤਰ ਸਿੰਘ ਹੁਰੀ ਬੋਲੇ, ''ਚਾਹ ਤਾਂ ਜੀ ਚਿਰਾਂ ਦੀ ਤੁਹਾਨੂੰ ਉਡੀਕ ਰਹੀ ਐ, ਤੁਸੀਂ ਆਪ ਈ ਨਾਂਹ ਕਰ ਦਿੱਤੀ ਸੀ।'' ਉਹ ਬਲਬੀਰ ਸਿੰਘ ਨੂੰ ਨਾਲ ਲੈ ਕੇ ਹੇਠਾਂ ਉਤਰ ਗਏ।

ਮਾਚਵੇ ਲੱਤਾਂ ਪਲੰਘ ਤੋਂ ਥੱਲੇ ਲਮਕਾ ਕੇ ਸਿੱਧਾ ਬੈਠ ਗਿਆ, ਅੰਮ੍ਰਿਤਾ ਰਜਾਈ ਲੱਤਾਂ ਉੱਤੇ ਇਕੱਠੀ ਕਰ ਕੇ ਉੱਠ ਬੈਠੀ। ਦੋਵੇਂ ਚਾਹ ਚੁਸਕਦੇ ਰਹੇ ਤੇ ਗੱਲਾਂ ਦੇ ਗੋਹੜੇ ਲਾਹ ਲਾਹ ਸੁੱਟਦੇ ਰਹੇ। ਅਤਰ ਸਿੰਘ ਤੇ ਬਲਬੀਰ ਸਿੰਘ, ਜੋ ਉਨ੍ਹਾਂ ਨੂੰ ਪਹਿਲੀ ਵਾਰ ਮਿਲ ਰਹੇ ਸਨ, ਉਨ੍ਹਾਂ ਦੀਆਂ ਗੱਲਾਂ ਨੂੰ ਸਵਾਂਤ ਬੂੰਦਾਂ ਵਾਂਗ ਬੋਚਦੇ ਰਹੇ।

ਏਨੇ ਨੂੰ ਸ. ਗੁਰਬਖ਼ਸ਼ ਸਿੰਘ ਹੁਰਾਂ ਦੀ ਬੜੀ ਮਿੱਠੀ ਅਵਾਜ਼ ਸੁਣਾਈ ਦਿੱਤੀ,

''ਬਲਬੀਰ ਜੀ!''

ਬਲਬੀਰ ਥੱਲੇ ਭੱਜ ਗਿਆ। ਜਦੋਂ ਸਰਦਾਰ ਜੀ ਮਿਆਨੀ ਵਿਚ ਦਾਖ਼ਲ ਹੋਏ ਤਾਂ ਮੈਨੂੰ ਲੱਗਾ, ਉਹ ਜਿਵੇਂ ਗੁਸਲਖ਼ਾਨੇ ਵਿਚੋਂ ਬਿਨਾਂ ਨਹਾਤੇ ਹੀ ਮੁੜ ਆਏ ਹੋਣ। ਉਹ ਕੁਰਸੀ ਉੱਤੇ ਬੈਠ ਗਏ। ਮੈਂ ਇਕ ਟੱਕ ਉਨ੍ਹਾਂ ਨੂੰ ਵੇਖ ਰਿਹਾ ਸਾਂ। ਮੈਨੂੰ ਪਤਾ ਨਹੀਂ ਕਦੋਂ ਬਲਬੀਰ ਨੇ ਉਨ੍ਹਾਂ ਦਾ ਸੂਟਕੇਸ ਲਿਆ ਕੇ ਇਕ ਪਾਸੇ ਟਿਕਾ ਦਿੱਤਾ ਸੀ। ਮੈਂ ਸੱਚ-ਮੁੱਚ ਹੈਰਾਨ ਹੋ ਰਿਹਾ ਸਾਂ ਕਿ ਜਿਸ ਲਿਸ਼ ਲਿਸ਼ ਕਰਦੇ ਮੁਖੜੇ ਨਾਲ ਉਹ ਗੁਸਲਖ਼ਾਨੇ ਦੇ ਅੰਦਰ ਗਏ ਸਨ, ਉਸੇ ਲਿਸ਼ ਲਿਸ਼ ਕਰਦੇ ਮੁਖੜੇ ਨਾਲ ਉਹ ਗੁਸਲਖ਼ਾਨੇ ਤੋਂ ਬਾਹਰ ਆਏ ਸਨ, ਜਿੰਨੇ ਬੇਵੱਟ ਵਲਾਵਿਆਂ ਨਾਲ ਉਨ੍ਹਾਂ ਪਹਿਲਾਂ ਆਪਣੀ ਚਿੱਟੀ ਪੱਗ ਬੰਨ੍ਹੀ ਹੋਈ ਸੀ, ਓਨੇ ਹੀ ਵਲਾਵੇਂ ਹੁਣ ਸਨ, ਜਿਵੇਂ ਇਸ ਨੂੰ ਨਹਾਉਣ ਲਗਿਆਂ ਲਾਹਿਆ ਹੀ ਨਾ ਗਿਆ ਹੋਵੇ। ਲੰਮੀਆਂ ਬਾਹਵਾਂ ਵਾਲੀ ਇਸਤਰੀ ਕੀਤੀ ਹੋਈ ਕਮੀਜ਼, ਜਿਵੇਂ ਸਫ਼ਰ ਦੇ ਬਾਅਦ ਬਿਨਾਂ ਕਿਸੇ ਵੱਟ ਦੇ ਨਜ਼ਰ ਆਈ ਸੀ, ਇਸ਼ਨਾਨ ਉਪਰੰਤ ਵੀ ਉਸੇ ਤਰ੍ਹਾਂ ਬੇਵੱਟ ਸੀ, ਪਰ ਇਹ ਉਹੀ ਕਮੀਜ਼ ਨਹੀਂ ਸੀ। ਬੂਟ ਜਿਵੇਂ ਰਾਤ ਦੇ ਸਫ਼ਰ ਦੇ ਬਾਅਦ ਨਵੀਂ ਪਾਲਿਸ਼ ਨਾਲ ਚਮਕਦੇ ਸਨ, ਉਸੇ ਤਰ੍ਹਾਂ ਹੁਣ ਚਮਕ ਰਹੇ ਸਨ, ਜਦੋਂ ਉਹ ਗੁਸਲਖ਼ਾਨੇ ਵਿੱਚੋਂ ਨਹਾ ਕੇ ਨਿਕਲੇ ਸਨ, ਦੁਹਾਂ ਪਾਸਿਆਂ ਦੇ ਤਸਮਿਆਂ ਦੀਆਂ ਗਿਸ਼ਕਵੀਆਂ ਗੰਢਾਂ ਇਕਸਾਰ ਵੱਜੀਆਂ ਹੋਈਆਂ ਸਨ।

ਇਸ ਕਮਾਲ ਦੇ ਮੈਨੂੰ ਪਹਿਲੀ ਵਾਰ ਦਰਸ਼ਨ ਹੋ ਰਹੇ ਸਨ।

ਮੈਂ ਸ. ਗੁਰਬਖ਼ਸ਼ ਸਿੰਘ ਦੀਆਂ ਸੁਨੱਖੀ ਦੱਖ ਵਾਲੀਆਂ, ਖਿੱਚ ਪਾਉਂਦੀਆਂ, ਆਦਰ-ਵੰਡਦੀਆਂ, ਕੱਸਾਂ ਢਿੱਲੀਆਂ ਕਰਦੀਆਂ, ਪ੍ਰੇਰਨਾ ਦੇਂਦੀਆਂ, ਨਵੇਂ ਰਾਹ ਖੋਲ੍ਹਦੀਆਂ ਰਚਨਾਵਾਂ ਦਾ ਪ੍ਰਸ਼ੰਸਕ ਸਾਂ ਤੇ ਉਸਦੀ ਸੱਜਰੀ, ਸਜੀ-ਫਬੀ, ਲਿਸ਼ਕਾਈ ਹੋਈ ਸ਼ਬਦ-ਬੀੜ ਦਾ ਵੀ ਮੱਦਾਹ ਸਾਂ, ਜੋ ਉਸ ਦੀ ਸ਼ੈਲੀ ਦੀ ਇਕਸਾਰ ਰਸਮੀਅਤ ਨੂੰ ਬਹੁਤ ਰੜਕਣ ਤੋਂ ਠਲ੍ਹੀ ਰੱਖਦੀ ਸੀ। ਅਤਰ ਸਿੰਘ ਨੇ ਵਿਹੜੇ ਵਿਚ ਖਲੋਤਿਆਂ ਮੇਰੇ ਇਸ ਇਹਸਾਸ ਵੱਲ ਇਸ਼ਾਰਾ ਕਰ ਕੇ ਬਲਬੀਰ ਨੂੰ ਕਿਹਾ ਸੀ, ''ਪ੍ਰੋਫ਼ੈਸਰ ਸਾਅਬ, ਗੁਰਬਖ਼ਸ਼ ਸਿੰਘ ਦੀ ਜਿਸ ਦਿਲਕਸ਼ ਰਸਮੀਅਤ ਦਾ ਕਲਾਸ ਵਿਚ ਜ਼ਿਕਰ ਕਰਿਆ ਕਰਦੇ ਨੇ, ਅੱਜ ਉਸ ਦੇ ਸਾਕਾਰ ਦਰਸ਼ਨ ਹੋਏ ਕਿ ਨਹੀਂ?'' ਮੈਂ ਇਹ ਗੱਲ ਸੁਣ ਲਈ ਸੀ ਪਰ ਮੇਰਾ ਮਨ ਕਿਸੇ ਹੋਰ ਪਾਸੇ ਲੱਗਾ ਹੋਇਆ ਸੀ। ਇਸ ਲਈ ਮੈਂ ਗੱਲ ਅੱਗੇ ਨਾ ਤੋਰੀ। ਮੇਰੀ ਸੋਚ ਇਉਂ ਚੱਲ ਰਹੀ ਸੀ ਕਿ ਸਰਦਾਰ ਗੁਰਬਖ਼ਸ਼ ਸਿੰਘ ਹੁਰੀਂ, ਅੰਮ੍ਰਿਤਾ, ਮਾਚਵੇ ਤੇ ਮੈਨੂੰ ਚੰਗੀ ਤਰ੍ਹਾਂ ਜਾਣਦੇ ਸਨ ਤੇ ਅਸੀਂ ਉਨ੍ਹਾਂ ਨੂੰ ਜਾਣਦੇ ਹਾਂ। ਮੈਂ ਉਨ੍ਹਾਂ ਦੇ ਕਰੀਬ ਕਰੀਬ ਸਾਰੇ ਬੱਚਿਆਂ ਤੇ ਅੱਗੋਂ ਉਨ੍ਹਾਂ ਦੇ ਬੱਚਿਆਂ ਵਿਚੋਂ ਵੀ ਕੁੱਝ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ, ਫੇਰ ਉਨ੍ਹਾਂ ਦਾ ਏਨਾ ਓਪਰਾਪਨ, ਏਨੀ ਬਨਾਵਟ, ਏਨੀ ਵਿੱਥ ਕੀ ਆਖ? ਇਸ ਕੋਮਲ-ਚਿੱਤ ਤੇ ਹੱਸਾਸ ਲੇਖਕ ਦੀ ਰਸਮੀਅਤ, ਗ਼ੈਰੀਅਤ ਦੀਆਂ ਜੂਹਾਂ ਵਿਚ ਦਾਖ਼ਲ ਹੋ ਰਹੀ ਹੈ ਪਰ ਉਸ ਨੂੰ ਪਤਾ ਨਹੀਂ ਲਗ ਰਿਹਾ ਕਿ ਆਪਣੇ ਜਿਸ ਅਮਲ ਨਾਲ ਉਹ ਦੂਜਿਆਂ ਦੀ ਸਹਜ-ਚੇਤਨਾ ਦਾ ਆਦਰ ਕਰਨਾ ਲੋਚ ਰਿਹਾ ਹੈ, ਉਹ ਸਗੋਂ ਉਨ੍ਹਾਂ ਦੀ ਸੰਵੇਦਨਸ਼ੀਲਤਾ ਨੂੰ ਜ਼ਖ਼ਮੀ ਕਰ ਰਿਹਾ ਹੈ? ਮੈਂ ਚਾਹ ਰਿਹਾ ਸਾਂ ਕਿ ਉਹ ਹੋਰਨਾਂ ਵਾਂਗ ਖੁੱਲ੍ਹਣ, ਰਚਣ, ਗ਼ੈਰ-ਰਸਮੀ ਹੋਣ ਤੇ ਅੰਮ੍ਰਿਤਾ ਤੇ ਮੇਰੇ ਵਾਂਗ, ਮਾਚਵੇ ਦੇ ਚੁਟਕਲਿਆਂ ਉੱਤੇ ਲੋਟ-ਪੋਟ ਹੋਣ। ਜੇ ਉਨ੍ਹਾਂ ਨੂੰ ਆਪਣੇ ਦੋਸਤਾਂ ਦੇ ਸਾਹਮਣੇ ਵੀ ਚੋਪੜਾ-ਚਾਪੜੀ ਤੋਂ ਬਿਨਾਂ ਆਉਂਦਿਆਂ ਸ਼ਰਮ ਮਹਿਸੂਸ ਹੁੰਦੀ ਹੈ ਤਾਂ ਮੈਂ ਸਮਝਦਾ ਹਾਂ ਕਿ ਇਸ ਵੇਲੇ ਮੇਰੇ ਸਾਹਮਣੇ ਗੁਰਬਖ਼ਸ਼ ਸਿੰਘ ਨਹੀਂ, ਜੀ.ਐਸ. ''ਚੋਪੜਾ'' ਬੈਠਾ ਹੈ। ਅਤਰ ਸਿੰਘ ਤੇ ਬਲਬੀਰ ਸਿੰਘ ਵੱਲ ਮੂੰਹ ਕਰ ਕੇ ਮੈਂ ਕਿਹਾ, ''ਸਰਦਾਰ ਸਾਹਿਬ ਜੋ ਕੁੱਝ ਕਰ ਰਹੇ ਹਨ, ਉਹ ਦੂਜਿਆਂ ਦੇ ਅਦਬ ਲਈ ਕਰ ਰਹੇ ਹਨ, ਉਹ ਦੂਜਿਆਂ ਨੂੰ ਖ਼ੁਸ਼ ਕਰਨ ਲਈ ਹੀ ਕਰ ਰਹੇ ਹਨ, ਪਰ ਜਦੋਂ ਰਸਮ ਪੂਰੀ ਅਸਲੀਅਤ ਦਾ ਉਛਾੜ ਬਣ ਜਾਏ ਤਾਂ ਉਛਾੜ ਦਾ ਮਸਨੂਈਪਨ ਅਸਲੀਅਤ ਦੀ ਦਿਲਫ਼ਰੇਬੀ ਨੂੰ ਖਾ ਜਾਂਦਾ ਹੈ। ਬਰਫ਼ੀ ਵਿਚ ਖੰਡ ਬੇਮੇਚ ਪੈ ਜਾਵੇ ਤਾਂ ਖੋਏ ਦਾ ਸੁਆਦ ਮਾਰਿਆ ਨਹੀਂ ਜਾਂਦਾ? ਅੱਜ ਦੇ ਇਸ਼ਨਾਨ ਨੇ ਮੈਨੂੰ ਇਕ ਨਵਾਂ ਲੇਖ ਬਖ਼ਸ਼ ਦਿੱਤਾ ਹੈ, ਜਿਸ ਦਾ ਸਿਰਲੇਖ ਹੋਵੇਗਾ, 'ਜੀ.ਐਸ. ਚੋਪੜਾ'। ਤੁਸੀਂ ਇਸ ਦੀ ਉਡੀਕ ਰੱਖਿਓ।''

ਮੇਰਾ ਲੇਖ ਉਡੀਕਦੇ ਉਡੀਕਦੇ ਅਤਰ ਸਿੰਘ ਤੇ ਬਲਬੀਰ ਸਿੰਘ ਦੋਵੇਂ, ਪ੍ਰੋਫ਼ੈਸਰ, ਡਾ. ਅਤਰ ਸਿੰਘ ਤੇ ਪ੍ਰੋਫ਼ੈਸਰ ਡਾ. ਬਲਬੀਰ ਸਿੰਘ ਸੰਧੂ ਬਣ ਕੇ ਤੇ ਵਿਦਿਆ ਦੇ ਆਕਾਸ਼ ਉੱਤੇ ਚਾਨਣ ਦੀਆਂ ਲੀਕਾਂ ਜਿਹੀਆਂ ਛੱਡ ਸਦਾ ਲਈ ਲੋਪ ਹੋ ਚੁੱਕੇ ਹਨ ਅਤੇ ਸਰਦਾਰ ਗੁਰਬਖ਼ਸ਼ ਸਿੰਘ ਵੀ ਤੇ ਡਾ. ਮਾਚਵੇ ਦੋਵੇਂ ਰਾਂਗਲੇ ਸੱਜਨ, ਆਪੋ ਆਪਣੇ ਖੇਤਰਾਂ ਵਿਚ ਜੱਸ ਖੱਟ ਕੇ, 'ਜਾਇ ਸੁਤੇ ਜੀਰਾਂਦ' ਪਰ 'ਜੀ.ਐਸ. ਚੋਪੜਾ' ਪੜ੍ਹਨ ਲਈ ਸਿਰਫ਼ ਅੰਮ੍ਰਿਤਾ ਪ੍ਰੀਤਮ ਰਹਿ ਗਈ ਹੈ। ਵਾਹਿਗੁਰੂ ਉਸ ਨੂੰ ਸਲਾਮਤ ਰੱਖੇ। ■

ਅਲਪੱਥਰ

ਦੇਵਿੰਦਰ ਸਤਿਆਰਥੀ

ਪਰਦਾ ਉੱਠਣ ਮਗਰੋਂ ਨਾਟਕ ਦਾ ਅਗਲਾ ਅੰਕ ਸ਼ੁਰੂ ਹੋ ਜਾਂਦਾ ਹੈ।

ਜ਼ਰੂਰੀ ਨਹੀਂ ਕਿ ਨਾਟਕ ਦਾ ਨਾਂ ''ਅਲਪੱਥਰ'' ਹੋਵੇ।

ਕੱਚ ਦੀ ਦੀਵਾਰ। ਆਰ-ਪਾਰ ਇਕ-ਦੂਜੇ ਨੂੰ ਸਲਾਮ ਆਖਦੇ ਲੋਕ। ਦ੍ਰਿਸ਼ ਮਿਤ੍ਰਤਾ ਦਾ।

ਇਸ ਦ੍ਰਿਸ਼ ਵਿਚ ਇਕ ਜਾਣਿਆਂ-ਪਛਾਣਿਆਂ ਚਿਹਰਾ ਉਭਰ ਕੇ ਆਉਂਦਾ ਹੈ।

ਚਿੱਟੀ ਦਸਤਾਰ। ਚਿੱਟੀ ਦਾੜ੍ਹੀ। ਚਿੱਟਾ ਚੂੜੀਦਾਰ ਪਜਾਮਾ। ਤੇ ਕਾਲੀ ਅਚਕਨ। ਐਨਕਾਂ ' ਚੋਂ ਝਾਕਦੇ ਹਸੂੰ ਹਸੂੰ ਨੈਣ।

ਪੰਜਾਬੀ ਭਾਸ਼ਾ ਦਾ ਮਹਾਨ ਸਾਹਿਤਕਾਰ, ਜਿਸ ਨੇ ਪਿਛਲੇ ਪੰਜ ਦਹਾਕਿਆਂ ਵਿਚ ਲੇਖਕਾਂ ਦੀਆਂ ਪੰਜਾਂ ਪੀੜ੍ਹੀਆਂ ਨੂੰ ਪ੍ਰਭਾਵਿਤ ਕੀਤਾ।

ਨਿਕਟਵਰਤੀ ਉਸ ਨੂੰ 'ਦਾਰ ਜੀ' ਆਖ ਕੇ ਸਤਿਕਾਰਦੇ।

ਮੈਂ ਦਾਰ ਜੀ ਤੋਂ ਬਹੁਤ ਕੁਝ ਸਿਖਿਆ। ਉਹਨਾਂ ਦਾ ਪਿਆਰ ਇਕ ਲੋਕ ਗੀਤ-ਯਾਤ੍ਰੀ ਦੇ ਰੂਪ ਵਿਚ ਪ੍ਰਾਪਤ ਹੋਇਆ। ਗੱਲ 1934 ਦੀ। ਲੋਕ ਗੀਤ ਸੰਬੰਧੀ ਮੇਰਾ ਪਹਿਲਾ ਲੇਖ ਕਲਕੱਤੇ ਦੇ ਦੈਨਿਕ ''ਦੇਸ਼-ਦਰਪਣ'' 'ਚੋਂ ਲੈ ਕੇ ਦਾਰ ਜੀ ਨੇ ਪ੍ਰੀਤ ਲੜੀ ਵਿਚ ਪ੍ਰਕਾਸ਼ਤ ਕੀਤਾ। ਅਗਲੇ ਵਰ੍ਹੇ ਮੈਂ ਲੋਕ-ਗੀਤ ਯਾਤਰਾ ਦੇ ਸਿਲਸਿਲੇ ਵਿਚ ਪਸ਼ਾਵਰ ਗਿਆ ਤਾਂ ਨੌਸ਼ਹਿਰੇ ਲਾਗੇ ਸਮਾਧ ਅਕਾਲੀ ਫੂਲਾ ਸਿੰਘ ਜਾ ਕੇ ਦਾਰ ਜੀ ਨੂੰ ਮਿਲਿਆ।

ਉਸ ਮੁਲਾਕਾਤ ਦਾ ਪ੍ਰਭਾਵ-ਚਿਤਰ ''ਹਿੰਦੁਸਤਾਨ ਦੇ ਲੋਕ ਗੀਤ'' ਪ੍ਰੀਤ ਲੜੀ ਵਿਚ ਦਾਰ ਜੀ ਦੀ ਸਿੱਕੇਬੰਦ ਕਲਮ ਰਾਹੀਂ ਪੰਜਾਬੀ ਪਾਠਕਾਂ ਤਕ ਪਹੁੰਚਿਆ। ਮੇਰੀ ਪੁਸਤਕ ਗਿੱਧਾ ਪ੍ਰਕਾਸ਼ਤ ਹੋਈ, ਤਾਂ ਅੰਤਿਕਾ ਦੇ ਤੌਰ ਤੇ ਦਾਰ ਜੀ ਦੀ ਲਿਖੀ ਉਹ ਰਚਨਾ ''ਸਾਹਿਤ ਦੀ ਕਹਿਕਸ਼ਾਂ'' ਸ਼ੀਰਸ਼ਕ ਨਾਲ ਸ਼ਾਮਲ ਕੀਤੀ ਗਈ।

ਉਸ ਤੋਂ ਬਾਅਦ ਦਾਰ ਜੀ ਦਾ ਸਹਿਯੋਗ ਬਰਾਬਰ ਮਿਲਦਾ ਰਿਹਾ।

ਦਾਰ ਜੀ ਨਾਲ ਜਦ ਵੀ ਮੁਲਾਕਾਤ ਹੋਈ ਉਹਨਾਂ ਦੀ ਗੁਫ਼ਤਗੂ ਵਿਚ ਦਿਨ-ਦਿਹਾਰ ਵਾਲੀ ਮਸਤੀ ਤੇ ਅੱਖ-ਪਲਕਾਰੇ ਵਿਚ ਪੈਦਾ ਹੋਣ ਵਾਲੀ ਪਿਆਰ-ਛੋਹ ਮਿਲੀ।

ਦਾਰ ਜੀ ਤੋਂ ਮੈਨੂੰ ਹਰ ਵੇਰ ਨਵੇਂ ਦਿਸ-ਹੱਦਿਆਂ ਦੀ ਸੂਚਨਾ ਪ੍ਰਾਪਤ ਹੋਈ। ਤੇ ਇਸ ਅਹਿਸਾਸ ਵਿਚ ਵਾਧਾ ਹੋਇਆ ਕਿ ਕੁਲ ਦੁਨੀਆਂ ਸਾਡਾ ਰੰਗ ਮੰਚ ਹੈ।

ਗਿਆਨ ਵਿਚ ਵਾਧਾ ਕਰਨ ਲਈ ਵੱਖ ਵੱਖ ਵਿਸ਼ਿਆਂ ਦੀਆਂ ਕਿਤਾਬਾਂ ਪੜ੍ਹਨ ਦੀ ਰੀਝ ਵਿਚ ਮੈਂ ਦਾਰ ਜੀ ਨੂੰ ਗੁਰੂ ਮੰਨਦਾ ਹਾਂ। ਸੂਝ ਆਪੋ ਆਪਣੀ। ਗੁਰੂ ਨੂੰ ਜਿਹੜੀਆਂ ਗੱਲਾਂ 'ਕਲਿਕ' ਕਰਦੀਆਂ ਹਨ, ਉਹ ਸ਼ਿੱਸ਼ ਨੂੰ ਵੀ ਕਰਨ, ਇਹੀ ਲਾਜ਼ਮੀ ਨਹੀਂ।

ਕਦੀ ਕਦੀ ਮੈਂ ਦਾਰ ਜੀ ਨੂੰ ਪੂਰਨ 'ਮੌਨ-ਪੁਰਸ਼' ਦੇ ਰੂਪ ਵਿਚ ਵੀ ਵੇਖਿਆ ਹੈ। ਜਿਵੇਂ ਖ਼ਾਮੋਸ਼ੀ ਵੀ ਇਕ 'ਟਾਪੂ' ਹੋਵੇ।

'ਹੰਝੂਆਂ ਦੇ ਸਮੁੰਦਰ ਵਿਚ ਤਰਦਾ ਟਾਪੂ' — ਜਿਵੇਂ ਕਿ ਗੁਰਦੇਵ ਟੈਗੋਰ ਨੇ ਆਪਣੇ ਕਿਸੇ ਨਿਬੰਧ ਵਿੱਚ ਕਿਸੇ ਅੰਗਰੇਜ਼ ਕਵੀ ਦਾ ਹਵਾਲਾ ਦੇ ਕੇ ਲਿਖਿਆ ਹੈ।

ਤਰਦੇ ਟਾਪੂ ਕਈ ਵੇਰ ਆਪੋ ਵਿਚ ਮਿਲ ਜਾਂਦੇ ਹਨ, ਤੇ ਫੇਰ ਜੁਦਾ ਹੋ ਜਾਂਦੇ ਹਨ।

ਅਸੀਂ ਕਈ ਵੇਰ ਮਿਲੇ, ਤੇ ਕਈ ਵੇਰ ਜੁਦਾ ਹੋਏ।

ਮੁੜ ਮਿਲਣ ਦੀ ਚਾਹ ਬਰਾਬਰ ਬਣੀ ਰਹੀ।

ਦਾਰ ਜੀ ਇੰਜ ਮੁਸਕਰਾਉਂਦੇ ਹਨ, ਜਿਵੇਂ ਕੋਈ ਬਾਰੀ ਖੁੱਲ੍ਹ ਜਾਵੇ।

ਦਾਰ ਜੀ ਦੀਆਂ ਗੱਲਾਂ ਘੁੱਗੀਆਂ ਵਾਂਗ ਮਨ ਦੇ ਰੌਸ਼ਨਦਾਨ 'ਚੋਂ ਘੂੰ ਘੂੰ ਕਰਦੀਆਂ ਹਨ। ਤੇ ਵਿਸ਼ਵ-ਸ਼ਾਂਤੀ ਵਿਚ ਮੇਰਾ ਵਿਸ਼ਵਾਸ ਹੋਰ ਵੀ ਪਕੇਰਾ ਹੋ ਜਾਂਦਾ ਹੈ।

ਅਤੀਤ ਤੇ ਭਵਿੱਖ ਦਾ ਸੁਮੇਲ ਇਹੋ ਹੈ ਦਾਰ ਜੀ ਦੀ ਕਲਮ ਦੀ ਕਰਾਮਾਤ।

ਬਾਰੀ ਦੇ ਬਾਹਰ ਦਾ ਦ੍ਰਿਸ਼....ਝੀਲ ਵਿਚ ਟਾਪੂ.....ਟਾਪੂ ਵਿਚ ਸੁਨਹਿਰੀ ਕਲਸ਼ ਵਾਲਾ ਮੰਦਿਰ.....ਚਿਤਰਕਾਰ ਵਾਲੀ ਦ੍ਰਿਸ਼ਟੀ ਨਾਲ ਕਦੀ ਮੈਂ ਕੱਲੇ ਕਾਰੇ ਯਾਤਰੀ ਵਾਂਗ ਮਹਿਸੂਸ ਕਰਦਾ ਹਾਂ ਕਿ ਕੋਈ ਫ਼ਵਾਰਾ ਹਵਾ ਨੂੰ ਚੁੰਮ ਰਿਹਾ ਹੈ।

ਕੋਈ ਮੈਨੂੰ 'ਕੰਡੇ ਮਹਿਕਾ' ਆਖਦਾ ਹੈ, ਕੋਈ 'ਖੰਭ-ਕਟਾ ਫ਼ਰਿਸ਼ਤਾ', ਕੋਈ 'ਮਹਾਂਬੋਰ' ਆਖ ਕੇ ਮੇਰੇ 'ਫ਼ਰਾਡ' ਹੋਣ ਦੀ ਵਾਰਤਾ ਸ਼ੁਰੂ ਕਰ ਦਿੰਦਾ ਹੈ। ਤੇ ਜਵਾਬ ਵਿਚ ਮੈਂ ਇਹੋ ਆਖਦਾ ਹਾਂ, ''ਬਈ, ਇਹ ਦੀਵਾਨਾ ਤੁਹਾਡੀ ਮਜਲਿਸ 'ਚੋਂ ਐਨੀ ਛੇਤੀ ਨਹੀਂ ਜਾਣ ਲੱਗਾ।''

ਨਿੰਦਿਆ ਪੁਰਾਣ ਦੀ ਉੱਘ-ਸੁੱਘ ਦਾਰ ਜੀ ਨੂੰ ਵੀ ਮਿਲਦੀ ਰਹਿੰਦੀ ਸੀ।

''ਜੋ ਤੁਹਾਨੂੰ ਸਮਝਦੇ ਨਹੀਂ, ਉਹਨਾਂ ਦੇ ਐਨੇ ਨੇੜੇ ਜਾਣ ਨਾਲ ਇਹੋ ਦੁਰਗਤ ਬਣਦੀ ਏ। ਮੈਨੂੰ ਉਸ ਦਿਨ ਦੀ ਉਡੀਕ ਏ, ਜਦ ਤੁਸੀਂ ਆਪਣੇ ਤੇ ਆਪਣੇ ਇਹਨਾਂ 'ਮਿਹਰਬਾਨਾਂ' ਵਿਚਕਾਰ ਲੁੜੀਂਦੀ ਵਿੱਥ ਬਣਾਏ ਰੱਖਣ ਵਲ ਕਦਮ ਉਠਾਉਗੇ।''

ਦਾਰ ਜੀ ਦਾ ਅਸਰ ਕੋਈ ਮੇਰੀ ਰਚਨਾ ਵਿਚ ਲੱਭਣਾ ਚਾਹੇ, ਤਾਂ ਉਸ ਨੂੰ ਕਾਫ਼ੀ ਮਿਹਨਤ ਕਰਨੀ ਪਵੇਗੀ।

ਮੇਰੇ ਹੱਥ ਦੀ ਤਲੀ ਤੇ ਦਾਰ ਜੀ ਦਾ ਨਾਂ ਮੁਸਕਰਾਂਦਾ ਹੈ। ਉਹਨਾਂ ਦਾ ਪਿਆਰ ਮੇਰੀ ਆਵਾਜ਼ ਵਿਚ ਘੁੰਮ ਰਿਹਾ ਹੈ।

ਮੇਰਾ ਰੋਣਾ ਮੇਰਾ ਆਪਣਾ ਹੈ। ਪਰ ਮੇਰੀ ਮੁਸਕਾਨ ਵਿਚ ਦਾਰ ਜੀ ਦੀ ਸੌਂਦਰਯ ਪ੍ਰਿਯ ਰੁਚੀ ਦੀ ਮਹਿਕ ਹੈ।

'ਦਾਰ ਜੀ ਦੀ ਸ਼ਖ਼ਸੀਅਤ ਉਤਨੀ ਹੀ ਉਚੇਰੀ ਹੈ ਜਿਤਨੀ ਕਸ਼ਮੀਰ ਦੀ ਅਲਪੱਥਰ ਝੀਲ।'

ਇਹ ਗੱਲ ਮੈਂ ਕਈ ਵੇਰ ਸੋਚੀ ਹੈ। ●

ਕਸ਼ਿਸ਼ ਭਰਪੂਰ ਸਰਦਾਰ ਗੁਰਬਖ਼ਸ਼ ਸਿੰਘ ਜੀ

ਪ੍ਰੀਤਮ ਸਿੰਘ ਸਫ਼ੀਰ

ਸਰਦਾਰ ਗੁਰਬਖ਼ਸ਼ ਸਿੰਘ ਇੱਕ ਕ੍ਰਿਸ਼ਮਾ ਸਨ। ਇਸ ਤਰ੍ਹਾਂ ਦਾ ਕ੍ਰਿਸ਼ਮਾ ਕਿ ਜਿਸਦਾ ਮੁਕਾਬਲਾ ਕਿਸੇ ਹੋਰ ਸ਼ਖ਼ਸੀਅਤ ਨਾਲ ਨਹੀਂ ਹੋ ਸਕਦਾ।

ਇਸ ਪਲ ਵੀ ਉਨ੍ਹਾਂ ਬਾਰੇ ਲਿਖਦਿਆਂ ਉਹ ਖਿੜੇ ਮੱਥੇ ਹੱਸਦੇ ਨਜ਼ਰ ਆ ਰਹੇ ਹਨ। ਇਹ ਦਰਸ਼ਨ, ਇਹ ਦੀਦਾਰ, ਏਨੇ ਵਰ੍ਹਿਆਂ ਬਾਹਦ ਅਮੋਲਕ ਹੈ।

ਉਹ ਕੋਈ ਧਾਰਮਕ ਪਰਚਾਰ ਨਹੀਂ ਸਨ ਕਰਦੇ ਪਰ ਉਨ੍ਹਾਂ ਵਿਚ ਕੁਝ ਧਾਰਮਕ ਗੁਣ ਸਾਕਾਰ ਸਨ :–

(ੳ) ਉਨ੍ਹਾਂ ਵਿਚ 'ਹਉਮੈ' ਨਹੀਂ ਸੀ। ਬੇਅੰਤ ਵਾਰ ਉਨ੍ਹਾਂ ਨਾਲ ਮਿਲਾਪ ਹੋਇਆ। ਕਦੇ ਵੀ ਉਨ੍ਹਾਂ ਵਿਚ ਹੰਕਾਰ ਨਜ਼ਰ ਨਾ ਆਇਆ। ਉਹ ਹਰ ਇੱਕ ਨੂੰ ਸਤਿਕਾਰ ਨਾਲ ਮਿਲਦੇ ਦੇਖੇ। ਉਨ੍ਹਾਂ ਦੀਆਂ ਬਾਹਵਾਂ ਵਿਚ ਹਰ ਕੋਈ ਪਿਆਰ ਨਾਲ ਸਮਿਜਦਾ ਸੀ। ਮਿਲਣ ਤੋਂ ਉਪ੍ਰੰਤ, ਕੋਲ ਖਲੋਤਿਆਂ ਉਨ੍ਹਾਂ ਨੂੰ ਹੋਰਨਾਂ ਨਾਲ ਮਿਲਦਿਆਂ ਦੇਖਿਆ। ਹਰ ਨਵੇਂ ਮਿਲਾਪ ਦੇ ਸਮੇਂ ਉਨ੍ਹਾਂ ਵਿਚ ਖੁਸ਼ੀ ਦੀ ਸਮਾਨਤਾ ਕਾਇਮ ਦੇਖੀ।

(ਅ) ਉਨ੍ਹਾਂ ਵਿਚ "ਕਰੋਧ" ਨਹੀਂ ਸੀ। ਕਦੇ ਵੀ ਕਰੋਧ ਵਿਚ ਆ ਉਸ ਹਸਦੀ ਸੂਰਤ ਦਾ ਰੰਗ ਢੰਗ ਬਦਲਦਾ ਨਾ ਦੇਖਿਆ। ਆਪਣੇ ਮਤ-ਭੇਦ ਨੂੰ ਉਨ੍ਹਾਂ ਕਦੇ ਵੀ ਅਹਿਮੀਅਤ ਦੇ ਕੇ ਕਿਸੇ ਨੂੰ ਨੀਵਾਂ ਜਾਂ ਕਮ-ਸਮਝ ਦਿਖਾਣ ਦੀ ਕੋਸ਼ਿਸ਼ ਨਾ ਕੀਤੀ।

(ੲ) ਉਨ੍ਹਾਂ ਵਿਚ ਲੋਭ ਨਹੀਂ ਸੀ। ਨਾ ਪੈਸੇ ਦਾ, ਨਾ ਲਾਲਚ ਨਾਲ ਪਰੋਸੀਆਂ ਚੀਜ਼ਾਂ ਵਿਚੋਂ ਕੋਈ ਉਚੇਚ ਨਾਲ ਖਾਣ ਦਾ।

ਇੱਕ ਸ਼ਖ਼ਸੀਅਤ ਦੇ ਤੌਰ ਤੇ ਉਨ੍ਹਾਂ ਦੀ ਸ਼ਖ਼ਸੀਅਤ ਦੂਸਰਿਆਂ ਵਾਸਤੇ "ਕਸ਼ਿਸ਼" ਰਖਦੀ ਸੀ। ਉਹ ਅਜਨਬੀ ਨੂੰ ਆਪਣਾ ਬਣਾਣ ਵਿਚ ਕਾਮਯਾਬ ਹੁੰਦੇ ਸਨ।

ਪੰਜਾਬੀ ਵਾਰਤਕ ਨੂੰ ਉਨ੍ਹਾਂ ਅਲੌਕਿਕ ਰੂਪ ਦਿੱਤਾ। ਉਨ੍ਹਾਂ ਦੀ ਸੁਭਾਵਕ ਸ਼ਬਦ-ਚੋਣ ਹਰ ਇੱਕ ਫ਼ਿਕਰੇ ਵਿਚ ਇਕ ਅਜਿਹਾ ਸਵਾਦ ਭਰਦੀ ਸੀ ਜੋ ਹੋਰ ਕਿਸੇ ਲਿਖਤ ਵਿਚੋਂ ਨਹੀਂ ਸੀ ਮਿਲਦਾ। 'ਪ੍ਰੀਤ-ਲੜੀ' ਪੰਜਾਬੀ ਵਾਰਤਕ ਵਿਚ ਇੱਕ ਪਰਮਾਣ ਬਣ ਗਈ। ਜਿਸ ਤਰ੍ਹਾਂ ਉਨ੍ਹਾਂ ਦੀ ਸ਼ਖ਼ਸੀਅਤ ਵਿਸ਼ਵ-ਪਿਆਰ ਤੋਂ ਭਰਪੂਰ ਰਹਿੰਦੀ ਸੀ ਉਸੇ ਤਰ੍ਹਾਂ ਹੀ ਉਨ੍ਹਾਂ ਦੀ ਵਾਰਤਕ ਵਿਚ ਕੋਈ ਸੁਗੰਧੀ ਤੋਂ ਭਰਪੂਰ ਕਸ਼ਿਸ਼ ਚਲ ਰਹੀ ਹੁੰਦੀ ਸੀ। ਪੜ੍ਹਦਿਆਂ ਪੜ੍ਹਦਿਆਂ ਕਦੇ ਮਨ ਉਕਤਾਂਦਾ ਨਹੀਂ ਸੀ।

ਪ੍ਰੀਤ ਨਗਰ ਵਸਾਉਣ ਵਾਲੇ ਸਰਦਾਰ ਗੁਰਬਖ਼ਸ਼ ਸਿੰਘ ਵਿਚ ਇੰਨਜੀਨੀਅਰਿੰਗ ਦੀ ਸਪਸ਼ਟਤਾ ਦੇ ਨਾਲ ਨਾਲ ਅਜਿਹੀ ਸਿਫ਼ਤ ਵੀ ਸੀ ਜੋ ਪ੍ਰੇਰਦੀ ਸੀ ਉਨ੍ਹਾਂ ਦੇ ਜਾਣਕਾਰਾਂ ਤੇ ਅਜਨਬੀਆਂ ਨੂੰ ਵੀ ਕਿ ਉਹ ਉਨ੍ਹਾਂ ਦੇ ਪਾਸ ਰਹਿਣ। ਹਰ ਮਜ਼ਹਬ ਮਿੱਲਤ ਦੇ ਲੋਕ ਉਨ੍ਹਾਂ ਪਾਸ ਖਿੱਚੇ ਆਉਂਦੇ ਸਨ। ਉਨ੍ਹਾਂ ਵਿਚੋਂ ਇੱਕ ਅੰਗਰੇਜ਼ ਮਾਈਕਲ ਓਵਰਮੈਨ ਮੇਰੇ ਸੰਪਰਕ ਵਿਚ ਵੀ ਆਇਆ ਸੀ। ਉਸ ਵਿਚ ਸਰਦਾਰ ਜੀ ਵਾਸਤੇ ਕਾਮਲ ਯਕੀਨ ਪਰਚੱਲਤ ਦੇਖਿਆ ਸੀ।

ਪ੍ਰੀਤ ਨਗਰ ਵਿਚ ਉਨ੍ਹਾਂ ਦੀ ਪਾਰਖੂ ਨਜ਼ਰ ਨੇ ਵੱਖ ਵੱਖ ਵਿਅਕਤੀਆਂ ਨੂੰ ਯੋਗ ਕੰਮਾਂ ਤੇ ਲਾਇਆ। ਉਨ੍ਹਾਂ ਦੇ ਅਜਿਹੇ ਸਾਥੀ ਹੁਣ ਵੀ ਮੌਜੂਦ ਹਨ ਜਿਨ੍ਹਾਂ ਦੀ ਵਰਤਮਾਨ ਕਾਮਯਾਬੀ ਸਰਦਾਰ ਗੁਰਬਖ਼ਸ਼ ਸਿੰਘ ਜੀ ਦੀ ਯਾਦ ਕਰਾਉਂਦੀ ਹੈ।

'ਪ੍ਰੀਤ ਲੜੀ' ਦੇ ਜਾਰੀ ਹੋਣ ਤੋਂ ਕੁਝ ਦੇਰ ਉਪ੍ਰੰਤ ਉਨ੍ਹਾਂ ਦੇ ਸਮਕਾਲੀ ਲੇਖਕ ਤੇ ਵਿਦਵਾਨ ਪ੍ਰੋਫ਼ੈਸਰ ਉਨ੍ਹਾਂ ਦੀ ਪਰਤਿਭਾ ਦੀ ਵਿਲਖਣਤਾ ਨੂੰ ਸਵੀਕਾਰ ਕਰਨ ਲਗ ਪਏ ਸਨ। ਉਸ ਸਮੇਂ ਦੇ ਮਾਸਕ ਪਤਰਾਂ ਵਿਚੋਂ 'ਪ੍ਰੀਤ ਲੜੀ' ਬਿਲਕੁਲ ਵਖਰੀ ਅਤੇ ਨਰੋਏ ਭਾਵਾਂ ਤੋਂ ਭਰਪੂਰ ਪਰਵਾਨ ਹੋਣ ਲਗ ਪਈ ਸੀ। ਇਹ ਪਰਾਪਤੀ ਉਨ੍ਹਾਂ ਦੀ ਨਵੀਨ ਸੋਚ-ਸ਼ਕਤੀ ਦੀ ਪਰਤੀਕ ਸੀ।

ਸਰਦਾਰ ਗੁਰਬਖ਼ਸ਼ ਸਿੰਘ ਜੀ ਦੀ ਜੀਵਨ ਜਾਚ ਵੀ ਆਪਣੀ ਕਿਸਮ ਦੀ ਸੀ। ਉਹ ਬਹੁਤ ਸਫਾਈ ਪਸੰਦ ਸਨ। ਤਾਸ਼ਕੰਦ 1958 ਵਿਚ ਗਏ ਭਾਰਤੀ ਡੈਲੀਗੇਸ਼ਨ ਵਿਚ ਉਹ ਸ਼ਾਮਲ ਸਨ। ਜਿਸ ਕਮਰੇ ਵਿਚ ਉਹ ਠਹਿਰੇ ਸਨ ਉਸ ਦਾ ਵਾਤਾਵਰਣ ਉਨ੍ਹਾਂ ਨੂੰ ਪਸੰਦ ਨਾ ਆਇਆ। ਦੂਸਰੇ ਦਿਨ ਉਨ੍ਹਾਂ ਮੇਰੇ ਕਮਰੇ ਵਿਚ ਠਹਿਰਣ ਦੀ ਇੱਛਾ ਜ਼ਾਹਰ ਕੀਤੀ। ਅਸੀਂ ਕਈ ਦਿਨ ਇਕੱਠੇ ਰਹੇ।

ਤਾਸ਼ਕੰਦ ਵਿਚ 'ਐਫ਼ਰੋ-ਏਸ਼ੀਅਨ ਰਾਈਟਰਜ਼' ਕਾਨਫ਼ਰੰਸ ਹੋ ਰਹੀ ਸੀ। ਉਹ ਭਾਰਤ ਦੇ ਡੈਲੀਗੇਸ਼ਨ ਦੀ ਸਿਰਮੋਰ ਸ਼ਖ਼ਸੀਅਤ ਸਨ ਪਰ ਉਨ੍ਹਾਂ ਨੇ ਕਦੇ ਵੀ ਕਿਸੇ ਤਰ੍ਹਾਂ ਆਪਣੇ ਆਪ ਨੂੰ ਵਧੇਰੇ ਸੂਝਵਾਨ ਵਿਸ਼ੇਸ਼ ਲੇਖਕ ਪਰਵਾਨ ਕਰਾਣ ਦੀ ਕੋਸ਼ਸ਼ ਨਾ ਕੀਤੀ। ਭਾਰਤ ਦੀ ਸੰਸਕ੍ਰਿਤੀ ਦੀ ਇੱਜ਼ਤ ਬਰਕਰਾਰ ਰੱਖੀ। ਹਰ ਕਿਸੇ ਨਾਲ ਥੋੜ੍ਹੀ ਪਰ ਅਰਥ ਭਰਪੂਰ ਗੱਲ ਬਾਤ ਕੀਤੀ।

ਉਨ੍ਹਾਂ ਵਿਚ ਇੱਕ 'ਸੰਪੂਰਨ ਮਨੁੱਖ' ਦਾ ਚਿੰਤਨ ਸੀ। ਅਜਿਹਾ ਮਨੁੱਖ ਜੋ ਨਾ ਕਿਸੇ ਤੋਂ ਡਰੇ ਨਾ ਕਿਸੇ ਨੂੰ ਡਰਾਏ। ਆਪਣੀ ਜ਼ਿੰਦਗੀ ਵਿਚ ਉਹ ਉਸ ਆਦਰਸ਼ 'ਤੇ ਅਮਲ ਕਰਦੇ ਸਨ।

ਪੰਜਾਬੀ ਸਾਹਿਤ ਨੂੰ ਉਨ੍ਹਾਂ ਦੇ ਸਾਹਮਣੇ ਆਉਣ ਨਾਲ ਇਹ ਸੁਭਾਗ ਵੀ ਪਰਾਪਤ ਹੋਇਆ ਕਿ ਬਹੁਤ ਸਾਰੇ ਮਸ਼ਹੂਰ ਲੇਖਕ ਉਨ੍ਹਾਂ ਪਾਸ ਪ੍ਰੀਤ ਨਗਰ ਆਉਣ ਲਗੇ। ਅਜਿਹੇ ਵਾਤਾਵਰਣ ਕਾਰਨ ਪ੍ਰੀਤ ਨਗਰ – "ਪੰਜਾਬੀ ਸਾਹਿਤ ਨਗਰ" ਬਣ ਗਿਆ।

ਉਨ੍ਹਾਂ ਦੀ ਸ਼ਕਤੀਸ਼ਾਲੀ ਕਲਮ ਨੇ ਪੰਜਾਬੀ ਸਾਹਿਤ ਨੂੰ ਵੱਖ ਵੱਖ ਪ੍ਰੀਤ-ਕਹਾਣੀਆਂ ਚਿਤਰ ਕੇ ਪਰਦਾਨ ਕੀਤੀਆਂ। ਬਹੁਤ ਸਾਰੀਆਂ ਪੁਸਤਕਾਂ ਹਨ ਜੋ ਉਨ੍ਹਾਂ ਦੀ ਸ਼ਖ਼ਸੀਅਤ ਰੂਪਮਾਨ ਕਰਦੀਆਂ ਹਨ।

ਉਹ ਇਕ ਚਾਨਣ ਮੁਨਾਰਾ ਹਨ ਜਿਸ ਦੀ ਜਗਦੀ ਜੋਤ ਸਮੇਂ ਨੂੰ ਹਰ ਸਮੇਂ ਇੱਕ ਨਿਰਾਲੀ ਸ਼ਾਨ ਨਾਲ ਰੌਸ਼ਨ ਰੱਖ ਰਹੀ ਹੈ। ਉਨ੍ਹਾਂ ਦੇ ਨਿਆਰੇ-ਪਨ ਵਿਚ ਉਹ ਹੁਣ ਵੀ ਸ਼ੋਭਨੀਕ ਹਨ। ●

ਸਰਦਾਰ ਗੁਰਬਖ਼ਸ਼ ਸਿੰਘ ਪ੍ਰੀਤਾਂ ਵਾਲੇ ਤੇ 'ਪ੍ਰੀਤ ਲੜੀ' ਵਾਲੇ

ਅਜੀਤ ਕੌਰ

ਗੁਰਬਖ਼ਸ਼ ਸਿੰਘ ਜੀ ਨੂੰ ਜਦੋਂ ਮੈਂ ਪਹਿਲੀ ਵਾਰੀ ਤੱਕਿਆ, ਮੈਂ ਨਿੱਕੀ ਜਹੀ ਸਾਂ।

ਪੂਰੀ ਤਰਾਂ ਯਾਦ ਤਾਂ ਨਹੀਂ, ਪਰ ਮੈਨੂੰ ਲੱਗਦਾ ਏ ਮੈਂ ਜ਼ਰੂਰ ਦਾਰ ਜੀ ਦੀ ਅਚਕਨ ਦੇ ਪਿੱਛੇ ਛੁਪੀ ਹੋਈ ਹੋਵਾਂਗੀ, ਜਾਂ ਬੀਜੀ ਦੇ ਦੁੱਪਟੇ ਦੀ ਚੁਕ ਉਹਲੇ। ਕਿਉਂਕਿ ਓਦੋਂ ਮੈਨੂੰ ਸਭ ਕੋਲੋਂ ਬੜੀ ਸ਼ਰਮ ਆਇਆ ਕਰਦੀ ਸੀ। ਇੱਕ ਤਾਂ ਘਰ ਦਾ ਮਾਹੌਲ ਹੀ ਇਹੋ ਜਿਹਾ ਸੀ, ਦਾਰ ਜੀ ਦਾ ਕਾਨੂੰਨ ਹੀ ਸੀ ਕਿ ਕੁੜੀਆਂ ਨੂੰ ਭੋਰੇ ਵਿਚ ਪਾ ਕੇ ਰੱਖੀਦਾ ਏ, ਕਿ ਕੁੜੀਆਂ ਨੂੰ ਸੱਤਾਂ ਪਰਦਿਆਂ ਦੇ ਪਿਚਛੇ ਰੱਖ ਕੇ ਪਾਲੀਦਾ ਏ, ਕਿ ਕੁੜੀਆਂ ਨੂੰ ਸਕੂਲੇ ਵੀ ਨਹੀਂ ਭੇਜੀਦਾ, ਚੌੜ ਹੋ ਜਾਂਦੀਆਂ ਨੇ, ਕਿ ਕੁੜੀਆਂ ਨੂੰ ਘਰ ਮਾਸਟਰ ਰੱਖ ਕੇ ਪੜ੍ਹਾਈਦਾ ਏ, ਕਿ ਕੁੜੀਆਂ ਦਾ ਕੋਈ ਕੰਮ ਨਹੀਂ ਹੁੰਦਾ ਕਿਸੇ ਪਰਾਏ ਆਦਮੀ ਵੱਲ ਬਿਟਰ ਬਿਟਰ ਤੱਕਣ, ਕਿ ਕੁੜੀਆਂ ਨਹੀਂ ਹਿੜ ਹਿੜ ਕਰ ਕੇ ਹੱਸਦੀਆਂ, ਕਿ ਕੁੜੀਆਂ ਨਹੀਂ ਪਟਰ ਪਟਰ ਗੱਲਾਂ ਕਰਦੀਆਂ। ਕੁੜੀਆਂ ਨੂੰ ਨਜ਼ਰ ਨੀਵੀਂ ਰੱਖਣੀ ਚਾਹੀਦੀ ਏ, ਗੱਲ ਹੌਲੀ ਕਰਨੀ ਚਾਹੀਦੀ ਏ, ਸਹੇਲੀਆਂ ਨਾਲ ਖੇਡਣਾ ਨਹੀਂ ਚਾਹੀਦਾ, ਵੱਡਿਆਂ ਦਾ ਹੁਕਮ ਮੰਨਣਾ ਚਾਹੀਦਾ ਏ।

ਸੋ ਜ਼ਾਹਿਰ ਏ ਕਿ ਕਿਸੇ ਨਾ ਕਿਸੇ ਪੱਲੇ-ਉਹਲੇ ਦੇ ਪਿੱਛਿਓਂ ਹੀ ਚੋਰੀ ਚੋਰੀ ਝਾਕ ਕੇ ਹੀ ਤੱਕਿਆ ਹੋਵੇਗਾ ਗੁਰਬਖ਼ਸ਼ ਸਿੰਘ ਹੋਰਾਂ ਨੂੰ। ਨੀਵੀਂ ਨਜ਼ਰੇ ਹੀ। ਅੱਖਾਂ ਦੀਆਂ ਝਿੰਮਣੀਆਂ ਦੀ ਚਿਲਮਨ ਉਹਲਿਓਂ ਝਾਕ ਕੇ।

ਅੱਜ ਤਫ਼ਸੀਲ ਯਾਦ ਨਹੀਂ। ਉਹ ਉਮਰ ਹੀ ਅਜਿਹੀ ਹੁੰਦੀ ਏ ਕਿ ਮਗਰੋਂ ਘਟਨਾਵਾਂ ਤਫ਼ਸੀਲ ਵਿਚ ਚੇਤੇ ਨਹੀਂ ਰਹਿੰਦੀਆਂ। ਉਂਜ ਉਹ ਜ਼ਿਹਨ 'ਤੇ, ਰੂਹ 'ਤੇ ਉੱਕਰੀਆਂ ਹੋਈਆਂ ਹੁੰਦੀਆਂ ਨੇ। ਵਰ੍ਹਿਆਂ ਮਗਰੋਂ ਵੀ ਤੱਕੋ, ਗ਼ੌਰ ਨਾਲ ਤੱਕੋ, ਤਾਂ ਉਹਨਾਂ ਦੇ ਰੰਗ ਚਟਖ਼ ਕੇ ਸਾਫ਼ ਤੇ ਚਿਲਕੋਰਾਂ ਮਾਰਦੇ ਨਜ਼ਰ ਆਉਂਦੇ ਨੇ।

ਮੈਨੂੰ ਪੱਕਾ ਯਾਦ ਏ ਕਿ ਇੱਕ ਮੈਨੂੰ ਦਾਰ ਜੀ ਸੋਹਣੇ ਲੱਗਦੇ ਹੁੰਦੇ ਸਨ, ਪਰ ਉਹਨਾਂ ਕੋਲੋਂ ਡਰ ਵੀ ਬੜਾ ਲੱਗਦਾ ਸੀ, ਇੱਕ ਬਾਪੂ ਜੀ ਯਾਨੀ ਮੇਰੇ ਨਾਨਾ ਜੀ ਸੋਹਣੇ ਲੱਗਦੇ ਹੁੰਦੇ ਸਨ, ਤੇ ਇੱਕ ਗੁਰਬਖ਼ਸ਼ ਸਿੰਘ ਸੋਹਣੇ ਲੱਗੇ।

ਐਤਵਾਰ ਦਾਰ ਜੀ ਆਪਣਾ ਕਲਿਨਿਕ ਅੱਧਾ ਦਿਨ ਬੰਦ ਰੱਖਦੇ ਸਨ। ਪਰ ਕਦੇ ਕਦਾਈਂ, ਦੋਂਹ ਤਿੰਨਾਂ ਮਹੀਨਿਆਂ ਵਿਚ ਇੱਕ ਵਾਰੀ ਪੂਰਾ ਦਿਨ ਬੰਦ ਕਰ ਦੇਂਦੇ ਸਨ। ਤੇ ਅਸੀਂ ਪ੍ਰੀਤ ਨਗਰ ਜਾ ਕੇ, ਕੁਝ ਚਿਰ ਉਥੇ ਠਹਿਰ ਕੇ, ਫੇਰ ਅੰਮ੍ਰਿਤਸਰ ਦਰਬਾਰ ਸਾਹਿਬ ਮੱਥਾ ਟੇਕ ਕੇ, ਰਾਤੀ ਵਾਪਸ ਘਰ ਆ ਜਾਂਦੇ ਸਾਂ।

ਮੈਨੂੰ ਯਾਦ ਏ, ਦਾਰ ਜੀ ਪ੍ਰੀਤ ਨਗਰ ਵਿਚ ਜ਼ਮੀਨ ਲੈ ਕੇ ਘਰ ਵੀ ਬਣਾਉਣਾ ਚਾਹੁੰਦੇ ਸਨ, ਪਰ ਬੀਜੀ ਕਹਿੰਦੇ ਸਨ, ਜਿਸ ਘਰ ਵਿਚ ਕਦੇ ਜਾ ਕੇ ਰਹਿ ਨਹੀਂ ਸੱਕਣਾ, ਉਹਨੂੰ ਬਣਾਉਣਾ ਹੀ ਕਿਉਂ? ਦਾਰ ਜੀ ਦੀ ਪ੍ਰੈਕਟਿਸ ਲਾਹੌਰ ਸੀ, ਤੇ ਜ਼ਾਹਿਰ ਏ ਕਿ ਅਸਾਂ ਹਮੇਸ਼ਾ ਲਾਹੌਰ ਹੀ ਰਹਿਣਾ ਸੀ।

ਗੁਰਬਖ਼ਸ਼ ਸਿੰਘ ਜੀ ਦਾਰ ਜੀ ਨੂੰ ਕਹਿੰਦੇ ਸਨ, ਜੀਤ ਨੂੰ ਐਥੇ ਐਕਟਿਵਿਟੀ ਸਕੂਲ (ਇਹੀ ਨਾਂ ਸੀ ਸ਼ਾਇਦ!) ਦਾਖ਼ਲ ਕਰਵਾ ਦਿਓ। ਪਰ ਦਾਰ ਜੀ ਨੂੰ ਉਹਨਾਂ ਦੀ ਬੇਹੱਦ ਆਜ਼ਾਦ-ਖ਼ਿਆਲੀ ਤੋਂ ਡਰ ਲੱਗਦਾ ਹੋਵੇਗਾ ਕਿ ਕੁੜੀ ਚੌੜ ਹੀ ਨਾ ਹੋ ਜਾਵੇ, ਏਸੇ ਕਰਕੇ ਹਾਂ ਹੂੰ ਕਰ ਛੱਡਦੇ, ਪਰ ਕਦੇ ਦਾਖ਼ਲ ਕਰਵਾਉਣ ਦੀ ਗੱਲ 'ਤੇ ਗ਼ੌਰ ਨਾ ਕਰਦੇ।

ਜੇ ਦਾਖ਼ਲ ਕਰਵਾ ਦੇਂਦੇ ਤਾਂ ਮੇਰੀ ਜ਼ਿੰਦਗੀ ਵਿਚੋਂ ਡਰ ਤੇ ਖ਼ੌਫ਼ ਦੇ ਬਹੁਤ ਸਾਰੇ ਸਾਲ ਮਨਫ਼ੀ ਹੋ ਜਾਂਦੇ। ਤੇ ਮੈਂ ਜੋ ਅੱਜ ਹਾਂ, ਧੱੜਲੇਦਾਰ, ਬੇਖ਼ੌਫ਼, ਆਪਣੀਆਂ ਸ਼ਰਤਾਂ 'ਤੇ ਜੀਊਣ ਵਾਲੀ, ਇਹ ਬਹੁਤ ਪਹਿਲੋਂ ਹੀ ਬਣ ਜਾਂਦੀ। ਕਿੰਨੀ ਸਾਰੀ ਜ਼ਿੰਦਗੀ ਕੂੜਾ ਬਣਨੋ ਬਚ ਜਾਂਦੀ।

. . . . . .

ਮਗਰੋਂ, ਜਦੋਂ ਪੰਜਾਬੀ ਸਾਹਿਤ ਪੜ੍ਹਨਾ ਸ਼ੁਰੂ ਕੀਤਾ, ਜਿਸਦੇ ਲਈ ਅੰਮ੍ਰਿਤਾ ਪ੍ਰੀਤਮ ਦੇ ਪਿਤਾ ਜੀ ਗਿਆਨੀ ਕਰਤਾਰ ਸਿੰਘ ਹਿਤਕਾਰੀ ਜੀ ਦੀ ਮੈਂ ਅੱਜ ਵੀ ਸ਼ੁਕਰਗੁਜ਼ਾਰ ਹਾਂ, ਤਾਂ ਗੁਰਬਖ਼ਸ਼ ਸਿੰਘ ਹੋਰਾਂ ਦੀਆਂ ਲਿਖਤਾਂ ਨੇ ਮੇਰੇ 'ਤੇ ਬਹੁਤ ਅਸਰ ਪਾਇਆ।

ਮੇਰੇ 'ਤੇ ਹੀ ਕੀ, ਉਹਨਾਂ ਦੀਆਂ ਲਿਖਤਾਂ ਨੇ ਮੇਰੇ ਵਾਲੀ ਪੂਰੀ ਪੀੜ੍ਹੀ ਦੀ ਸੋਚ 'ਤੇ ਅਸਰ ਪਾਇਆ ਸੀ। ਓਹੀ ਤੇ ਸਨ ਜਿਹਨਾਂ ਨੇ ਪਹਿਲੀ ਵਾਰੀ ਇਸ਼ਕ ਦੀ ਗੱਲ ਕੀਤੀ ਸੀ, ਭਾਵੇਂ ਉਹ ਇਸ਼ਕ ਬੜਾ ਕੂਲਾ ਕੂਲਾ, ਨਰਮ ਨਰਮ, ਮੁਲਾਇਮ ਮੁਲਾਇਮ, ਤੇ ਜਿਸਮਾਂ ਤੋਂ ਦੂਰ, ਰੂਹਾਂ ਵਿਚ ਵੱਸਣ ਵਾਲਾ ਇਸ਼ਕ ਸੀ। ਓਹੀ ਤੇ ਸਨ ਜਿਹਨਾਂ ਨੇ ਪਹਿਲੀ ਵਾਰੀ ਲੋਕਾਂ ਨੂੰ ਪ੍ਰਸੰਨ ਲੰਮੀ ਉਮਰ ਜੀਊਣ ਦੀ ਜਾਚ ਦੱਸੀ ਸੀ। ਮਨੋਹਰ ਸ਼ਖ਼ਸੀਅਤ ਘੜਣ ਦਾ ਚੱਜ ਸਿਖਾਇਆ ਸੀ, ਸੁਖਾਵੀਂ ਸੁਧਰੀ ਜ਼ਿੰਦਗੀ ਜੀਊਣ ਦੀ ਤਮੰਨਾ ਪੈਦਾ ਕੀਤੀ ਸੀ ਲੋਕਾਂ ਦੇ ਦਿਲਾਂ ਵਿਚ, ਖ਼ੁਸ਼ਹਾਲ ਜੀਵਨ ਦੇ ਸੁਪਨੇ ਬੀਜੇ ਸਨ ਲੋਕਾਂ ਦੇ ਜ਼ਿਹਨਾਂ ਦੀ ਪੋਲੀ ਮਿੱਟੀ ਵਿਚ, ਚੰਗੇਰੀ ਦੁਨੀਆਂ ਦੇ ਖ਼ਾਬ ਦੇ ਦਰਸ਼ਨ ਕਰਵਾਏ ਸਨ, ਜੀਵਨ-ਚੰਗਿਆੜੀ ਨੂੰ ਭਖਾਉਣ ਦੀ ਜਾਚ ਦੱਸੀ ਸੀ।

ਉਹਨਾਂ ਦੀ ਵਾਰਤਕ ਨੇ ਪਹਿਲੀ ਵਾਰੀ ਲੋਕਾਂ ਦੇ ਦਿਲਾਂ ਦੇ ਦਰਵਾਜ਼ਿਆਂ 'ਤੇ ਦਸਤਕ ਦਿੱਤੀ ਸੀ।

. . . . . .

ਮਗਰੋਂ, ਜਦੋਂ ਮੈਂ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ, ਤਾਂ ਉਹ ਸਨ, ਨਾਨਕ ਸਿੰਘ ਜੀ ਸਨ, ਪ੍ਰੋਫ਼ੈਸਰ ਰਾਮ ਸਿੰਘ ਜੀ ਸਨ, ਜਿਹਨਾਂ ਪਹਿਲੇ ਪਹਿਲ ਮੈਨੂੰ ਖ਼ੁਦ ਖ਼ਤ ਲਿਖ ਕੇ ਯਕੀਨ ਦੁਆਇਆ ਕਿ ਮੈਂ ਤਾਂ ਲੇਖਕ ਬਣ ਗਈ ਸਾਂ। ਇਹੋ ਜਿਹੇ ਅਜ਼ੀਮ ਲੋਕ ਜਦੋਂ ਕਿਸੇ ਨਵੇਂ, ਨਵ-ਸਿੱਖੀਏ ਲੇਖਕ ਦੀ ਤਾਰੀਫ਼ ਕਰ ਦੇਣ, ਤਾਂ ਕੌਣ ਕਮਬਖ਼ਤ ਫ਼ਖ਼ਰ ਮਹਿਸੂਸ ਨਹੀਂ ਕਰੇਗਾ! ਤੇ ਕੌਣ ਕਮਬਖ਼ਤ ਹੋਰ ਜ਼ਿਆਦਾ ਵਧੀਆ ਲਿਖਣ ਦੀ ਕੋਸ਼ਿਸ਼ ਨਹੀਂ ਕਰੇਗਾ!

ਮੈਨੂੰ ਅੱਜ ਵੀ ਯਾਦ ਏ, ਪ੍ਰੀਤ ਲੜੀ ਨੂੰ ਮੈਂ ਕਿਸ ਤਰਾਂ ਪਹਿਲੇ ਸਫ਼ੇ ਤੋਂ ਅਖ਼ੀਰਲੇ ਸਫ਼ੇ ਤੱਕ ਘੁੱਟ ਘੁੱਟ ਕਰ ਕੇ ਪੀਂਦੀ ਹੁੰਦੀ ਸਾਂ। ਇੱਕ ਵਾਰੀ ਉਹਨਾਂ ਲਿਖਿਆ ਸੀ, "ਮੈਂ ਸਵੇਰੇ

ਚਾਨਣ ਦਾ ਸੁਪਨਾ

ਪਿਆਰਾ ਸਿੰਘ ਸਹਿਰਾਈ

ਨਵੇਂ ਨਵੇਂ ਗਗਨਾਂ ਵਿੱਚ ਉੱਡਣਾ ਲੋਚਿਆ।
ਸਿਰਜ ਸਿਰਜ ਸਤਰੰਗੀਆਂ ਸੀਗਾ ਝੂਟਿਆ।
ਸੁਪਨਿਆਂ ਦਾ ਚਾਨਣ ਮਾਰਗ ਰੁਸ਼ਨਾਂਵਦਾ,
ਸੁਪਨਿਆਂ ਦਾ ਸੰਗੀਤ ਸੰਗ ਸੰਗ ਗਾਂਵਦਾ।
ਸੁਪਨਿਆਂ ਨੂੰ ਪਰਨਾਈ ਅਪਣੀ ਪ੍ਰੀਤ ਤੂੰ,
ਨਵੀਂ ਹੀ ਤੇਰੀ ਇਸ ਨਗਰੀ ਵਿਚ ਰੀਤ ਤੂੰ।
ਜੁਗਨੂੰਆਂ ਵਰਗੇ ਬੋਲ ਮੋਂਹਦੇ ਮਨਾਂ ਨੂੰ,
ਛੋਹ ਸੁਪਨਿਆਂ ਦੀ ਹੀ ਲੱਗੀ ਤਨਾਂ ਨੂੰ।
ਫੁੱਲਾਂ ਵਰਗੀ ਸੁਬਕ ਸੁਗੰਧਤ ਤੱਕਣੀ,
ਤੇ ਖ਼ਿਆਲਾਂ ਦੇ ਤਾਰਿਆਂ ਦੀ ਲੋਅ ਰੇਸ਼ਮੀ।
ਰਿਹਾ ਕੱਢਦਾ ਰੰਗਲਾ ਜੀਵਨ-ਬਾਗ ਤੂੰ,
ਤੇ ਮਹਿਕਾਈ ਪੰਜ-ਦਰਿਆ ਦੀ ਆਬ ਤੂੰ।
ਰਸ-ਭਿੰਨੜਾ ਰਚਿਆ ਪੰਖੇਰੂ ਰਾਗ ਤੂੰ,
ਛੇੜਿਆ ਸੀ ਕੁਝ ਏਦਾਂ ਜੀਵਨ ਸਾਜ਼ ਤੂੰ।
ਸੁਹਜ-ਸੁਆਦ ਜਗਾਉਣੀ ਜੀਵਨ-ਜਾਚ ਸੀ ,
ਵਲਵਲਿਆਂ ਦੇ ਮੰਡਲੀਂ ਤੇਰਾ ਵਾਸ ਸੀ।
ਰਹੀ ਸੌਂਦਰਯ ਰਚਦੀ ਤੇਰੀ ਕਲਪਨਾ,
ਰੀਝਾਂ ਦੀ ਖੱਡੀ ਰਹੀ ਕਰਦੀ ਸਿਰਜਣਾ।
ਰਿਹਾ ਸਿੱਕਦਾ ਪਾਉਣਾ ਕਿਸੇ ਅਪਹੁੰਚ ਨੂੰ,
ਰਿਹਾ ਸਿੱਕਦਾ ਗਾਉਣਾ ਕਿਸੇ ਅ-ਕੱਥ ਨੂੰ।
ਰਿਹੋਂ ਸਿਰਜਦਾ ਰਸ ਰੰਗ, ਤਾਂ ਜੁ ਜ਼ਿੰਦਗੀ
ਹੋ ਜਾਏ ਹੋਰ ਰੰਗੀਨ, ਰਸੀਲੀ, ਰਸ-ਭਰੀ।
ਫੁੱਲਾਂ ਅਤੇ ਸਿਤਾਰਿਆਂ ਕੀਤੀ ਰਾਹਬਰੀ,
ਹਰ ਪਰਭਾਤੇ ਊਸ਼ਾ ਦਿੱਤੀ ਦਿਲਬਰੀ।
ਪਾਂਧੀ ਸੈਂ ਤੂੰ ਦਿੱਸ-ਹੱਦੇ ਤੋਂ ਪਾਰ ਦਾ,
ਤੈਨੂੰ ਕੁੱਝ ਉਥਾਊਂ ਰਿਹਾ ਪੁਕਾਰਦਾ।
ਸੁਪਨਾ ਸੀ ਕੋਈ ਤੈਨੂੰ ਜਿਦ੍ਹੀ ਤਲਾਸ਼ ਸੀ,
ਇਹ ਸੁਪਨਾ ਤੇਰੇ ਜੀਵਨ ਦੀ ਰਾਸ ਸੀ।

ਬੀਤੇ, ਵਰਤਮਾਨ ਅਤੇ ਭਵਿੱਖ ਨੂੰ ਜੋੜਦੀਆਂ ਹੁਸੀਨ ਤੰਦਰੁਸਤ ਕਦਰਾਂ ਕੀਮਤਾਂ, ਵਿਗਿਆਨ ਦਾ ਦਖ਼ਲ ਸਵੀਕਾਰਦੀਆਂ, ਆਸ ਦੇਂਦੀਆਂ, ਰਾਹ ਵਿਖਾਂਦੀਆਂ — ਇਨ੍ਹਾਂ ਸਭ ਵਲ ਸਮਰਪਣ! ਕਿੰਨਾ ਸੁਹਣਾ ਕੰਮ ਹੈ। ਅਤੇ ਫੇਰ ਉਤੋਂ ਸ਼ਬਦ-ਸ਼ਹਿਦ! ਗੁਰਬਖ਼ਸ਼ ਸਿੰਘ 'ਪ੍ਰੀਤਲੜੀ' ਦੀ ਦੁਨੀਆ ਵਿਚ ਪ੍ਰਮਾਣਿਕਤਾ, ਪਕਿਆਈ, ਸਮਤੋਲ, ਗਿਆਨ-ਸਮਰਪਣ ਹੈ ਅਤੇ ਤਰਾਸ਼ੇ ਕੋਮਲ ਹਿਰਦੇ ਲਈ ਉੱਚੀ ਪਦਵੀ, ਨਵੀਂ ਜਾਣਕਾਰੀ ਅਗੇ ਨਿਮਰਤਾ ਨਾਲ ਗੋਡੇ ਟੇਕਣ ਦੀ ਜੋ ਸੁਚੇਤੀ ਹੈ ਉਹ ਨਰੋਇਆ ਮਾਨਵ ਵਿਰਸਾ ਹੈ, ਇਕ ਪੁਖ਼ਤਾ ਡੰਡਾ-ਪੌੜੀ ਦਾ। ਉਹ ਇਸ ਸਭ ਉਤੇ ਸੌਖੀ ਸ਼ਾਹ-ਸਵਾਰੀ ਕਰ ਰਹੇ ਜਾਪਦੇ ਸਨ, ਅਸਪਸ਼ਟਤਾ ਉੱਤੇ ਜਿੱਤ ਪਾ ਕੇ — ਬੇਸ਼ਕ ਇਹ ਸਭ ਕਿਸੇ ਵੀ ਇਕ ਇਨਸਾਨ ਨਾਲੋਂ ਵਡਾ ਰਹੇਗਾ।

ਪੂਨਮ 'ਪ੍ਰੀਤਲੜੀ'

ਨਹਾਉਣ ਵੇਲੇ ਆਪਣੇ ਚਿਹਰੇ 'ਤੇ ਤਾਜ਼ੇ ਦੁੱਧ ਦੀ ਪੋਲੀ ਪੋਲੀ ਮਾਲਿਸ਼ ਕਰਦਾ ਹਾਂ, ਤੇ ਫੇਰ ਮੂੰਹ 'ਤੇ ਪੋਲੇ ਪੋਲੇ ਧੱਫੇ ਮਾਰਦਾ ਹਾਂ। ਇਹਦੇ ਨਾਲ ਚਿਹਰਾ ਲਿਸ਼ਕਿਆ ਰਹਿੰਦਾ ਏ।'' ਤੇ ਮੈਂ ਕਈ ਸਾਲ ਚਿਹਰੇ 'ਤੇ ਦੁੱਧ ਮਲ ਕੇ ਧੱਫੇ ਮਾਰਦੀ ਰਹੀ।

ਉਹਨਾਂ ਦੀ ਲਿਖਤ ਵਿਚ ਵੀ ਜਾਦੂ ਸੀ ਤੇ ਸ਼ਖ਼ਸੀਅਤ ਵਿਚ ਵੀ। ਇਹੋ ਜਿਹੇ ਲੋਕ ਕਦੇ ਕਦਾਈਂ ਪੈਦਾ ਹੁੰਦੇ ਨੇ। ਮੈਨੂੰ ਫ਼ਖ਼ਰ ਏ ਕਿ ਇਤਿਹਾਸ ਦੇ ਕੁਝ ਪਲ ਮੈਂ ਉਸੇ ਹਵਾ ਵਿਚ ਸਾਹ ਲੈਂਦੀ ਰਹੀ ਜਿਹਦੇ ਵਿਚ ਉਹ ਸਾਹ ਲੈ ਰਹੇ ਸਨ।

ਮੈਂ ਉਹਨਾਂ ਦੀਆਂ ਲਿਖਤਾਂ, ਉਹਨਾਂ ਦੀ ਸੋਚ, ਉਹਨਾਂ ਦੇ ਖ਼ਿਆਲ, ਸਭ ਆਪਣੇ ਮਨ ਦੀ ਮਿੱਟੀ ਵਿਚ ਜਜ਼ਬ ਕੀਤੇ ਨੇ, ਹੰਢਾਏ ਨੇ, ਜੀਵੇ ਨੇ।

ਕਾਸ਼, ਮੈਂ ਇਹ ਵੀ ਕਹਿ ਸਕਦੀ ਕਿ ਮੈਂ ਉਹਨਾਂ ਦੀ ਸਮਕਾਲੀ ਸਾਂ, ਕਿਉਂਕਿ ਓਦੋਂ ਅਜੇ ਮੈਂ ਬਹੁਤ ਛੋਟੀ ਸਾਂ ਤੇ ਮੇਰੀ ਸੋਚ ਅਜੇ ਤਪਦੀਆਂ ਭੱਠੀਆਂ ਵਿਚ ਤਪ ਕੇ ਲਾਲ ਸੂਹੀ ਨਹੀਂ ਸੀ ਹੋਈ ਜਦੋਂ ਉਹ ਆਪਣੀ ਲੇਖਣੀ ਦੀ ਐਵਰੈਸਟ 'ਤੇ ਖੜੋਤੇ ਸਨ।

ਪਰ ਵਕਤ ਦਾ ਇੱਕ ਟੁਕੜਾ ਹੈ ਸੀ, ਅਨੰਤ ਸਮਿਆਂ ਦੇ ਬੇਕਿਨਾਰ ਇਤਿਹਾਸ ਵਿਚ ਇੱਕ ਛੋਟਾ ਜਿਹਾ ਟੁਕੜਾ, ਜਦੋਂ ਅਸੀਂ ਦੋਵੇਂ ਇਕੱਠੇ ਜ਼ਿੰਦਾ ਸਾਂ ਤੇ ਦੋਵੇਂ ਲਿਖ ਰਹੇ ਸਾਂ। ਏਸੇ ਗੱਲ ਦਾ ਫ਼ਖ਼ਰ ਏ ਮੈਨੂੰ। □

ਸਤਯਮ......ਸ਼ਿਵਮ......ਸੁੰਦਰਮ?

ਗੁਲਜ਼ਾਰ ਸਿੰਘ ਸੰਧੂ

ਸਾਵੀਂ-ਸੁਧਰੀ-ਭਖਦੀ ਜੀਵਨ ਚੰਗਿਆੜੀ ਗੁਰਬਖ਼ਸ਼ ਸਿੰਘ ਦਾ ਸਤਯਮ...ਸਿਵਮ...ਸੁੰਦਰਮ ਵੀ ਹੈ ਤੇ ਤ੍ਰਾਸ਼ੀਦਮ...ਪ੍ਰਸਤੀਦਮ...ਸ਼ਿਕਸਤਮ ਵੀ । ਸ਼ਬਦਾਂ ਦੀ ਕੋਈ ਤਿਕੜੀ ਹੀ ਸੰਪੂਰਨਤਾ ਦਾ ਚਿੰਨ੍ਹ ਬਣ ਸਕਦੀ ਹੈ। ਦੋ ਨੁਕਤੇ ਮੇਲਿਆਂ ਤਿਕੋਨ ਨਹੀਂ ਬਣਦੀ ਤੇ ਤਿਕੋਨ ਹੀ ਪ੍ਰਾਪਤੀ ਦਾ ਚਿੰਨ੍ਹ ਹੋ ਸਕਦਾ ਹੈ......ਲਕੀਰ ਨਹੀਂ। ਇਕ ਨੁਕਤਾ ਆਧਾਰ ਬਣਦਾ ਹੈ, ਦੂਜਾ ਮੰਜ਼ਲ ਤੇ ਤੀਜਾ ਉਸ ਮੰਜ਼ਲ ਤੇ ਅਪੜਨ ਦਾ ਪੈਂਡਾ। ਤੀਜਾ ਗਲਿਆ ਕੰਮ ਗਲਦਾ ਨਹੀਂ ਸੌਰਦਾ ਹੀ ਹੈ। ਇਹ ਉਸ ਟੱਕਰ ਦਾ ਕੰਮ ਵੀ ਦਿੰਦਾ ਹੈ ਜਿਹੜੀ ਸੰਪੂਰਨਤਾ ਦਾ ਮਾਧਿਅਮ ਬਣਦੀ ਹੈ।

ਗੁਰਬਖ਼ਸ਼ ਸਿੰਘ ਦੇ ਜੀਵਨ ਦਰਸ਼ਨ ਦਾ ਆਧਾਰ, ਸਾਵਾਂ ਪੱਧਰਾ ਹੈ, ਪੈਂਡਾ ਸੁਖਾਵਾਂ-ਸੁਧਰਾ ਤੇ ਮੰਜ਼ਲ ਭਖਦੀ ਹੋਈ। ਜਿਹੜਾ ਇਸ ਮੰਜ਼ਲ ਨੂੰ ਪਾ ਗਿਆ ਉਹ ਪਰਮ ਮਨੁੱਖ। ਇਹ ਗੱਲ ਵਖਰੀ ਹੈ ਕਿ ਉਸ ਦੇ ਜੀਵਨ ਸਿਧਾਂਤ ਦੀਆਂ ਸਾਂਵੀ ਪੱਧਰੀ ਤੇ ਸੁਖਾਵੀਂ ਸੁਧਰੀ, ਦੋ ਬਾਹੀਆਂ ਤਾਂ ਮਜ਼ਬੂਤ ਹਨ, ਪਰ ਤੀਜੀ ਭਖਣ ਵਾਲੀ ਨਹੀਂ। ਜੇ ਉਸ ਵਿਚ ਭਖਾਅ ਹੈ ਤਾਂ ਉਹ ਵੀ ਇਕ ਤਰ੍ਹਾਂ ਦਾ ਟਿਕਾਅ ਹੀ ਹੈ। ਉਸ ਨੇ ਜੀਵਨ ਦੀ ਬਾਂਹ ਫੜ ਕੇ ਇਸ ਨੂੰ ਘੋਰ ਸੰਘਰਸ਼ ਤੋਂ ਰੋਕੀ ਰਖਿਆ ਹੈ। ਕੁਝ ਏਸੇ ਤਰ੍ਹਾਂ ਜਿਵੇਂ ਉਹ ਆਪਣੇ ਆਰਥਕਤਾ-ਸਾਹਿਤ ਵਿਚ ਲੋੜਾਂ ਤੇ ਲੋੜਾਂ ਨੂੰ ਪੂਰੀਆਂ ਕਰਨ ਦੇ ਯਤਨਾਂ ਤਕ ਤਾਂ ਗਿਆ ਹੈ, ਪਰ ਇਹਨਾਂ ਦੀ ਪ੍ਰਾਪਤੀ ਅਤੇ ਸਤੁੰਸ਼ਟੀ ਦੀ ਜ਼ਿਮੇਂਵਾਰੀ ਤਕ ਨਹੀਂ।

ਇਹ ਇਕਸਾਰਤਾ ਤੇ ਸਾਵਾਂਪਨ ਉਸ ਨੇ ਆਪਣੇ ਪ੍ਰੀਤ ਸਿਧਾਂਤ ਵਿਚ ਵੀ ਕਾਇਮ ਰਖਿਆ ਹੈ। ਪ੍ਰੀਤ ਵਿਚ ਉਸ ਨੇ ਪਹਿਚਾਣ ਤੋਂ ਪਰਵਾਨਗੀ ਤਕ ਦਾ ਪੈਂਡਾ ਤਾਂ ਕੀਤਾ ਹੈ, ਪਰ ਕਬਜ਼ੇ ਤੇ ਅਪਣਤ ਦੀ ਮੰਜ਼ਲ ਤੋਂ ਉਰਲੇ ਪਾਰ ਤਕ।

ਗੁਰਬਖ਼ਸ਼ ਸਿੰਘ ਨੇ ਸਤਯਮ-ਸ਼ਿਵਮ ਨੂੰ ਸੁੰਦਰਮ ਦੇ ਇਸ ਪਾਰ ਖਲ੍ਹਾਰੀ ਰਖਿਆ ਹੈ ਤੇ ਤ੍ਰਾਸ਼ੀਦਮ-ਪ੍ਰਸਤੀਦਮ ਦੀ ਭਾਵਨਾ ਨੂੰ ਸ਼ਿਕਸਤਮ ਦੀ ਭਾਵਨਾ ਦੇ ਇਸ ਪਾਰ। ਇਹੀਓ ਸਾਵਾਂਪਨ ਤੇ ਇਕਸਾਰਤਾ ਉਸ ਦੀ ਸ਼ਕਤੀ ਹੈ ਤੇ ਇਹੀਓ ਉਸ ਦੀ ਕਮਜ਼ੋਰੀ। ਸ਼ਕਤੀ ਇਸ ਲਈ ਕਿ ਇਹ ਸਾਵੀਂ ਪੱਧਰੀ ਸਦਭਾਵਨਾ ਤੇ ਮੰਡਨ ਦਾ ਪੈਂਡਾ ਹੈ.....ਖੰਡਨ ਦਾ ਨਹੀਂ। ਕਮਜ਼ੋਰੀ ਇਸ ਲਈ ਕਿ ਇਹ ਖ਼ੁਬਸੂਰਤ ਪੈਂਡਾ ਤਾਂ ਹੈ, ਪ੍ਰਾਪਤੀ ਨਹੀਂ। ਖੰਡਨ ਬਾਝ ਮੰਡਨ ਦਾ ਮੁੱਲ ਨਹੀਂ ਪੈਂਦਾ ਤੇ ਕਬਜ਼ੇ ਤੇ ਅਪਣਤ ਬਿਨਾਂ ਪਹਿਚਾਣ ਤੇ ਪਰਵਾਨਗੀ ਦਾ। ਸਥਿਤੀ ਦੀ ਨਬਜ਼ ਨੂੰ ਪਹਿਚਾਨਣਾ, ਆਪਣੇ ਸਿਧਾਂਤ ਨੂੰ ਇਸ ਵਿਚ ਮਕਬੂਲ ਕਰਵਾਣਾ ਤੇ ਫੇਰ ਉਸ ਤੇ ਵਿਜੈ ਪਾਉਣਾ ਕ੍ਰਾਂਤੀਕਾਰੀ ਅਮਲ ਦੇ ਘਟੋ ਘਟ ਤਿੰਨ ਪੜਾਅ ਅਵੱਸ਼ ਹਨ, ਦੋ ਨਹੀਂ। ਜੇ ਪਹਿਚਾਣ ਸਤਿ ਹੈ, ਸਤਿ ਨੂੰ ਤ੍ਰਾਸ਼ਨਾ ਹੈ ਤਾਂ ਸੁੰਦਰਤਾ ਕਬਜ਼ੇ ਜਾਂ ਖੰਡਨ ਲਈ ਸੱਦਾ ਹੈ। ਪਰਵਾਨਗੀ ਸ਼ਿਵ ਤੇ ਪ੍ਰਸਤਸ਼ ਤਾਂ ਇਕ ਪੈਂਡਾ ਹੀ ਹੈ, ਕਬਜ਼ੇ ਖੰਡਨ ਤੇ ਸੁੰਦਰਤਾ ਤਕ ਅਪੜਨ ਦਾ। ਗੁਰਬਖ਼ਸ਼ ਸਿੰਘ ਨੇ ਜਿਸ ਸੱਚ-ਤਯ ਨੂੰ ਤ੍ਰਾਸ਼ਿਆ ਹੈ ਉਸ ਦੀ ਪ੍ਰਸਤਸ਼ ਹੀ ਕੀਤੀ ਹੈ, ਖੰਡਨ ਨਹੀਂ। ਗੁਰਬਖ਼ਸ਼ ਸਿੰਘ ਦੀ ਵਡਿਆਈ ਇਸ ਵਿਚ ਹੈ ਕਿ ਜੇ ਉਸ ਨੇ ਸੁੰਦਰਤਾ ਭਖਾਅ, ਕਬਜ਼ਾ, ਖੰਡਨ ਤੇ ਸੰਤੁਸ਼ਟੀ ਦੀ ਸਿਖਰ ਨੂੰ ਨਹੀਂ ਛੁਹਿਆ ਤਾਂ ਇਸ ਨੂੰ ਛੁਹਣ ਲਈ ਖੁਲ੍ਹਾ ਦਰ ਤਾਂ ਉਸਾਰਿਆ ਹੈ।

ਆਪਣੀ ਸਿਰਜੀ ਸੁੰਦਰਤਾ ਦੇ ਖੰਡਰਾਂ ਉਤੇ ਨਵੀਂ ਸੁੰਦਰਤਾ ਦੀ ਉਸਾਰੀ ਤੱਕ ਸਕਣਾ ਕਿਸੇ ਪ੍ਰਸੰਨ ਲੰਮੀ ਉਮਰ ਵਾਲੇ ਭਾਗੀ ਜੀਵ ਦੇ ਹੀ ਵੰਡੇ ਆਉਂਦਾ ਹੈ। ਕਾਸ਼ ਇਹ ਉਮਰਾ ਏਨੀ ਲੰਮੀ ਹੁੰਦੀ ਕਿ ਉਹ ਆਪਣੀ ਅੱਖੀ ਆਪਣੇ ਸਿਧਾਂਤਾਂ ਦਾ ਖੰਡਨ ਤੱਕ ਸਕਦਾ.....ਉਸ ਦੇ ਸਿਧਾਂਤਾਂ ਦਾ ਖੰਡਨ ਕਰਨ ਲਈ ਪਤਾ ਨਹੀਂ ਸਾਨੂੰ ਕਿੰਨੇ ਦਹਾਕੇ ਹੋਰ ਚਾਹੀਦੇ ਹਨ। ●

ਚੰਗੀ ਰਹਿਣੀ ਬਹਿਣੀ ਦਾ ਮਾਲਕ

ਡਾ: ਮਾਨ ਸਿੰਘ ਨਿਰੰਕਾਰੀ

ਮੈਨੂੰ ਸ: ਗੁਰਬਖ਼ਸ਼ ਸਿੰਘ ਜੀ ਨੂੰ ਮਿਲਣ ਦਾ ਸੁਭਾਗ 1934-35 ਵਿਚ ਹੋਇਆ ਸੀ। ਉਹਨਾਂ ਦਿਨਾਂ ਵਿਚ ਮੈਂ ਮੈਡੀਕਲ ਕਾਲਜ ਵਿਚ ਵਿਦਿਆਰਥੀ ਸੀ। ਉਹਨਾਂ ਦਿਨਾਂ ਵਿਚ, ਇਹਨਾਂ ਵਲੋਂ ਪ੍ਰਕਾਸ਼ਿਆ ਜਾਣ ਵਾਲਾ ਰਸਾਲਾ 'ਪ੍ਰੀਤ ਲੜੀ' ਜੋ ਕਿ ਅਜੇ ਸ਼ੁਰੂ ਹੀ ਹੋਇਆ ਸੀ, ਮੈਨੂੰ ਵੀ ਕਿਧਰੋਂ ਪ੍ਰਾਪਤ ਹੋਇਆ ਸੀ। ਪੰਜਾਬੀ ਦਾ ਇਹ ਪੱਤਰ, ਬਾਕੀ ਦੇ, ਸਮੇਂ ਦੇ, ਪੱਤਰਾਂ ਨਾਲੋਂ ਪੰਜਾਬੀ ਦੀ ਲੇਖਣੀ, ਸ਼ੈਲੀ ਕੋਈ ਅਨੁਪਮ ਕਿਸਮ ਦੀ ਹੀ ਪ੍ਰਤੀਤ ਹੁੰਦੀ ਸੀ। ਇਹਨਾਂ ਦੇ ਲੇਖਾਂ ਤੋਂ ਪੰਜਾਬੀ ਵਿਚ ਨਵਾਂ ਰਸ ਨਵੀਂ ਮਿਠਾਸ, ਅਤੇ ਨਵੀ ਲਯ ਦੀ ਖ਼ੁਸ਼ਬੋ ਆਉਂਦੀ ਸੀ।

ਮੈਂ ਇਹਨਾਂ ਨੂੰ ਨੌਸ਼ਹਿਰੇ (ਅਕਾਲੀ ਫੂਲਾ ਸਿੰਘ ਦੀ ਸਮਾਧ ਤੇ) ਇਕ ਚਿੱਠੀ ਲਿਖੀ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੁਰਬ ਮੈਡੀਕਲ ਕਾਲਜ ਵਿਚ ਮਨਾਇਆ ਜਾ ਰਿਹਾ ਹੈ ਅਤੇ ਉਹ ਇਸ ਪਵਿੱਤਰ ਪੁਰਬ ਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਨ। ਇਹਨਾਂ ਦਾ ਭਾਸ਼ਨ ਬਹੁਤ ਵਿਦਵਤਾ ਭਰਪੂਰ, ਪ੍ਰਭਾਵਸ਼ਾਲੀ ਅਤੇ ਦਿਲਾਂ ਤੇ ਅਸਰ ਕਰਨ ਵਾਲਾ ਸੀ।

ਮੈਡੀਕਲ ਕਾਲਜ ਵਿਚ ਸ: ਗੁਰਬਖ਼ਸ਼ ਸਿੰਘ ਜੀ ਨੇ ਹੋਸਟਲ ਵਿਚ ਮੇਰੇ ਕਮਰੇ ਵਿਚ ਹੀ ਨਿਵਾਸ ਕੀਤਾ ਅਤੇ ਮੈਨੂੰ ਇਹਨਾਂ ਦੀ ਸੇਵਾ ਦਾ ਸੁਭਾਗ ਪ੍ਰਾਪਤ ਹੋਇਆ।

ਫਿਰ ਵਾਪਸ ਜਾਣ ਤੋਂ ਬਾਅਦ ਇਹਨਾਂ ਨੇ ਮੈਨੂੰ ਉਹਨਾਂ ਦਿਨਾਂ ਵਿਚ ਹੀ ਨੁਸ਼ਹਿਰੇ ਆਪਣੇ ਕੋਲ ਆਉਣ ਦਾ ਸੱਦਾ ਦਿਤਾ ਕਿਉਂਕਿ ਸਾਡੀ ਮਿੱਤਰਤਾ ਕਾਫ਼ੀ ਗੂੜ੍ਹੀ ਹੋ ਗਈ ਸੀ।

ਮੈਂ ਇਹਨਾਂ ਦੇ ਘਰ ਜਾ ਕੇ ਵੇਖਿਆ ਕਿ ਭਾਵੇਂ ਇਹਨਾਂ ਦਾ ਘਰ ਪੱਕਾ ਨਹੀਂ ਬਣਿਆ ਸੀ, ਪਰ ਮਿੱਟੀ ਦਾ ਘਰ ਵੀ, ਸੁਆਰ ਕੇ, ਲਿੰਬ ਪੋਚ ਕੇ ਚੀਜ਼ਾਂ ਦਾ ਢੁਕਵੀਆਂ ਥਾਵਾਂ ਤੇ ਪਏ ਹੋਣ ਕਰ ਕੇ ਕਿਸੇ ਗੱਲੋਂ ਵੀ ਮਹੱਲਾਂ ਨੂੰ ਮਾਤ ਪਾਉਣ ਤੋਂ ਘੱਟ ਨਹੀਂ ਸੀ। ਮੈਂ ਇਹਨਾਂ ਦੇ ਘਰ ਦੇ ਆਲੇ ਦੁਆਲੇ ਦੀ ਸਫ਼ਾਈ, ਖੁਲ੍ਹੀ ਅਤੇ ਖ਼ੁਸ਼ਗਵਾਰ ਸਿਹਤ ਅਨੁਕੂਲ ਰਹਿਣੀ ਬਹਿਣੀ ਤੋਂ ਪ੍ਰਭਾਵਤ

ਹੋਇਆ। ਮੈਂ ਇਹਨਾਂ ਦੇ ਕੱਚੇ ਨਿਵਾਸ ਨੂੰ ਵੀ ਮਹੱਲ ਨਾਲ ਤੁਲਨਾ ਦੇਣੋਂ ਨਹੀਂ ਰਹਿ ਸਕਦਾ।

ਪੰਜਾਬੀ ਵਿਚ ਤਾਂ ਇਹਨਾਂ ਦੀ ਕਲਮ ਦਾ ਜੌਹਰ ਹੈ ਹੀ ਸੀ, ਪਰ ਇਹਨਾਂ ਦਾ ਖੇਤੀਬਾੜੀ ਵਲ ਭਰਪੂਰ ਉਤਸ਼ਾਹ ਮੈਨੂੰ ਪ੍ਰਭਾਵਤ ਕੀਤੇ ਬਗ਼ੈਰ ਨਹੀਂ ਰਹਿ ਸਕਿਆ। ਇਹਨਾਂ ਦਾ ਹੀ ਇਹ ਕੰਮ ਹੈ ਕਿ ਇਹਨਾਂ ਨੇ ਕਾਸ਼ਤਕਾਰਾਂ ਲਈ ਅਤੇ ਖ਼ਾਸ ਕਰ ਪੰਜਾਬੀ ਕਾਸ਼ਤਕਾਰ ਭਰਾਵਾਂ ਲਈ ਟਰੈਕਟਰ ਦੀ ਵਰਤੋਂ ਦੁਆਰਾ ਨਵੀਂ ਵਿਗਿਆਨਕ ਢੰਗ ਦੀ ਖੇਤੀਬਾੜੀ ਦਾ ਰਸਤਾ ਖੋਲ੍ਹ ਦਿਤਾ।

ਇਹਨਾਂ ਦੇ ਕੱਚੇ ਮਹੱਲ ਵਿਚ ਲਾਇਬ੍ਰੇਰੀ, ਸੁਥਰਾ ਬਾਥਰੂਮ, ਤੇਲ ਦੇ ਲੈਂਪ ਦਾ ਅਲੌਕਿਕ ਦ੍ਰਿਸ਼, ਨੀਲ-ਗਗਨ ਦੀ ਗੋਦ ਵਿਚ ਇਕ ਵਾਯੂਮੰਡਲ, ਘਰ ਵਿਚ ਮਿਲਵਰਤਨ ਦਾ ਸੁੱਖ ਅਤੇ ਹੋਰ ਇਤਆਦਿ ਪੱਖਾਂ ਤੋਂ ਤਾਂ ਮੈਂ ਪ੍ਰਭਾਵਤ ਹੋਇਆ ਹੀ ਸਾਂ, ਪਰ ਇਹਨਾਂ ਵਲੋਂ ਵਿਗਿਆਨਕ ਲੀਹਾਂ ਤੇ ਖੇਤੀਬਾੜੀ ਨੂੰ ਉਤਸ਼ਾਹ ਤਾਂ ਜਿਵੇਂ ਮੈਨੂੰ ਸੋਨੇ ਤੇ ਸੁਹਾਗਾ ਜਾਪਦਾ ਸੀ। ਇਕ ਸ਼ਾਮ ਨੂੰ ਮੈਂ ਇਹਨਾਂ ਦੇ ਨਾਲ ਦਰਿਆ ਕਾਬਲ ਤੇ ਕਿਸ਼ਤੀ ਦੀ ਸੈਰ ਕਰਨ ਵੀ ਗਿਆ, ਇਸ ਤਰ੍ਹਾਂ ਸਾਡਾ ਹੋਰ ਗੂੜ੍ਹਾ ਸਬੰਧ ਬਣਦਾ ਗਿਆ।

ਫਿਰ ਲਾਹੌਰ ਆਉਣ ਤੇ ਵੀ ਸਾਡੀ ਮਿੱਤਰਤਾ ਪੀੜੀਆਂ ਗੰਢਾਂ ਵਾਂਗ ਪੱਕੀ ਰਹੀ।

ਜਿਵੇਂ ਕਿ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਸ਼ੈਲੀ ਆਪਣੀ ਮਿਸਾਲ ਆਪ ਹੈ ਇਸੇ ਤਰ੍ਹਾਂ ਹੀ ਇਹਨਾਂ ਦੇ ਲਿਖਣ-ਢੰਗ ਨੂੰ ਵੀ 'ਗੁਰਬਖ਼ਸ਼ ਸਿੰਘ ਸ਼ੈਲੀ'' ਦਾ ਸਨਮਾਨ ਪ੍ਰਾਪਤ ਹੈ। ਸ: ਗੁਰਬਖ਼ਸ਼ ਸਿੰਘ ਜੀ ਦੇ ਸਾਹਿਤ ਵਿਚ ਰੁਚੀ ਰਖਣ ਨਾਲ ਤਾਂ ਜਿਵੇਂ ਲੇਖਕਾਂ ਨੂੰ ਭਰਪੂਰ ਆਲੋਚਨਾ ਕਰਨ ਦਾ ਮੌਕਾ ਪ੍ਰਾਪਤ ਹੋਇਆ ਹੈ ਅਤੇ ਪਾਠਕਾਂ ਨੂੰ ਨਵਾਂ ਸੁਆਦ ਮਾਨਣ ਦਾ।

ਪਿਆਰ ਦੇ ਵਿਸ਼ੇ ਤੇ ਇਹਨਾਂ ਦੀ ਲਿਖਤ-ਕਰਾਮਾਤ ਨੇ ਨਵਾਂ ਇਨਕਲਾਬ ਲਿਆਂਦਾ ਅਤੇ ਪੰਜਾਬੀਆਂ ਨੂੰ ਪਿਆਰ ਦੇ ਪੱਖ ਤੋਂ ਭਰਪੂਰ ਜਾਣਕਾਰੀ ਮਿਲੀ। ਇਸ ਦੀ ਸ਼ੈਲੀ ਜਾਦੂਮਈ, ਸੁਆਦੀ, ਅਤੇ ਏਨੀ ਵਹਾ ਭਰੀ ਹੁੰਦੀ ਹੈ ਕਿ ਕਈ ਉਹ ਗੱਲਾਂ ਜਿਹੜੀਆਂ ਪਾਠਕ ਸਮਝ ਨਹੀਂ ਸਕਦਾ ਉਸ ਦਾ ਵੀ ਸੁਆਦ ਪਾਠਕ ਨੂੰ ਅਗੇ ਪੜ੍ਹਨ ਤੋਂ ਹੋੜਦਾ ਨਹੀਂ। ●

ਇਕ ਪੋਰਟ੍ਰੇਟ

ਸੁਖਬੀਰ

ਪ੍ਰੀਤ ਦਾ ਲੰਮਾ ਸੁਲੰਮਾ ਪੈਂਡਾ ਜੀਕਰ ਕੋਈ ਰੀਤ ਪੁਰਾਣੀ
ਕਦਮ ਤੁਰੇ ਵਰ੍ਹਿਆਂ ਦੇ ਹਾਣੀ ਬਣ ਕੇ ਹਰ ਵਾਰ
ਕਦਮ ਜਿਨ੍ਹਾਂ ਨੇ ਔਝੜ ਵੀਰਾਨੇ ਲੰਘੇ ਤੇ ਸਾਵੇਂ-ਪੱਧਰੇ ਰਾਹ ਉਲੀਕੇ

ਪੌਣੀ ਸਦੀ ਦੇ ਚਿਹਰੇ ਉਤੇ
ਹਾਲੀਂ ਵੀ ਇਕ ਗੀਤ ਦੀ ਲੈਅ ਏ
ਠਹਿਰੇ ਹੋਏ ਪਾਣੀ ਦੀ ਲਰਜ਼ਸ਼
ਅੱਖਾਂ ਵਿਚ ਇਕ ਸੁਪਨਾ ਮੋਇਆ
ਤੇ ਬੁਲ੍ਹਾਂ 'ਤੇ ਪ੍ਰੀਤ ਦਾ ਜਾਦੂ
ਉਮਰ ਦਾ ਰਿਸ਼ਤਾ ਵਰ੍ਹਿਆਂ ਨਾਲੋਂ ਟੁੱਟਿਆ ਜਾਪੇ

ਸੂਹਜ-ਸਵਾਦ ਸੀ ਜ਼ਿੰਦਗੀ ਦਾ ਲਫਜ਼ਾਂ ਵਿਚ ਢਲਿਆ
ਲਫਜ਼ ਬਣੇ ਰੰਗ ਦੇ, ਚਾਨਣ ਦੇ, ਪਾਣੀ ਦੇ
ਅਨਘੜ ਸਨ ਜੋ ਤਰਾਸ਼ ਗਏ ਕਿ ਮੋਤੀ ਬਣ ਗਏ
ਜਿਨ੍ਹਾਂ ਕਈ ਅੱਖਾਂ ਚੁੰਧਿਆਈਆਂ
ਦਿਲ ਨਸ਼ਿਆਏ
ਮਹਿੰਗੇ ਮੁੱਲੋਂ ਜੀਊਣ - ਜਾਚ ਸਿਖਾਈ

ਇਸ ਚਿਹਰੇ ਦੇ ਉਤੇ ਨਹੀਂ, ਪਿਛੇ ਇਕ ਚਿਹਰਾ
ਜਿਸ ਦੀ ਵਖਰੀ ਤੱਕਣੀ
ਤੇ ਵਖਰੀ ਮੁਸਕਰਾਹਟ
ਦੋਹਾਂ ਚਿਹਰਿਆਂ ਦੇ ਵਿਚਕਾਰ ਸੂਹਲ ਤੇ ਸੂਖ਼ਮ
ਪ੍ਰੀਤ ਦਾ ਝਿਲਮਿਲ ਪਰਦਾ।

''ਭਾਬੀ ਮੈਨਾ'' ਤੋਂ ਗੁਰਬਖ਼ਸ਼ ਸਿੰਘ ਤੀਕ

ਜਸਵੰਤ ਸਿੰਘ ਨੇਕੀ

'ਭਾਬੀ ਮੈਨਾ' ਗੁਰਬਖ਼ਸ਼ ਸਿੰਘ ਦੀ ਲੇਖਣੀ ਨਾਲ ਮੇਰੀ ਪਲੇਠੀ ਮੁਲਾਕਾਤ ਦਾ ਮਾਧਿਅਮ ਸੀ। ਹੈ ਤਾਂ ਇਹ ਇਕ ਮਨੋਕਲਪਿਤ ਕਹਾਣੀ ਸੀ; ਪਰ 'ਭਾਬੀ ਮੈਨਾ' ਮੇਰੀ ਕਲਪਨਾ ਵਿਚ ਇਕਦਮ ਜਿੰਦਵਾਨ ਹੋ ਗਈ – ਸੱਚ ਮੁੱਚ ਦੀ ਜੀਉਂਦੀ ਜਾਗਦੀ ਸੁਨੱਖੀ ਤ੍ਰੀਮਤ। ਉਸ ਦੀ ਨੁਹਾਰ ਸਾਡੇ ਪਿੰਡ ਦੇ ਬੁੱਢੇ ਹਟਵਾਣੀਏ ਦੀ ਧੀ ਵਰਗੀ ਹੋ ਗਈ, ਜਿਸ ਦਾ ਘਰ ਵਾਲਾ ਉਸ ਨੂੰ ਜਵਾਨੀ ਵਿਚ ਹੀ ਵਿਧਵਾ ਕਰ ਗਿਆ ਸੀ। ਮੈਨਾ ਉਸ ਦਾ ਵੀ ਨਾਮ ਸੀ। ਉਸ ਵੀ ਕਦੇ ਘਰੋਂ ਬਾਹਰ ਕਦਮ ਨਹੀਂ ਸੀ ਪਾਇਆ, ਪਰ ਇਕ ਸ਼ਾਮ ਉਸ ਦੇ ਕਮਰੇ ਦੀ ਖਿੜਕੀ ਖੁਲ੍ਹੀ ਸੀ, ਤੇ ਉਹ ਅੰਦਰ ਦੀਵਾ ਬਾਲ ਰਹੀ ਸੀ। ਦੀਵਾ ਬਲਦਿਆਂ ਸਾਰ ਉਸ ਦੀਆਂ ਅੱਖਾਂ ਦੇ ਦੀਪਕ ਵੀ ਤਿਮਤਿਮਾ ਉੱਠੇ। ਲੰਮੇ, ਘਣੇ ਵਾਲਾਂ ਦੀ ਬਦਲੀ ਵਿਚ ਉਸਦਾ ਚਿਹਰਾ, ਗੋਲ ਗੋਲ, ਗੋਰਾ ਗੋਰਾ, ਨਾਲ ਹੀ ਲਿਸ਼ਕ ਉਠਿਆ। ''ਕਰਤੇ ਦੀ ਕੇਡੀ ਖ਼ੂਬਸੂਰਤ ਕੁਦਰਤ ਵਿਧੀ ਨੇ ਵਿਧਵਾ ਕਰ ਛੱਡੀ ਏ?'' ਮੈਂ ਸੋਚਿਆ!

ਉਸ ਦਾ ਨਾਮ ਵੀ ਮੈਨਾ ਸੀ। ਇਹ ਮੈਨੂੰ ਤਦੋਂ ਪਤਾ ਚਲਿਆ, ਜਦੋਂ ਇਕ ਦਿਨ ਸਾਰੇ ਪਿੰਡ ਵਿਚ ਗਲ ਧੁੰਮ ਗਈ, ਪਈ ਮੈਨਾ ਕਿਤੇ ਨਿਕਲ ਗਈ। ਜਿਤਨੇ ਮੂੰਹ ਉਤਨੀਆਂ ਗੱਲਾਂ। ਕਈ ਦਿਨ ਲੰਘ ਗਏ, ਮੈਨਾ ਦਾ ਕੋਈ ਪਤਾ ਨ ਲੱਗਾ। ''ਜੇਕਰ ਉਧਲ ਗਈ ਹੁੰਦੀ ਤਾਂ ਕਿਤੋਂ ਤਾਂ ਸੁੱਘ ਲਗ ਜਾਂਦੀ। ਜੇ ਆਤਮਘਾਤ ਕਰ ਗਈ ਹੋਈ ਤਾਂ ਵੀ ਲੋਥ ਤਾਂ ਲਭਦੀ''। ਪਰ ਉਸ ਦਾ ਕੋਈ ਥਹੁ ਪਤਾ ਨ ਲੱਗਾ।

ਮੈਂ ਤਦੋਂ ਗਰਮੀਆਂ ਦੀਆਂ ਛੁੱਟੀਆਂ ਵਿਚ ਪਿੰਡ ਗਿਆ ਹੋਇਆ ਸਾਂ। ਉਥੋਂ ਪਰਤਿਆਂ ਤਾਂ 'ਭਾਬੀ ਮੈਨਾ' ਪੜ੍ਹਨ ਲਈ ਪ੍ਰਾਪਤ ਹੋ ਗਈ। ਇਕ ਮੈਨਾ ਦੂਜੀ ਵਿਚ ਸਮਾ ਗਈ! ਪਤਾ ਨਹੀਂ ਕਿਉਂ, ਇਹ ਕਹਾਣੀ ਪੜ੍ਹਦਿਆਂ ਕਈ ਵਾਰ ਮੇਰੇ ਨੇਤਰ ਗਿੱਲੇ ਹੋਣ ਲਗ ਪਏ। ਮੈਨੂੰ ਲੱਗਾ ਜਿਵੇਂ 'ਭਾਬੀ ਮੈਨਾ' ਦਾ ਕਾਕਾ ਮੈਂ ਹੀ ਸਾਂ। ਜਵਾਨੀ ਬੜੀ ਉਪਭਾਵਕ ਹੋਂਦੀ ਹੈ; ਪਰ ਮੇਰਾ ਪ੍ਰਤਿਕਰਮ ਉਪਭਾਵਨਾ ਨਾਲੋਂ ਵਧੇਰੇ ਵੇਦਨਾ ਵਾਲਾ ਸੀ। ਮੈਨੂੰ ਲੱਗਾ ਜਿਵੇਂ 'ਮੇਰੀ' ਭਾਬੀ ਮੈਨਾ ਨੂੰ ਸਮਾਜਕ ਨਿਰਦੈਤਾ ਨੇ ਆਤਮਹੱਤਿਆ ਲਈ ਮਜਬੂਰ ਕਰ ਦਿੱਤਾ ਸੀ।

ਮੇਰੇ ਮਨ ਵਿਚ ਕ੍ਰੋਧ ਸੀ – ਕਿ ਭਾਬੀ ਮੈਨਾ ਦੀ ਸੱਸ ਦੇ ਬਰਖ਼ਿਲਾਫ਼ ਜਿਸ ਨੇ ਉਸ ਨੂੰ ਹਵਾਲਾਤ ਜਹੀ ਵਿਚ ਬੰਦ ਕਰੀ ਰੱਖਿਆ; ਤੇ ਦੂਜਾ ਭਾਬੜਿਆਂ ਦੇ ਉੱਚ ਪੁਜਾਰੀ ਦੇ ਬਰਖ਼ਿਲਾਫ਼ ਜਿਸ ਨੇ ਉਸ ਪਾਸੋਂ ਉਸ ਦੇ ਸੁੰਦਰ ਵਾਲਾਂ ਦੀ ਕੁਰਬਾਨੀ ਮੰਗ ਲਈ। ਮੇਰੇ ਮਨ ਵਿਚ ਬਾਰ ਬਾਰ ਖ਼ਿਆਲ ਆਵੇ : ''ਜੈਨ ਧਰਮ ਤਾਂ ਅਹਿੰਸਾਵਾਦੀ ਹੈ, ਫਿਰ ਇਹ ਕੇਸਾਂ ਨੂੰ ਕਤਲ ਕਰਨ ਦੀ ਹਿੰਸਾ ਕਿਉਂ? ਧਰਮ ਤੇ ਸਮਾਜ ਦੋਵੇਂ ਇਸਤਰੀ ਦੀ ਆਜ਼ਾਦੀ ਦੇ ਵੈਰੀ ਕਿਉਂ ਹੋਈ ਬੈਠੇ ਨੇ?'' ਮੈਂ ਸੋਚਿਆ, 'ਮੈਨਾ ਦੀ ਸੱਸ ਤਾਂ ਆਪ ਔਰਤ ਸੀ, ਫਿਰ ਔਰਤ ਕਿਉਂ ਔਰਤ ਦੀ ਦੁਸ਼ਮਨ ਹੋਈ ਹੋਈ ਸੀ?. . .''

ਮੈਨੂੰ ਲਗਾ; ਗੁਰਬਖ਼ਸ਼ ਸਿੰਘ ਸੁਤੇ ਹੀ ਇਹ ਸਭ ਪ੍ਰਸ਼ਨ ਤੇ ਇਹ ਸਾਰੀ ਵੇਦਨਾ ਮੇਰੇ ਅੰਦਰ ਜਗਾ ਗਿਆ ਹੈ। ਕਿਤਨਾ ਬਲਵਾਨ ਲੇਖਕ ਹੈ ਉਹ! ਕਿਤਨਾ ਸੁਹਿਰਦ, ਕਿਤਨਾ ਅਨੁਭਵਸ਼ੀਲ। ਮੈਨਾ ਆਪਣੇ ਸੁੰਦਰ ਕੇਸਾਂ ਦੀ ਆਹੂਤੀ ਨਾ ਦੇ ਸਕੀ। ਜਿਵੇਂ ਉਸ ਦੇ ਅੰਦਰ ਕਿਸੇ ਜੈਨ ਦੀ ਨਹੀਂ ਕਿਸੇ ਸਿਖ ਦੀ ਆਤਮਾ ਵਸ ਰਹੀ ਹੋਵੇ। ਫਿਰ ਮੈਂ ਸੋਚਿਆ, ''ਲੇਖਕ ਅੰਦਰ ਤਾਂ ਅਵੱਸ਼ ਸਿਖ ਆਤਮਾ ਮੌਜੂਦ ਸੀ।'' ਪਰ ਕਹਾਣੀ ਵਿਚੋਂ ਉਹ ਕੇਵਲ ਇਕ ਸੁਹਿਰਦ ਇਨਸਾਨ ਜਾਪਦਾ ਸੀ। ''ਉਸ ਦੀ ਸਿੱਖੀ ਵੀ ਸੁਹਿਰਦ ਇਨਸਾਨੀਅਤ ਦੀ ਛਾਪ ਵਾਲੀ ਹੀ ਹੋਣੀ ਏ।'' ਮੈਂ ਸੋਚਿਆ ਤੇ ਮੇਰਾ ਜੀ ਕੀਤਾ ਕਦੇ ਉਸ ਦੇ ਦਰਸ਼ਨ ਕਰਾਂ।

ਜੋ ਗੱਲ ਮੈਂ ਹੁਣ ਦੱਸਣ ਲੱਗਾ ਹਾਂ, ਇਹ ਉਸ ਤੋਂ ਕਾਫ਼ੀ ਚਿਰ ਪਹਿਲਾਂ ਦੀ ਗੱਲ ਹੈ। ਤਦ ਮੈਂ ਕੋਇਟੇ ਬਲੋਚਿਸਤਾਨ ਵਿਚ ਸਕੂਲੋਂ ਮੈਟ੍ਰਿਕ ਦਾ ਇਮਤਿਹਾਨ ਦੇ ਕੇ ਵਿਹਲਾ ਹੋਇਆ ਸਾਂ ਤੇ ਸਥਾਨਕ ਯੰਗ ਮੈਨਜ਼ ਸਿਖ ਐਸੋਸੀਏਸ਼ਨ ਦੇ ਕੰਮਾਂ ਵਿਚ ਦਿਲਚਸਪੀ ਲੈਣ ਲਗ ਪਿਆ ਸਾਂ। ਇਸ ਸਭਾ ਦੀ ਕਾਰਜਕਾਰਣੀ ਦੀ ਇਕ ਮੀਟਿੰਗ ਵਿਚ ਸਭਾ ਦੀ ਲਾਇਬ੍ਰੇਰੀ ਲਈ ਪੰਜਾਬੀ ਦੇ ਮਾਸਕ ਪੱਤਰ ਮੰਗਵਾਉਣ ਬਾਰੇ ਫ਼ੈਸਲਾ ਹੋਣਾ ਸੀ। ਮੇਰੀ ਜਾਣਕਾਰੀ ਅਨੁਸਾਰ ਤਿੰਨ ਨਾਮ ਉਥੇ ਪੇਸ਼ ਹੋਏ ਸਨ: ਫੁਲਵਾੜੀ, ਪੰਜ ਦਰਿਆ, ਤੇ ਪ੍ਰੀਤ ਲੜੀ। ਪਰ ਪ੍ਰੀਤ ਲੜੀ ਦੇ ਨਾਮ ਉਤੇ ਇਕ ਪਤਵੰਤੇ ਸੱਜਨ ਨੇ ਏਤਰਾਜ਼ ਕੀਤਾ ਸੀ : ''ਇਹ ਰਸਾਲਾ ਸਾਡੇ ਨੌਜਵਾਨਾ ਨੂੰ ਗੁਮਰਾਹ ਕਰ ਸਕਦਾ ਹੈ।''

ਹੁਣ ਜਦ ਮੈਂ 'ਭਾਬੀ ਮੈਨਾ' ਪੜ੍ਹੀ ਤਾਂ ਸੋਚਿਆ, ਇਸ ਕਹਾਣੀ ਦਾ ਲੇਖਕ ਹੀ ਤਾਂ 'ਪ੍ਰੀਤ ਲੜੀ' ਦਾ ਸੰਪਾਦਕ ਹੈ। ''ਐਸੀ ਸੁਹਿਰਦ ਆਤਮਾ ਕਿਸੇ ਨੂੰ ਰਾਹ ਹੀ ਦਿਖਾ ਸਕਦੀ ਹੈ, ਗੁਮਰਾਹ ਕਿਵੇਂ ਕਰ ਸਕਦੀ ਹੈ?'' ਤਦ ਮੈਨੂੰ ਲਗਿਆ ਜਿਵੇਂ 'ਪ੍ਰੀਤ ਲੜੀ' ਦੀ ਅਵਸਥਾ ਵੀ ਭਾਬੀ ਮੈਨਾ ਵਰਗੀ ਹੀ ਸੀ – ਸਮਾਜਕ ਅਨਿਆਂ ਦਾ ਸ਼ਿਕਾਰ।

ਹੁਣ ਮੈਂ ਕਾਲਜ ਦੀ ਲਾਇਬ੍ਰੇਰੀ 'ਚੋਂ ਗੁਰਬਖ਼ਸ਼ ਸਿੰਘ ਲਿਖਤ ਕਿਤਾਬਾਂ ਪੜ੍ਹਨ ਲਗ ਪਿਆ। ਪ੍ਰੀਤ ਮਾਰਗ, ਰਾਜਕੁਮਾਰੀ ਲਤਿਕਾ, ਨਾਗਪ੍ਰੀਤ ਦਾ ਜਾਦੂ, ਅਨੋਖੇ ਤੇ ਇਕੱਲੇ, ਪ੍ਰੀਤ ਮਣੀ ਆਦਿ। ਹਰ ਪੁਸਤਕ ਨੇ ਉਸ ਪ੍ਰਤੀ ਮੇਰੀ ਸ਼ਰਧਾ ਹੋਰ ਹੋਰ ਵਧਾਈ।

ਫਿਰ ਜਦ ਮੈਂ 'ਸਾਵੀਂ ਪੱਧਰੀ ਜ਼ਿੰਦਗੀ' ਤੇ 'ਮਨੋਹਰ ਸ਼ਖ਼ਸੀਅਤ' ਪੜ੍ਹੀਆਂ ਤਾਂ ਮੈਂ ਉਸ ਦੀਆਂ ਨਰੋਈਆਂ ਕੀਮਤਾਂ ਵਲੋਂ ਹੋਰ ਵੀ ਕਾਇਲ ਹੋ ਗਿਆ।

ਕਾਲਜ ਵਿਚ ਮੇਰੀ ਜਾਣ-ਪਛਾਣ ਦੋ ਅਜਿਹੇ ਵਿਦਿਆਰਥੀਆਂ ਨਾਲ ਵੀ ਹੋਈ ਜੋ ਮੈਥੋਂ ਵਡੇਰੀਆਂ ਜਮਾਤਾਂ ਵਿਚ ਸਨ, ਪਰ ਪੰਜਾਬੀ ਦੇ ਸ਼ੈਦਾਈ ਸਨ। ਇਹ ਸਨ ਨਵਤੇਜ ਸਿੰਘ ਤੇ ਜਗਜੀਤ ਸਿੰਘ ਆਨੰਦ। ਇਹਨਾਂ ਨਾਲ ਮੇਰੀ

ਜਾਣ-ਪਛਾਣ ਪੰਜਾਬੀ ਸਨੇਹੀ ਹੋਣ ਦੇ ਨਾਤੇ ਹੋ ਗਈ। ਨਵਤੇਜ ਪਾਸੋਂ ਮੈਂ ਕਈ ਕਹਾਣੀਆਂ ਸੁਣੀਆਂ। ਮੈਨੂੰ ਉਸ ਦੀਆਂ ਕਹਾਣੀਆਂ ਵੀ ਚੰਗੀਆਂ ਲੱਗੀਆਂ। ਪਰ ਮੈਨੂੰ ਅਜੇ ਇਹ ਪਤਾ ਨਹੀਂ ਸੀ ਕਿ ਉਹ ਗੁਰਬਖ਼ਸ਼ ਸਿੰਘ ਹੋਰਾਂ ਦਾ ਹੀ ਹੋਨਹਾਰ ਫ਼ਰਜ਼ੰਦ ਹੈ। ਜਦ ਨੂੰ ਪਤਾ ਲਗਾ, ਤਦ ਤਕ ਮੈਂ ਮੈਡੀਕਲ ਕਾਲਜ ਦਾਖ਼ਲ ਹੋ ਚੁੱਕਾ ਸਾਂ। ਨਵਤੇਜ ਨਾਲ ਸੰਪਰਕ ਇਸ ਗੱਲੋਂ ਟੁੱਟ ਗਿਆ, ਤੇ ਜਗਜੀਤ ਤਦ ਤੋੜੀ ਮੀਆਂ ਵਾਲੀ, ਮੁਲਤਾਨ ਜੇਲਾਂ ਥਾਣੀ ਹੁੰਦਾ ਦਿਉਲੀ ਕੈਂਪ ਪਹੁੰਚ ਚੁਕਾ ਹੋਇਆ ਸੀ।

ਜਗਜੀਤ ਨੇ ਮਗਰੋਂ ਨਵਤੇਜ ਨੂੰ ਵੀ ਆਪਣੀ ਪਾਰਟੀ ਵਿਚ ਖਿਚ ਲਿਆ ਤੇ ਜਿਥੋਂ ਤਕ ਮੇਰਾ ਅੰਦਾਜ਼ਾ ਹੈ ਗੁਰਬਖ਼ਸ਼ ਸਿੰਘ ਦੇ ਵਿਚਾਰਾਂ ਨੂੰ ਵੀ ਕੁਝ ਕੁਝ ਪ੍ਰਭਾਵਿਤ ਕਰ ਲਿਆ। ਮੈਂ ਅਜੇ ਵੀ ਗੁਰਬਖ਼ਸ਼ ਸਿੰਘ ਦਾ ਮੱਦਾਹ ਸਾਂ। ਭਾਵੇਂ ਇਕ ਪ੍ਰੀਤ ਮਿਲਣੀ ਤੇ ਨਵਤੇਜ ਤੇ ਉਸ ਦੀ ਭੈਣ ਉਮਾ ਦੇ ਇਕ ਨਾਟਕ ਵਿਚ ਪ੍ਰੇਮੀ ਪ੍ਰੇਮਿਕਾ ਦਾ ਰੋਲ ਕਰਨ ਦਾ ਖ਼ਾਸਾ ਚਰਚਾ ਸੀ।

ਫਿਰ ਪਾਕਿਸਤਾਨ ਬਣ ਗਿਆ ਤੇ ਮੈਂ ਲਾਹੌਰ ਛੋੜ ਕੇ ਮੈਡੀਕਲ ਕਾਲਜ ਅੰਮ੍ਰਿਤਸਰ ਆ ਗਿਆ। ਅੰਮ੍ਰਿਤਸਰ ਤੋਂ ਪ੍ਰੀਤਨਗਰ ਕੋਈ ਬਹੁਤਾ ਦੂਰ ਨਹੀਂ ਸੀ। ਇਕ ਦਿਨ ਸ: ਨਰਿੰਦਰ ਸਿੰਘ ਸੋਚ ਤੇ ਨਾਨਕ ਸਿੰਘ ਨਾਵਲਿਸਟ ਉਧਰ ਜਾ ਰਹੇ ਸਨ। ਮੈਂ ਉਹਨਾਂ ਦੇ ਨਾਲ ਹੋ ਲਿਆ। ਪਤਾ ਨਹੀਂ ਕਿਉਂ ਮੇਰਾ ਦਿਲ ਧੱਕ ਧੱਕ ਕਰ ਰਿਹਾ ਸੀ, ਉਸੇ ਤਰ੍ਹਾਂ ਜਿਵੇਂ ਮੈਂ ਆਪਣੀ ਇਕ ਪ੍ਰੇਮਿਕਾ ਨੂੰ ਮਿਲਣ ਜਾਇਆ ਕਰਦਾ ਤਾਂ ਧੜਕਦਾ ਹੁੰਦਾ ਸੀ।

ਪ੍ਰੀਤ ਨਗਰ ਮੇਰੀ ਕਲਪਨਾ ਵਿਚ ਇਕ ਰੋਮਾਂਸ ਭਰਿਆ ਸ਼ਹਿਰ ਹੋਣਾ ਸੀ। ਪਰ ਮੇਰੀਆਂ ਉਮੀਦਾਂ ਤੋਂ ਉਲਟ ਮੈਨੂੰ ਉਹ ਬੜਾ ਰੁੱਖਾ ਜਿਹਾ ਸਥਾਨ ਲੱਗਾ। ਗੁਰਬਖ਼ਸ਼ ਸਿੰਘ ਹੋਰੀ ਰਾਜ਼ੀ ਨਹੀਂ ਸਨ। ਉਹਨਾਂ ਪਾਸ ਤਾਂ ਕੁਝ ਮਿੰਟ ਹੀ ਬੈਠਣਾ ਨਸੀਬ ਹੋਇਆ। ਉਹ ਵੀ ਉਹਨਾਂ ਦੇ ਨਾਨਕ ਸਿੰਘ ਤੇ ਸੋਚ ਹੋਰਾਂ ਨਾਲ ਹੀ ਗੱਲਬਾਤ ਵਿਚ ਲੰਘ ਗਏ। ਮੇਰੇ ਹਿੱਸੇ ਤਾਂ ਆਉਂਦਿਆਂ ਤੇ ਜਾਣ ਲਗਿਆਂ 'ਸਤਿ ਸ੍ਰੀ ਅਕਾਲ' ਤੋਂ ਵੱਧ ਕੁਝ ਨ ਆਇਆ।

ਮੇਰੇ ਵਾਸਤੇ ਇਹ ਸੋਚਣਾ ਵੀ ਕਠਿਨ ਸੀ ਕਿ ਗੁਰਬਖ਼ਸ਼ ਸਿੰਘ ਬੀਮਾਰ ਵੀ ਹੋ ਸਕਦਾ ਹੈ। ਇਤਨੀਆਂ ਨਰੋਈਆਂ ਕੀਮਤਾਂ ਵਾਲਾ ਮਨੁੱਖ ਬੀਮਾਰ ਕਿਵੇਂ ਹੋ ਸਕਦਾ ਹੈ? ਪਰ ਉਹ ਬੀਮਾਰ ਹੀ ਨਹੀਂ ਸੀ, ਕੁਝ ਉਦਾਸ ਉਦਾਸ, ਕੁਝ ਮਾਯੂਸ ਜਿਹਾ ਵੀ ਸੀ। ਮੇਰੇ ਵਾਸਤੇ ਇਹ ਗੱਲ ਹੋਰ ਵੀ ਅਬਿਰਿੱਠ ਸੀ।

ਫਿਰ ਕਈ ਵਰ੍ਹੇ ਬੀਤ ਗਏ। ਮੈਂ ਡਾਕਟਰੀ ਪਾਸ ਕਰਨ ਉਪਰੰਤ ਮਨੋਵਿਗਿਆਨ ਦਾ ਐਮ.ਏ. ਕੀਤਾ ਤੇ ਫਿਰ ਮਨੋਚਿਕਿਤਸਾ ਦੀ ਸਿਖਲਾਈ ਹਿੱਤ ਬੰਗਲੌਰ ਚਲਾ ਗਿਆ। ਉਥੋਂ ਪਰਤ ਕੇ ਮੈਂ ਅੰਮ੍ਰਿਤਸਰ ਵਿਚ ਮਨੋਚਿਕਿਤਸਾ ਦੀ ਪ੍ਰੈਕਟਿਸ ਸ਼ੁਰੂ ਕਰ ਦਿੱਤੀ।

ਇਕ ਦਿਨ ਮੈਨੂੰ ਗੁਰਬਖ਼ਸ਼ ਸਿੰਘ ਦਾ ਟੈਲੀਫ਼ੋਨ ਆਇਆ, ''ਮੈਂ ਤੁਹਾਨੂੰ ਮਿਲਣਾ ਚਾਹੁੰਦਾ ਹਾਂ।'' ''ਜੀ ਸਦਕੇ'' ਮੈਂ ਕਿਹਾ ਤੇ ਉਹ ਨੀਯਤ ਸਮੇਂ ਤੇ ਮੇਰੇ ਘਰ ਆ ਗਏ। ਪਹਿਲੀ ਵਾਰ ਮੈਂ ਅਸਲੀ ਗੁਰਬਖ਼ਸ਼ ਸਿੰਘ ਦੇ ਦੀਦਾਰ ਕੀਤੇ। ਬੜਾ ਹੀ ਪਿਆਰਾ ਇਨਸਾਨ ਸੀ। ਸੀਨੇ ਵਿਚ ਇਕ ਦਰਦ ਲਈ ਬੈਠਾ ਸੀ, ਜਿਸ ਦੀ ਗੱਲ ਉਹ ਮੇਰੇ ਨਾਲ ਕਰਨ ਆਇਆ ਸੀ, ਪਰ ਆਪਣੇ ਦਰਦ ਦੀ ਗੱਲ ਕਰਦਿਆਂ ਵੀ ਇਕ ਨੈਤਕ ਜਲਾਲ ਉਸ ਦੇ ਚਿਹਰੇ ਤੇ ਉਸ ਦੇ ਕਥਨਾਂ ਵਿਚੋਂ ਝਲਕ ਰਿਹਾ ਸੀ। ਆਪਣੇ ਜੀਵਨ ਦੀਆਂ ਕੁਝ ਗੱਲਾਂ ਉਸ ਨੇ ਮੇਰੇ ਨਾਲ ਸਾਂਝੀਆਂ ਕੀਤੀਆਂ। ਆਪਣੀ ਨਿੱਜੀ ਜ਼ਿੰਦਗੀ ਦਾ ਇਤਨਾ ਦਿਆਨਤਦਾਰ ਆਲੋਚਕ ਮੈਂ ਕੋਈ ਘੱਟ ਹੀ ਵੇਖਿਆ ਹੈ।

ਆਪਣੀ ਗੱਲ ਕਹਿੰਦੇ ਕਹਿੰਦੇ ਆਖਣ ਲੱਗੇ, ''ਨੇਕੀ ਸਾਹਿਬ! ਤੁਸੀਂ ਬੜਾ ਘੱਟ ਬੋਲੇ ਹੋ; ਮੈਂ ਹੀ ਬਹੁਤਾ ਬੋਲਦਾ ਰਿਹਾ ਹਾਂ। ਪਰ ਤੁਸਾਂ ਜੋ ਕੁਝ ਵੀ ਕਿਹਾ ਹੈ, ਮੇਰੇ ਉੱਪਰ ਉਸ ਨੇ ਬੜਾ ਅਸਰ ਪਾਇਆ ਹੈ। ਮੇਰਾ ਮਨ ਹੀ ਹੌਲਾ ਨਹੀਂ ਹੋਇਆ, ਰੌਸ਼ਨੀ ਦੀ ਜੋ ਕਿਰਨ ਗੁਆਚ ਗਈ ਸੀ, ਮੁੜ ਪਰਤਦੀ ਪ੍ਰਤੀਤ ਹੋਂਦੀ ਹੈ।''

ਮੈਂ ਕਿਹਾ, ''ਦਾਰ ਜੀ! ਤੁਸੀਂ ਨਹੀਂ ਜਾਣਦੇ ਤੁਸਾਂ ਮੇਰੇ ਉਪਰ, ਮੇਰੀ ਸ਼ਖ਼ਸੀਅਤ ਉੱਪਰ ਕਿਤਨਾ ਪ੍ਰਭਾਵ ਪਾਇਆ ਹੈ। ਜੇਕਰ ਮੈਂ ਕੋਈ ਕੰਮ ਦੀ ਗੱਲ ਆਖ ਸਕਿਆ ਹਾਂ ਤਾਂ ਤੁਹਾਡਾ ਦਿੱਤਾ ਹੀ ਤੁਹਾਨੂੰ ਮੋੜ ਰਿਹਾ ਹਾਂ।'' ਗੁਰਬਖ਼ਸ਼ ਸਿੰਘ ਹੋਰਾਂ ਮੈਨੂੰ ਕਲਾਵੇ ਵਿਚ ਲੈ ਕੇ ਖ਼ੂਬ ਘੁੱਟਿਆ। ਦੋ ਹੰਝੂ ਵੀ ਉਹਨਾਂ ਦੇ ਨੇਤ੍ਰਾਂ 'ਚੋਂ ਮੇਰੇ ਮੋਢੇ ਉਪਰ ਆਣ ਡਿੱਗੇ। ਗੁਰਬਖ਼ਸ਼ ਸਿੰਘ ਮੇਰੀ ਜ਼ਿੰਦਗੀ ਤੇ ਆਪਣੇ ਪਿਆਰ ਦੀ ਛਾਪ ਲਾ ਗਿਆ ਸੀ।

ਰਾਤ ਸੌਣ ਲਗਿਆਂ, ਮੈਂ ਆਪਣੀ ਜ਼ਿੰਦਗੀ ਉਪਰ ਪਏ ਪ੍ਰਭਾਵਾਂ ਬਾਰੇ ਸੋਚ ਰਿਹਾ ਸਾਂ, ਤੇ ਗੁਰਬਖ਼ਸ਼ ਸਿੰਘ ਉਘੜ ਕੇ ਉਹਨਾਂ ਵਿਚ ਖਲੋ ਗਿਆ। ਉਸ ਦੇ ਨਾਲ ਹੀ 'ਭਾਬੀ ਮੈਨਾ' ਵੀ ਜਿਵੇਂ ਮੈਨੂੰ ਫੇਰ ਤੋਂ ਮਿਲਣ ਆ ਗਈ। □

ਰੱਬੀ-ਮਿਲਾਪ

ਜਦੋਂ ਕੋਈ ਕਿਸੇ ਇੱਕ ਨੂੰ ਪਿਆਰ ਕਰਦਾ ਹੈ, ਉਹਦੇ ਨਾਲ ਉਹਦਾ ਵਖੇਵਾਂ ਦੂਰ ਹੋ ਜਾਂਦਾ ਹੈ ਤੇ ਦੋਹਾਂ ਵਿਚ ਏਕਤਾ ਦਾ ਅਹਿਸਾਸ ਹੋ ਜਾਂਦਾ ਹੈ। ਜਦੋਂ ਕੋਈ ਇੱਕ ਨਾਲੋਂ ਬਹੁਤਿਆਂ ਨੂੰ ਪਿਆਰ ਕਰਦਾ ਹੈ ਤਾਂ ਬਹੁਤਿਆਂ ਨਾਲ ਏਕਤਾ ਹੋ ਜਾਂਦੀ ਹੈ; ਤੇ ਜਦੋਂ ਉਹ ਸਾਰੀ ਦੁਨੀਆ ਨੂੰ ਪਿਆਰ ਕਰਦਾ ਹੈ, ਸਾਰੀ ਦੁਨੀਆ ਨਾਲ ਉਹਦੀ ਏਕਤਾ ਹੋ ਜਾਂਦੀ ਹੈ, ਤੇ ਓੜਕ ਉਹ ਸਾਰੇ ਬ੍ਰਹਮੰਡ ਨਾਲ ਇਕਮਿਕ ਹੋਇਆ ਮਹਿਸੂਸ ਕਰਦਾ ਹੈ। ਇਹ ਰੱਬ ਨੂੰ ਮਿਲਣਾ ਹੈ, ਜਿਦ੍ਹਾ ਆਰੰਭ ਪਿਆਰ ਵਿਚੋਂ ਹੋਇਆ ਹੈ! ਪ੍ਰੀਤਲੜੀ, ਮਾਰਚ 1963

ਗੁਰਬਖ਼ਸ਼ ਸਿੰਘ ਨੂੰ ਸਥਾਪਤ ਮਿੱਥਾਂ ਤੋਂ ਮੁਕਤ ਕਰਕੇ ਦੇਖੋ

ਸਤਿੰਦਰ ਸਿੰਘ ਨੂਰ

ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਦੀ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਨੂੰ ਦੇਣ ਇਤਿਹਾਸਕ ਹੈ। ਆਧੁਨਿਕ ਕਾਲ ਵਿਚ ਇੰਨੀ ਦੇਣ ਕਿਸੇ ਹੋਰ ਸਾਹਿਤਕਾਰ ਦੀ ਨਹੀਂ ਕਹੀ ਜਾ ਸਕਦੀ। ਇਸੇ ਲਈ ਗੁਰਬਖ਼ਸ਼ ਸਿੰਘ ਦੇ ਸਿਰਜੇ ਸਾਹਿਤ ਅਤੇ ਕੰਮਾਂ ਦੇ ਪੁਨਰ-ਮੁਲੰਕਣ ਦੀ ਲੋੜ ਹੈ। ਇਸ ਬਾਰੇ ਕਈ ਭੁਲੇਖੇ ਖੜੇ ਕੀਤੇ ਜਾਂਦੇ ਰਹੇ ਹਨ। ਕਈ ਮਿੱਥਾਂ ਪ੍ਰਚੱਲਤ ਕਰ ਦਿੱਤੀਆਂ ਗਈਆਂ ਹਨ। ਉਸ ਨੇ ਉਦੋਂ ਪੰਜਾਬੀ ਚਿੰਤਨ ਦਾ ਮੁਹਾਂਦਰਾ ਬਦਲਿਆ, ਜਦੋਂ ਇਸਨੂੰ ਨਿਰੋਲ ਪ੍ਰੰਪਰਾ ਅਤੇ ਅਧਿਆਤਮ ਦੇ ਸੌੜੇ ਅਰਥਾਂ ਤੋਂ ਮੁਕਤ ਕਰਨ ਦੀ ਲੋੜ ਸੀ। ਪੰਜਾਬੀ ਪਾਠਕਾਂ ਦਾ ਘੇਰਾ ਨਵੇਂ ਗਿਆਨ ਨਾਲ ਇੰਨੀ ਸਹਿਜ ਨਾਲ ਵਿਸ਼ਾਲ ਕੀਤਾ ਕਿ ਅੱਜ ਅਸੀਂ ਉਸ ਮਾਹੌਲ ਲਈ ਤਾਂਘ ਰਹੇ ਹਾਂ। ਸੁੰਗੜ ਰਹੇ ਪੰਜਾਬੀ ਪਾਠਕਾਂ ਦਾ ਅੱਜ ਸਾਨੂੰ ਫ਼ਿਕਰ ਪਿਆ ਹੋਇਆ ਹੈ। ਪ੍ਰਗਤੀਸ਼ੀਲ ਤੇ ਵਿਗਿਆਨਕ-ਦ੍ਰਿਸ਼ਟੀ ਨਾਲ ਇੰਨੇ ਵਿਸ਼ਾਲ ਸਮੂਹ ਨੂੰ ਸਬੰਧਤ ਕੀਤਾ ਕਿ ਬਾਅਦ ਵਿਚ ਪੰਜਾਬ ਦੀਆਂ ਸਾਮਵਾਦੀ ਪਾਰਟੀਆਂ ਰਲ ਕੇ ਵੀ ਉਨਾਂ ਸਮੂਹ ਇਸ ਵਿਚਾਰਧਾਰਾ ਨਾਲ ਨਾ ਕੀਲ ਸਕੀਆਂ।

ਗੁਰਬਖ਼ਸ਼ ਸਿੰਘ ਨੇ ਅਮਰੀਕਾ, ਰੂਸ, ਇੰਗਲੈਂਡ, ਜਰਮਨੀ, ਜਾਪਾਨ ਤੇ ਹੋਰ ਦੇਸਾਂ ਨੂੰ ਦੇਖਿਆ। ਉਦੋਂ ਸਾਡਾ ਦੇਸ ਆਪਣੇ ਆਜ਼ਾਦੀ ਦੇ ਸੰਘਰਸ਼ 'ਚੋਂ ਲੰਘ ਰਿਹਾ ਸੀ। ਉਸਨੇ ਇਕ ਨਵੇਂ ਭਾਰਤ ਤੇ ਨਵੇਂ ਸੰਸਾਰ ਦਾ ਸੁਪਨਾ ਲਿਆ। ਇਕ ਆਦਰਸ਼ਵਾਦੀ ਵਿਚਾਰਧਾਰਾ ਨੂੰ ਬਣਾਇਆ। ਕਿਸੇ ਵੀ ਕੱਟੜ-ਸੰਕਲਪ ਤੋਂ ਮੁਕਤ ਹੋਕੇ ਪੂੰਜੀਵਾਦ ਤੇ ਸਮਾਜਵਾਦ ਦਾ ਨਿਖੇੜ ਸੱਪਸ਼ਟ ਕੀਤਾ :–

''ਹਰ ਸਰਮਾਏਦਾਰ ਮੁਲਕ ਵਿਚ ਤਰ੍ਹਾਂ ਤਰ੍ਹਾਂ ਦੇ ਅੰਧ-ਵਿਸ਼ਵਾਸ ਹਨ। ਸਿਰਫ ਉਦੋਂ ਹੀ ਅੰਧ-ਵਿਸ਼ਵਾਸ ਘਟਦੇ ਹਨ, ਜਦੋਂ ਸਮਾਜਵਾਦ ਪ੍ਰਚੱਲਤ ਹੋ ਜਾਏ ਤੇ ਸਮਾਜਵਾਦੀ ਸਰਕਾਰ ਅੰਧ-ਵਿਸ਼ਵਾਸ ਦੇ ਖ਼ਿਲਾਫ਼ ਇਕ ਸਾਂਝਾ ਸਾਇੰਸੀ ਮੁਹਾਜ਼ ਖੜਾ ਕਰੇ। ਸਰਮਾਏਦਾਰੀ ਨਜ਼ਾਮ ਵਿਚ ਹਰ ਕਿਸੇ ਨੂੰ ਆਪਣਾ ਸ਼ੁਦਾ ਖਲਾਰਣ ਤੇ ਦੂਜਿਆਂ ਨੂੰ ਪਾਗਲ ਬਣਾਉਣ ਦਾ ਹੱਕ ਹਾਸਲ ਹੁੰਦਾ ਹੈ। ਸਮਾਜਵਾਦ ਇਹ ਹੱਕ ਖੋਹ ਲੈਂਦਾ ਹੈ।''
(ਪ੍ਰੀਤ ਲੜੀ, 1977)

ਗੁਰਬਖ਼ਸ਼ ਸਿੰਘ ਇਸ ਗੱਲ ਵੱਲੋਂ ਸੁਚੇਤ ਸੀ ਕਿ ਮਾਰਗ ਸਮਾਜਵਾਦ ਹੈ ਤੇ ਮੰਜ਼ਲ ਸਾਮਵਾਦ। ਪਰ ਗੁਰਬਖ਼ਸ਼ ਸਿੰਘ ਉਨ੍ਹਾਂ ਸੰਭਵ ਖ਼ਤਰਿਆਂ ਵੱਲੋਂ ਵੀ ਸੁਚੇਤ ਸੀ ਜੋ ਇਸ ਆਦਰਸ਼ ਦੀ ਮੰਜ਼ਲ ਤੱਕ ਪਹੁੰਚਦਿਆਂ ਵਾਪਰ ਸਕਦੇ ਹਨ। ਇਸ ਲਈ ਉਸਨੇ ਅਜਿਹੀ ਮੰਜ਼ਲ ਤੱਕ ਪਹੁੰਚਣ ਲਈ ਵਿਅਕਤੀ ਦੀ ਸ਼ਖ਼ਸੀ ਆਜ਼ਾਦੀ ਵਿਚ ਵਿਸ਼ਵਾਸ ਪ੍ਰਗਟ ਕੀਤਾ ਸੀ। 'ਨਵੀਂ ਤਕੜੀ ਦੁਨੀਆਂ' ਵਿਚ ਉਸਨੇ ਆਖਿਆ ਸੀ –''ਹਰ ਕਿਸੇ ਦੇ ਅੰਦਰ ਜ਼ਿੰਦਗੀ ਦਾ ਇਕ ਚੰਗਿਆੜਾ ਹੈ, ਜਿਹੜਾ ਸ਼ੁਅਲਾ ਬਣਨ ਲਈ ਬੇਤਾਬ ਰਹਿੰਦਾ ਹੈ, ਇਹ ਬੇਤਾਬੀ ਸਾਹ ਲੈਣ ਦੀ ਬੇਤਾਬੀ ਨਾਲੋਂ ਘੱਟ ਨਹੀਂ ਹੁੰਦੀ।''

ਗੁਰਬਖ਼ਸ਼ ਸਿੰਘ ਇਸ ਸ਼ਖ਼ਸੀ ਆਜ਼ਾਦੀ ਦੇ ਨਾਲ ਹੀ 'ਕੁਦਰਤੀ ਮਜ਼੍ਹਬ' ਦਾ ਸੰਕਲਪ ਪੇਸ਼ ਕਰਦਾ ਹੈ, ''ਕੁਦਰਤੀ ਮਜ਼੍ਹਬ ਇਲਹਾਮੀ ਕਿਤਾਬਾਂ ਦੇ ਮਕਾਨਕੀ ਵਿਸ਼ਵਾਸ ਨਾਲੋਂ ਬਿਲਕੁਲ ਵੱਖਰਾ ਇਕ ਜਿਉਂਦਾ ਵਿਸ਼ਵਾਸ ਪੈਦਾ ਕਰਦਾ ਹੈ।'' ਉਸਦੇ ਦ੍ਰਿਸ਼ਟੀਕੋਣ ਅਨੁਸਾਰ ਵਿਗਿਆਨ ਅਜਿਹੇ ਮਜ਼੍ਹਬ ਜਾਂ ਧਰਮ ਨੂੰ ਤਕੜਿਆਂ ਕਰਦੀ ਹੈ। ਧਰਮ ਸੱਚ ਨਾਲ ਸਬੰਧਤ ਹੁੰਦਾ ਹੈ। ਇਹ ਸਿੱਖ ਗੁਰੂਆਂ ਦੇ ਸਿਧਾਂਤਾਂ ਤੇ ਸਾਮਵਾਦ ਦੇ ਆਦਰਸ਼ ਨੂੰ ਇਸੇ ਦ੍ਰਿਸ਼ਟੀ ਤੋਂ ਸਬੰਧਤ ਕਰਦਾ ਹੈ ਤੇ ਸਾਮਵਾਦ ਦੇ ਉਸ ਸੰਕਲਪ ਤੋਂ ਵੱਖਰਾ ਹੋ ਜਾਂਦਾ ਹੈ, ਜਿਸਦਾ ਸਰੂਪ ਨਿਰੋਲ ਪਦਾਰਥਵਾਦੀ ਬਣਾਉਣ ਦਾ ਯਤਨ ਕੀਤਾ ਗਿਆ (ਜਿਸਨੂੰ ਪਿਛਲੇ ਵਰ੍ਹਿਆਂ 'ਚ ਢਾਹ ਲਗਦੀ ਗਈ)। ਅੰਨ੍ਹੀ ਮਾਦਾ ਪ੍ਰਸਤੀ ਵਿਚ ਉਹ ਜੀਵਨ ਜਾਚ ਰੁਲ ਜਾਂਦੀ ਹੈ, ਜਿਸਦਾ ਗੁਰਬਖ਼ਸ਼ ਸਿੰਘ ਪ੍ਰਚਾਰਕ ਹੈ, ਇਸ ਜੀਵਨ ਜਾਚ ਵਿਚ ਉਸਦੇ ਪਿਆਰ, ਸੁਹਜ, ਜਾਂ ਬਾਕੀ ਅਜਿਹੇ ਹੋਰ ਸੰਕਲਪਾਂ ਦੇ ਪੂਰੇ ਪੈਰਾਡਾਈਮ ਨੂੰ ਸਮਝਣ ਦੀ ਲੋੜ ਹੈ। ਅਸੀਂ 'ਪਿਆਰ ਕਬਜ਼ਾ ਨਹੀਂ ਪਹਿਚਾਣ' ਦੇ ਉਸਦੇ ਸੰਕਲਪ ਦੇ ਆਲੇ ਦੁਆਲੇ ਵੀ ਇਕ ਭਰਮ-ਮਿੱਥ ਸਿਰਜੀ ਹੋਈ ਹੈ। ਉਹ ਸੰਤੁਲਨ ਦੀ ਤਲਾਸ਼ ਵਿਚ ਹੈ—ਕਾਮ-ਬਲ ਇਸਤ੍ਰੀ ਮਰਦ ਦੀ ਸਭ ਤੋਂ ਵੱਡੀ ਤਾਕਤ ਹੈ, ਜਿਦ੍ਹੀ ਯੋਗ ਵਰਤੋਂ ਕਰਾਮਾਤਾਂ ਵਿਖਾ ਸਕਦੀ ਹੈ। ਜਿਦ੍ਹੇ ਵਿਚ ਇਹ ਬਲ ਕਿਸੇ ਕੁਦਰਤੀ ਜਾਂ ਆਪ ਸਹੇੜੀ ਊਣਤਾ ਕਰਕੇ ਉਕਾ ਹੈ ਨਹੀਂ, ਜਾਂ ਘੱਟ ਹੈ, ਉਹ ਕਦੇ ਸ਼ਖ਼ਸੀਅਤ ਦਾ ਸਵਾਮੀ ਨਹੀਂ ਬਣ ਸਕਦਾ।' (ਸ੍ਵੈ-ਪੂਰਨਤਾ ਦੀ ਲਗਨ)। ਅਸਲ ਵਿਚ 'ਪਿਆਰ ਕਬਜ਼ਾ ਨਹੀਂ ਪਹਿਚਾਣ' ਨੂੰ ਉਸਦੇ ਪੂਰੇ ਪੈਰਾਡਾਈਮ ਵਿਚ ਹੀ ਸਮਝਣਾ ਬਣਦਾ ਹੈ। ਕੇਵਲ ਤੱਤਵਾਦੀ ਹੋ ਕੇ ਨਹੀਂ।

ਇਉਂ ਗੁਰਬਖ਼ਸ਼ ਸਿੰਘ ਦੇ ਸਾਹਿਤ ਦੇ ਆਲੇ ਦੁਆਲੇ ਜੋ ਅਸੀਂ ਮਿੱਥਾਂ ਸਥਾਪਤ ਕਰ ਲਈਆਂ ਹਨ, ਉਨ੍ਹਾਂ ਤੋਂ ਮੁਕਤ ਹੋ ਕੇ ਪੁਨਰ-ਮੁਲੰਕਣ ਦੀ ਲੋੜ ਹੈ। ਉਸ ਦੀ ਦੇਣ ਬਹੁਤ ਅਥਾਹ ਤੇ ਵਡਮੁੱਲੀ ਹੈ।

ਹੁਸਨ ਵੰਡਦੀ ਆਤਮਾ

ਜਸਵੰਤ ਸਿੰਘ ਕੰਵਲ

ਪਹਿਲੀ ਵਾਰ ਮੈਂ ਸ: ਗੁਰਬਖ਼ਸ਼ ਸਿੰਘ ਨੂੰ ਮਲਾਇਆ ਦੇ ਜੰਗਲਾਂ ਵਿਚ ਪੜ੍ਹਿਆ। ਮੇਰਾ ਖ਼ਿਆਲ ਹੈ ਇਹ ਗੱਲ ਸੰਨ 1937 ਦੀ ਹੈ। ਪ੍ਰੀਤ ਲੜੀ ਦਾ ਇਕ ਪਰਚਾ ਮੈਨੂੰ ਸ: ਚੰਨਣ ਸਿੰਘ "ਤੀਹ ਨੰਬਰ" ਨੇ ਦਿੱਤਾ ਸੀ। "ਤੀਹ ਨੰਬਰ" ਅਲੋਨ ਸਟਾਰ ਦੀ ਸ਼ਾਹੀ ਪੋਲੀਸ ਵਿਚ ਲੈਸ ਕੌਂਪਰਲ ਸੀ। ਉਦੋਂ ਤਕ ਮੇਰੀ ਉਸ ਨਾਲ ਸਾਹਿਤਕ ਆੜ੍ਹੀ ਬਣ ਚੁਕੀ ਸੀ। ਉਦੋਂ ਪ੍ਰੀਤ ਲੜੀ ਵਿਚ 'ਏਸ਼ੀਆ ਦਾ ਚਾਨਣ' ਟੁਕੜੇ ਟੁਕੜੇ ਕਰ ਕੇ ਛਾਪਿਆ ਜਾ ਰਿਹਾ ਸੀ। ਮੈਨੂੰ ਮਿਲੇ ਪ੍ਰੀਤ ਲੜੀ ਦੇ ਪਹਿਲੇ ਪਰਚੇ ਵਿਚ ਜ਼ਖ਼ਮੀ ਹੰਸ ਦੀ ਵਾਰਤਾ ਸੀ। ਇਸ ਹੰਸ ਨੂੰ ਰਾਜਕੁਮਾਰ ਸਿਧਾਰਥ ਦੇ ਚਾਚੇ ਦੇ ਪੁੱਤ ਨੇ ਸ਼ਿਕਾਰ ਕੀਤਾ ਸੀ। ਹੰਸ ਦੇ ਲੈਣ ਬਾਰੇ ਝਗੜਾ ਦਰਬਾਰ ਤਕ ਪੁਜ ਗਿਆ। ਕਿਸੇ ਅਣਜਾਣੇ ਪ੍ਰੋਹਤ ਨੇ ਰਾਇ ਦਿਤੀ, 'ਮਾਰਨ ਵਾਲੇ ਨਾਲੋਂ ਬਚਾਉਣ ਵਾਲੇ ਦਾ ਹੱਕ ਪਹਿਲਾਂ ਹੈ।'

ਇਸ ਕਿਤਾਬ ਦਾ ਮੂਲ ਲੇਖਕ ਸਰ ਐਡੀਵਿਨ ਆਰਨਲਡ ਸੀ, ਜਿਸ ਨੂੰ ਸ: ਗੁਰਬਖ਼ਸ਼ ਸਿੰਘ ਨੇ ਅਨੁਵਾਦ ਕੀਤਾ ਸੀ। ਉਹ ਅਨੁਵਾਦ ਵਾਰਤਕ ਕਵਿਤਾ ਵਰਗਾ ਰਸਿਕ ਸੀ। ਜੰਗਲ ਵਿਚੋਂ ਆਉਂਦੀ ਨਦੀ ਦੇ ਕਿਨਾਰੇ ਇਕ ਪੱਥਰ ਤੇ ਬਹਿ ਕੇ ਮੈਂ ਉਸ ਨੂੰ ਪੜ੍ਹਿਆ ਅਤੇ ਸਾਰਾ ਝੂਣਿਆ ਗਿਆ। ਜੰਗਲ ਦੀ ਸਾਹਿਤਕ ਸੁਰ ਵਿਚ ਵਗਦੀ 'ਵਾ ਨੇ ਮੈਨੂੰ ਅਠਾਰਵੇਂ ਸਾਲ ਮਸਤਾਨਾ ਬਣਾ ਕੇ ਰੱਖ ਦਿੱਤਾ। ਮੈਂ ਕੁਦਰਤ ਦਾ ਹਿੱਸਾ ਬਣਿਆ, ਭਰਿਆ ਭਰਿਆ, ਮਹਿਕਾਂ ਵੰਡ ਰਿਹਾ ਸਾਂ। ਮੇਰੀ ਆਤਮਾ ਵਿਚ ਜੰਗਲੀ ਸ਼ੋਰ ਜਾਗ ਪਿਆ, ਵਲਵਲੇ ਅੰਦਰ ਭੰਗੜਾ ਪਾ ਰਹੇ ਸਨ। ਫਿਰ ਵੀ ਮੈਂ ਕਿੰਨਾ ਚਿਰ ਬੁੱਧ ਵਾਂਗ ਸਮਾਧੀ ਸਿੱਧ ਬੈਠਾ ਰਿਹਾ। ਜੰਗਲ ਦੇ ਪੈਰਾਂ ਵਿਚ ਹਨੇਰਾ ਵਧ ਰਿਹਾ ਸੀ ਅਤੇ ਬ੍ਰਿਛਾਂ ਦੀਆਂ ਟੀਸੀਆਂ ਸੁਨਹਿਰੀ ਸਨ। ਚੁਗ ਆਏ ਪੰਛੀਆਂ ਅਲਾਪ ਛੋਹ ਰਖਿਆ ਸੀ। ਅਚਾਨਕ ਬਾਰਾਂ ਬੋਰ ਬੰਦੂਕ ਦਾ ਫ਼ਾਇਰ ਹੋ ਗਿਆ। ਬੱਚਿਆਂ ਨਾਲ ਪਾਣੀ ਪੀਣ ਆਈ ਸੂਰੀ 'ਖੁਰ ਖੁਰ' ਚੰਘਾੜਦੀ ਮੁੜ ਜੰਗਲ ਬੂਟੀ ਵਿਚ ਧੁਸ ਦੇ ਕੇ ਵੜ ਗਈ।

ਪੁੰਗ ਲੀ ਚੀਨੇ ਸ਼ਿਕਾਰੀ ਦਾ ਖ਼ਿਆਲ ਸੀ, ਤੂੰ ਨਾ ਹੁੰਦਾ, ਮੈਂ ਸੂਰੀ ਮਾਰ ਲੈਣੀ ਸੀ।

"ਤੂੰ ਬੁੱਧ ਭਗਵਾਨ ਨੂੰ ਮੰਨਦਾ ਏਂ?" ਮੈਂ ਲੀ ਨੂੰ ਪੁੱਛਿਆ।

"ਹਾਂ ਹਾਂ।" ਉਸ ਦਾ ਸਿਰ ਹਲਾਉਂਦਿਆਂ ਪੋਪਲਾ ਮੂੰਹ ਵੀ ਅੜਿਆ ਹੋਇਆ ਸੀ।

ਫਿਰ ਮੈਂ ਉਸ ਨੂੰ ਤਾਜ਼ਾ ਪੜ੍ਹੀ ਫੱਟੜ ਹੰਸ ਦੀ ਵਾਰਤਾ ਸੁਣਾਈ। ਖ਼ੁਸ਼ ਤਾਂ ਉਹ ਬਹੁਤ ਹੋਇਆ, ਫਿਰ ਆਖਣ ਲੱਗਾ :

"ਪਰ ਮੈਂ ਭੁੱਖਾ ਮਾਰਨ ਵਾਲੇ ਭਗਵਾਨ ਨੂੰ ਨਹੀਂ ਮੰਨ ਸਕਦਾ।"

ਲੀ ਮੇਰੇ ਨਾਲੋਂ ਤਿੱਗਣੀ ਉਮਰ ਦਾ ਸੀ। ਉਸ ਜਵਾਬ ਆਪਣੇ ਤਜਰਬੇ ਦੇ ਆਧਾਰ ਤੇ ਦਿੱਤਾ ਸੀ। ਪਰ ਮੈਨੂੰ ਉਹ ਜੰਗਲੀ ਨਾਲੇ ਜਾਹਲ ਵੀ ਜਾਪਿਆ।

ਮੈਂ ਕਈ ਦਿਨ ਬੇਚੈਨ ਰਿਹਾ। ਬਾਰ ਬਾਰ ਹੰਸ ਵਾਲੀ ਵਾਰਤਾ ਪੜ੍ਹੀ। ਭਾਵੇਂ ਉਹ ਅੰਮ੍ਰਿਤ, ਸਰ ਐਡਵਿਨ ਆਰਨਲਡ ਦਾ ਸੀ; ਪਰ ਪੀਤਾ ਮੈਂ ਸ. ਗੁਰਬਖ਼ਸ਼ ਸਿੰਘ ਦੇ ਗਲਾਸ ਵਿਚੋਂ ਸੀ। ਇਸ ਲਈ ਸ. ਗੁਰਬਖ਼ਸ਼ ਸਿੰਘ ਮੇਰੇ ਅਨੁਭਵ ਨੂੰ ਹਲੂਣਨ ਵਾਲਿਆਂ ਵਿਚੋਂ ਸਿਰਮੌਰ ਹੋ ਗਿਆ।

ਲੇਖਕ ਬਣਨ ਦੀ ਤਾਂਘ ਨਾਲ ਮੈਂ ਮਲਾਇਆ ਛੱਡ ਦਿੱਤਾ। ਮਲਾਇਆ ਛੱਡ ਆਉਣ ਦੇ ਜਿਥੇ ਹੋਰ ਵੀ ਬੁਨਿਆਦੀ ਕਾਰਨ ਸਨ; ਉਥੇ ਸ. ਗੁਰਬਖ਼ਸ਼ ਸਿੰਘ ਦੀ ਆਪਣੀ ਖ਼ਾਸ ਪ੍ਰੇਰਨਾ ਸੀ। ਉਸ ਸਮੇਂ ਦਾ ਗੁਰਬਖ਼ਸ਼ ਸਿੰਘ ਮੈਨੂੰ ਸਦਾ ਚੜ੍ਹਦੀ ਕਲਾ ਵਾਲਾ ਖ਼ੂਬਸੂਰਤ ਤੇ ਪ੍ਰੇਰਕ ਦਿਸਿਆ ਹੈ। ਉਸ ਸਾਂਝੀ ਧੜਕਣ ਨੂੰ ਮੈਂ ਅੱਜ ਵੀ ਖ਼ਰਚ ਕਰ ਕਰ ਭਰਪੂਰ ਹੋ ਰਿਹਾ ਹਾਂ।

ਜ਼ਿੰਦਗੀ ਦਾ ਹੁਸਨ ਵੰਡਦੀ ਉਸ ਆਤਮਾ ਨੂੰ ਮੇਰੀ ਸਲਾਮ,. ਹਜ਼ਾਰ ਵਾਰ ਸਲਾਮ। □

ਜੰਗ ਤੇ ਅਮਨ

ਅਹਿੰਸਾ ਜ਼ਿੰਦਗੀ ਦਾ ਮਨੋਰਥ ਹੈ, ਮਨੁੱਖ ਦੀ ਲਾਲਸਾ ਹੈ। ਮਨੁੱਖ ਦੀ ਸਾਰੀ ਤਾਰੀਖ਼ ਏਸੇ ਨਿਸ਼ਾਨੇ ਵਲ ਉਹਦਾ ਕਦਮ ਪੁੱਟਦੇ ਜਾਣਾ ਹੈ, ਪਰ ਕਦਮ ਕਦਮ ਉਤੇ ਹਿੰਸਾ ਭੇਸ ਵਟਾ ਵਟਾ ਮਨੁੱਖ ਨੂੰ ਭਰਮਾਂਦੀ ਰਹਿੰਦੀ ਹੈ।

ਜੇ ਤੁਸੀਂ ਤੇ ਮੈਂ ਤੇ ਦੁਨੀਆ ਭਰ ਦੇ ਮਨੁੱਖ-ਸਨੇਹੀ, ਸੌਦਾਗਰੀ ਨਜ਼ਾਮ ਦੀ ਹਿੰਸਾ ਰੋਕਣ ਜੋਗੀ ਸਮਰੱਥਾ ਨਹੀਂ ਰਖਦੇ, ਤਾਂ ਨਿਰਾ ਅਹਿੰਸਾ-ਉਪਦੇਸ਼ ਉਤੇ ਜ਼ੋਰ ਦੇਂਦੇ ਜਾਣਾ ਇਹੀ ਪ੍ਰਗਟ ਕਰੇਗਾ ਕਿ ਨਵੀਂ ਤਕੜੀ ਦੁਨੀਆ ਲਈ ਸਾਡੀ ਰੀਝ ਵਿੱਚ ਨਾ ਤਾਂ ਕੋਈ ਡੂੰਘਾਈ ਹੈ, ਤੇ ਨਾ ਹੀ ਨਵੀਂ ਤਕੜੀ ਦੁਨੀਆ ਵਿੱਚ ਸਾਨੂੰ ਕੋਈ ਵਿਸ਼ਵਾਸ ਹੈ।

. ਮੁਨਾਫ਼ਾ ਤੇ ਮੁਕਾਬਲਾ ਸ਼ਖ਼ਸੀ ਅਮਨ ਨੂੰ ਚੰਬੜੇ ਦੋ ਚੂਹੇ ਹਨ। ਅਖ਼ਲਾਕ, ਉਦਾਰਤਾ, ਖ਼ੂਬਸੂਰਤੀ ਤੇ ਖ਼ੁਸ਼ੀ ਨੂੰ ਟੁੱਕ ਕੁਤਰ ਕੇ ਇਹ ਔਹ ਧਰ ਦੇਂਦੇ ਹਨ। ਇਹਨਾਂ ਦੋ ਸ਼ੈਤਾਨੀ ਏਜੰਟਾਂ ਨੇ ਮਨੁੱਖ ਦੀ ਆਕਾਸ਼ੀਂ ਉਡਦੀ ਰੂਹ ਨੂੰ ਵਲੂੰਧਰ, ਮਿੱਟੀ ਤੋਂ ਉਤਾਹ ਉਠਣ ਨਹੀਂ ਦਿੱਤਾ। ਜ਼ਿੰਦਗੀ ਦੇ ਸ਼ਹਿਜ਼ਾਦੇ ਨੂੰ ਧਰਤੀ ਦੀ ਅਤਿ ਸੋਗੀ ਝਾਤੀ ਬਣਾ ਦਿੱਤਾ ਹੈ। (ਨਵੀਂ ਤਕੜੀ ਦੁਨੀਆ)

ਹਿੰਸਾ ਸਿਰਫ਼ ਸਰੀਰਕ ਤਸ਼ੱਦਦ ਦਾ ਨਾਂ ਹੀ ਨਹੀਂ, ਹਿੰਸਾ ਖ਼ਿਆਲਾਂ ਨਾਲ, ਅਮਲਾਂ ਨਾਲੋਂ ਵੀ ਵਧੇਰੇ ਕੀਤੀ ਜਾ ਸਕਦੀ ਹੈ।

ਕਿਸੇ ਉਤੇ ਹਿੰਸਾ ਹੁੰਦੀ ਵੇਖ ਕੇ ਆਪ ਅਹਿੰਸਾ ਭਰਪੂਰ ਰਹਿਣਾ, ਬੜੀ ਭਾਰੀ ਹਿੰਸਾ ਦੇ ਬਰਾਬਰ ਹੈ। ਹਿੰਸਾ ਨੂੰ ਅਹਿੰਸਾ ਦੇ ਅਧੀਨ ਲਿਆਉਣ ਲਈ ਕੀਤੀ ਹਿੰਸਾ, ਅਹਿੰਸਾ ਹੈ। (ਸੁਖਾਵੀਂ ਸੁਧਰੀ ਜ਼ਿੰਦਗੀ)

ਇਕ ਅਦਭੁਤ ਸ਼ਖ਼ਸੀਅਤ*

ਸੋਹਨ ਸਿੰਘ ਜੋਸ਼

ਸ: ਗੁਰਬਖ਼ਸ਼ ਸਿੰਘ ਜੀ ਦੀ ਸ਼ਖ਼ਸੀਅਤ ਬੜੀ ਅਦਭੁਤ ਤੇ ਪ੍ਰਭਾਵ-ਸ਼ਾਲੀ ਹੈ! ਕੋਈ ਵੀ ਆਦਮੀ ਜਿਹੜਾ ਉਹਨਾਂ ਨਾਲ ਉਠਿਆ-ਬੈਠਿਆ ਹੈ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਿਹਾ। ਉਹਨਾਂ ਦੀ ਗੱਲ-ਬਾਤ ਬੜੀ ਮਨ-ਮੋਹਣੀ, ਸੁਪਨ-ਮਈ ਤੇ ਮਨ ਨੂੰ ਖਿੱਚ ਪਾਉਣ ਵਾਲੀ ਹੁੰਦੀ ਹੈ। ਉਹਨਾਂ ਦੀ ਸੰਗਤ ਵਿਚ ਬੈਠ ਜਾਓ ਤਾਂ ਉਠਣ ਨੂੰ ਜੀ ਨਹੀਂ ਕਰਦਾ। ਅਤੇ ਜਦੋਂ ਤੁਸੀਂ ਉਹਨਾਂ ਤੋਂ ਵਿਦਾ ਹੋ ਕੇ ਜਾਂਦੇ ਹੋ ਤਾਂ ਤੁਸੀਂ ਮਹਿਸੂਸ ਕਰਨ ਲਗ ਪੈਂਦੇ ਹੋ ਕਿ ਤੁਸੀਂ ਬਹੁਤ ਕੁਝ ਖੱਟ ਕੇ ਚੱਲੇ ਹੋ ਅਤੇ ਤੁਹਾਡੀ ਸੋਚ-ਸ਼ਕਤੀ ਦੀ ਹਰਕਤ ਬੜੀ ਤੇਜ਼ ਹੋ ਜਾਂਦੀ ਹੈ — ਜਿਵੇਂ ਕਿਸੇ ਲਗਨ ਨੇ ਤੁਹਾਡਾ ਪੱਲਾ ਫੜ ਲਿਆ ਹੋਵੇ।

ਸਰਦਾਰ ਜੀ ਨੇ ਆਪਣੀ ਉਮਰ ਦੇ, ਵਧ ਜਾਂ ਘਟ, ਚਾਲ੍ਹੀ ਸਾਲ ਪੰਜਾਬੀ ਬੋਲੀ ਤੇ ਸਾਹਿਤ ਨੂੰ ਅਰਪਿਤ ਕੀਤੇ ਹਨ। ਉਹ ਘਰੋਂ ਨਿਕਲੇ ਸਨ ਮਸ਼ੀਨਾਂ ਦੇ ਇੰਜੀਨੀਅਰ ਬਣਨ ਲਈ। ਇਹਨਾਂ ਨੇ ਅਮਰੀਕਾ ਜਾ ਕੇ ਸਾਇੰਸ ਦੀ ਡਿਗਰੀ ਹਾਸਲ ਕੀਤੀ ਅਤੇ ਨਾਲ ਹੀ ਇੰਜੀਨੀਅਰ ਦੀ ਵਿੱਦਿਆ ਪ੍ਰਾਪਤ ਕਰ ਕੇ ਮਸ਼ੀਨਾਂ ਦੇ ਦਿਲ ਦੀ ਧੜਕਨ ਦੇ ਮਾਹਿਰ ਬਣ ਗਏ। ਪਰ ਮਸ਼ੀਨ ਦੇ ਦਿਲ ਦੀ ਧੜਕਨ ਨਾਲੋਂ ਵੀ ਉਹਨਾਂ ਨੂੰ ਇਨਸਾਨੀ ਦਿਲ ਦੀ ਧੜਕਨ ਵਧੇਰੇ ਪਿਆਰੀ, ਆਕਰਸ਼ਕ ਤੇ ਅਦੁੱਤੀ ਮਹਿਸੂਸ ਹੋਣ ਲਗ ਪਈ। ਇਸ ਲਈ ਉਹ ਦਿਲ ਤੇ ਮਨ ਦੇ ਇੰਜੀਨੀਅਰ ਦੀ ਤਕਨੀਕ ਵਲ ਵੀ ਮੋਹੇ ਗਏ। ਅਤੇ ਹੌਲੀ ਹੌਲੀ, ਤਪੱਸਿਆ ਤੇ ਅਭਿਆਸ ਨਾਲ, ਇਸ ਵਿਚ ਵਡੀ ਉਚੀ ਚੋਟੀ ਦੇ ਮਾਹਰ ਬਣ ਗਏ।

ਸਰਦਾਰ ਗੁਰਬਖ਼ਸ਼ ਸਿੰਘ ਜੀ ਨੂੰ ਆਪਣੇ ਦੋਸਤ ਬਣਾਨ ਦੀ ਬੜੀ ਸਚੁੱਜੀ ਜਾਚ ਹੈ। ਇਹ ਅਮਰੀਕਾ ਵਿਚ ਉਹਨਾਂ ਦੀਆਂ ਲਿਖਤਾਂ ਵਿਚੋਂ ਉਭਰ ਉਭਰ ਪੈਂਦਾ ਹੈ ਉਹਨਾਂ ਦੇ ਦੋਸਤ ਉੱਚੇ ਦਰਜੇ ਦੇ ਸਾਹਿਤਕਾਰ ਤੇ ਕਲਾਕਾਰ ਸਨ। ਪ੍ਰੀਤ ਲੜੀ ਦੇ ਇਕ — ਸਾਰਵੇਂ ਪਾਠਕ ਨੂੰ, ਝੱਟ ਪੱਟ ਨਹੀਂ ਤਾਂ ਕੁਝ ਦੇਰ ਪਾ ਕੇ, ਪਤਾ ਲਗ ਜਾਂਦਾ ਹੈ ਕਿ ਉਹਨਾਂ ਨੇ ਉਚੇ ਅੰਗਰੇਜ਼ੀ ਸਾਹਿਤ ਦਾ ਬੜਾ ਡੂੰਘਾ ਅਧਿਅਨ ਕੀਤਾ ਹੈ, ਇਸ ਸਾਹਿਤ ਨੇ ਉਹਨਾਂ ਦੇ ਦਿਲ ਵਿਚ ਦੇਸ ਲਈ ਪਿਆਰ ਜਗਾਇਆ ਹੈ, ਪੰਜਾਬੀ ਬੋਲੀ ਨੂੰ ਉੱਨਤ ਤੇ ਪਰਫੁੱਲਤ ਕਰਨ ਅਤੇ 'ਸ਼ੁੱਧ ਬੋਲੀ' ਲਿਖਣ ਦੀ ਪ੍ਰੇਰਨਾ ਦਿਤੀ ਜਾਪਦੀ ਹੈ।

ਉਹ ਅੰਗਰੇਜ਼ੀ ਜ਼ਬਾਨ ਦੇ ਬੜੇ ਉੱਚੇ ਦਰਜੇ ਦੇ ਲਿਖਾਰੀ ਹਨ। ਇਹ ਹਕੀਕਤ ਪ੍ਰੀਤ ਲੜੀ ਦੀਆਂ ਪਹਿਲੀਆਂ ਦਰਜਨ ਤੋਂ ਵਧ ਛੇ ਮਾਸਕ ਜਿਲਦਾਂ ਵਿਚੋਂ ਸਾਫ਼ ਸਾਬਤ ਹੁੰਦੀ ਹੈ। ਅਮਰੀਕਾ ਵਿਚ ਵੀ ਉਹਨਾਂ ਅੰਗਰੇਜ਼ੀ ਵਿਚ ਕਈ ਲੇਖ ਲਿਖੇ ਸਨ ਜਿਹੜੇ ਵਿਦਵਾਨਾਂ ਵਲੋਂ ਬੜੇ ਸਲਾਹੇ ਗਏ ਸਨ। ਪਰ ਉਹਨਾਂ ਨੇ ਆਪਣੇ ਵਿਚਾਰਾਂ ਦੇ ਪ੍ਰਗਟਾਅ ਦਾ ਮਾਧਿਅਮ ਬਦੇਸੀ ਬੋਲੀ ਨੂੰ ਨਹੀ ਬਣਾਇਆ, ਸਗੋਂ ਆਪਣੀ ਮਾਤ-ਭਾਸ਼ਾ ਪੰਜਾਬੀ ਬੋਲੀ ਨੂੰ ਬਣਾਇਆ। ਉਹਨਾਂ ਦਾ ਫ਼ੈਸਲਾ ਪੰਜਾਬੀ ਲਈ ਸੁਭਾਗਾ ਤੇ ਇਤਿਹਾਸਕ ਦਿਹਾੜਾ ਸੀ।

ਅਮਰੀਕੀ ਪਿਛਵਾੜ

ਮਨੁੱਖ ਦਾ ਚੱਜ-ਆਚਾਰ ਮਨੁੱਖੀ ਸੰਗਤ ਤੋਂ ਹੀ ਨਹੀਂ ਪਛਾਣਿਆ ਜਾ ਸਕਦਾ ਹੈ। ਪੁਸਤਕਾਂ ਦੀ ਸੰਗਤ ਤੋਂ ਵੀ ਪਛਾਣਿਆ ਜਾ ਸਕਦਾ ਹੈ। ਪੁਸਤਕਾਂ ਦੀ ਲਗਨ ਤੇ ਸੰਗਤ ਇਨਸਾਨ ਦੇ ਚਲਨ ਉਤੇ ਵਧੇਰੇ ਡੂੰਘਾ ਤੇ ਦੂਰ ਤਕ ਸਾਥ ਦੇਣ ਵਾਲਾ ਅਸਰ ਪਾਉਂਦੇ ਹਨ। ਪਰ ਸ਼ਰਤ ਇਹ ਹੈ ਕਿ ਇਹ ਮਨੁੱਖੀ ਜਾਂ ਪੁਸਤਕੀ ਸੰਗਤ ਹੈ ਕਿਸ ਕਿਸਮ ਦੀ! ਚੰਗੀ ਸੰਗਤ ਖੋਟੇ ਨੂੰ ਖਰਾ ਬਣਾ ਦੇਂਦੀ ਹੈ ਅਤੇ ਮਾੜੀ ਸੰਗਤ ਖਰੇ ਨੂੰ ਖੋਟਾ।

ਸ: ਗੁਰਬਖ਼ਸ਼ ਸਿੰਘ ਜੀ ਅਮਰੀਕਾ ਵਿਚ, ਪੰਜਾਬੀ ਬੋਲੀ ਤੇ ਸਾਹਿਤ ਦੀ ਖ਼ੁਸ਼ਕਿਸਮਤੀ ਨੂੰ, ਬੜੇ ਨਰੋਏ ਵਾਅ ਮੰਡਲ ਵਿਚ ਰਹੇ। ਉਹਨਾਂ ਦਾ ਬੈਠਣ-ਉਠਣ ਚੰਗੇ, ਆਜ਼ਾਦੀ-ਪਸੰਦ ਤੇ ਵਿਸ਼ਾਲ-ਦਿਲ ਸਾਹਿਤਕਾਰਾਂ ਨਾਲ ਸੀ। ਉਹਨਾਂ ਦਾ ਪਿਆਰ ਉਹਨਾਂ ਪੁਸਤਕਾਂ ਨਾਲ ਸੀ ਜਿਹੜੀਆਂ ਦਿਮਾਗ਼ ਦੀਆਂ ਨਵੀਂ ਹਵਾ ਤੇ ਨਵੀਂ ਰੌਸ਼ਨੀ ਲਿਆਉਣ ਵਾਲੀਆਂ ਬਾਰੀਆਂ ਨੂੰ ਖੋਲ੍ਹਦੀਆਂ ਸਨ। ਇਹਨਾਂ ਰਾਹੀਂ ਉਹਨਾਂ ਨੇ ਆਪਣੇ ਦਿਮਾਗ਼ ਵਿਚ ਬੜਾ ਨਰੋਆ ਸਾਹਿੱਤਕ ਖ਼ਜ਼ਾਨਾ ਜਮ੍ਹਾਂ ਕੀਤਾ ਜਿਹੜਾ ਪੰਜਾਬੀ ਬੋਲੀ ਤੇ ਸਾਹਿਤ ਦਾ ਮੂੰਹ ਮੱਥਾ ਸਵਾਰਨ ਤੇ ਸ਼ਿੰਗਾਰਨ ਦੇ ਬੜਾ ਕੰਮ ਆਇਆ।

ਸਰਦਾਰ ਜੀ ਦੇ ਅਮਰੀਕਾ ਰਹਿਣ ਦੇ ਦੌਰਾਨ ਅਮਰੀਕਾ ਸਨਅਤ, ਖੇਤੀਬਾੜੀ, ਅਰਥਚਾਰੇ ਅਤੇ ਸਭਿਆਚਾਰ ਵਿਚ ਬੜੀ ਉੱਨਤੀ ਕਰ ਰਿਹਾ ਸੀ। ਅਮਰੀਕਾ ਵਿਚ ਉਹਨਾਂ ਆਗੂਆਂ ਦੇ ਨਾਮ ਤੇ ਆਜ਼ਾਦੀ — ਟੁੰਬਵੇਂ ਸ਼ਬਦ ਲੋਕਾਂ ਦੇ ਮੂੰਹਾਂ ਤੇ ਚੜ੍ਹੇ ਹੋਏ ਸਨ ਜਿਨ੍ਹਾਂ ਰਾਹੀਂ ਅਮਰੀਕਾ ਨੇ ਬ੍ਰਿਟਿਸ਼ ਸਾਮਰਾਜ ਦੇ ਖ਼ਿਲਾਫ਼ ਲੜ ਕੇ ਆਜ਼ਾਦੀ ਹਾਸਲ ਕੀਤੀ ਸੀ। ਅਤੇ ਅਮਰੀਕੀ ਵਿਧਾਨ ਦੇ ਇਹ ਸ਼ਬਦ ਕਿ "ਹਰ ਇਨਸਾਨ ਆਜ਼ਾਦ ਜੰਮਿਆਂ ਹੈ," ਹਰ ਇਕ ਲਈ ਇਕ ਨਾਅਰਾ ਬਣ ਚੁਕੇ ਸਨ। ਅਤੇ ਆਜ਼ਾਦੀ ਦੇ ਟੱਲ ਉਤੇ ਉਭਰਵੇਂ ਇਹ ਸ਼ਬਦ : "ਸਾਰੇ ਦੇਸ ਦੇ ਆਰ ਪਾਰ ਅਤੇ ਇਸ ਦੇ ਸਾਰੇ ਵਸਨੀਕਾਂ ਵਿਚ ਆਜ਼ਾਦੀ ਦਾ ਢੰਡੋਰਾ ਫੇਰੋ" — ਅਮਰੀਕੀਆਂ ਅਤੇ ਗ਼ੈਰ ਅਮਰੀਕੀਆਂ ਉਤੇ ਜਾਦੂ ਧੂੜ ਦੇਂਦੇ ਸਨ। ਐਬਰਾਹਮ ਲਿੰਕਨ, ਜਾਫ਼ਰਸਨ, ਗੈਰੀਜ਼ਨ ਤੇ ਹੋਰ ਕਈ ਆਜ਼ਾਦੀ ਸੰਗਰਾਮੀਏ ਲੋਕਾਂ ਦਾ ਸਦੀਵੀ ਵਿਰਸਾ ਬਣ ਚੁਕੇ ਸਨ। ਥੋੜੇ ਸ਼ਬਦਾਂ ਵਿਚ, ਕੁਝ ਏਹੋ ਜਿਹਾ ਵਾਅ — ਮੰਡਲ ਸੀ ਜਿਨ੍ਹਾਂ ਦਿਨਾਂ ਵਿਚ ਸਰਦਾਰ ਜੀ ਅਮਰੀਕਾ ਵਿਚ ਸਨ। ਭਾਵੇਂ ਕਮਿਊਨਿਜ਼ਮ ਦਾ ਹਊਆ ਖੜਾ ਕਰ ਕੇ, ਇਜਾਰਾਦਾਰੀਆਂ ਵਲੋਂ, ਸ਼ਹਿਰੀ ਤੇ ਜਮਹੂਰੀ ਆਜ਼ਾਦੀਆਂ ਨੂੰ ਕੁਚਲਨ ਦੇ ਯਤਨ ਆਰੰਭ ਗਏ ਸਨ। ਪਰ ਬ੍ਰਿਟਿਸ਼ ਸਾਮਰਾਜ ਦੇ ਗੁਲਾਮ ਦੇਸ਼ ਦੇ ਨੌਜਵਾਨ ਹਿੰਦੁਸਤਾਨੀ ਸ: ਗੁਰਬਖ਼ਸ਼ ਸਿੰਘ ਉਤੇ ਜਿਸ ਵਿਚ ਆਜ਼ਾਦੀ ਦਾ ਜਜ਼ਬਾ ਮਜ਼ਬੂਤ ਹੋਣਾ ਕੁਦਰਤੀ

*'ਦਾਰ ਜੀ' ਦੀ 75ਵੀਂ 'ਵਰ੍ਹੇ-ਗੰਢ' ਤੇ ਲਿਖਿਆ ਲੇਖ

ਸੀ, ਇਸ ਹਊਏ ਦਾ ਕੋਈ ਵੀ ਅਸਰ ਹੋਇਆ ਹੋਵੇ, ਉਹਨਾਂ ਦੀਆਂ ਲਿਖਤਾਂ ਵਿਚੋਂ ਸਾਬਤ ਨਹੀਂ ਹੁੰਦਾ। ਉਲਟਾ ਅਸਰ ਹੋਇਆ ਜ਼ਰੂਰ ਨਜ਼ਰ ਆਉਂਦਾ ਹੈ।

2. ਪ੍ਰੀਤ-ਲੜੀ ਦੀ ਸ਼ੁਰੂਆਤ

ਨੁਸ਼ਹਿਰਾ ਵਿਚ, ਕੁਝ ਚਿਰ ਏਧਰ ਓਧਰ ਨੌਕਰੀ ਕਰਨ ਪਿਛੋਂ, ਉਹਨਾਂ ਨੇ ਇਕ ਤਾਂ ਮਸ਼ੀਨੀ ਢੰਗ ਨਾਲ ਖੇਤੀਬਾੜੀ ਸ਼ੁਰੂ ਕੀਤੀ ਅਤੇ ਦੂਜੇ ਪ੍ਰੀਤ ਲੜੀ। ਇਸ ਲੇਖ ਦਾ ਸੰਬੰਧ ਸਿਰਫ਼ ਉਹਨਾਂ ਦੀ ਸਾਹਿਤਕ ਦੇਣ ਨਾਲ ਹੈ, ਮਸ਼ੀਨਾਂ ਨਾਲ ਖੇਤੀਬਾੜੀ ਕਰਨ ਨਾਲ ਨਹੀਂ। ਪ੍ਰੀਤ ਲੜੀ ਤੋਂ ਪਹਿਲੋਂ ਪੰਜਾਬ ਵਿਚ ਕੁਝ ਪੰਜਾਬੀ ਦੇ ਅਖ਼ਬਾਰ ਜਾਰੀ ਸਨ। ਰਸਾਲਾ ਕਿਰਤੀ ਤੋਂ ਛੁਟ ਬਾਕੀ ਦੇ ਸਭ ਬਾਹਲਾ ਕਰ ਕੇ ਧਾਰਮਕ ਅਖ਼ਬਾਰ ਸਨ। ਗੁਰਦੁਆਰੇ ਆਜ਼ਾਦ ਹੋ ਚੁਕੇ ਸਨ। ਆਜ਼ਾਦੀ ਦੀ ਲੜਾਈ ਜਾਰੀ ਸੀ। ਪੰਜਾਬੀ ਦੇ ਅਖ਼ਬਾਰ, ਵਧ ਜਾਂ ਘਟ, ਆਜ਼ਾਦੀ ਦੀ ਤਹਿਰੀਕ ਦੇ ਸੰਗਰਾਮ ਵਿਚ ਹਿੱਸਾ ਲੈਂਦੇ ਸਨ।

ਪ੍ਰੀਤ ਲੜੀ ਦੇ ਅੰਕ ਪਹਿਲੇ ਪਰਚੇ ਪੜ੍ਹੀਏ ਤਾਂ ਉਹਨਾਂ ਵਿਚ ਥਾਂ ਥਾਂ ਅੰਗਰੇਜ਼ੀ ਦੇ ਸ਼ਬਦ ਅਤੇ ਉਹਨਾਂ ਦੇ ਕੁਝ ਚੰਗੇ ਕੁਝ ਮਾੜੇ, ਤਰਜਮੇ ਮਿਲਦੇ ਹਨ। ਉਹਨਾਂ ਤੋਂ ਇੰਜ ਮਲੂਮ ਹੁੰਦਾ ਹੈ ਕਿ ਸਰਦਾਰ ਜੀ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਵਿਚ ਔਖ ਹੋ ਰਹੀ ਸੀ ਇਸ ਲਈ ਉਹ ਆਪਣੇ ਵਿਚਾਰਾਂ ਦੇ ਸਹੀ ਅਰਥ ਪਹੁੰਚਾਣ ਲਈ ਅੰਗਰੇਜ਼ੀ ਸ਼ਬਦਾਂ ਦਾ ਸਹਾਰਾ ਲੈਂਦੇ ਸਨ। ਇਸ ਤੋਂ ਇੰਜ ਜਾਪਦਾ ਹੈ ਕਿ ਅਜੇ ਉਹ ਪਹਿਲੋਂ ਅੰਗਰੇਜ਼ੀ ਜ਼ਬਾਨ ਵਿਚ ਸੋਚਦੇ ਸਨ ਅਤੇ ਪਿਛੋਂ ਉਸ ਸੋਚ ਨੂੰ ਪੰਜਾਬੀ ਵਿਚ ਲਿਖਣ ਦਾ ਤਰੀਕਾ ਵਰਤਦੇ ਸਨ। ਸਾਡੇ ਅੰਗਰੇਜ਼ੀ ਦੇ ਸਿਆਣੇ ਸਿਆਣੇ ਪ੍ਰੋਫ਼ੈਸਰ ਵੀ ਪਹਿਲੋਂ ਪਹਿਲੋਂ ਏਵੇਂ ਹੀ ਕਰਦੇ ਰਹੇ ਹਨ। ਅਜ ਅਸੀਂ ਟਾਂਵਿਆਂ ਤੋਂ ਛੁਟ, ਇਸ ਹਾਲਤ ਵਿਚੋਂ ਨਿਕਲ ਚੁੱਕੇ ਹਾਂ। ਅਜ ਪੰਜਾਬੀ ਵਿਚ ਵਿਚਾਰਾਂ, ਸਿਧਾਂਤਾਂ ਤੇ ਚਿੰਤਨ ਦੇ ਪ੍ਰਗਟਾਅ ਦੀ ਸ਼ਕਤੀ ਬਹੁਤ ਵਧ ਚੁੱਕੀ ਹੈ। ਪਰ ਅਜੇ ਵੀ ਅਸੀਂ ਸਾਇੰਸ ਤੇ ਟੈਕਨਾਲੋਜੀ ਦੇ ਕਈ ਕਈ ਖੇਤਰਾਂ ਵਿਚ ਢੇਰ ਸਾਰੇ ਪਛੜੇ ਹੋਏ ਹਾਂ।

ਇਸ ਲਈ ਉਹਨਾਂ ਦਿਨਾਂ ਵਿਚ ਸਰਦਾਰ ਜੀ ਦੀ ਦਿੱਕਤ ਹਕੀਕੀ ਸੀ। ਨਵੇਂ ਖ਼ਿਆਲਾਂ ਤੇ ਸਿਧਾਂਤਾਂ ਦਾ ਸਹੀ ਸਹੀ ਪ੍ਰਗਟ ਕਰਨਾ ਆਸਾਨ ਕੰਮ ਨਹੀਂ ਸੀ। 'ਕਿਰਤੀ' ਵਿਚ ਸਾਨੂੰ ਖ਼ੁਦ ਇਹਨਾਂ ਦਿੱਕਤਾਂ ਤੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਪਰ ਸਰਦਾਰ ਜੀ ਨੇ ਪ੍ਰਗਟਾਅ ਦੀਆਂ ਉਹਨਾਂ ਮੁਸ਼ਕਲਾਂ ਤੇ ਕਾਬੂ ਪਾ ਲਿਆ ਅਤੇ ਉਹਨਾਂ ਦੀ ਲਿਖਣ-ਸ਼ੈਲੀ ਵਿਚ ਵੀ ਤਬਦੀਲੀ ਆਉਂਦੀ ਰਹੀ। ਅਜ ਉਹਨਾਂ ਦੀ ਉਹ ਪਿਛਲੀ ਸ਼ੈਲੀ ਅਜ ਦੀ ਸ਼ੈਲੀ ਨਾਲ ਕੋਈ ਟਾਕਰਾ ਹੀ ਨਹੀਂ ਖਾਂਦੀ। ਅਜ ਦੀ ਉਹਨਾਂ ਦੀ ਸ਼ੈਲੀ ਬੜੀ ਰੰਗੀਨ, ਕਲਪਨਾ-ਮਈ ਅਤੇ ਅਲੰਕਾਰਾਂ-ਸ਼ਿੰਗਾਰੀ ਬਣ ਗਈ ਹੈ। ਪੰਜਾਬੀ ਦੇ ਪ੍ਰਗਟਾਅ ਨੂੰ ਉਹਨਾਂ ਨੇ ਅਜਿਹਾ ਕਲਾ-ਮਈ ਤੇ ਮਨਮੋਹਣਾ ਬਣਾ ਦਿਤਾ ਹੈ ਕਿ ਕਈ ਇਕ ਲੇਖਕ ਉਸ ਸ਼ੈਲੀ ਨੂੰ ਅਪਨਾਣ ਲਈ ਯਤਨ ਕਰ ਰਹੇ ਹਨ। ਇਹ ਵੀ ਸਰਦਾਰ ਹੋਰਾਂ ਦੀ ਪੰਜਾਬੀ ਨੂੰ ਦੇਣ ਦੀ ਸ਼ੋਭਾ ਦਾ ਇਕ ਤਰੀਕਾ ਹੈ।

3. ਪੰਜਾਬੀ ਸਾਹਿਤ ਨੂੰ ਦੇਣ

ਸਰਦਾਰ ਜੀ ਨੇ ਪੰਜਾਬੀ ਸਾਹਿਤ ਨੂੰ ਬਹੁਤ ਕੁਝ ਦਿਤਾ ਹੈ - ਏਨਾ ਕੁਝ ਕਿ ਇਸ ਦਾ ਮੁੱਲ ਅੰਗਣਾ ਕੋਈ ਆਸਾਨ ਗੱਲ ਨਹੀਂ। ਸਮਾਜ ਦਾ ਕੋਈ ਪਹਿਲੂ ਨਹੀਂ ਜਿਸ ਤੇ ਇਹਨਾਂ ਨੇ ਲਿਖਿਆ ਨਾ ਹੋਵੇ। ਪਿਛਲੇ ਚਾਲ੍ਹੀ ਸਾਲਾਂ ਵਿਚ ਇਹਨਾਂ ਨੇ ਸਾਹਿਤ ਤੇ ਸਮਾਜ ਬਾਰੇ ਏਨਾ ਕੁਝ ਲਿਖਿਆ ਹੈ ਕਿ ਸ਼ਾਇਦ ਹੀ ਕਿਸੇ ਹੋਰ ਲੇਖਕ ਨੇ ਏਨਾ ਕੁਝ ਤੇ ਏਨਾ ਚੰਗਾ ਲਿਖਿਆ ਹੋਵੇ। ਇਹਨਾਂ ਨੇ ਪੰਜ-ਛੇ ਦਰਜਨਾਂ ਕਿਤਾਬਾਂ ਲਿਖੀਆਂ ਹਨ ਜਿਨ੍ਹਾਂ ਵਿਚੋਂ ਕਈ ਤਾਂ, ਵਧ ਜਾਂ ਘਟ, ਅਧੀ ਦਰਜਨ ਵਾਰ ਨਵੇਂ ਐਡੀਸ਼ਨਾਂ ਵਿਚ ਛਪ ਚੁੱਕੀਆਂ ਹਨ।

ਸਰਦਾਰ ਜੀ ਨੇ ਕਈ ਨਾਵਲ ਲਿਖੇ ਹਨ। ਕੁਝ ਇਕ ਡਰਾਮੇ ਲਿਖੇ ਹਨ ਅਤੇ ਛੋਟੀਆਂ ਕਹਾਣੀਆਂ ਦੀ ਗਿਣਤੀ ਬਹੁਤ ਵਡੀ ਹੈ। ਅਤੇ ਉਹਨਾਂ ਦਾ ਮਿਸਟਰ ਆਰਨਲਡ ਦੀ ਬੁੱਧ ਮੱਤ ਬਾਰੇ ਅੰਗਰੇਜ਼ੀ ਪੁਸਤਕ ਦਾ ਉਲਥਾ, 'ਏਸ਼ੀਆ ਦਾ ਚਾਨਣ' ਪੰਜਾਬੀ ਜਗਤ ਵਿਚ ਚੰਗਾ ਸਲਾਹਿਆ ਗਿਆ ਸੀ। ਪਿਛੇ ਜਿਹੇ ਉਹਨਾਂ ਨੇ ਪੰਜਾਬ ਦੇ ਕਿੱਸਿਆਂ ਵਿਚ ਮਸ਼ਹੂਰ ਹੋ ਚੁਕੇ ਆਸ਼ਕਾਂ ਉਤੇ ਇਕ ਪੁਸਕਤ 'ਇਸ਼ਕ ਜਿਨ੍ਹਾਂ ਦੇ ਹੱਡੀ ਰਚਿਆ' ਲਿਖੀ ਸੀ ਜਿਸ ਦੀ ਬੜੀ ਚਰਚਾ ਹੋਈ ਸੀ। ਉਹਨਾਂ ਦੀਆਂ ਰਚਨਾਵਾਂ ਦੀ ਲਿਸਟ ਬੜੀ ਲੰਮੀ ਹੈ।

ਉਹਨਾਂ ਦੀ ਲੇਖਣੀ ਨੇ ਸਾਨੂੰ ਨਵਾਂ-ਨਿਰੋਆ, ਪੁਰਾਤਨਤਾ ਦੇ ਬੰਧਨਾਂ ਵਿਰੁਧ ਬਗ਼ਾਵਤ ਕਰਨ ਵਾਲਾ, ਨਵੀਆਂ ਕਦਰਾਂ ਲਈ ਉਤਸ਼ਾਹ ਪੈਦਾ ਕਰਨ ਵਾਲਾ ਅਤੇ ਮੁਰਦਾ ਕੀਮਤਾਂ ਨੂੰ ਦਫ਼ਨਾਨ ਵਾਲਾ ਸਾਹਿਤ ਦਿਤਾ ਹੈ। ਉਹ ਖੜੋਤ ਦੇ ਸਖ਼ਤ ਦੁਸ਼ਮਨ ਅਤੇ ਇਕਸਾਰਵੀਂ ਹਰਕਤ ਤੇ ਰੌਸ਼ਨ ਭਵਿੱਖ ਦੇ ਪਰਚਾਰਕ ਹਨ। ਸਾਡਾ ਸਾਹਿਤ ਕੁਝ ਫ਼ੌਲਾਦੀ ਵਲਗਣਾਂ ਵਿਚ ਕੈਦ ਹੋ ਚੁਕਾ ਸੀ ਜਦੋਂ ਉਹਨਾਂ ਨੇ ਕਲਮ ਫੜੀ। ਉਹਨਾਂ ਨੇ ਉਹਨਾਂ ਵਲਗਣਾਂ ਨੂੰ ਤੋੜ ਕੇ ਢਾਹ ਢੇਰੀ ਕਰ ਦਿਤਾ ਅਤੇ ਵਿਸ਼ਾਲ ਦੁਨੀਆਂ ਦੇ ਨਜ਼ਾਰੇ ਪੇਸ਼ ਕੀਤੇ। ਇਹ ਉਹਨਾਂ ਦੀ ਕਲਮ ਦਾ ਕਰਿਸ਼ਮਾਂ ਹੈ ਕਿ ਪੰਜਾਬੀ ਸਾਹਿਤ ਸੌੜੀ ਵਲਗਣ ਵਿਚੋਂ ਬਾਹਰ ਨਿਕਲ ਸਕਿਆ ਅਤੇ ਪੰਜਾਬੀ ਪਾਠਕਾਂ ਸਾਹਮਣੇ ਇਕ ਵਿਸ਼ਾਲ ਜ਼ਿੰਦਗੀ-ਭਰਪੂਰ ਅਤੇ ਭਵਿੱਖ-ਦਰਸ਼ਕ ਦੁਨੀਆਂ ਦੇ ਦਰਵਾਜ਼ੇ ਖੁਲ੍ਹ ਗਏ।

ਉਹਨਾਂ ਨੇ ਹਰ ਸਮਾਜੀ ਕੋੜ੍ਹ ਦੀ ਨਿਧੜਕ ਹੋ ਕੇ ਨਿਖੇਧੀ ਕੀਤੀ ਹੈ। ਅਤੇ ਪੁਰਾਣੀਆਂ, ਮਰ-ਚੁਕੀਆਂ ਤੇ ਬੇਅਰਥ ਰੀਤਾਂ ਰਸਮਾਂ ਦੇ ਖ਼ਿਲਾਫ਼ ਜਹਾਦ ਕੀਤਾ ਹੈ। ਜਿਥੇ ਵੀ ਉਹਨਾਂ ਨੂੰ ਸਮਾਜ ਵਿਚ ਗੰਦ, ਖੜੋਤ, ਉਪੱਦਰ ਜਾਂ ਜ਼ੁਲਮ ਨਜ਼ਰ ਆਏ ਉਥੇ ਹੀ ਉਹਨਾਂ ਦੇ ਉਚੇ ਤੇ ਸੁੱਚੇ ਵਿਚਾਰਾਂ ਨੇ ਇਹਨਾਂ ਦੇ ਸਿਰਾਂ ਤੇ ਵਦਾਣੀ ਸੱਟਾਂ ਮਾਰੀਆਂ ਅਤੇ ਇਹਨਾਂ ਕੋੜ੍ਹਾਂ ਤੋਂ ਛੁਟਕਾਰਾ ਦਿਵਾਣ ਲਈ ਯਤਨ ਆਰੰਭ ਦਿਤੇ। ਸਾਡੇ ਡਿਗੇ-ਹੋਏ ਸਭਿਆਚਾਰ ਤੇ ਸਾਊਪੁਣੇ ਨੂੰ ਉਚਾ ਉਠਾਣ ਅਤੇ ਪੰਜਾਬੀਅਤ ਦਾ ਸਿਰ ਉੱਚਾ ਕਰਨ ਵਿਚ ਉਹਨਾਂ ਦੇ ਹਿੱਸੇ ਦਾ ਸਹੀ ਲੇਖਾ ਜੋਖਾ ਕਰਨਾ ਇਸ ਲੇਖ ਵਿਚ ਅਸੰਭਵ ਹੈ। ਅਤੇ ਅਜੇ ਇਹਨਾਂ ਵਿਰੁਧ ਉਹਨਾਂ

ਦਾ ਜਹਾਦ ਜਾਰੀ ਹੈ।

4. ਸੀ. ਆਈ. ਡੀ. ਦਾ ਪਹਿਰਾ

ਅਗੇ-ਖੜੂ ਸਾਹਿਤ ਦਾ ਮੁਖ ਲੱਛਣ ਇਹ ਹੈ ਕਿ ਉਹ ਗ਼ੁਲਾਮੀ ਦਾ ਨਿਰੰਤਰ ਵੈਰੀ ਹੁੰਦਾ ਹੈ। ਨਵੇਂ ਖ਼ਿਆਲ ਆਪਣੇ ਅੰਦਰ ਆਜ਼ਾਦੀ ਦੇ ਸੰਗਰਾਮ ਲਈ ਉਤਸਾਹਤ ਕਰਨ ਦੀਆਂ ਬੜੀਆਂ ਸੰਭਾਵਨਾਵਾਂ ਰਖਦੇ ਹਨ। ਭਾਵੇਂ ਆਪਣੇ ਲੇਖਾਂ ਵਿਚ ਸਰਦਾਰ ਜੀ ਬੜੀ ਸਾਹਿਤਕ ਸ਼ਬਦਾਵਲੀ ਵਰਤ ਕੇ ਗ਼ੁਲਾਮੀ ਦੇ ਸਿਰ ਤੇ ਸੱਟਾਂ ਮਾਰਦੇ ਸਨ, ਪਰ ਉਹ ਕਈ ਉਘੇ ਆਜ਼ਾਦੀ ਸੰਗਰਾਮੀਆਂ ਦੇ ਬਚਨਾਂ ਦੇ ਟੋਟਕੇ ਤੇ ਹਵਾਲੇ ਵੀ ਦੇਂਦੇ ਰਹਿੰਦੇ ਸਨ। ਇਹਨਾਂ ਸੁਤੰਤਰ ਖ਼ਿਆਲਾਂ ਤੋਂ ਅੰਗਰੇਜ਼ ਰਾਜ ਦੇ ਸਥਾਪਤ ਹਿਤਾਂ ਨੂੰ ਬੜਾ ਖ਼ਤਰਾ ਭਾਸਨ ਲਗ ਪਿਆ। ਇਹੋ ਹੀ ਨਹੀਂ, ਸਰਦਾਰ ਜੀ ਨੂੰ ਹਰ ਕਿਸਮ ਦੇ ਇਨਕਲਾਬੀ ਤੇ ਗ਼ੈਰ-ਇਨਕਲਾਬੀ ਮਿਲਣ ਆਉਂਦੇ ਰਹਿੰਦੇ ਸਨ ਅਤੇ ਉਹਨਾਂ ਨੇ ਉਹਨਾਂ ਨੂੰ ਮਿਲਣੋਂ ਜਾਂ ਪਨਾਹ ਦੇਣੋਂ ਕਦੇ ਇਨਕਾਰ ਨਹੀਂ ਕੀਤਾ।

ਤੁਸੀਂ ਪ੍ਰੀਤ ਲੜੀ ਦੀਆਂ ਪਿਛਲੀਆਂ ਫ਼ਾਈਲਾਂ ਪੜ੍ਹ ਕੇ ਵੇਖੋ, ਤੁਹਾਨੂੰ ਉਹਨਾਂ ਵਿਚੋਂ ਆਜ਼ਾਦੀ ਸੰਬੰਧੀ ਬੜੇ ਸੁੰਦਰ, ਸਥਾਪਤ ਸੁਆਰਥਾਂ ਤੇ ਜ਼ਬਰਦਸਤ ਸੱਟ ਮਾਰਨ ਵਾਲੇ ਟੋਟਕੇ ਮਿਲਣਗੇ। ਇਹਨਾਂ ਟੋਟਕਿਆਂ ਥੱਲੇ ਕਦੇ ਐਮਰਸਨ, ਬਰਨਾਰਡ ਸ਼ਾਅ, ਰੋਮਾਂ ਰੋਲਾਂ ਦਾ ਨਾਮ ਲਿਖਿਆ ਹੋਇਆ ਮਿਲੇਗਾ, ਕਦੇ ਟਾਲਸਟਾਏ, ਕੈਨੋਕਸ, ਮੈਜ਼ਿਨੀ, ਬਰਟਰੈਂਡ ਰਸਲ, ਵਿਕਟਰ ਹਿਊਗੋ ਵਗ਼ੈਰਾ ਦਾ। ਸ਼ੁਰੂ ਵਿਚ ਸਰਦਾਰ ਜੀ ਪ੍ਰੀਤ ਲੜੀ ਦੇ ਪਰਚਿਆਂ ਦਾ ਕੁਝ ਹਿੱਸਾ ਅੰਗਰੇਜ਼ੀ ਨੂੰ ਵੀ ਅਰਪਿਤ ਕਰਦੇ ਸਨ। ਇਹ ਲੇਖ ਆਜ਼ਾਦੀ ਲਈ ਬਗ਼ਾਵਤੀ ਸਪਿਰਟ ਪੈਦਾ ਕਰਨ ਵਾਲੇ ਹੁੰਦੇ ਸਨ। ਇਸ ਲਈ ਪ੍ਰੀਤ ਲੜੀ ਤੇ ਇਸ ਦੇ ਸੰਪਾਦਕ ਤੋਂ ਅੰਗਰੇਜ਼ ਰਾਜ ਨੂੰ ਖ਼ਤਰਾ ਮਹਿਸੂਸ ਹੋਣ ਲਗ ਪਿਆ। ਹਾਕਮਾਂ ਨੂੰ ਭਾਸਿਆ ਕਿ ਸਾਹਿਤ ਦੇ ਬੁਰਕੇ ਥੱਲੇ ਪ੍ਰੀਤ ਲੜੀ ਆਜ਼ਾਦੀ ਸੰਗਰਾਮ ਦਾ ਹਥਿਆਰ ਬਣਦਾ ਜਾ ਰਿਹਾ ਹੈ। ਇਹ ਮਾਰਕਸ ਤੇ ਲੈਨਿਨ ਦੇ ਹਵਾਲੇ ਦੇਣੋਂ ਵੀ ਨਹੀਂ ਝਿਜਕਦਾ।

ਲੋਕਾਂ ਨੂੰ ਚਿੰਤਨ-ਹੀਣ, ਵਿੱਦਿਆ-ਹੀਣ ਤੇ ਜਾਹਲ ਰਖਣਾ ਅਤੇ ਆਪਣੇ ਦੁਰ-ਪਰਚਾਰ ਰਾਹੀਂ ਬ੍ਰਿਟਿਸ਼ ਸਾਮਰਾਜ ਦੀਆਂ ਬਰਕਤਾਂ ਦਾ ਢੰਡੋਰਾ ਪਿੱਟਣਾ ਹਿੰਦੁਸਤਾਨ ਨੂੰ ਗ਼ੁਲਾਮ ਰਖਣ ਦੇ ਹਥਿਆਰਾਂ ਵਿਚੋਂ ਇਕ ਤਕੜਾ ਹਥਿਆਰ ਸੀ। ਇਸ ਦੇ ਅਸਰ ਨੂੰ ਘਟਾਉਣ-ਮਿਟਾਉਣ ਲਈ ਪ੍ਰੀਤ ਲੜੀ ਆਪਣਾ ਯੋਗ ਹਿੱਸਾ ਪਾ ਰਿਹਾ ਸੀ – ਇਹ ਸਨ ਕਾਰਨ ਜਿਨ੍ਹਾਂ ਨੇ ਪ੍ਰੀਤ ਲੜੀ ਨੂੰ, ਸਿਰ ਤੇ ਸੀ. ਆਈ. ਡੀ. ਦਾ ਪਹਿਰਾ ਲਾਏ ਜਾਣ ਦਾ ਮਾਣ ਬਖ਼ਸ਼ਿਆ। ਹਾਕਮਾਂ ਦੇ ਇਸ ਕਾਰੇ ਨਾਲ, ਆਜ਼ਾਦੀ-ਸੰਗਰਾਮੀਆਂ ਦੇ ਦਿਲ ਵਿਚ, ਸਰਦਾਰ ਜੀ ਦਾ ਸਤਿਕਾਰ ਤੇ ਮਾਣ ਹੋਰ ਵਧ ਗਿਆ ਅਤੇ ਪ੍ਰੀਤ ਲੜੀ ਦੀ ਸ਼ਾਨ ਹੋਰ ਉਚੇਰੀ ਹੋ ਗਈ।

5. ਅੰਧ-ਵਿਸ਼ਵਾਸੀਆਂ ਦਾ ਕ੍ਰੋਪ

ਸਰਦਾਰ ਗੁਰਬਖ਼ਸ਼ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਉਤੇ ਇਕ ਲੇਖ 'ਪਰਮ ਮਨੁੱਖ'[1] ਦੇ ਸਿਰਲੇਖ ਹੇਠ ਲਿਖਿਆ। ਕਟੜਵਾਦੀਆਂ ਤੇ ਤੰਗ-ਦਿਲ (ਅ) ਗਿਆਨੀਆਂ ਨੇ ਤੂਫ਼ਾਨ ਖੜਾ ਕਰ ਦਿਤਾ ਅਤੇ ਸਰਦਾਰ ਹੋਰਾਂ ਦੇ ਖ਼ਿਲਾਫ਼ 'ਪੰਥ' ਵਿਚ, ਨਾਸਤਕ ਹੋਣ ਦਾ ਭੰਡੀ-ਪਰਚਾਰ ਜ਼ੋਰਾਂ ਨਾਲ ਆਰੰਭ ਦਿਤਾ। ਹੋਰ ਗੱਲਾਂ ਤੋਂ ਛੁੱਟ ਇਕ ਮੁੱਖ ਗੱਲ ਇਹ ਸੀ ਕਿ ਗੁਰੂ ਜੀ ਨੂੰ 'ਮਨੁੱਖ' ਕਿਉਂ ਲਿਖਿਆ ਗਿਆ ਹੈ।

ਇਸ ਭੰਡੀ ਪਰਚਾਰ ਨੂੰ ਰੋਕਣ ਲਈ ਖ਼ਾਲਸਾ ਕਾਲਜ ਦੇ ਪ੍ਰੋਫ਼ੈਸਰਾਂ ਤੇ ਹੋਰ ਕੁਝ ਵਿਦਵਾਨਾਂ ਨੇ ਵਿਰੋਧੀ ਕੀਤੀ ਅਤੇ ਇਸ ਦੁਰ-ਪਰਚਾਰ ਦੇ ਬੰਦ ਕਰਨ ਦੇ ਯਤਨ ਕੀਤੇ। ਪਰ ਕੌਣ ਸੁਣਦਾ ਸੀ ਇਹਨਾਂ ਵਿਦਵਾਨਾਂ ਦੀ ਗੱਲ। ਅਕਾਲੀ ਤਹਿਰੀਕ ਦੇ ਵੇਲੇ ਤੋਂ ਥੱਲਿਉਂ ਇਹ ਪਰਚਾਰ ਅੰਦਰੋ-ਅੰਦਰੀ ਕੰਮ ਕਰ ਰਿਹਾ ਸੀ ਕਿ ਪੜ੍ਹੇ ਲਿਖੇ ਸਿੱਖ, ਸਿੱਖ ਨਹੀਂ ਹੁੰਦੇ। ਇਹ ਸਿੱਖ ਮਰਿਆਦਾ ਦੀ ਪਾਲਣਾ ਨਹੀਂ ਕਰਦੇ ਵਗੈਰਾ। ਮੈਨੂੰ ਯਾਦ ਉਹਨਾਂ ਦਿਨਾਂ ਦਾ ਤਜਰਬਾਹੈ ਕਿ ਮੇਰੇ ਨਾਲ ਅੱਖਰਾਂ ਦੀ ਪਵਿੱਤਰਤਾ ਬਾਰੇ ਤੇ ਔਰਤਾਂ ਨੂੰ ਪਗੜੀ ਬੰਨ੍ਹਾਉਣ ਦੀ ਮੁਖ਼ਾਲਫ਼ਤ ਵਿਚ ਕੁਝ ਕੁ ਸ਼ਬਦ ਕਹਿਣ ਤੇ ਕੀ ਬਾਬ ਹੋਈ ਸੀ!

ਜਿੰਨਾ ਵਧ ਅਨਪੜ੍ਹ ਤੇ ਜਾਹਲ ਓਨਾ ਹੀ ਵਧ ਅੰਧ-ਵਿਸ਼ਵਾਸ਼ੀ ਤੇ ਕੱਟੜ! ਇਹ ਸਿੱਖ ਮੱਤ ਦੀ ਗੱਲ ਨਹੀਂ, ਹਰ ਇਕ ਮੱਤ ਉਤੇ ਲਾਗੂ ਹੁੰਦੀ ਹੈ। ਸਰਦਾਰ ਜੀ ਬੜੇ ਘਬਰਾ ਗਏ। ਉਹਨਾਂ ਨੂੰ ਜਾਪਿਆ ਕਿ ਸਿੱਖ ਗਿਆਨੀ ਤੇ ਭਾਈ ਪ੍ਰੋਫ਼ੈਸਰਾਂ ਤੇ ਵਿਦਵਾਨਾਂ ਨਾਲੋਂ ਭਾਰੂ ਹਨ। ਉਹਨਾਂ ਦਾ ਸੁਹਿਰਦ ਤੇ ਕੋਮਲ ਮਨ ਬਿਹਬਲ ਹੋ ਉਠਿਆ ਅਤੇ ਉਹਨਾਂ ਨੇ ਸਭ ਭੁਲਾਂ ਆਪਣੀ ਝੋਲੀ ਵਿਚ ਪੁਆਉਣੀਆਂ ਸ਼ੁਰੂ ਕਰ ਦਿੱਤੀਆਂ – ਉਹੋ ਜਿਹੇ ਗਿਆਨੀਆਂ ਤੋਂ ਜਿਨ੍ਹਾਂ ਨੇ ਸਿਖੀ ਦਾ ਨਾਮ ਲੈ ਕੇ ਦਰਬਾਰ ਸਾਹਿਬ ਵਿਚ ਬਿਜਲੀ ਲਾਉਣ ਦੀ ਇਸ ਵਾਸਤੇ ਵਿਰੋਧਤਾ ਕੀਤੀ ਸੀ ਕਿ ਬਿਜਲੀ ਚੰਚਲ ਹੈ, ਇਹ ਬਿਰਤੀਆਂ ਨੂੰ ਇਕਾਗਰ ਰਹਿਣ ਨਹੀਂ ਦੇਵੇਗੀ।

ਪਰ ਇਸ ਦੇ ਪਿਛੋਂ ਉਹ ਆਮ ਮਜ਼ਹਬ ਬਾਰੇ ਲਿਖਦੇ ਰਹੇ। ਮੁਕਤੀ ਤੇ ਸਵਰਗ ਬਾਰੇ, ਕਰਾਮਾਤਾਂ ਤੇ ਧਾਰਮਕ ਦੰਭ ਤੇ ਫ਼ਰੇਬ ਬਾਰੇ ਉਹਨਾਂ ਦੀ ਕਲਮ ਚਲਦੀ ਰਹੀ ਅਤੇ ਇਹ ਜ਼ਰੂਰੀ ਵੀ ਸੀ ਕਿਉਂਕਿ ਮਜ਼ਹਬ ਅਹਿਲ ਤੇ ਤਬਦੀਲੀ ਦੇ ਖ਼ਿਲਾਫ਼ ਹੈ। ਅਤੇ ਆਪਣੀ ਹਿੱਕ ਨਾਲ ਕਈ ਮੁਰਦਾ ਲਾਸ਼ਾਂ ਨੂੰ ਲਾਂਭੇ ਸੁੱਟ ਕੇ ਹੀ ਭਵਿੱਖ ਵਲ ਜਾਇਆ ਜਾ ਸਕਦਾ ਹੈ।

ਉਸ ਵੇਲੇ ਦੇ ਸਰਦਾਰ ਹੋਰਾਂ ਦੀ ਮਨੋ-ਬਿਰਤੀ ਦਾ ਕੁਝ ਝਲਕਾਰਾ ਇਹਨਾਂ ਸ਼ਬਦਾਂ ਤੋਂ ਪੈਂਦਾ ਹੈ। ਸਰਕਾਰ ਦੀ ਸੀ. ਆਈ. ਡੀ. ਨੇ ਪਹਿਰੇ ਲਾ ਦਿਤੇ, ਮਜ਼ਹਬ ਨੇ ਹਰ ਪ੍ਰੀਤ-ਲੜੀਏ ਦੇ ਖ਼ਿਲਾਫ਼ ਨਾਸਤਕਤਾ ਦਾ ਫ਼ਤਵਾ ਦੇ ਦਿੱਤਾ, ਤੇ ਸੁਚਮਤਾ ਦੇ ਪ੍ਰੋਹਤਾਂ ਨੇ ਮਸ਼ਹੂਰ ਕਰ ਦਿਤਾ ਕਿ "ਚੂਹੜੀਆਂ ਸਾਡਾ ਦੁੱਧ ਰਿੜਕਦੀਆਂ ਹਨ। ਚੁਮਾਰ ਰੋਟੀ ਪਕਾਉਂਦੇ ਹਨ। ਮੁਸਲਮਾਨ ਮਾਸ਼ਕੀ ਪਾਣੀ ਭਰਦੇ ਹਨ.......ਇਹਨਾਂ ਦਾ ਕੋਈ ਧਰਮ ਈਮਾਨ ਨਹੀਂ। ਇਹ ਚੂਹੜਿਆਂ ਨਾਲ ਖਾਂਦੇ ਹਨ।" (ਮੰਜ਼ਲ ਦਿਸ ਪਈ – ਪੰਨਾ 178)

6. ਯੂਟੋਪੀਆਈ ਸਮਾਜ[1]

ਅੱਜ ਸ: ਗੁਰਬਖ਼ਸ਼ ਸਿੰਘ ਜੀ ਉਹ ਗੁਰਬਖ਼ਸ਼ ਸਿੰਘ ਨਹੀਂ

---

[1]. ਹੁਣ ਇਹ ਤੇ ਕੁਝ ਹੋਰ ਲੇਖ ਪੁਸਤਕ ਦੀ ਸ਼ਕਲ ਧਾਰਨ ਕਰ ਗਏ ਅਤੇ 'ਪਰਮ ਮਨੁੱਖ' ਦੇ ਅੱਠ ਐਡੀਸ਼ਨ ਛਪ ਚੁਕੇ ਹਨ।

[1]. ਉਹ ਖ਼ਿਆਲੀ ਟਾਪੂ ਜਿਸ ਵਿਚ ਪੂਰਨ ਤੇ ਆਦਰਸ਼ਕ ਸਮਾਜੀ ਤੇ ਰਾਜਸੀ ਪ੍ਰਬੰਧ ਸੀ।

ਹਨ, ਜਿਨ੍ਹਾਂ ਨੇ ਅਮਰੀਕਾ ਵਿਚੋਂ ਵਿਦਿਆ ਹਾਸਲ ਕਰ ਕੇ ਅਤੇ ਨੌਸ਼ਹਿਰੇ ਆ ਕੇ ਪ੍ਰੀਤ ਲੜੀ ਸ਼ੁਰੂ ਕੀਤੀ ਸੀ। ਹੁਣ ਉਹ ਹੋਰ ਗੁਰਬਖ਼ਸ਼ ਸਿੰਘ ਜੀ ਹਨ। ਉਹਨਾਂ ਵਿਚ ਬੜੀ ਤਬਦੀਲੀ ਆ ਗਈ ਹੈ। ਉਸ ਵੇਲੇ ਯੂਟੋਪੀਆਈ ਆਗੂਆਂ ਵਾਂਗ, ਉਹ ਆਪਣੇ ਨਿੱਜੀ ਯਤਨਾਂ ਨਾਲ ਸਮਾਜ ਦੀ ਭੁੱਖ – ਨੰਗ, ਬੇਕਾਰੀ ਤੇ ਦਲਿਦਰਤਾ ਅਤੇ ਗੰਦ-ਮੰਦ ਨੂੰ ਏਥੋਂ ਨਿਕਾਲਾ ਦੇ ਕੇ ਸੁਹਣੇ, ਉੱਚੇ ਤੇ ਸੁੱਚੇ ਅਤੇ ਪ੍ਰੀਤਾਂ-ਭਰੇ ਨਗਰ ਦੀ ਰਚਨਾ ਦੇ ਸੁਪਨੇ ਲੈ ਰਹੇ ਸਨ। ਉਹਨਾਂ ਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਤੇ ਜ਼ੋਰਦਾਰ ਕਲਾਮਈ ਲੇਖਣੀ ਨੇ ਬੁਧੀਜੀਵੀ ਨੌਜਵਾਨਾਂ ਨੂੰ ਆਪਣਾ ਆਸ਼ਕ ਬਣਾ ਲਿਆ ਸੀ। ਇਸ ਲਈ ਉਹਨਾਂ ਦੀ ਹਰ ਕਲਪਨਾ - ਮਈ ਵਿਉਂਤ ਤੇ ਫੁੱਲ ਚੜ੍ਹਦੇ ਸਨ ਅਤੇ ਮੰਗ ਪੂਰੀ ਹੁੰਦੀ ਸੀ।

ਉਹਨਾਂ ਦੀ ਸਾਂਝੇ ਦਿਲ-ਧੜਕਣ ਦੀ ਅਤੇ ਬਰਾਬਰੀ ਦਾ ਮਨੁੱਖਵਾਦੀ ਸਮਾਜ ਰਚਣ ਦੀ ਗੱਲ ਬੜੀ ਧੂਹ ਪਾਉਂਦੀ ਸੀ। ਉਹਨਾਂ ਦਾ ਇਹ ਤਜਰਬਾ ਸਾਡੇ ਦੇਸ ਲਈ ਨਵਾਂ ਸੀ, ਪਰ ਫ਼ਰਾਂਸ, ਇੰਗਲੈਂਡ ਤੇ ਅਮਰੀਕਾ ਲਈ ਨਵਾਂ ਨਹੀਂ ਸੀ। ਉਹਨਾਂ ਮੁਲਕਾਂ ਵਿਚ ਸਰਮਾਏਦਾਰੀ ਦੀ ਲੁੱਟ-ਚੋਂਘ ਤੋਂ ਨਜਾਤ ਦਿਵਾਉਣ ਲਈ ਸੇਂਟ ਸਾਈਮਨ, ਫ਼ੋਰੀਏ, ਓਵਨ ਅਤੇ ਇਹਨਾਂ ਦੇ ਹੋਰ ਹਮ-ਖ਼ਿਆਲਾਂ ਨੇ ਬਰਾਬਰੀ ਤੇ ਮਿਲਵਰਤਨ ਦੇ ਆਧਾਰ ਤੇ ਆਦਰਸ਼ਕ ਬਸਤੀਆਂ ਬਣਾਉਣ ਦੇ ਤਜਰਬੇ ਕੀਤੇ ਸਨ ਅਤੇ ਉਹ ਸਭ ਨਾਕਾਮ ਹੋਏ ਸਨ। ਪੈਦਾਵਾਰ ਦੇ ਸਾਧਨਾਂ ਦੀ ਨਿੱਜੀ ਮਾਲਕੀ ਦੇ ਸਮਾਜ ਵਿਚ ਇਹੋ ਜਿਹੇ ਰੰਗੀਨ ਸੁਪਨੇ ਅਮਲੀ ਸੂਰਤ ਨਹੀਂ ਧਾਰ ਸਕਦੇ।

ਅਤੇ ਏਥੇ ਤਾਂ ਅਸੀਂ ਅੰਗਰੇਜ਼ ਰਾਜ ਦੇ ਜੂਲੇ ਵਿਚ ਜੁਤੇ ਹੋਏ ਸਾਂ। ਏਥੇ ਤਾਂ ਨਮੂਨੇ ਦਾ ਸਮਾਜ ਬਣਾਉਣਾ ਉੱਕਾ ਹੀ ਅਨਹੋਣੀ ਗੱਲ ਸੀ। ਸਰਦਾਰ ਜੀ ਖ਼ੁਦ ਇਕਬਾਲ ਕਰਦੇ ਹਨ : ''ਪ੍ਰੀਤ ਨਗਰ ਦਾ ਸੁਪਨਾ ਮੈਂ ਸਮਾਧ ਅਕਾਲ ਫੂਲਾ ਸਿੰਘ ਤੇ ਹੀ ਬਣਾ ਲਿਆ ਸੀ ਅਤੇ ਪ੍ਰੀਤ ਸੈਨਾ ਦੀ ਇਕ ਆਦਰਸ਼ਕ ਜਿਹੀ ਤਜਵੀਜ਼ ਮੈਂ ਉਥੇ ਹੀ ਪ੍ਰੀਤਲੜੀ ਵਿਚ ਛਾਪ ਦਿਤੀ ਸੀ। ਅੱਜ ਉਹਨੂੰ ਜਦ ਮੈਂ ਪੜ੍ਹਦਾ ਹਾਂ, ਤਾਂ ਆਪਣੀ ਅਕਲ ਤੇ ਆਪਣੇ ਪਾਠਕਾਂ ਦੀ ਝਬ-ਯਕੀਨੀ ਉਤੇ ਹੱਸ ਪੈਂਦਾ ਹਾਂ। ਪਰ ਓਦੋਂ ਉਹ ਤੇ ਮੈਂ ਦੋਵੇਂ ਬੜੇ ਸਹੀ ਜਾਪਦੇ ਸਾਂ।''

7. ਸ਼ਰਧਾਂਜਲੀ ਵਜੋਂ

ਸ: ਗੁਰਬਖ਼ਸ਼ ਸਿੰਘ ਜੀ, ਅਸਲੀ ਅਰਥਾਂ ਵਿਚ ਮਨੁੱਖਵਾਦੀ ਹਨ। ਉਹਨਾਂ ਲਈ ਸਭ ਆਦਮੀ ਇਨਸਾਨ ਹਨ। ਨਸਲ, ਜ਼ਾਤ ਪਾਤ, ਉਚ ਨੀਚ, ਛੂਤ-ਅਛੂਤ ਤੇ ਪਰਚਾਰਕਾਂ ਦੇ ਉਹ ਸਖ਼ਤ ਦੁਸ਼ਮਣ ਹਨ। ਫ਼ਿਰਕੂ ਫ਼ਸਾਦਾਂ ਦੇ ਖ਼ਿਲਾਫ਼ ਉਹਨਾਂ ਦੀ ਕਲਮ ਅੰਗਰੇਜ਼ ਰਾਜ ਵੇਲੇ ਵੀ ਪ੍ਰੇਮ ਤੇ ਮਿਲਾਪ ਦੇ ਫੁੱਲ ਕੇਰਦੀ ਸੀ ਅਤੇ ਹੁਣ ਆਜ਼ਾਦੀ ਪਿਛੋਂ ਫ਼ਿਰਕੂ ਫ਼ਸਾਦਾਂ ਦੇ ਵਿਰੁਧ ਹੋਰ ਜ਼ੋਰ ਨਾਲ ਲਿਖਦੀ ਹੈ। ਅੱਜ ਪ੍ਰੀਤ ਲੜੀ ਸਾਮਰਾਜੀ ਜੰਗਾਂ ਦੇ ਖ਼ਿਲਾਫ਼ ਅਤੇ ਅਮਨ, ਜਨਵਾਦ ਤੇ ਤਰੱਕੀ ਦੀ ਹਮਾਇਤ ਵਿਚ ਇਕਸਾਰ ਲਿਖਦੀ ਹੈ। ਅਤੇ ਹਰ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਮਸਲੇ ਬਾਰੇ ਆਪਣੀ ਰਾਇ ਪ੍ਰਗਟ ਕਰਦੀ ਹੈ। ਵੀਅਤਨਾਮ ਵਿਚ ਅਮਰੀਕੀ ਸਾਮਰਾਜੀ ਕਤਲਾਮ ਦੀ ਇਸ ਨੇ ਘੋਰ ਨਿਖੇਧੀ ਕੀਤੀ ਹੈ। ਅੱਜ ਸਰਦਾਰ ਜੀ ਦੀ ਕਲਮੀ ਹਮਾਇਤ ਅਗੇ ਲੈ ਜਾਣ ਵਾਲੀ ਹਰ ਤਹਿਰੀਕ ਨੂੰ ਹਾਸਲ ਹੈ। ਉਹਨਾਂ ਦੇ ਵਿਚਾਰਾਂ ਵਿਚੋਂ ਸਾਫ਼ ਪ੍ਰਗਟ ਹੁੰਦਾ ਹੈ ਕਿ ਉਹਨਾਂ ਦੇ ਸੁਪਨੇ ਸਿਰਫ਼ ਸੋਸ਼ਲਿਸਟ ਸਮਾਜ ਵਿਚ ਹੀ ਦਿਹਮਾਨ ਹੋ ਸਕਦੇ ਹਨ।

ਪਿਛਲੇ ਚਾਲ੍ਹੀਆਂ ਸਾਲਾਂ ਦੇ ਸਾਹਿਤਕ ਜੀਵਨ ਵਿਚ ਜੋ ਕੁਝ ਉਹਨਾਂ ਨੇ ਸਾਨੂੰ ਪੰਜਾਬੀਆਂ ਨੂੰ ਦਿਤਾ ਹੈ, ਉਸ ਦਾ ਮੁੱਲ ਪਾਉਣਾ ਜੇ ਅਸੰਭਵ ਨਹੀਂ ਤਾਂ ਮੁਸ਼ਕਲ ਜ਼ਰੂਰ ਹੈ। ਉਹਨਾਂ ਦੀ 75ਵੀਂ ਵਰ੍ਹੇਗੰਢ ਮਨਾਣਾ ਉਹਨਾਂ ਦੀ ਕਿਰਤ ਕਮਾਈ ਤੇ ਸਫ਼ਲਤਾ ਨੂੰ ਮਾਣ ਬਖ਼ਸ਼ਣਾ ਹੈ, ਉਹਨਾਂ ਦੀ ਜ਼ਾਤ ਨੂੰ ਨਹੀਂ। ਅਜੇ ਮਾਤਬੋਲੀ ਉਹਨਾਂ ਕੋਲੋਂ ਬਹੁਤ ਕੁਝ ਹੋਰ – ਪਹਿਲਾਂ ਨਾਲੋਂ ਵੀ ਚੰਗੇਰਾ – ਆਪਣੀ ਝੋਲੀ ਵਿਚ ਪੁਆਉਣ ਦੀ ਆਸ ਰਖਦੀ ਹੈ। ਉਹ ਇਸ ਵੇਲੇ ਨੌਜਵਾਨਾਂ ਜਿਹੀ ਚੁਸਤੀ, ਸਰਗਰਮੀ ਤੇ ਉਤਸੁਕਤਾ ਨਾਲ ਕੰਮ ਕਰਦੇ ਹਨ ਅਤੇ ਮੇਰੀ ਜਾਚੇ ਫ਼ਾਰਸੀ ਦੀ ਇਸ ਕਹਾਵਤ ਤੇ ਅਮਲ ਕਰਦੇ ਹਨ : ਜਿਉਂ ਜਿਉਂ ਬਜ਼ੁਰਗ ਹੋਵੇ ਤਿਉਂ ਤਿਉਂ ਹੋਰ ਸਿੱਖੋ।

●

*** *** *** *** *** *** *** *** *** *** ***

''ਪਿਆਰ ਕਬਜ਼ਾ ਨਹੀਂ ਪਹਿਚਾਣ ਹੈ''

''ਇਹ ਠੀਕ ਹੈ ਕਿ ਸੱਸੀ ਪੁੰਨੂੰ, ਸੋਹਣੀ ਮਹੀਂਵਾਲ ਅਤੇ ਸ਼ੀਰੀਂ ਫ਼ਰਿਹਾਦ ਵਰਗੀ ਪ੍ਰੀਤ ਇਕੋ ਸਾਥੀ ਨਾਲ ਹੀ ਹੋ ਸਕਦੀ ਹੈ। ਪਰ ਇਹ ਪ੍ਰੀਤ ਹਰ ਇਨਸਾਨ ਦੇ ਹਿੱਸੇ ਨਹੀਂ ਆਉਂਦੀ। ਤਾਂ ਵੀ, ਹਰ ਇਨਸਾਨ ਕਿਸੇ ਨਾ ਕਿਸੇ ਪ੍ਰੀਤ ਲਈ ਸਾਰੀ ਉਮਰ ਸਹਿਕਦਾ ਰਹਿੰਦਾ ਹੈ; ਕਿਸੇ ਦਾ ਸਾਥੀ ਦੁਨੀਆਂ ਛਡ ਜਾਂਦਾ ਹੈ। ਪਿਛੇ ਰਹਿਣ ਵਾਲੇ ਦੀ ਫ਼ੁਰਕਤ ਮੌਤ ਵਿਚ ਬਦਲੀ ਨਹੀਂ ਜਾ ਸਕਦੀ। ਬਾਕੀ ਉਮਰ ਆਪਣੀ ਪ੍ਰੀਤ ਦੇ ਝਾਉਲੇ ਉਹਨੂੰ ਕਈਆਂ ਨਕਸ਼ਾਂ ਵਿਚੋਂ ਪੈਂਦੇ ਹਨ। ਪਰ ਇਹਨਾਂ ਨਕਸ਼ਾਂ ਉਤੇ ਕਬਜ਼ਾ ਕਿਸੇ ਹੋਰ ਦਾ ਹੁੰਦਾ ਹੈ। ਕਬਜ਼ੇ ਦੀ ਲਾਲਸਾ ਇਹਦੇ ਆਪੇ ਵਿਚ ਹੁੰਦੀ ਨਹੀਂ। ਤਾਂ ਵੀ, ਆਪਣੇ ਝਾਉਲਿਆਂ ਨੂੰ ਪਿਆਰਨ ਦੀ ਕੋਈ ਮਾਸੂਮ ਜਾਚ ਇਹ ਢੂੰਡਦਾ ਰਹਿੰਦਾ ਹੈ। ਕਦੇ ਕਦੇ ਕਿਸੇ ਪਿਆਰ ਦਾ ਮਚਲਾ ਦੇਵ ਕਿਸੇ ਮੱਲੀ ਰੂਹ ਦਾ ਮਤਵਾਲਾ ਬਣਾ ਦੇਂਦਾ ਹੈ। ਕੋਈ ਹੋਰ ਉਸ ਦੀਆਂ ਅੱਖਾਂ ਵਿਚ ਜਚਦਾ ਨਹੀਂ। ਸੋ, ਕਬਜ਼ੇ ਦੀ ਇੱਛਾ ਹਮੇਸ਼ਾਂ ਲਈ ਤਿਆਗ ਕੇ ਡਿਕੰਨਜ਼ ਦੇ ਪਾਤਰ ''ਕਾਰਟਨ'' ਦੀ ਤਰ੍ਹਾਂ ਉਹ ''ਸਹਿਜ ਪ੍ਰੀਤ'' ਨੂੰ ਆਪਣਾ ਦਿਲ ਦੇ ਕੇ ਆਪਣੀ ਪ੍ਰੀਤਮਾਂ ਦੇ ਮਾਲਕ ਤੋਂ ਵੀ ਕੁਰਬਾਨ ਹੋ ਜਾਂਦਾ ਹੈ........''

ਗੁਰਬਖ਼ਸ਼ ਸਿੰਘ

''ਤੁਸਾਂ ਬਿਨਾਂ ਅਸੀਂ ਸੱਖਣੇ''

ਜਗਜੀਤ ਸਿੰਘ ਆਨੰਦ

ਲਿਖਣਾ ਮੇਰਾ ਨਿਤ ਦਾ ਧੰਦਾ ਹੈ, ਪਰ ਅੱਜ ਇਹ ਏਨਾ ਔਖਾ ਕਿਉਂ ਭਾਸ ਰਿਹਾ ਹੈ?

ਕੀ ਇਸ ਲਈ ਕਿ ਲਿਖਣਾ ਉਸ ਪ੍ਰਤਿਭਾਵਾਨ ਮਨੁੱਖ ਦੇ ਸੌਵੇਂ ਜਨਮ-ਦਿਵਸ ਦੇ ਮੌਕੇ ਹੈ ਜਿਸ ਸੰਬੰਧੀ ਪਹਿਲਾਂ ਵੀ ਢੇਰ ਕੁਝ ਲਿਖ ਚੁਕਾ ਹਾਂ? ਜਾਂ ਇਸ ਕਾਰਨ ਕਿ ਸਰਦਾਰ ਗੁਰਬਖ਼ਸ਼ ਸਿੰਘ ਨੂੰ ਏਨਾ ਲੰਮੇ ਸਮੇਂ ਤਕ ਏਨਾ ਨੇੜਿਓਂ ਜਾਣਿਆ ਹੈ ਕਿ ਉਹਨਾਂ ਦੇ ਤੁਰ ਜਾਣ ਦੇ ਅਠਾਰਾਂ ਸਾਲ ਬੀਤਣ ਪਿੱਛੋਂ ਵੀ ਬਾਹਰ-ਮੁਖੀ ਮੁੱਲ ਪਾ ਸਕਣਾ ਸੰਭਵ ਨਹੀਂ ਭਾਸਦਾ?

ਇਸ ਗੱਲੋਂ ਇਨਕਾਰ ਨਹੀਂ ਕਿ 'ਪ੍ਰੀਤਲੜੀ' ਦਾ ਪਹਿਲਾ ਪਰਚਾ ਹੀ ਵੱਖਰਾ-ਨਿਆਰਾ ਪਰਭਾਵ ਲੈ ਕੇ ਆਇਆ, ਬੋਲੀ ਦੇ ਪੱਖੋਂ ਵੀ, ਵਾਕ-ਬਣਤਰ ਦੇ ਵੀ, ਵਿਚਾਰਾਂ ਦੇ ਵੀ। ਤੇ ਹਰ ਆਉਂਦੇ ਪਰਚੇ ਨਾਲ ਇਹ ਪਰਭਾਵ ਵਧਦਾ ਹੀ ਗਿਆ। ਕਿਥੇ ਭਾਈ ਵੀਰ ਸਿੰਘ ਜੀ ਦੀ 'ਸੁੰਦਰੀ' 'ਸਤਵੰਤ ਕੌਰ' ਤੇ 'ਸੁਭਾਗ ਜੀ' ਤੇ ਕਿਥੇ ਦਾਰ ਜੀ ਦੇ ਨਵੀਂ ਤੋਂ ਨਵੀਂ ਜਾਣਕਾਰੀ ਲੈ ਕੇ ਆਉਂਦੇ 'ਮੇਰੇ ਝਰੋਖੇ 'ਚੋਂ', 'ਸਮੇਂ ਦੇ ਪੈਰ-ਚਿਨ੍ਹ' ਤੇ 'ਪ੍ਰਸੰਨ ਲੰਮੀ ਉਮਰ'। ਮਾਂ ਬੋਲੀ ਪੰਜਾਬੀ ਸੱਚਮੁਚ ਹੀ ਅੰਨ੍ਹੀ ਧਾਰਮਕ ਸ਼ਰਧਾ ਦੀਆਂ ਜਗੀਰੂ ਵਲਗਣਾਂ ਵਿਚੋਂ ਨਿਕਲ ਕੇ ਵਿਗਿਆਨਿਕ ਦਿਖ ਵਾਲੇ ਆਧੁਨਿਕ ਜਗਤ ਵਿਚ ਪਰਵੇਸ਼ ਕਰ ਰਹੀ ਸੀ। ਵੇਲਾ ਵਿਹਾ ਚੁਕੀਆਂ ਸਭ ਸਥਾਪਤ ਕਦਰਾਂ ਨੂੰ ਵੰਗਾਰਿਆ ਜਾ ਰਿਹਾ ਸੀ, ਸਭ ਵਹਿਮਾਂ-ਭਰਮਾਂ ਦੇ ਬਖੀਏ ਉਧੇੜੇ ਜਾ ਰਹੇ ਸਨ, ਜ਼ਿੰਦਗੀ ਦੇ ਨਵੇਂ ਸੰਕਲਪ ਪੇਸ਼ ਕੀਤੇ ਜਾ ਰਹੇ ਸਨ, ਨਵੇਂ ਦਿੱਸਹੱਦੇ ਰੁਸ਼ਨਾਏ ਜਾ ਰਹੇ ਸਨ, ਭਾਈਚਾਰੇ ਨੂੰ ਨਵੀਂ ਜੀਵਨ-ਜਾਚ ਲਈ ਪਰੇਰਿਆ ਜਾ ਰਿਹਾ ਸੀ।

ਪਰ ਮੇਰੇ ਵਿਚਲੇ ਗਰਮ ਲਹੂ ਨੂੰ ਇਹ ਪਰਤੀਤ ਹੁੰਦਾ ਸੀ ਕਿ ਵਿਅਕਤੀ ਨੂੰ ਨਿੱਜ ਦਾ ਅੱਗਾ ਸੁਆਰਨ ਵਿਚ ਖਚਿਤ ਕਰਕੇ ਦੇਸ਼ ਦੀ ਜੁਆਨੀ ਨੂੰ ਇਨਕਲਾਬੀ ਰਾਹ ਤੋਂ ਭਟਕਾਇਆ ਜਾ ਰਿਹਾ ਹੈ। ਪਛੋਂ ਦੀਆਂ ਕਦਰਾਂ-ਕੀਮਤਾਂ ਨੂੰ ਰੰਗ-ਸੁਰੰਗੇ ਸੁਆਂਗਾ ਰਾਹੀਂ ਸਾਡੇ ਹੱਡੀਂ ਰਚਾਇਆ ਜਾ ਰਿਹਾ ਹੈ, ਗ਼ੁਲਾਮੀ ਤੇ ਨਾ-ਬਰਾਬਰੀ ਵਿਰੁਧ ਜੂਝਣ ਦੇ ਮੁੱਖ ਕਾਰਜ ਨੂੰ ਓਝਲ ਕੀਤਾ ਜਾ ਰਿਹਾ ਹੈ। ਜਿਨ੍ਹਾਂ ਨੂੰ ਦੋ ਡੰਗ ਦੀ ਰੋਟੀ ਨਹੀਂ ਜੁੜਦੀ ਉਹਨਾਂ ਕੋਲ ਨਾ ਵਸੀਲੇ ਸਨ ਨਾ ਵਿਹਲ ਸੀ 'ਪ੍ਰੀਤ ਲੜੀ' ਵਿਚਲੀਆਂ ਸੁਝਾਉਣੀਆਂ-ਸਮਝਾਉਣੀਆਂ ਮੁਤਾਬਕ ਜੀਵਨ-ਜਾਚ ਨੂੰ ਢਾਲਣ ਦੀ। ਮੈਂ ਖੁਲ੍ਹ ਕੇ ਆਖਦਾ, ਸਰਦਾਰ ਗੁਰਬਖ਼ਸ਼ ਸਿੰਘ ਤਾਂ ਅਮਰੀਕੀ ਕਦਰਾਂ-ਕੀਮਤਾਂ ਦਾ ਵਣਜਾਰਾ ਹੈ, ਸਾਡੇ ਸਾਹਵੇਂ ਦਰਪੇਸ਼ ਹਕੀਕਤਾਂ ਮੁਸੀਬਤਾਂ ਨਾਲ ਉਸਦਾ ਕੋਈ ਸਰੋਕਾਰ ਨਹੀਂ।

ਤਦ ਵੀ ਇਕ ਹੋਰ ਪੱਧਰ ਉਤੇ ਕੁਝ ਚੰਗੇ ਚੰਗੇ ਦਾ ਝਾਉਲਾ ਜ਼ਰੂਰ ਪੈਂਦਾ ਸੀ। ਪਹਿਲੀਆਂ ਲਿਖਤਾਂ ਵਿਚ ਹੀ 'ਅਣਵਿਆਹੀ ਮਾਂ' ਦੇ ਸੰਕਲਪ ਨੂੰ ਸਤਿਕਾਰ-ਜੋਗ ਥਾਂ ਦਿਵਾਉਣ ਵਰਗੇ ਯਤਨ, ਗੁਰੂ ਗੋਬਿੰਦ ਸਿੰਘ ਜੀ ਨੂੰ 'ਪਰਮ ਮਨੁੱਖ' ਆਖ ਕੇ ਮਜ਼ਹਬੀ ਜਨੂੰਨੀਆਂ ਦੇ ਡੂਮਣੇ ਦੇ ਛੱਤੇ ਨੂੰ ਹੱਥ ਪਾਉਣਾ ਅਤੇ ਸਿਰ ਲਾਹ ਦੇਣ ਦੇ ਡਰਾਵਿਆਂ ਸਾਹਮਣੇ ਵੀ ਡੱਟੇ ਰਹਿਣਾ, ਜਿਨ੍ਹਾਂ ਲਿੰਗ ਵਿਚਾਰਾਂ ਦਾ ਜ਼ਿਕਰ ਮੂਲੋਂ ਵਿਵਰਜਿਤ ਸਮਝਿਆ ਜਾਂਦਾ ਸੀ ਉਹ ਆਪਣੀ ਜਵਾਨ ਹੁੰਦੀ ਧੀ ਨੂੰ ਸੰਬੋਧਨ ਕਰਕੇ 'ਪ੍ਰੀਤ ਲੜੀ' ਦੇ ਪੱਤਰਿਆਂ ਉਤੇ ਪ੍ਰਗਟਾਉਣੇ, ਇਸ ਸਭ ਕਾਸੇ ਨੇ ਆਪਣਾ ਰੰਗ ਵਿਖਾਇਆ ਤੇ ਮੈਂ ਇਹ ਮੰਨਣ ਲਈ ਮਜਬੂਰ ਹੋ ਗਿਆ ਕਿ ਸਮਾਜਕ ਖੇਤਰ ਵਿਚ ਸਥਾਪਤੀ ਨੂੰ ਅਜਿਹੀਆਂ ਵੰਗਾਰਾਂ ਨੇ ਰਾਜਸੀ-ਆਰਥਕ ਖੇਤਰ ਵਿਚ ਮੇਰੇ ਵਲੋਂ ਵਿਦਰੋਹੀ ਪੈਂਤੜਾ ਮੱਲਣ ਵਿਚ ਜ਼ਰੂਰ ਹਿੱਸਾ ਪਾਇਆ ਹੈ।

ਵੇਲੇ ਹੋਰ ਵੀ ਆਏ ਦਾਰ ਜੀ ਨੂੰ ਰੱਦਣ-ਕਬੂਲਣ ਦੇ। ਜੰਗ ਦੇ ਦਿਨਾਂ ਵਿਚ ਜਦੋਂ ਉਹ ਸਾਡੀ ਪਾਰਟੀ ਤੇ ਵਿਚਾਰਧਾਰਾ ਦੇ ਬਹੁਤ ਨੇੜੇ ਆ ਗਏ, 'ਪ੍ਰੀਤਲੜੀ' ਵਿਚ ਮਾਰਕਸਵਾਦ ਦਾ ਆਦਰਸ਼ਕ ਢੰਗ ਨਾਲ ਸਧਾਰਨੀਕਰਨ ਕਰਨ ਤੁਰ ਪਏ। ਕੁਝ ਉਹਨਾਂ ਵਲੋਂ ਵਿਸ਼ੇ ਦੀ ਹਾਥ ਦੀ ਘਾਟ ਤੇ ਕੁਝ ਸਾਡੀਆਂ ਸਤਾਲਿਨੀ ਪਰਵਿਰਤੀਆਂ ਦੀ ਚੜ੍ਹਤ, ਅਸੀਂ ਤਕੜੇ ਲੋਹੇ ਲਾਖੇ ਹੋਏ। ਪਰ ਇਸ ਗੱਲ ਦੀ ਪਛਾਣ ਢੇਰ ਚਿਰ ਪਿਛੋਂ ਪਈ ਕਿ ਪੜ੍ਹੀ ਲਿਖੀ ਨੌਜਵਾਨ ਪੀੜ੍ਹੀ ਦੇ ਪੂਰਾਂ ਦੇ ਪੂਰ ਅਜਿਹੀਆਂ ਲਿਖਤਾਂ ਨੇ ਹੀ ਮਾਰਕਸਵਾਦ ਵਲ ਪਰੇਰਤ ਕੀਤੇ ਸਨ ਜਿਹੜੇ ਅਗਲੇ ਜੀਵਨ ਵਿਚ ਖੱਬੀ ਲਹਿਰ ਦੇ ਪੱਕੇ ਸਮਰਥਕ ਹੋ ਨਿਬੜੇ।

ਇਸੇ ਤਰ੍ਹਾਂ ਆਖਰੀ ਸਾਲਾਂ ਵਿਚ ਉਹਨਾਂ ਦੀ ਗਲਪ ਸਾਹਿਤ ਨੂੰ ਦੇਣ ਨੇ ਵੀ ਪ੍ਰਸੰਸਾ ਘੱਟ ਜਗਾਈ ਤੇ ਉਪਰਾਮਤਾ ਵੱਧ। ''ਇਸ਼ਕ ਜਿਨ੍ਹਾਂ ਦੀ ਹੱਡੀਂ ਰਚਿਆ'' ਸਾਡੀਆਂ ਪ੍ਰਸਿੱਧ ਪ੍ਰੇਮ ਕਥਾਵਾਂ ਨੂੰ ਗੁਰਬਖ਼ਸ਼ ਸਿੰਘ ਸੱਚੇ ਵਿਚ ਢਾਲਣ ਦਾ ਅਜਿਹਾ ਜਤਨ ਸੀ ਜਿਸਨੇ ਦਾਰ ਜੀ ਦੀ ਰਚਨਾਤਮਕ ਪ੍ਰਤਿਭਾ ਨੂੰ ਖੰਭ ਨਾ ਲਾਏ। ਅਤੇ ਉਹਨਾਂ ਦਾ ਆਖਰੀ ਨਾਵਲ ''ਰੁੱਖਾਂ ਦੀ ਜੀਰਾਂਦ'' ਤਾਂ ਇਹ ਦਰਸਾਂਦਾ ਸੀ ਕਿ ਉਹ ਸਮੇਂ ਦੇ ਹਾਣੀ ਨਹੀਂ ਰਹੇ, ਸਾਹਿਤ ਸਿਰਜਣਾ ਦੀ ਵਿਧੀ ਦੇ ਪੱਖੋਂ ਵੀ ਤੇ ਸਾਰ ਦੇ ਪੱਖੋਂ ਵੀ। ਉਹਨਾਂ ਵਿਚ ਅਜਬ ਖੜੋਤ ਆ ਗਈ ਪਰਤੀਤ ਹੋਈ, ਇਉਂ ਜਾਪਣ ਲੱਗਾ ਕਿ ਵਿਚਾਰਾਂ ਦਾ ਦੁਹਰਾਓ ਬਹੁਤਾ ਹੈ ਤੇ ਆਖਣ ਵਾਲੀ ਗੱਲ ਥੋੜੀ। ਉਹਨਾਂ ਨੂੰ ਇਹ ਆਖਣੋ ਰਹਿ ਨਾ ਸਕਿਆ, ''ਹੁਣ ਤੁਹਾਡਾ ਕਲਮ ਸਾਂਭ ਛੱਡਣ ਦਾ ਵੇਲਾ ਆ ਗਿਆ ਹੈ।''

ਤਦ ਵੀ ਇਹ ਸਤਰਾਂ ਲਿਖਣ ਵੇਲੇ ਜਦੋਂ ਸਮੇਂ ਦੀ ਵਿੱਥ ਪਿੱਛੋਂ ਉਹਨਾਂ ਦੀ ਸਮੁਚੀ ਦੇਣ ਉਤੇ ਝਾਤ ਪਾਉਂਦਾ ਹਾਂ ਤਾਂ ਸੋਚਦਾ ਹਾਂ! ਕਿਥੇ ਹੁੰਦੀ ਸਾਡੀ ਮਾਂ-ਬੋਲੀ ਸਰਦਾਰ ਗੁਰਬਖ਼ਸ਼ ਸਿੰਘ ਵਲੋਂ ਪਿੜ ਮੱਲਣ ਬਗ਼ੈਰ ਤੇ ਕਿਥੇ ਹੁੰਦਾ ਸਾਡਾ ਸਭਿਆਚਾਰਕ ਮਿਆਰ!

ਜੇ ਸਧਾਰਨ ਪੰਜਾਬੀ ਲੋਕ ਦੂਜੇ ਦੇਸ਼ਾਂ ਵਿਚ ਜਾਂਦੇ ਵੀ ਸਹਿਜੇ ਹੀ ਉਹਨਾਂ ਦੇ ਵਸਨੀਕਾਂ ਦੇ ਹਾਣੀ ਬਣ ਸਕੇ ਹਨ ਤਾਂ ਇਸ ਵਿਚ ਸਰਦਾਰ ਗੁਰਬਖ਼ਸ਼ ਸਿੰਘ ਦਾ ਅਣਦਿਸਦਾ ਹੱਥ ਪਛਾਣਨਾ ਔਖਾ ਨਹੀਂ।

''ਤੁਸਾਂ ਬਿਨਾਂ ਅਸੀਂ ਸੱਖਣੇ'' ਵਾਲੀ ਪ੍ਰੋਫ਼ੈਸਰ ਪੂਰਨ ਸਿੰਘ ਦੀ ਕਾਵਿ-ਪੰਗਤੀ ਗੁਰਬਖ਼ਸ਼ ਸਿੰਘ ਦੇ ਪ੍ਰਸੰਗ ਵਿਚ ਅੱਜ ਪੰਜਾਬੀ ਸਾਹਿਤ ਜਗਤ ਦੇ ਬਾਬਾ ਬੋਹੜ ਸੰਤ ਸਿੰਘ ਸੇਖੋਂ ਤੋਂ ਲੈ ਕੇ ਪ੍ਰਤਿਭਾਵਾਨ ਕਹਾਣੀਕਾਰ ਵਰਿਆਮ ਸੰਧੂ, ਸਭ ਦੇ ਇਹਸਾਸਾਂ ਦਾ ਅੰਗ ਹੈ। ●

ਸੁਹਣੇ ਮਨੁੱਖ ਦੀ ਉਡੀਕ ਵਿਚ

ਬਰਜਿੰਦਰ ਸਿੰਘ ਹਮਦਰਦ

ਸਰਦਾਰ ਗੁਰਬਖ਼ਸ਼ ਸਿੰਘ ਪ੍ਰੀਤਲੜੀ ਪੰਜਾਬੀ ਸਾਹਿਤ ਦੀ ਇੱਕ ਨਵੀਂ ਸਵੇਰ ਸਨ। ਪ੍ਰੀਤਲੜੀ ਦਾ ਹਰ ਅੰਕ ਤਾਜ਼ਾ ਹਵਾ ਦਾ ਇੱਕ ਬੁੱਲਾ ਹੁੰਦਾ ਸੀ। ਇਸ ਸਦੀ ਦੇ ਚੌਥੇ ਦਹਾਕੇ ਦੇ ਮੁੱਢਲੇ ਸਾਲਾਂ ਵਿਚ ਸ. ਗੁਰਬਖ਼ਸ਼ ਸਿੰਘ ਸ਼ਾਇਦ ਪੰਜਾਬੀ ਦੇ ਸਭ ਤੋਂ ਵੱਧ ਪੜ੍ਹੇ-ਲਿਖੇ ਲੇਖਕ ਸਨ। ਉਨ੍ਹਾਂ ਨੇ ਅਮਰੀਕਾ ਤੇ ਕੁੱਝ ਹੋਰ ਯੂਰਪੀਨ ਦੇਸ਼ਾਂ ਦੀ ਯਾਤਰਾ ਵੀ ਕੀਤੀ ਸੀ। ਉਨ੍ਹਾਂ ਨੇ ਇੰਜੀਨੀਅਰਿੰਗ ਦੀ ਉੱਚ-ਵਿਦਿਆ ਹਾਸਲ ਕੀਤੀ ਪਰ ਆਪਣੇ ਪਿਆਰ-ਵਿਗੁੱਤੇ ਦਿਲ ਕਾਰਨ ਇੱਟਾਂ-ਪੱਥਰਾਂ ਦੀ ਉਸਾਰੀ ਦੀ ਬਜਾਏ ਮਨੁੱਖੀ-ਚਰਿੱਤਰ ਦੀ ਉਸਾਰੀ ਵਿਚ ਰੁੱਝ ਗਏ।

ਆਪਣੀ ਵਿਦਿਆ, ਅਨੁਭਵ ਤੇ ਵਿਦੇਸ਼-ਯਾਤਰਾ ਕਾਰਨ ਜਿਵੇਂ ਉਨ੍ਹਾਂ ਦਾ ਤੀਜਾ ਨੇਤਰ ਖੁਲ੍ਹ ਗਿਆ। ਉਨ੍ਹਾਂ ਨੇ ਦੇਖਿਆ ਕਿ ਧਰਤੀ ਦੇ ਪੱਛਮੀ ਅਰਧ-ਗੋਲੇ ਵਿਚ ਮਨੁੱਖ ਕਿਤੇ ਅਗਾਂਹ ਲੰਘ ਗਿਆ ਹੈ। ਉਥੇ ਗਿਆਨ-ਵਿਗਿਆਨ ਨੇ ਬਹੁਤ ਉੱਨਤੀ ਕੀਤੀ ਹੈ। ਨਵੀਆਂ ਸੋਚਾਂ ਅਤੇ ਕਾਢਾਂ ਉਥੇ ਨਿੱਤ ਦਾ ਵਿਹਾਰ ਹਨ। ਉਥੇ ਮਨੁੱਖ ਕਈ ਕਿਸਮ ਦੇ ਸਵੈ-ਸਿਰਜੇ ਸਮਾਜਕ, ਧਾਰਮਿਕ ਅਤੇ ਵਿਚਾਰਧਾਰਕ ਬੰਧਨਾਂ ਤੋਂ ਮੁਕਤ ਹੋ ਗਿਆ ਹੈ। ਪਰ ਦੂਜੇ ਪਾਸੇ ਸਾਡਾ ਭਾਰਤੀ ਤੇ ਪੰਜਾਬੀ ਸਮਾਜ ਅਜੇ ਸਦੀਆਂ ਪੁਰਾਣੀਆਂ ਰਹੁ-ਰੀਤਾਂ ਅਤੇ ਕਦਰਾਂ-ਕੀਮਤਾਂ ਦਾ ਕੈਦੀ ਹੈ।

ਜਿਵੇਂ ਕਿ ਅਲੈਗਜੈਂਡਰ ਪੋਪ ਨੇ ਕਿਹਾ ਹੈ ਕਿ ਮਨੁੱਖ-ਜਾਤੀ ਦੇ ਅਧਿਐਨ ਲਈ ਸਭ ਤੋਂ ਯੋਗ ਵਿਸ਼ਾ ਮਨੁੱਖ ਆਪ ਹੈ, ਇਸ ਲਈ ਗੁਰਬਖ਼ਸ਼ ਸਿੰਘ ਨੇ ਆਪਣੀ ਲੇਖਣੀ ਦਾ ਪ੍ਰਮੁਖ ਵਿਸ਼ਾ ਮਨੁੱਖ ਅਤੇ ਉਸ ਦੀਆਂ ਕਦਰਾਂ-ਕੀਮਤਾਂ ਨੂੰ ਬਣਾਇਆ। ਆਧੁਨਿਕ ਮਨੁੱਖ ਦੀ ਉਸਾਰੀ ਨੂੰ ਮੁੱਖ ਰੱਖ ਕੇ ਉਨ੍ਹਾਂ ਨੇ ਆਪਣੀ ਪੁਸਤਕ 'ਨਵਾਂ ਸ਼ਿਵਾਲਾ' ਦੀ ਭੂਮਿਕਾ ਵਿਚ ਲਿਖਿਆ :–

''ਸਾਡਾ ਜੀਵਨ-ਸ਼ਿਵਾਲਾ ਪੁਰਾਣਾ ਹੋ ਗਿਆ ਤੇ ਥਾਂ ਥਾਂ ਤੋਂ ਤਿੜਕ ਫਿਸ ਗਿਆ ਹੈ, ਕਿਸੇ ਝੀਤ ਵਿਰਲ ਵਿਚੋਂ ਜਦੋਂ ਕੋਈ ਕਿਰਨ ਅੰਦਰ ਆ ਪੈਂਦੀ ਹੈ ਤੇ ਤਾਂ ਸਾਡੇ ਪੂਜ ਬੁੱਤ, ਵੱਟੇ-ਗੀਹਟੇ ਜਾਪਣ ਲੱਗ ਪੈਂਦੇ ਹਨ, ਅੰਦਰਲੇ ਨਿੱਕ-ਸੁੱਕ ਦਾ ਰੁਅਬ ਉਡ ਜਾਂਦਾ ਹੈ, ਜਿਹੜੀਆਂ ਕਦਰਾਂ ਆਸਰੇ ਜੀਵਨ ਬਹੁ-ਮੁੱਲਾ ਜਾਪਦਾ ਸੀ, ਉਹ ਬੇ-ਮੁੱਲੇ ਹੋ ਗਈਆਂ ਭਾਸਦੀਆਂ ਹਨ।

ਪੁਰਾਣੇ ਸ਼ਿਵਾਲੇ ਵਿਚ ਮਨੁੱਖ ਉਤੇ ਅੱਖਾਂ ਮੀਟੀਆਂ ਤੇ ਬੁੱਤਾਂ ਉਤੇ ਸਮਾਧੀਆਂ ਲਾਈਆਂ ਜਾਂਦੀਆਂ ਸਨ। ਨਵੇਂ ਸ਼ਿਵਾਲੇ ਵਿਚ ਮਨੁੱਖ ਦੀ ਹਰ ਅਹੁਰ ਦਾ ਦਾਰੂ ਮਨੁੱਖ ਹੈ। ਮਨੁੱਖ ਹੀ ਉਹ ਮਹਿਬੂਬ ਹੈ, ਜਿਸਦੇ ਸੁਆਗਤ ਲਈ ਜ਼ਿੰਦਗੀ ਅਜ਼ਲ ਤੋਂ ਆਪਣੇ ਦਰਵਾਜ਼ੇ ਖੋਲ੍ਹਦੀ ਤੁਰੀ ਆ ਰਹੀ ਹੈ।''

ਇੱਕ ਹੋਰ ਥਾਂ ਉਹ ਲਿਖਦੇ ਹਨ :–

''ਸੁਹਣੇ ਮਨੁੱਖ ਦੀ ਉਡੀਕ ਵਿਚ ਜ਼ਿਮੀਂ ਆਸਮਾਨ ਪਰਕਰਮਾ ਕਰ ਰਹੇ ਹਨ''

ਆਧੁਨਿਕ ਮਨੁੱਖ ਨੂੰ ਨਵੇਂ ਸਾਰਥਕ ਰਾਹਾਂ ਉਤੇ ਤੁਰਨ ਦੀ ਪ੍ਰੇਰਨਾ ਦੇਣ ਕਾਰਨ ਸਰਦਾਰ ਜੀ ਨੂੰ ਕਈ ਕਿਸਮ ਦੇ ਵਿਰੋਧਾਂ ਦਾ ਸਾਹਮਣਾ ਕਰਨਾ ਪਿਆ। ਪਰ ਉਹ ਉਮਰ ਭਰ ਆਪਣੀਆਂ ਪੁਸਤਕਾਂ ਅਤੇ ਮਾਸਿਕ ਪੱਤਰ ਪ੍ਰੀਤਲੜੀ ਰਾਹੀਂ ਆਪਣੇ ਨਵੇਂ ਵਿਚਾਰਾਂ ਦਾ ਨੂਰ ਬਿਖੇਰਦੇ ਰਹੇ। ਇਹ ਕਹਿਣਾ ਅਤਿ ਕਥਨੀ ਨਹੀਂ ਹੋਵੇਗਾ ਕਿ ਅਜੋਕੇ ਪੰਜਾਬੀ ਸਮਾਜ ਦੀ ਸੂਝ-ਬੂਝ ਅਤੇ ਜੀਵਨ-ਢੰਗ ਦੇ ਨਿਰਮਾਣ ਵਿਚ ਸ. ਗੁਰਬਖ਼ਸ਼ ਸਿੰਘ ਦਾ ਯੋਗਦਾਨ ਬਹੁਤ ਜ਼ਿਆਦਾ ਹੈ।

ਨਵੇਂ ਯੁੱਗ ਦੇ ਇਸ ਅਗਰਦੂਤ ਦੀ ਸੌਵੀਂ ਵਰ੍ਹੇ-ਗੰਢ ਉਤੇ ਜਿੱਥੇ ਅਸੀਂ ਸਮੂਹ ਪੰਜਾਬੀ ਸਮਾਜ ਨੂੰ ਵਧਾਈ ਦਿੰਦੇ ਹਾਂ, ਉਥੇ ਉਨ੍ਹਾਂ ਦੇ ਨੂਰਾਨੀ ਸਾਰਥਕ ਵਿਚਾਰਾਂ ਨੂੰ ਅਪਣਾਉਣ ਦੀ ਪ੍ਰੇਰਨਾ ਵੀ ਕਰਦੇ ਹਾਂ।

ਪੁਨਰ-ਜਾਗਰਿਤੀ ਦਾ ਲੇਖਕ

ਹਰਭਜਨ ਹਲਵਾਰਵੀ

ਗੁਰਬਖਸ਼ ਸਿੰਘ ਬਹੁਪੱਖੀ ਪ੍ਰਤਿਭਾ ਵਾਲੇ ਲੇਖਕ ਸਨ। ਪੰਜਾਬੀ ਸਾਹਿਤ ਜਗਤ ਵਿਚ ਉਨ੍ਹਾਂ ਦਾ ਆਗਮਨ ਉਦੋਂ ਹੋਇਆ ਜਦੋਂ ਭਾਰਤ ਦੀ ਆਜ਼ਾਦੀ ਦੀ ਲਹਿਰ ਆਪਣੀ ਸਿਖਰ ਵਲ ਜਾ ਰਹੀ ਸੀ ਅਤੇ ਸੰਸਾਰ ਦਾ ਆਰਥਿਕ ਸੰਕਟ ਡੂੰਘਾ ਹੋਣ ਕਰਕੇ ਦੂਜੀ ਵੱਡੀ ਜੰਗ ਦੇ ਚਿੰਨ੍ਹ ਪ੍ਰਗਟ ਹੋਣੇ ਸ਼ੁਰੂ ਹੋ ਗਏ ਸਨ। ਪੰਜਾਬੀ ਸਾਹਿਤ ਤੇ ਸਭਿਆਚਾਰ ਦੇ ਖੇਤਰ ਵਿਚ ਨਵੀਆਂ ਤੇ ਮਹੱਤਵਪੂਰਨ ਤਬਦੀਲੀਆਂ ਆ ਰਹੀਆਂ ਸਨ ਅਤੇ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ ਤੇ ਕਈ ਹੋਰ ਲੇਖਕਾਂ ਦੀਆਂ ਲਿਖਤਾਂ ਸਦਕਾ ਪੰਜਾਬ ਵਿਚ ਪੁਨਰ-ਜਾਗਰਿਤੀ ਦਾ ਦੌਰ ਸ਼ੁਰੂ ਹੋ ਚੁੱਕਾ ਸੀ। ਇਸ ਪੜਾਅ 'ਤੇ ਗੁਰਬਖਸ਼ ਸਿੰਘ ਨੇ ਸਾਹਿਤ ਰਚਨਾ ਤੇ ਮਾਸਿਕ ਪੱਤਰ 'ਪ੍ਰੀਤ ਲੜੀ' ਸ਼ੁਰੂ ਕਰਕੇ ਉਦਾਰਵਾਦੀ ਤੇ ਪ੍ਰਗਤੀਵਾਦੀ ਲੇਖਕ ਵਜੋਂ ਆਪਣੀਆਂ ਵਾਰਤਕ ਲਿਖਤਾਂ ਦੁਆਰਾ ਯੋਗਦਾਨ ਪਾਉਣਾ ਸ਼ੁਰੂ ਕੀਤਾ। ਵਿਚਾਰਾਂ ਦੀ ਨਵੀਨਤਾ ਤੇ ਵਾਰਤਿਕ ਸ਼ੈਲੀ ਦੀ ਵਿਲੱਖਣਤਾ ਕਾਰਨ ਉਹ ਤੇ ਉਨ੍ਹਾਂ ਦਾ ਮਾਸਕ ਪੱਤਰ ਕੁਝ ਹੀ ਵਰ੍ਹਿਆਂ ਵਿਚ ਸੰਸਥਾ ਦਾ ਰੂਪ ਧਾਰਨ ਕਰ ਗਏ ਅਤੇ ਅਗਲੇ ਚਾਰ ਦਹਾਕਿਆਂ ਤਕ ਪੰਜਾਬੀਆਂ ਦੀ ਸਮਾਜਕ ਚੇਤਨਾ ਨੂੰ ਪ੍ਰਚੰਡ ਕਰਨ ਵਿਚ ਮੋਹਰੀ ਰੋਲ ਅਦਾ ਕਰਦੇ ਰਹੇ। ਗੁਰਬਖਸ਼ ਸਿੰਘ ਮੁਖ ਰੂਪ ਵਿਚ ਵਾਰਤਕ ਲੇਖਕ ਸਨ ਪਰ ਕਹਾਣੀ, ਨਾਵਲ, ਸਵੈ-ਜੀਵਨੀ, ਸਫ਼ਰਨਾਮਾ ਆਦਿ ਤੋਂ ਬਿਨਾਂ ਉਨ੍ਹਾਂ ਨੇ ਆਮ ਜਾਣਕਾਰੀ ਦੇ ਹੋਰ ਕਈ ਵਿਸ਼ਿਆਂ ਉਪਰ ਲਗਾਤਾਰ ਕਲਮ ਚਲਾਈ। ਉਨ੍ਹਾਂ ਦੀ ਸਮੁੱਚੀ ਰਚਨਾ ਗੁਣ ਤੇ ਗਿਣਤੀ ਪੱਖੋਂ ਏਨੀ ਜ਼ਿਆਦਾ ਹੈ ਕਿ ਉਨ੍ਹਾਂ ਨੂੰ ਯੁਗ ਲੇਖਕ ਕਹਿਣਾ ਅਤਿਕਥਨੀ ਨਹੀਂ ਹੋਵੇਗਾ। ਗੁਰਬਖਸ਼ ਸਿੰਘ ਨੇ ਆਪਣੀ ਲੇਖਣੀ ਤੇ 'ਪ੍ਰੀਤ ਲੜੀ' ਰਾਹੀਂ ਪੰਜਾਬੀਆਂ ਦੀਆਂ ਤਿੰਨ ਪੀੜ੍ਹੀਆਂ ਨੂੰ ਬੌਧਿਕ ਸੇਧ ਪ੍ਰਦਾਨ ਕੀਤੀ, ਉਨ੍ਹਾਂ ਨੂੰ ਨਵੀਆਂ ਕਦਰਾਂ ਕੀਮਤਾਂ ਤੇ ਨਵੀਂ ਚੇਤਨਤਾ ਨਾਲ ਲੈਸ ਕੀਤਾ ਅਤੇ ਉਨ੍ਹਾਂ ਅੰਦਰ ਸੁਹਜ ਸਵਾਦ ਦੀਆਂ ਰੁਚੀਆਂ ਪ੍ਰਫੁੱਲਤ ਕਰਕੇ ਜ਼ਿੰਦਗੀ ਨੂੰ ਭਰਪੂਰਤਾ ਵਿਚ ਜਿਉਣ ਤੇ ਮਾਣਨ ਦੀ ਸੂਝ ਦਿੱਤੀ।

ਅਮਰੀਕਾ ਵਿਚ ਇੰਜਨੀਅਰਿੰਗ ਦੀ ਵਿਦਿਆ ਹਾਸਲ ਕਰਨ ਦੇ ਨਾਲ ਨਾਲ ਗੁਰਬਖਸ਼ ਸਿੰਘ ਨੇ ਉਥੋਂ ਦੀ ਵਿਕਸਤ ਪੂੰਜੀਵਾਦੀ ਤੇ ਉਦਾਰਵਾਦੀ ਵਿਚਾਰਾਂ ਨੂੰ ਡੂੰਘੇ ਰੂਪ ਵਿਚ ਗ੍ਰਹਿਣ ਕੀਤਾ। ਪੰਜਾਬ ਆ ਕੇ ਉਨ੍ਹਾਂ ਨੇ ਆਪਣੀਆਂ ਲਿਖਤਾਂ ਦੇ ਪਰਚਾਰ-ਪਰਸਾਰ ਲਈ ਅਤੇ ਸਮਕਾਲੀ ਲੇਖਕਾਂ ਨੂੰ ਪਾਠਕਾਂ ਦੇ ਸਨਮੁੱਖ ਕਰਨ ਲਈ 'ਪ੍ਰੀਤ ਲੜੀ' ਸ਼ੁਰੂ ਕਰਨ ਦਾ ਇਕ ਵੱਡਾ ਤੇ ਇਤਿਹਾਸਕ ਉੱਦਮ ਆਰੰਭਿਆ। ਉਨ੍ਹਾਂ ਦੇ ਨਵੇਂ ਵਿਚਾਰਾਂ ਨੇ ਜਿਥੇ ਨੌਜਵਾਨ ਪੀੜ੍ਹੀ ਨੂੰ ਤੀਬਰਤਾ ਨਾਲ ਆਕਰਸ਼ਕ ਕੀਤਾ, ਉਥੇ ਪੁਰਾਣੀ ਪੀੜ੍ਹੀ ਦੇ ਕੁਝ ਅੰਧ-ਵਿਸ਼ਵਾਸੀ ਲੋਕਾਂ ਨੂੰ ਮਾਨਸਿਕ ਠੇਸ ਵੀ ਪਹੁੰਚਾਈ। ਇਹੀ ਕਾਰਨ ਸੀ ਕਿ ਜਿਥੇ ਗੁਰਬਖਸ਼ ਸਿੰਘ ਤੇ ਉਸ ਦੇ ਪਰਚੇ 'ਪ੍ਰੀਤ ਲੜੀ' ਨੇ ਵਿਆਪਕ ਮਾਨਤਾ ਤੇ ਪ੍ਰਸੰਸਾ ਹਾਸਲ ਕੀਤੀ ਉਥੇ ਕੁਝ ਇਕ ਧਿਰਾਂ ਵਲੋਂ ਤਿੱਖੇ ਵਿਰੋਧ ਦਾ ਸਾਹਮਣਾ ਵੀ ਕਰਨਾ ਪਿਆ। ਉਹ ਅਜਿਹੇ ਸਾਹਿਤਕਾਰਾਂ ਵਿਚੋਂ ਸਨ ਜਿਨ੍ਹਾਂ ਨੇ ਪੰਜਾਬੀ ਜਨ ਚੇਤਨਾ ਨੂੰ ਬਹੁਤ ਡੂੰਘੀ ਤਰ੍ਹਾਂ ਪ੍ਰਭਾਵਤ ਕੀਤਾ ਅਤੇ ਨਵੇਂ ਲੇਖਕਾਂ ਦੀ ਅਜਿਹੀ ਪਨੀਰੀ ਤਿਆਰ ਕੀਤੀ ਜਿਹੜੀ ਨਵੀਂ ਸੋਚ ਤੇ ਨਵੀਆਂ ਕਦਰਾਂ ਕੀਮਤਾਂ ਨੂੰ ਪਰਨਾਈ ਹੋਈ ਸੀ। ਉਹ ਸਮਾਂ ਸੀ ਜਦੋਂ ਮਹੀਨਾ ਚੜ੍ਹਨ ਸਾਰ 'ਪ੍ਰੀਤ ਲੜੀ' ਦੀ ਬੜੀ ਉਤਸੁਕਤਾ ਨਾਲ ਉਡੀਕ ਕੀਤੀ ਜਾਂਦੀ ਸੀ ਅਤੇ ਇਸ ਦਾ ਅੱਖਰ ਅੱਖਰ ਪੜ੍ਹਿਆ ਜਾਂਦਾ ਸੀ। ਇਸ ਪਰਚੇ ਉਤੇ ਇਸ ਦੇ ਸੰਪਾਦਕ ਗੁਰਬਖਸ਼ ਸਿੰਘ ਦੀ ਡੂੰਘੀ ਛਾਪ ਲੱਗੀ ਹੁੰਦੀ ਸੀ। 'ਪ੍ਰੀਤ ਲੜੀ' ਉਨ੍ਹਾਂ ਦੇ ਵਿਚਾਰਾਂ ਦੀ ਵਾਹਕ ਹੀ ਨਹੀਂ ਸਗੋਂ ਨਵੀਆਂ ਸਾਹਿਤਕ ਕਿਰਤਾਂ ਦਾ ਉੱਤਮ ਗੁਲਦਸਤਾ ਵੀ ਹੁੰਦੀ ਸੀ ਜਿਸ ਵਿਚ ਸ਼ਾਮਲ ਹੋਣ 'ਤੇ ਹਰ ਲੇਖਕ ਨੂੰ ਵਿਸ਼ੇਸ਼ ਮਾਣ ਮਹਿਸੂਸ ਹੁੰਦਾ ਸੀ।

ਬਾਲਗਾਂ ਨੂੰ 'ਪ੍ਰੀਤ ਲੜੀ' ਦੁਆਰਾ ਨਵੇਂ ਵਿਚਾਰਾਂ ਨਾਲ ਲੈਸ ਕਰਨ ਤੋਂ ਇਲਾਵਾ ਬਾਲਾਂ ਨੂੰ ਸਾਹਿਤ ਦੀ ਚੇਟਕ ਪਾਉਣ ਤੇ ਚੰਗੇ ਬਾਲ ਸਾਹਿਤ ਨੂੰ ਪੇਸ਼ ਤੇ ਉਤਸ਼ਾਹਤ ਕਰਨ ਲਈ 'ਬਾਲ ਸੰਦੇਸ਼' ਦਾ ਪ੍ਰਕਾਸ਼ਨ ਸ਼ੁਰੂ ਕੀਤਾ ਗਿਆ ਜਿਸ ਨੂੰ ਪਹਿਲਾਂ ਉਨ੍ਹਾਂ ਦੇ ਵੱਡੇ ਸਪੁੱਤਰ ਨਵਤੇਜ ਸਿੰਘ ਅਤੇ ਫੇਰ ਹਿਰਦੇਪਾਲ ਸਿੰਘ ਨੇ ਸੰਭਾਲਿਆ। ਨਵਤੇਜ ਸਿੰਘ ਨੇ ਖੁਦ ਉੱਚ ਪਾਏ ਦੇ ਲੇਖਕ ਤੇ ਕਥਾਕਾਰ ਵਜੋਂ ਆਪਣੀ ਵੱਖਰੀ ਪਛਾਣ ਸਥਾਪਤ ਕੀਤੀ ਅਤੇ 'ਪ੍ਰੀਤ ਲੜੀ' ਦੀ ਸੰਪਾਦਨਾ ਦੇ ਕਾਰਜ ਭਾਰ ਨੂੰ ਸੰਭਾਲਣ ਵਿਚ ਸਾਂਝ ਪਾਈ। ਦੋ ਦਹਾਕਿਆਂ ਤਕ 'ਪ੍ਰੀਤ ਲੜੀ' ਆਪਣੇ ਸਮੇਂ ਦਾ ਸਭ ਤੋਂ ਸਿਰਕੱਢ ਪਰਚਾ ਬਣਿਆ ਰਿਹਾ ਜਿਸ ਨੂੰ ਪੜ੍ਹਨਾ ਆਧੁਨਿਕ ਚੇਤਨਾ ਦੇ ਹਾਣੀ ਹੋਣ ਦਾ ਸਬੂਤ ਗਿਣਿਆ ਜਾਂਦਾ ਸੀ।

ਗੁਰਬਖਸ਼ ਸਿੰਘ ਦੀਆਂ ਲਿਖਤਾਂ ਅਤੇ 'ਪ੍ਰੀਤ ਲੜੀ' ਆਪਣੇ ਪਾਠਕਾਂ ਲਈ ਪ੍ਰੇਰਨਾ ਦਾ ਮਹਾਨ ਸੋਮਾ ਸਨ। ਇਨ੍ਹਾਂ ਨੇ ਨਾ ਕੇਵਲ ਲੋਕਾਂ ਦੇ ਮਨਾਂ ਵਿਚੋਂ ਅੰਧ-ਵਿਸ਼ਵਾਸ ਦਾ ਹਨੇਰਾ ਦੂਰ ਕਰਕੇ ਨਵੀਂ ਚੇਤਨਾ ਦਾ ਚਾਨਣ ਬਿਖੇਰਿਆ ਸਗੋਂ ਸਮਾਜਵਾਦੀ ਵਿਚਾਰਾਂ ਦੀ ਪ੍ਰਫੁੱਲਤਾ ਲਈ ਢੁਕਵੀਂ ਜ਼ਮੀਨ ਤਿਆਰ ਕੀਤੀ। 'ਪ੍ਰੀਤ ਲੜੀ' ਵਿਚ ਪਾਠਕਾਂ ਦੇ ਖਤਾਂ ਦੇ ਉੱਤਰ ਵਾਲੇ ਕੁਝ ਰਾਖਵੇਂ ਪੰਨੇ ਜ਼ਿੰਦਗੀ ਦੇ ਹਰ ਪਹਿਲੂ ਨਾਲ ਜੁੜੇ ਮਸਲਿਆਂ ਦੇ ਸਮਾਧਾਨ ਅਤੇ ਵਿਸਤ੍ਰਿਤ ਜਾਣਕਾਰੀ ਮੁਹਈਆ ਕਰਨ ਦਾ ਸਰੋਤ ਬਣਦੇ ਰਹੇ। ਅੱਜ ਵੀ ਜੇ 'ਪ੍ਰੀਤ ਲੜੀ' ਅਤਿ ਮੁਸ਼ਕਲ ਹਾਲਤਾਂ ਵਿਚ ਚੱਲਦੀ ਜਾ ਰਹੀ ਹੈ ਤਾਂ ਇਸ ਪਿੱਛੇ ਸ੍ਰੀ ਗੁਰਬਖਸ਼ ਸਿੰਘ (ਅਤੇ ਉਨ੍ਹਾਂ ਮਗਰੋਂ ਨਵਤੇਜ ਸਿੰਘ, ਸੁਮੀਤ ਸਿੰਘ ਤੇ ਪੂਨਮ ਦੁਆਰਾ ਇਸ ਜੋਤ ਨੂੰ ਜਗਦੀ ਰੱਖਣ ਦਾ ਉਪਰਾਲਾ) ਵਲੋਂ ਸਥਾਪਤ ਗੌਰਵਸ਼ਾਲੀ ਵਿਰਸੇ ਦੀ ਸਦੀਵੀਂ ਪ੍ਰੇਰਨਾ ਹੀ ਹੈ।

ਆਪਣੇ ਅਨੇਕਾਂ ਸਮਕਾਲੀਆਂ ਵਾਂਗ ਮੈਂ ਵੀ ਸਕੂਲ ਵਿਦਿਆਰਥੀ ਹੋਣ ਦੇ ਸਮੇਂ ਤੋਂ 'ਪ੍ਰੀਤ ਲੜੀ' ਦਾ ਨਿਰੰਤਰ ਪਾਠਕ ਚੱਲਿਆ ਆ ਰਿਹਾ ਹਾਂ ਅਤੇ ਗੁਰਬਖਸ਼ ਸਿੰਘ ਤੇ ਉਨ੍ਹਾਂ ਦੀਆਂ ਲਿਖਤਾਂ ਵਿਚ ਮੇਰਾ ਭਰੋਸਾ ਤੇ ਸ਼ਰਧਾ ਬਾਦਸਤੂਰ ਕਾਇਮ ਹਨ। ਉਨ੍ਹਾਂ ਦੀਆਂ ਲਿਖਤਾਂ ਤੇ 'ਪ੍ਰੀਤ ਲੜੀ' ਦਾ ਮੇਰੇ ਬੌਧਿਕ, ਮਾਨਸਿਕ ਤੇ ਭਾਵਨਾਤਮਕ ਵਿਕਾਸ ਵਿਚ ਬਹੁਤ ਵੱਡਾ ਹਿੱਸਾ ਹੈ ਜਿਸ ਕਾਰਨ ਮੈਂ ਉਨ੍ਹਾਂ ਪ੍ਰਤੀ ਰਿਣਯੁਕਤ ਮਹਿਸੂਸ ਕਰਦਾ ਹਾਂ। ■

ਗੁਣ-ਗ੍ਰਾਹਕ
ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ

ਹਰਵਿੰਦਰ ਸਿੰਘ ਹੰਸਪਾਲ

ਸ. ਗੁਰਬਖ਼ਸ਼ ਸਿੰਘ ਹੁਰਾਂ ਦੀ ਪੰਜਾਬੀ ਸਾਹਿਤ ਵਿਚ ਵਾਰਤਕਕਾਰ ਦੇ ਰੂਪ ਵਿਚ ਆਪਣੀ ਇੱਕ ਨਵੇਕਲੀ ਪਛਾਣ ਹੈ। ਉਹਨਾਂ ਦੀ ਵਾਰਤਕ ਰਚਨਾ ਅਤੇ ਕਹਾਣੀ ਨੇ ਅਤੇ ਇਸਤੋਂ ਵੀ ਵੱਧ ਉਹਨਾਂ ਦੇ ਪ੍ਰੀਤ ਫ਼ਲਸਫੇ ਨੇ, ਉਹਨਾਂ ਦੇ ਪਾਠਕ ਤਾਂ ਪੈਦਾ ਕੀਤੇ ਹੀ ਹਨ, ਲੋਕ ਉਹਨਾਂ ਦੇ ਸ਼ਰਧਾਲੂ ਵੀ ਬਣੇ। ਪੰਜਾਬੀ ਪਾਠਕ ਉਹਨਾਂ ਦੀਆਂ ਧਰਮ, ਰਾਜਨੀਤੀ, ਸਭਿਆਚਾਰ, ਸ਼ਿਸ਼ਟਾਚਾਰ, ਪਿਆਰ ਅਤੇ ਸੁਹਣੀ ਸ਼ਖ਼ਸੀਅਤ ਸੰਬੰਧੀ ਰਚਨਾਵਾਂ ਤੋਂ ਪ੍ਰਭਾਵਿਤ ਹੁੰਦੇ ਰਹੇ। ਉਹਨਾਂ ਦੀਆਂ ਸਿੱਖ ਗੁਰੂ ਸਾਹਿਬਾਨ ਸੰਬੰਧੀ ਰਚਨਾਵਾਂ ਨੇ ਵੀ ਬਹੁਤ ਪ੍ਰਭਾਵਿਤ ਕੀਤਾ।

ਸ. ਗੁਰਬਖ਼ਸ਼ ਸਿੰਘ ਹੁਰਾਂ ਦਾ ਮਨੁੱਖੀ ਸ਼ਖ਼ਸੀਅਤ ਨੂੰ ਵੇਖਣ ਦਾ ਆਪਣਾ ਹੀ ਦ੍ਰਿਸ਼ਟੀਕੋਣ ਸੀ। ਉਸ ਦ੍ਰਿਸ਼ਟੀ ਨਾਲ ਵੇਖਣ ਵੇਲੇ, ਕਿਸੇ ਚੰਗੇ ਮਨੁੱਖ ਦੀਆਂ ਚੰਗਿਆਈਆਂ ਪਛਾਨਣ ਵੇਲੇ, ਸ. ਗੁਰਬਖ਼ਸ਼ ਸਿੰਘ ਜੀ ਉਲਾਰ ਹੋਣ ਦੀ ਥਾਂ ਉਸਦੇ ਗੁਣਾਂ ਨੂੰ ਵੇਖਣ ਸੁਣਨ, ਸਮਝਣ ਅਤੇ ਉਸਦਾ ਪ੍ਰਭਾਵ ਕਬੂਲਣ ਬਾਰੇ ਵੀ ਆਪਣੀ ਕਲਮ ਚਲਾਉਂਦੇ ਸਨ। ਉਹਨਾਂ ਆਪਣੇ ਇੱਕ ਲੇਖ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਆਪਣੀ ਪਹਿਲੀ ਮਿਲਣੀ ਇਸ ਤਰ੍ਹਾਂ ਪੇਸ਼ ਕੀਤੀ :,

(ਮੈਨੂੰ) ''ਇੱਕ ਦਿਨ ਸਵੇਰੇ ਸੈਰ ਕਰਦੇ ਨੂੰ ਕਿਸੇ ਨੇ ਆ ਕੇ ਖ਼ਬਰ ਦਿੱਤੀ ਕਿ ਨਾਮਧਾਰੀ ਮੱਤ ਦੇ ਮਹਾਰਾਜ ਸਤਿਗੁਰੂ ਪ੍ਰਤਾਪ ਸਿੰਘ ਜੀ ਮੇਰੇ ਦਫ਼ਤਰ ਵਿਚ ਬੈਠੇ ਮੈਨੂੰ ਯਾਦ ਕਰਦੇ ਹਨ। ਸੁਣਕੇ ਮੈਨੂੰ ਚਾਅ ਕੋਈ ਨਾ ਚੜ੍ਹਿਆ। ਸੰਪਰਦਾਵਾਂ ਦੇ ਆਗੂਆਂ ਬਾਰੇ ਮੇਰੇ ਅੰਦਰ ਇੱਕ ਨਿਰਾਸਤਾ ਜਿਹੀ ਬਹਿ ਗਈ ਹੈ। ਮੈਂ ਖ਼ਿਆਲ ਕੀਤਾ ਕਿ ਕੋਈ ਅਡੰਬਰੀ ਮਹੰਤ-ਰੂਪ ਸਤਿਗੁਰੂ, ਚੌੜੇ ਜੁੱਸੇ ਵਾਲਾ ਸਿਆਣਾ ਜਿਹਾ ਮੂੰਹ ਬਣਾ ਕੇ ਕਿਸੇ ਉੱਚੀ ਥਾਂ ਉਤੇ ਖਿੱਲਰ ਕੇ ਬੈਠਾ ਹੋਵੇਗਾ। ਤੇ ਦੂਰੋਂ ਮੇਰੀ ਸ਼ੁਭ-ਚਿੰਤਨਾ ਦੇ ਉੱਤਰ ਵਿਚ ਹੱਥ ਨਾਲ ਪ੍ਰੇਰੇ ਬਹਿਣ ਦਾ ਇਸ਼ਾਰਾ ਕਰੇਗਾ। ਏਸ ਲਈ ਹੌਲੀ ਹੌਲੀ ਤੁਰਿਆ ਜਾ ਰਿਹਾ ਸਾਂ ਕਿ ਬੂਹੇ ਤੱਕ ਪਹੁੰਚਦੇ ਇੱਕ ਖੁਲ੍ਹਾ ਜਿਹਾ ਪ੍ਰਭਾਵ ਮੇਰੇ ਉਤੇ ਪਿਆ। ਮੇਰੇ ਕਦਮਾਂ ਵਿਚ ਕੋਈ ਬਿਜਲੀ ਜਹੀ ਦੀ ਰੌ ਚਮਕੀ, ਮੈਂ ਤਿੱਖਾ ਤਿੱਖਾ ਵਧਿਆ।

ਸਾਦੇ ਸਾਧਾਰਨ ਲਿਬਾਸ ਵਿਚ, ਕੁਰਸੀ ਉੱਤੇ ਸੁੰਗੜ ਕੇ ਬੈਠੀ ਹੋਈ ਇਕ ਸੂਰਤ ਮੇਰੀ ਅਗਵਾਈ ਲਈ ਹੱਸਦੀ ਹੱਸਦੀ ਉੱਠੀ ਤੇ ਜਿੰਨਾ ਮੈਂ ਨੀਵਾਂ ਹੋਇਆ, ਉਸ ਤੋਂ ਵਧ ਨਿਰਮਾਣਤਾ ਨਾਲ ਉਹਨਾਂ ਮੈਨੂੰ ਆਪਣੇ ਕੋਲ ਬਹਿਣ ਲਈ ਆਖਿਆ। ਓਹਨਾਂ ਦੇ ਆਪਣੇ ਸ਼ਰਧਾਲੂ ਨੀਵੇਂ ਥਾਂ ਬੈਠੇ ਹੋਏ ਸਨ।

ਜੀ ਖੁਲ੍ਹ ਗਿਆ—ਚਿੱਤ ਖਿੜ ਗਿਆ। ਸੁਖ ਸਾਂਦ ਪੁੱਛੀ, ਮੈਂ ਪੁਛਿਆ, ''ਮਹਾਰਾਜ ਕਿਵੇਂ ਆਏ!''

''ਆਪਦੇ ਦਰਸ਼ਨ ਲਈ।''

ਮੈਂ ਇਸ ਨਿਰਮਾਣਤਾ ਉੱਤੇ ਹੈਰਾਨ ਹੋ ਗਿਆ। ਮੈਂ ਮਹਾਰਾਜ ਪ੍ਰਤਾਪ ਸਿੰਘ ਜੀ ਦੀ ਆਪਣੇ ਪੰਥ ਵਿਚ ਉਚਿਆਈ ਸੁਣੀ ਹੋਈ ਸੀ – ਸੁਣਿਆ ਹੋਇਆ ਸੀ ਕਿ ਮੁਲਕ ਦੇ ਪਾਤਸ਼ਾਹਾਂ ਦਾ ਮਾਣ ਕੋਈ ਵਧੇਰੇ ਨਹੀਂ ਹੁੰਦਾ।''

ਇਹ ਉਦੋਂ ਦੀ ਗੱਲ ਹੈ ਜਦੋਂ ਸ. ਗੁਰਬਖ਼ਸ਼ ਸਿੰਘ ਜੀ 40 ਕੁ ਸਾਲਾਂ ਦੇ ਸਨ। ਉਹ 'ਪ੍ਰੀਤ ਲੜੀ' ਰਾਹੀਂ, ਆਪਣੇ ਪ੍ਰੀਤ ਫ਼ਲਸਫੇ ਨੂੰ ਆਪਣੇ ਪਾਠਕਾਂ ਸਾਹਮਣੇ, ਕੀਲਣ ਸ਼ਕਤੀ ਨਾਲ ਪੇਸ਼ ਕਰ ਰਹੇ ਸਨ। ਉਹਨਾਂ ਦਾ ਆਪਣਾ ਹੀ ਕਹਿਣਾ ਹੈ ਕਿ ਪ੍ਰੀਤਲੜੀ ਨੂੰ ਧਾਰਮਕ ਲੋਕ ਅਛੂਤ ਸਮਝਦੇ ਸਨ। ਚਿੰਮਟੇ ਨਾਲ ਵੀ ਇਸਨੂੰ ਫੜਨਾ ਚੰਗਾ ਨਹੀਂ ਸਨ ਸਮਝਦੇ। ਪ੍ਰੰਤੂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਹਨਾਂ ਨੂੰ ਫਰਮਾਇਆ ਕਿ ਆਪ ਦੀ ਪ੍ਰੀਤਲੜੀ ਮੈਨੂੰ ਪ੍ਰੇਰ ਕੇ ਏਥੇ ਲਿਆਈ ਹੈ।

ਸਰਦਾਰ ਜੀ ਨਾਮਧਾਰੀ ਸਮਾਜ ਵਿਚ ਵਿਦਮਾਨ ਵਿਆਹ ਸੁਧਾਰਾਂ, ਸਾਦਾ ਪਹਿਨਣਾ, ਸਾਦਾ ਰਹਿਣਾ ਅਤੇ ਤੰਦਰੁਸਤ ਸਰੀਰ ਬਣਾਈ ਰੱਖਣ ਨੂੰ ਚੰਗਾ ਸਮਝਦੇ ਸਨ। ਇਸ ਸਾਰੇ ਕੁਝ ਪਿਛੇ ਉਹਨਾਂ ਨੂੰ ਸਤਿਗੁਰੂ ਜੀ ਦੀ ਸ਼ਖ਼ਸੀਅਤ ਸਪਸ਼ਟ ਵਿਖਾਈ ਦੇਂਦੀ ਸੀ। ਉਹਨਾਂ ਨੇ ਸਤਿਗੁਰੂ ਜੀ ਦੀ ਸ਼ਖ਼ਸੀਅਤ ਤੋਂ ਕਬੂਲੇ ਪ੍ਰਭਾਵ ਨੂੰ ਬੇਬਾਕੀ ਨਾਲ ਪੇਸ਼ ਕੀਤਾ।

ਅੱਜ ਤੋਂ ਸੌ ਸਾਲ ਪਹਿਲੇ ਪੰਜਾਬ ਵਿਚ ਜਨਮੀ ਅਮਰੀਕਾ ਵਿਚ ਇੰਜਨੀਅਰਿੰਗ ਪੜ੍ਹੀ ਮਨੁੱਖ ਨੂੰ ਪ੍ਰੇਮ ਪਿਆਰ ਦਾ ਰਾਹ ਦਿਖਾਉਣ ਵਾਲੀ ਇਸ ਸ਼ਖ਼ਸੀਅਤ ਤੋਂ ਮਾਨਵਤਾ ਨੂੰ ਪ੍ਰੇਰਨਾ ਮਿਲਦੀ ਹੈ ਕਿ ਮਹਾਪੁਰਸ਼ਾਂ, ਲੋਕ ਨਾਇਕਾਂ ਅਤੇ ਚੰਗੀਆਂ ਸ਼ਖ਼ਸੀਅਤਾਂ ਤੋਂ ਗੁਣ ਗ੍ਰਹਿਣ ਕੀਤੇ ਜਾਣ, ਮਨ ਵਿਚ ਵਸਾਏ ਕਿਸੇ ਉਲਾਰ ਕਾਰਨ ਕਰਕੇ ਉਹਨਾਂ ਤੋਂ ਵਿੱਥ ਤੇ ਨਾ ਰਹਿਆ ਜਾਵੇ।

ਹੋਰ ਸਾਰੇ ਪਿਆਰ ਕਮਾਏ ਜਾ ਸਕਦੇ ਹਨ, ਢੂੰਡੇ ਜਾ ਸਕਦੇ ਹਨ, ਪਰ ਮਾਂ – ਪਿਆਰ ਇਕ ਦਾਤ ਹੈ – ਜਿੰਨਾ ਚਿਰ ਹੈ – ਹੈ – ਜਦੋਂ ਖੋਹੀ ਗਈ – ਫੇਰ ਉਸਦਾ ਕੋਈ ਬਦਲ ਨਹੀਂ।

ਦੁਨੀਆਂ ਦੇ ਵੱਡੇ ਆਦਮੀ, ਐਬਰਾਹਮ ਲਿੰਕਨ, ਟੈਗੋਰ, ਬਰਨਾਰਡ ਸ਼ਾਅ ਤੇ ਅਨੇਕਾਂ ਹੋਰ ਆਪਣੀਆਂ ਮਾਵਾਂ ਨੂੰ ਲਿੰਕਨ ਦੇ ਲਫਜ਼ਾਂ ਵਿਚ ਯਾਦ ਕਰਦੇ ਹਨ : ''ਜੋ ਕੁਝ ਮੈਂ ਹਾਂ, ਜਾਂ ਹੋਣ ਦੀ ਆਸ ਰਖਦਾ ਹਾਂ। ਆਪਣੀ ਫ਼ਰਿਸ਼ਤਿਆਂ ਵਰਗੀ ਮਾਂ ਦਾ ਸਦਕਾ ਹਾਂ।''

ਪ੍ਰੀਤ-ਲੜੀ – ਪ੍ਰੀਤ ਨਗਰ ਤੇ ਮੇਰਾ ਆਪਣਾ ਆਪ

ਕੁਲਬੀਰ ਸਿੰਘ ਕਾਂਗ

ਪ੍ਰੀਤ ਲੜੀ, ਸ. ਗੁਰਬਖ਼ਸ਼ ਸਿੰਘ ਤੇ ਪ੍ਰੀਤ-ਨਗਰ ਅਜਿਹੀਆਂ ਸੰਸਥਾਵਾਂ ਹਨ ਜਿਨ੍ਹਾਂ ਨੇ ਚੌਥੇ ਦਹਾਕੇ ਵਿਚ ਪੰਜਾਬ ਦੇ ਲੋਕ-ਜੀਵਨ 'ਤੇ ਡੂੰਘਾ ਪ੍ਰਭਾਵ ਪਾਇਆ। ਸਾਧਾਰਣ ਪੁਰਸ਼ ਤੋਂ ਲੈ ਕੇ ਬਹੁ-ਬੁਧੀਮਾਨ ਤਕ, ਲਗਭਗ ਹਰ ਵਿਅਕਤੀ ਤੇ ਪਰਿਵਾਰ ਦੇ ਤਰਜ਼ਿ-ਜ਼ਿੰਦਗੀ 'ਤੇ ਸ. ਗੁਰਬਖ਼ਸ਼ ਸਿੰਘ ਦਾ ਡੂੰਘਾ ਪ੍ਰਭਾਵ ਪਿਆ। ਅਜ ਕਲ ਪੰਜਾਬੀ ਵਿਚ ਹਜ਼ਾਰਾਂ ਲੇਖਕ ਹਨ ਪਰ ਸ਼ਾਇਦ ਹੀ ਕੋਈ ਅਜਿਹਾ ਬਲਵਾਨ ਲੇਖਕ ਸਾਡੇ ਵਿਚ ਹੋਵੇ ਜਿਸ ਨੇ ਜਨ-ਜੀਵਨ-ਜਾਚ ਉਤੇ ਪ੍ਰਭਾਵ ਪਾਇਆ ਹੋਵੇ। ਹੁਣ ਤਾਂ ਸਗੋਂ ਹਾਲਤ ਇਹ ਹੋ ਗਈ ਹੈ ਕਿ ਕਲਮਾਂ ਨਕਾਰਾ ਹੋ ਗਈਆਂ ਜਾਪਦੀਆਂ ਹਨ ਤੇ ਅਸੀਂ ਪਾਠਕ ਥਿੰਦੇ-ਘੜੇ ਬਣ ਗਏ ਹਾਂ। ਪਹਿਲਾਂ ਪਹਿਲ ਭਾਈ ਸਾਹਿਬ ਭਾਈ ਵੀਰ ਸਿੰਘ ਨੇ ਧਾਰਮਿਕ ਬਿਰਤੀ ਦੇ ਲੋਕਾਂ 'ਤੇ ਡੂੰਘਾ ਪ੍ਰਭਾਵ ਜ਼ਰੂਰ ਪਾਇਆ ਸੀ – ਪਰ ਸਮੂਹ ਪੰਜਾਬੀ : ਹਿੰਦੂ-ਸਿਖ, ਮੁਸਲਮਾਨ, ਈਸਾਈ, ਪੜ੍ਹੇ, ਅਧਪੜ੍ਹ ਤੇ ਅਨਪੜ੍ਹ ਵੀ ਉਸ ਦੀ ਕਲਮ ਦੇ ਜਾਦੂ-ਪ੍ਰਭਾਵ ਨੂੰ ਕਬੂਲਦੇ ਸਨ। ਲੋਕ ਹਰ ਮਹੀਨੇ ਪ੍ਰੀਤ-ਲੜੀ, ਬਾਲ ਸੰਦੇਸ਼ ਜਾਂ ਪ੍ਰੀਤ-ਸੈਨਿਕ ਦੀ ਉਡੀਕ ਕਰਦੇ ਸਨ – ਜਿਹੜਾ ਲੇਖਕ 'ਪ੍ਰੀਤ ਲੜੀ' ਵਿਚ ਛਪ ਜਾਂਦਾ, ਉਸ ਉਤੇ ਪਰਵਾਨਗੀ ਦੀ ਮੁਹਰ ਲਗ ਜਾਂਦੀ ਸੀ। ਲੋਕਾਂ ਵਿਚ ਇਕ ਹੋੜ ਸੀ ਕਿ ਪ੍ਰੀਤ-ਨਗਰ ਜਾਇਆ ਜਾਵੇ। ਜਾਦੂ-ਬਿਆਂ ਸ. ਗੁਰਬਖ਼ਸ਼ ਸਿੰਘ ਦੇ ਦਰਸ਼ਨ ਕੀਤੇ ਜਾਣ। ਉਦੋਂ ਸਰਦਾਰ ਜੀ ਦੇ ਦਰਸ਼ਨ ਕਰਨ ਵਾਲਿਆਂ ਨੂੰ ਲਿਖ ਕੇ ਵਕਤ ਲੈਣਾ ਪੈਂਦਾ ਸੀ। ਅਮਰੀਕਾ ਤੇ ਯੂਰਪ ਘੁੰਮ ਆਏ ਸ. ਜੀ ਪਾਸ ਵਕਤ ਘੱਟ ਹੁੰਦਾ। ਪੰਜ-ਦਸ ਗੱਲਾਂ ਕਰਨ ਉਪਰੰਤ ਯਾਤਰੂ-ਦਰਸ਼ਕ ਹੋਰ ਕੀ ਗੱਲਾਂ ਕਰੇ, ਨੌਜਵਾਨ-ਮੁੰਡੇ ਕੁੜੀਆਂ ਸਹਿਜ-ਪ੍ਰੀਤ ਦੇ ਅਨੁਭਵ ਬਾਰੇ ਪੁਛਦੇ। ਹਾਰ ਕੇ ਸ. ਜੀ ਨੇ ਇਕ ਕਾਲਮ ਹੀ ਸ਼ੁਰੂ ਕਰ ਦਿੱਤਾ : ''ਮੇਰੇ ਝਰੋਖੇ 'ਚੋਂ'' – ਜਾਂ ''ਰੋਜ਼ਾਨਾ ਜ਼ਿੰਦਗੀ ਦੀ ਸਿਖਿਆ'' – ਇੰਨੇ ਨਿਜੀ ਸਵਾਲ ਪੁੱਛੇ ਜਾਂਦੇ ਜਿਵੇਂ ਸ. ਜੀ ਪਾਸ ਹਰ ਮਾਨਸਕ ਮਰਜ਼ ਦੇ ਇਲਾਜ ਦਾ ਨੁਸਖ਼ਾ ਹੋਵੇ। ਪ੍ਰਸ਼ਨ ਕਰਤਾ, 'ਪ੍ਰੀਤ ਲੜੀ' ਵਿਚ ਆਪਣਾ ਨਾਮ ਛਪਿਆ ਵੇਖ ਉਹ ਪਰਦਾ ਸਾਂਭਦੇ ਫਿਰਦੇ। ਲੇਖਕਾਂ ਨੂੰ ਮਹਿਬੂਬ ਪਾਠਕ ਮਿਲਦੇ ਹਨ, ਇਹ ਕ੍ਰਿਸ਼ਮਾ ਪੰਜਾਬੀ ਵਾਲਿਆਂ ਲਈ ਅਨੋਖਾ ਸੀ। ਹੋਰ ਪੰਜਾਬੀ ਲੇਖਕ ਵੀ ਪ੍ਰੀਤ-ਨਗਰ ਦੀ ਯਾਤਰਾ ਇਕ ਤੀਰਥ ਵਾਂਗ ਕਰਦੇ ਸਨ। ਦੀਵਾਨ ਸਿੰਘ ਕਾਲੇ ਪਾਣੀ ਲਿਖਦੇ ਹਨ ਕਿ ''ਮੈਂ ਉਨ੍ਹਾਂ ਦੇ ਦਰਸ਼ਨ ਲਈ ਬੜਾ ਉਤਾਵਲਾ ਸਾਂ, ਅੰਮ੍ਰਿਤਸਰੋਂ ਅਸੀਂ 4-5 ਲਿਖਾਰੀ ਪੈਦਲ ਹੀ, ਕੱਚੀ ਸੜਕ ਦਾ ਘੱਟਾ-ਫਕਦੇ ਤਿੰਨ-ਚਾਰ ਘੰਟਿਆਂ ਵਿਚ ਪ੍ਰੀਤ-ਨਗਰ ਪੁੱਜੇ, ਸ. ਜੀ ਦੀ ਸ਼ਖ਼ਸੀਅਤ ਵੇਖ ਕੇ ਸਾਰੀ ਥਕਾਵਟ ਲੱਥ ਗਈ। ਹੈਰਾਨੀ ਵੀ ਹੋਈ ਇਸ ਛੋਟੇ ਜਿਹੇ ਕੱਦ ਦਾ ਸਾਂਵਲਾ ਮਨੁੱਖ ਬੜੀ ਬਲਵਾਨ ਕਲਮ ਦਾ ਮਾਲਕ ਸੀ।''

ਲੋਕਾਂ ਦੇ ਅਨੁਭਵ ਲਿਖਣ ਲੱਗਾਂ ਤਾਂ ਇਕ ਮੁਕੰਮਲ ਪੁਸਤਕ ਦੀ ਲੋੜ ਹੈ, ਇਸ ਲਈ ਸ. ਜੀ ਦੀ ਸ਼ਖ਼ਸੀਅਤ ਦੇ ਪ੍ਰਭਾਵ ਨੂੰ ਆਪਣੇ ਪਰਿਵਾਰ ਦੁਆਰਾ ਅੰਕਿਤ ਕਰਨਾ ਚਾਹੁੰਦਾ ਹਾਂ। ਮੇਰੇ ਜਨਮ ਤੋਂ ਪਹਿਲਾਂ (1933 ਸਤੰਬਰ) ''ਪ੍ਰੀਤ ਲੜੀ'' ਪ੍ਰਾਰੰਭ ਹੋ ਚੁੱਕੀ ਸੀ – ਪਹਿਲੇ ਹੀ ਅੰਕ ਪੜ੍ਹਨ ਉਪਰੰਤ ਸਾਰੇ ਪੰਜਾਬ ਦੀ ਪੜ੍ਹੀ ਲਿਖੀ ਜਨਤਾ ਸਤੰਭਿਤ ਹੋ ਗਈ ਸੀ, ਦੂਜੇ ਅੰਕ ਨਾਲ ਸੈਂਕੜੇ ਪਾਠਕ ਜਿਵੇਂ ਕੀਲੇ ਗਏ ਪਰ ਧਾਰਮਿਕ ਵਿਰੋਧ ਕਾਰਣ ਸ. ਜੀ ਲਾਹੌਰ, ਮਾਡਲ ਟਾਊਨ ਆ ਗਏ। ਇਕ ਕੋਠੀ ਵਿਚ ਹੀ ਨਿਵਾਸ ਤੇ ਪ੍ਰੈੱਸ ਵੀ ਲਗਾ ਲਿਆ। ਮੇਰੇ ਪਿਤਾ (ਗਿ. ਗੁਰਚਰਨ ਸਿੰਘ) ਉਦੋਂ ਅੰਮ੍ਰਿਤਸਰ ਵਿਚ ਪ੍ਰੈੱਸ-ਕੰਪੋਜ਼ੀਟਰ ਸਨ, ਪ੍ਰਿੰ. ਅਮੋਲ ਜੀ ਤੋਂ 'ਗਿਆਨੀ' ਦੀ ਡਿਗਰੀ ਦੀ ਤਿਆਰੀ ਕੀਤੀ, ਉਦੋਂ ਹੀ ਪ੍ਰਿੰ. ਅਮੋਲ ਨੇ ਸਾਰੇ ਵਿਦਿਆਰਥੀਆਂ ਨੂੰ ਹਰ ਮਹੀਨੇ 'ਪ੍ਰੀਤ-ਲੜੀ' ਪੜ੍ਹਨ ਲਈ ਉਤਸਾਹਿਤ ਕੀਤਾ। ਮੇਰੇ ਪਿਤਾ ਨੇ ਅੰਮ੍ਰਿਤਸਰ ਵਿਚ ਹੀ ਕੁਝ ਹੋਰ ਪ੍ਰੀਤ-ਪਾਠਕ ਇਕੱਠੇ ਕਰਕੇ ਇਕ ਪ੍ਰੀਤ-ਸਭਾ ਵੀ ਬਣਾ ਲਈ ਸੀ ਤੇ ਜਿਥੇ ਇਹ ਸੁਭਵਾਨ ਪਾਠਕ ਸ. ਜੀ ਦੀਆਂ ਰਚਨਾਵਾਂ ਪੜ੍ਹਦੇ ਸਨ, ਉਸ ਦੇ ਨਾਲ ਹੀ ਸ. ਜੀ ਦੇ ਵਿਰੋਧੀਆਂ ਦਾ ਮੂੰਹ-ਤੋੜ ਉੱਤਰ ਵੀ ਦੇਂਦੇ। ਇੰਨੇ ਪ੍ਰਭਾਵਿਤ ਹੋਏ ਕਿ ਅੰਮ੍ਰਿਤਸਰ ਵਾਲਾ ਪ੍ਰੈੱਸ ਛਡ ਕੇ ਲਾਹੌਰ ਮਾਡਲ ਟਾਊਨ ਵਾਲੇ ਪ੍ਰੈੱਸ ਵਿਚ ਸ. ਜੀ ਪਾਸ ਕੰਪੋਜ਼ੀਟਰ ਜਾ ਲਗੇ। ਉਥੇ ਹੀ ਭਾਪਾ ਪ੍ਰੀਤਮ ਸਿੰਘ, ਪੰਡਿਤ ਦੇਵੀ ਦਿਆਲ, ਸ. ਸੋਹਣ ਸਿੰਘ ਤੇ ਮਹੇਸ਼ਰ ਸਿੰਘ ਇਨ੍ਹਾਂ ਨਾਲ ਕੰਮ ਕਰਦੇ ਸਨ। ਜੀਵਨ ਭਾਵੇਂ ਕਰੜਾ ਸੀ ਪਰ ''ਇਕੋ ਜੁਸਤਜੂ ਸਾਰਿਆਂ ਦਿਲਾਂ ਅੰਦਰ'' ਸੀ। ਮਾਡਲ ਟਾਊਨ ਤੋਂ ਬਾਅਦ ਸ. ਜੀ ਨੇ ਲੋਪੋਕੇ (ਦੋਹਾਂ ਸ਼ਹਿਰਾਂ, ਲਾਹੌਰ ਤੇ ਅੰਮ੍ਰਿਤਸਰ ਦੇ ਵਿਚਕਾਰ) ਦੇ ਪਾਸ ਬਹੁਤ ਸਾਰੀ ਜ਼ਮੀਨ ਖਰੀਦ ਕੇ 'ਪ੍ਰੀਤ-ਨਗਰ' ਦੀ ਉਸਾਰੀ ਸ਼ੁਰੂ ਕਰ ਦਿੱਤੀ। ਪ੍ਰੈੱਸ ਵੀ ਇਥੇ ਆ ਗਿਆ। ਇਹ ਚਾਰੇ ਮਿੱਤਰ ਇਕੱਠੇ ਕੰਮ ਕਰਦੇ ਤੇ ਭੋਜਨ ਆਦਿ ਵੀ ਆਪ ਹੀ ਤਿਆਰ ਕਰਦੇ ਸਨ। ਔਖਾ ਜੀਵਨ ਹੋਣ ਦੇ ਬਾਵਜੂਦ, ਉਦੋਂ ਦੇ ਇਨ੍ਹਾਂ ਨੇ ਸ. ਜੀ ਦੀ ਕੁਰਬਤ ਹਾਸਲ ਕਰਨ ਲਈ ਸਭ ਕੁਝ ਖਿੜੇ ਮੱਥੇ ਪਰਵਾਨ ਕੀਤਾ। ਇਸ ਜੀਵਨ ਬਾਰੇ ਉਹ ਆਪ ਹੀ ਕੁਝ ਲਿਖਣਗੇ। ਉਨ੍ਹਾਂ ਦੇ ਪ੍ਰਭਾਵ ਵਿਚ ਛੋਟਾ ਵੀਰ (ਮੇਰੇ ਚਾਚਾ ਜੀ, ਗਿ. ਜਸਵੰਤ ਸਿੰਘ ਆਫ਼ ਜਨਤਕ ਪ੍ਰੈੱਸ ਦਿੱਲੀ, ''ਇਕ ਦਰਵੇਸ਼ ਦਿਲ'' ਦਾ ਨਾਇਕ) ਵੀ ਪ੍ਰੀਤ ਨਗਰ ਆ ਗਿਆ। ਵਡਾ ਵੀਰ ਅੰਮ੍ਰਿਤਸਰ ਭਾਈ ਵੀਰ ਸਿੰਘ ਜੀ ਦੇ ਪ੍ਰੈੱਸ ਚਲਾ ਗਿਆ।

ਚਾਚਾ ਜੀ ਕਾਰਣ, ਪ੍ਰੀਤ-ਨਗਰ ਵੀ ਸਾਡਾ ਵੀ ''ਮੱਕਾ'' ਬਣ ਗਿਆ। ਮੈਂ ਪੰਜਵੀਂ ਜਮਾਤ ਤਕ ਪਹੁੰਚਦਿਆਂ ਹੀ ਸਾਹਿਤ ਦਾ ਪਾਠਕ ਬਣ ਗਿਆ ਸੀ। ਅਨੇਕਾਂ ਨਾਵਲ ਪੜ੍ਹ ਲਏ, ਪਰ ਸਭ ਤੋਂ ਵਡਾ ਖ਼ਜ਼ਾਨਾ ''ਪ੍ਰੀਤ ਲੜੀ'' ਦੀਆਂ ਫਾਈਲਾਂ ਸਨ, ਜੋ ਮੇਰੇ ਪਿਤਾ ਨੇ 1933 ਤੋਂ ਸਾਂਭ ਰੱਖੀਆਂ ਸਨ। ਇਹ ਫ਼ਾਈਲਾਂ ਅਜ ਤਕ ਮੇਰੇ ਪਾਸ ਹਨ। ਮੈਨੂੰ ਵਿਰਸੇ ਵਿਚ ਹੁਣ ਇਹ ਸਭ ਫਾਈਲਾਂ ਸਭ ਤੋਂ ਕੀਮਤੀ ਤੋਹਫ਼ਾ ਹੈ। (ਪ੍ਰਥਮ ਅੰਕ ਦੇ ਟਾਈਟਲ ਦਾ ਰੰਗੀਨ ਚਿੱਤਰ ਮੈਂ ਨਾਲ ਹੀ ਭੇਜ ਰਿਹਾਂ, ਪਰਚੇ ਵਿਚ ਕਿਤੇ ਛਪ ਰਿਹਾ ਹੋਵੇਗਾ।) ਮੈਂ ਪਹਿਲਾਂ ਕਹਾਣੀਆਂ ਪੜ੍ਹਦਾ ਰਿਹਾ, ਫਿਰ

ਸ. ਜੀ ਦੇ ਲੇਖ ਪੜ੍ਹੇ – 1944-45 ਵਿਚ ਮੈਂ ਆਮ ਤੌਰ ਤੇ ਪ੍ਰੀਤ-ਨਗਰ ਜਾਇਆ ਕਰਦਾ ਸਾਂ। ਸ. ਜੀ ਇਕ ਸਾਂਵਲੇ ਜਿਹੇ ਫ਼ਰਿਸ਼ਤਾ ਜਾਪਦੇ ਸਨ। ਸਾਰਾ ਨਗਰ ਹੀ ਉਨ੍ਹਾਂ ਦੀ ਸ਼ਖ਼ਸੀਅਤ ਦਾ ਪਰਤੌ ਜਾਪਦਾ ਸੀ। ਚਾਚਾ ਜੀ ਨੇ ਬਾਲਗ ਵਿਦਿਆ ਦਾ ਸਕੂਲ ਖੋਲ੍ਹ ਰੱਖਿਆ ਸੀ, ਘਰ ਵਿਚ ਕੰਪੋਜ਼ਿੰਗ ਦਾ ਕੰਮ ਕਰਦੇ ਜੋ ਕਮਾਉਂਦੇ – ਵੰਡ ਦੇਂਦੇ। ਸ. ਜੀ ਉਨ੍ਹਾਂ ਨੂੰ ਉਚੇਚਾ ਮਾਣ ਦੇਂਦੇ ਸਨ, ਜਿਸ ਕਾਰਣ ਨਵਤੇਜ ਜੀ ਵੀ ਘਰ ਆਉਂਦੇ, ਉਨ੍ਹਾਂ ਮੈਨੂੰ ਵੀ ਕਹਾਣੀਆਂ ਲਿਖਣ ਦੀ ਪ੍ਰੇਰਣਾ ਦਿਆ ਕਰਨੀ, ਸ. ਜੀ ਨਾਲ ਗੱਲ ਕਰਨ ਦਾ ਹੌਸਲਾ ਨਹੀਂ ਸੀ ਪੈਂਦਾ। ਗੁਆਂਢ ਵਿਚ ਹੀ ਸ. ਨਾਨਕ ਸਿੰਘ ਸਨ, ਉਹ ਤਾਂ ਹੱਥ ਮਿਲਾ ਕੇ ਆਪਣੇ ਨਾਲ ਘੁੱਟ ਲੈਂਦੇ। ਸਹਿਰਾਈ ਜੀ ਤੇ ਨੌਰੰਗ ਸਿੰਘ ਨੂੰ ਕੋਲੋਂ ਤੱਕਿਆ। ਗਾਰਗੀ ਤੇ ਅਚਲਾ ਸਚਦੇਵ ਨੂੰ ਨਾਟਕ ਕਰਦਿਆਂ ਵੇਖਿਆ, ਵਡੇ ਤਲਾ ਵਿਚ ਨਾਟਕ ਹੁੰਦੇ ਸਨ। ਹੋਰ ਨਾਟਕਾਂ ਵਿਚ ਸ. ਜੀ ਦੀਆਂ ਬੇਟੀਆਂ ਵੀ ਪਾਰਟ ਕਰਦੀਆਂ ਇਕ ਵਾਰ ਗ੍ਰਿਫ਼ਤਾਰ ਹੋ ਗਈਆਂ ਸਨ। ਸਤਿਆਰਥੀ ਤੇ ਖੰਜਰ ਸਾਹਿਬ (ਉਰਦੂ 'ਪ੍ਰੀਤ ਲੜੀ' ਦੇ ਸੰਪਾਦਕ) ਦੇ ਵੀ ਦਰਸ਼ਨ ਹੁੰਦੇ। ਦਾਤਾ ਜੀ ਤੇ ਭਾਪਾ ਪ੍ਰੀਤਮ ਸਿੰਘ ਤਾਂ ਮੇਰੇ ਲਈ ਪਿਤਾ ਸਮਾਨ ਹੀ ਸਨ। ਇਕ ਵਸੀਹ ਤਜਰਬਾ ਛੋਟੀ ਉਮਰ ਵਿਚ ਮਿਲਿਆ।

1947 ਵਿਚ ਜਦੋਂ 72-72 ਘੰਟਿਆਂ ਦਾ ਕਰਫਿਊ ਲਗ ਜਾਂਦਾ ਤਾਂ ਮੈਂ 'ਪ੍ਰੀਤ ਲੜੀ' ਦੇ ਪੁਰਾਣੇ ਅੰਕ ਕਈ-ਕਈ ਵਾਰ ਪੜ੍ਹੇ, ਉਦੋਂ ਉਮਰ 11 ਸਾਲਾਂ ਦੀ ਹੀ ਸੀ, ਪਰ ਚੇਤਨਾ ਵਧੇਰੇ ਸੀ। ਸ. ਗੁਰਬਖ਼ਸ਼ ਸਿੰਘ ਵਾਂਗ ਕੁਝ ਲਿਖਣ ਨੂੰ ਜੀ ਕਰਦਾ ਸੀ, ਇਹ ਰੀਝ 16-17 ਸਾਲ ਦੀ ਉਮਰ ਵਿਚ ਹੀ ਪੂਰੀ ਹੋਈ। ਪਰ ਦਾਰ ਜੀ ਸਾਡੇ ਲਈ ਇਕ ਹਿਮਾਲਾ ਦੀ ਚੋਟੀ ਵਾਂਗ ਸਦਾ ਹੀ ਉੱਚੇ ਸਥਲ 'ਤੇ ਰਹੇ।

ਜਦੋਂ ਮੈਂ ਕੁਝ ਲਿਖਣ ਯੋਗ ਹੋ ਗਿਆ ਤਾਂ ਇਕ ਚਿੱਠੀ ਲਿਖੀ, ਬਹੁਤ ਪਿਆਰ ਭਰਿਆ ਉੱਤਰ ਆਇਆ – ਇਕ ਵਾਰ ਉਨ੍ਹਾਂ ਮੇਰੀ ਕਿਤਾਬ ''ਪੱਕੀਆਂ ਇੱਟਾਂ'' ਦੀ ਤਾਰੀਫ਼ ਵੀ ਲਿਖੀ, ਮੈਂ ਉਹ ਚਿੱਠੀ ਕਿਸੇ ਭੋਜ-ਪੱਤਰ ਵਾਂਗ ਸਾਂਭ ਰਖੀ ਹੈ। ਅੰਮ੍ਰਿਤਸਰ ਮੁੜ-ਵਸੇਬੇ ਸਮੇਂ ਮੈਂ ਜਦ ਵੀ ਪ੍ਰੀਤ-ਨਗਰ ਗਿਆ, ਦਾਰ ਜੀ ਦਾ ਸਨੇਹ, ਨਵਤੇਜ ਜੀ ਤੇ ਸਾਰੇ ਪਰਿਵਾਰ ਦਾ ਸਨੇਹ ਮਿਲਿਆ।

ਇਕ ਵਾਰ ਦਾਰ ਜੀ ਨੂੰ ਪਤਾ ਨਹੀਂ ਕਿਵੇਂ ਖਿਆਲ ਆਇਆ, ਆਪਣਾ ਨਾਵਲ ''ਰੁੱਖਾਂ ਦੀ ਜੀਰਾਂਦ'' ਦੀ ਕਾਪੀ ਭੇਜ ਕੇ ਮੇਰੀ ਰਾਏ ਵੀ ਮੰਗੀ। ਇਹ ਵੀ ਉਨ੍ਹਾਂ ਦੀ ਜ਼ਰਾ-ਨਿਵਾਜ਼ੀ ਹੀ ਸੀ, ਵਰਨਾ ਮੈਂ ਤਾਂ ਇਕ ਸਾਧਾਰਣ ਜਿਹਾ-ਆਲੋਚਕ ਹਾਂ। ਨਾਵਲ ਪੜ੍ਹਿਆ, ਪੁਰਾਣਾ, ਆਦਰਸ਼ਵਾਦ ਕਾਇਮ ਸੀ, ਸਹਿਜ-ਪ੍ਰੀਤ ਦੀ ਪੁਨਰ-ਚੇਤਨਾ ਦਾ ਇਕ ਯਤਨ ਜਾਪਿਆ। ਮੈਂ ਸਿਫਤ ਥੋੜ੍ਹੀ ਤੇ ਆਲੋਚਨਾ ਬਹੁਤੀ, ਇਕ ਚਿੱਠੀ ਹੀ ਲਿਖੀ। ਉਸ ਚਿੱਠੀ ਵਿਚੋਂ ਹੀ ਇਕ ਪੈਰਾ ਸ. ਜੀ ਨੇ ''ਪ੍ਰੀਤ ਲੜੀ'' ਦੇ ਵਿਗਿਆਪਨ ਵਿਚ ਛਾਪਿਆ, ਇਕ ਚਿੱਠੀ ਵੀ ਲਿਖੀ, ਜੋ ਹੂ-ਬ-ਹੂ ਦਰਜ ਹੈ :

ਪ੍ਰੀਤ ਨਗਰ
19-4-73

ਮੇਰੇ ਪਿਆਰੇ ਕੁਲਬੀਰ ਜੀ,

ਤੁਹਾਡੀ ਬੜੀ ਮਿਹਰਬਾਨੀ ਕਿ ਤੁਸਾਂ 'ਰੁੱਖਾਂ ਦੀ ਜੀਰਾਂਦ' ਪੜ੍ਹ ਕੇ ਆਪਣੇ ਵਿਚਾਰ ਦੱਸਣ ਦੀ ਖ਼ੁਸ਼ੀ ਮੈਨੂੰ ਦਿੱਤੀ ਹੈ। ਮੇਰੀ ਪਾਰੋ, ਤੇ ਮੇਰਾ ਅਨਾਬ ਗੁਲ ਤੁਹਾਨੂੰ ਚੰਗੇ ਲਗੇ ਹਨ।

ਤੁਹਾਡੇ ਪ੍ਰਸ਼ਨ ਦੇ ਜਵਾਬ ਵਿਚ ਮੈਂ ਤੁਹਾਡੀ ਸਿਆਣੀ ਘੋਖ ਦੀ ਪ੍ਰਸ਼ੰਸਾ ਕਰਦਾ ਹਾਂ। ਪਾਰੋ, ਰਚਨਾ, ਦਿਲਦਾਰ ਹੀ ਨਹੀਂ, ਅੰਗਰੇਜ਼ ਪਾਲ ਵਿਚ ਵੀ ਮੈਂ ਆਪਣਾ ਆਪ ਪਾਇਆ ਹੈ। ਜੋ ਪਾਲ ਆਪਣੀ ਮਾਂ ਨਾਲ ਕਰਦਾ ਸੀ, ਉਹ ਮੇਰੀ ਆਪਣੀ ਮਾਂ ਨਾਲ ਤਮੰਨਾ ਸੀ, ਤੇ ਜੋ ਉਸ ਪਾਰੋ ਨਾਲ ਕੀਤਾ, ਉਹ ਮੈਂ ਕਿਸੇ ਪਾਰੋ ਨਾਲ ਕਰਨਾ ਰੀਝਿਆ ਸੀ। ਤੁਸਾਂ ਮੇਰੀ ਕਹਾਣੀ ਸ਼ਬਨਮ ਪੜ੍ਹੀ ਹੋਵੇਗੀ। ਪਾਰੋ ਉਹ ਸ਼ਬਨਮ ਹੈ। ਸ਼ਬਨਮ ਮੈਨੂੰ ਮੇਰੀ 24 ਵਰ੍ਹੇ ਦੀ ਉਮਰ ਵਿਚ ਮਿਲੀ ਸੀ – ਇਹਦਾ ਜ਼ਿਕਰ ਮੈਂ ਆਪਣੀ ਜੀਵਨੀ ਵਿਚ ਵੀ ਕੀਤਾ ਹੈ।

ਪਾਲ ਕੋਲੋਂ ਮੈਂ ਚਾਰਜ ਲਿਆ ਸੀ। ਉਹ ਬੜਾ ਚੰਗਾ ਅੰਗਰੇਜ਼ ਸੀ ਜਿਸ ਬੰਗਲੇ ਦੇ ਕੁਆਰਟਰਾਂ ਵਿਚ ਪਾਰੋ ਰਹਿੰਦੀ ਸੀ – ਉਹਨਾਂ ਕੁਆਰਟਰਾਂ ਵਿਚ ਫੇਰ ਮੇਰਾ ਬਹਿਰਾ ਰਹਿੰਦਾ ਰਿਹਾ।

ਤੁਹਾਨੂੰ ਮੇਰੀ ਕਹਾਣੀ ਵਿਚ ਖਲਨਾਇਕ ਦੀ ਬਹੁਤ ਘਾਟ ਜਾਪੀ ਹੈ। ਮਹੰਤ ਧਿਆਨ ਪ੍ਰਕਾਸ਼, ਪਲੇਟੀਅਰ ਸਰਮੁਖ, ਇਨਸਪੈਕਟਰ ਕੁਰਬਾਨ ਅਲੀ, ਪਾਲ ਵਾਜਿਬ ਦਾ ਓਵਰਸੀਅਰ ਜਿਸ ਨੇ ਕਹਾਣੀ ਦੇ ਦੁਖਾਂਤ ਦਾ ਮੁਢ ਬੱਧਾ ਸੀ, ਤੇ ਕਲਕੱਤੇ ਦਾ ਬੰਗਾਲੀ ਡਿਪਟੀ ਮੇਅਰ–ਕਹਾਣੀ ਦਾ ਅੰਤਮ ਦੁਖਾਂਤ–ਖਲਨਾਇਕ ਸਰਮੁਖ ਦੀ ਕਰਤੂਤ ਹੈ। ਰਹੀ ਗੱਲ ਇਹ ਕਿ ਜ਼ਿੰਦਗੀ ਵਿਚ ਖਲਨਾਇਕਾਂ ਦੀ ਨਿਸਬਤ ਕਿੰਨੀ ਹੈ। 78 ਵਰ੍ਹਿਆਂ ਵਿਚ ਮੈਂ ਏਸ ਨਤੀਜੇ ਉਤੇ ਪਹੁੰਚਾ ਹਾਂ ਕਿ ਜ਼ਿੰਦਗੀ ਵਿਚ ਚੰਗਿਆਈ ਬੁਰਾਈ ਨਾਲੋਂ ਬਹੁਤੀ ਹੈ ਤੇ ਜਿੰਨੀ ਬੁਰਾਈ ਹੈ, ਉਹ ਚੰਗਿਆਈ ਦੇ ਪੱਠੇ ਮਜ਼ਬੂਤ ਕਰਨ ਵਾਲਾ ਜਿਮਨੇਜ਼ੀਅਮ ਹੈ।

ਤੁਹਾਡੀ ਮੇਰੇ ਨਾਲ ਪਿਆਰ ਭਾਵਨਾ ਦੀ ਦਾਦ ਮੈਂ ਦੇਂਦਾ ਹਾਂ, ਕਿ ਤੁਸਾਂ ਚੰਗੇ ਪਾਤ੍ਰਾਂ ਵਿੱਚ ਮੈਨੂੰ ਵੇਖਣ ਦੀ ਰੀਝ ਕੀਤੀ ਹੈ। ਮੇਰੀ ਸ਼ਬਦਾਵਲੀ ਬਾਰੇ ਜੋ ਕੁਝ ਤੁਸਾਂ ਆਖਿਆ ਹੈ, ਉਹ ਮੇਰੇ 78 ਵਰ੍ਹੇ ਪੁਰਾਣੇ ਦਿਲ ਦੀ ਧੜਕਣ ਤੇਜ਼ ਕਰਦਾ ਹੈ।

ਬੜੇ ਪਿਆਰ ਤੇ ਪ੍ਰਸ਼ੰਸਾ ਨਾਲ

ਤੁਹਾਡਾ ਦਾਰ ਜੀ
ਗੁਰਬਖ਼ਸ਼ ਸਿੰਘ

ਚਿੱਠੀ ਪੜ੍ਹ ਕੇ ਹੈਰਾਨੀ ਹੋਈ ਕਿ ਮੈਂ ਤਾਂ ਸਾਧਾਰਣ ਜਿਹੀ ਚਿੱਠੀ ਲਿਖੀ ਸੀ, ਉਨ੍ਹਾਂ ਕਿੱਡਾ ਮਾਣ ਭਰਿਆ ਉੱਤਰ ਦਿੱਤਾ ਸੀ! ਇਹ ਚਿੱਠੀ ਵੀ ਮੇਰੀ ਇਕ ਜਾਇਦਾਦ ਹੈ, 1973 ਤੋਂ ਅਜ 95 ਤਕ ਮੇਰੇ ਕਾਗ਼ਜ਼ਾਂ ਵਿਚ ਸਾਂਭੀ ਪਈ ਹੈ।

ਦਾਰ ਜੀ ਵਰਗੇ ਠੰਡੀ ਛਾਂ ਵਾਲੇ ਪਵਿੱਤਰ ਪਿੱਪਲ ਬਿਰਖ ਨੂੰ ਮੈਂ ਸਦਾ ਹੀ ਯਾਦ ਰਖਾਂਗਾ ਤੇ ਖਾਸ ਤੌਰ ਤੇ ਉਨ੍ਹਾਂ ਦੇ ਅੰਤਲੇ ਉਤਸਾਹ-ਭਰਪੂਰ ਸ਼ਬਦ ਸਦਾ ਯਾਦ ਰਹਿਣਗੇ ਜੋ ਉਨ੍ਹਾਂ ਦੇਹਾਂਤ ਤੋਂ ਦੋ ਦਿਨ ਪਹਿਲਾਂ, ਹਸਪਤਾਲ ਦੇ ਸਪੈਸ਼ਲ ਰੂਮ ਵਿਚ ਲੇਟਿਆਂ ਕਹੇ ਸਨ : ''ਕੁਲਬੀਰ ਜੀ, ਮੈਂ ਰਾਜ਼ੀ ਹੋ ਰਿਹਾਂ। ਇਸ ਇਕਾਂਤ ਵਿਚ ਬਹੁਤ ਕੁਝ ਨਵਾਂ ਸੋਚਿਆ ਹੈ, ਇਹ ਸੋਚਾਂ ਨਵੇਂ ਲੇਖਾਂ ਵਿਚ ਲਿਖਾਂਗਾ। ਬਹੁਤ ਕੁਝ ਲਿਖਣਾ ਹੈ।''

ਅਜਿਹੇ ਵਿਸ਼ਵਾਸ ਨੂੰ ਮੈਂ ਨਮਸਕਾਰ ਕਰਦਾ ਹਾਂ। ■

ਸਾਡੇ ਦਾਰ ਜੀ

ਉਰਮਿਲਾ ਆਨੰਦ

ਕਿਸੇ ਡਾਢੇ ਆਪਣੇ ਮਨੁੱਖ ਬਾਰੇ ਜੇ ਕੁਝ ਲਿਖਣਾ ਪਵੇ ਤਾਂ ਮਨ ਸਚਮੁੱਚ ਹੀ ਬੜੀਆਂ ਦੁਚਿਤੀਆਂ ਵਿਚ ਪੈ ਜਾਂਦਾ ਹੈ ਕਿ ਪਤਾ ਨਹੀਂ ਅਸੀਂ ਉਸ ਮਹਾਨ ਸ਼ਖ਼ਸੀਅਤ ਨਾਲ ਪੂਰਾ ਇਨਸਾਫ਼ ਕਰ ਸਕਾਂਗੇ ਕਿ ਨਹੀਂ।

ਦਾਰ ਜੀ ਪੰਜਾਬੀ ਬੋਲੀ, ਸਾਹਿਤ ਤੇ ਸਭਿਆਚਾਰ ਵਿਚ ਕਦੇ ਵੀ ਨਾ ਪੂਰਿਆ ਜਾਣ ਵਾਲਾ ਖੱਪਾ ਹੋ ਨਿਬੜੇ ਹਨ। ਦਾਰ ਜੀ ਅਜੋਕੇ ਪੰਜਾਬੀ ਜਗਤ ਵਿਚ ਇੱਕ ਉਹ ਆਦਰਸ਼ਕ ਮਨੁੱਖ ਸਨ ਜਿਨ੍ਹਾਂ ਦੀ ਤੁਲਨਾ ਇੱਕ ਮਹਾਨ ਸਦਾ ਸੰਪੂਰਨ ਮਨੁੱਖ ਨਾਲ ਕੀਤੀ ਜਾ ਸਕਦੀ ਹੈ। ਦਾਰ ਜੀ ਨੇ ਸਿਰਫ਼ ਆਪਣੀ ਸੋਚਣੀ ਵਿਚ ਹੀ ਨਵੇਂ ਵਿਚਾਰ ਨਹੀਂ ਸਿਰੇ ਚੜ੍ਹਾਏ, ਸਗੋਂ ਸਮੁੱਚੇ ਜਗਤ ਨੂੰ ਨਵੀਂ ਸੋਚਣੀ ਲਈ ਵੀ ਟੁੰਬਿਆ ਹੈ। ਉਨ੍ਹਾਂ ਨਾ ਸਿਰਫ਼ ਇਨ੍ਹਾਂ ਵਿਚਾਰਾਂ ਦੀ ਬਰਾਬਰੀ ਕਰਦੀ ਬੋਲੀ ਨੂੰ ਹੀ ਸਿਰਜਿਆ ਸਗੋਂ ਨਵੀਂ ਪੰਜਾਬੀ ਵਾਰਤਕ ਨੂੰ ਵੀ ਜਨਮ ਦਿੱਤਾ। ਉਨ੍ਹਾਂ ਨਾ ਸਿਰਫ਼ ਪੰਜਾਬੀ ਸਾਹਿਤ ਦਾ ਸਿਰਮੌਰ ਹੋਣ ਦਾ ਸਨਮਾਨ ਲਿਆ ਸਗੋਂ ਪੰਜਾਬੀ ਲੇਖਕਾਂ ਦੀ ਇਕ ਨਾਲੋਂ ਵੱਧ ਪੀੜ੍ਹੀਆਂ ਦੇ ਪ੍ਰੇਰਨਾ-ਸ੍ਰੋਤ ਵੀ ਹੋ ਨਿਬੜੇ।

ਦਾਰ ਜੀ ਬਹੁ-ਰੰਗੇ, ਬਹੁ-ਪੱਖੀ ਤੇ ਸਰਬ-ਸਾਂਝੇ ਸਨ। ਉਹ ਮਨੁੱਖ ਨਹੀਂ ਸੰਸਥਾ ਸਨ। ਬੁੱਧੀਮਾਨ ਨਹੀਂ ਪ੍ਰਤੀਵਾਨ ਸਨ, ਨਿਤ ਨਵੇਂ ਸੁਪਨੇ ਲੈਣ ਵਾਲੇ ਹੀ ਨਹੀਂ ਸਗੋਂ ਅਨੇਕਾਂ ਅੰਦਰ ਸੁਪਨੇ ਲਟਕਾਉਣ ਤੇ ਲਿਸ਼ਕਾਉਣ ਵਾਲੇ ਵੀ ਸਨ। ਉਹ ਉਨ੍ਹਾਂ ਸਾਰਿਆਂ ਦੀ ਪ੍ਰੇਰਨਾ ਦੇ ਮੁਖ ਖਜ਼ਾਨੇ ਸਨ। ਉਨ੍ਹਾਂ ਦੀਆਂ ਅੰਤ੍ਰੀਵ ਡੂੰਘਾਣਾਂ ਦੀ ਪ੍ਰੇਰਨਾ ਦੇ ਮੁਖ ਖਜ਼ਾਨੇ ਸਨ। ਉਨ੍ਹਾਂ ਦੀਆਂ ਅੰਤ੍ਰੀਵ ਡੂੰਘਾਣਾਂ ਵਿਚ ਜੋ ਚੰਗਾ, ਨਰੋਆ, ਅਨਘੜਿਆ ਪਿਆ ਸੀ, ਉਹਨਾਂ ਇਕ ਮਾਹਰ ਵਾਂਗ ਉਪਰ ਲਿਆ ਕੇ ਸਭ ਕੁਝ ਸਾਰਥਕ ਕਰ ਸਕਣ ਦਾ ਉਪਰਾਲਾ ਕੀਤਾ।

ਸਾਡੀ ਮਾਂ ਬੋਲੀ ਦਾ ਮੱਥਾ ਸੰਵਾਰਨ ਵਿਚ ਉਨ੍ਹਾਂ ਦੀ ਬੜੀ ਦੇਣ ਹੈ। ਸਾਡੇ ਦਿਸਹੱਦੇ ਦਾ ਘੇਰਾ ਚੌੜਾ ਕਰਨ ਵਿਚ ਤੇ ਸਾਨੂੰ ਮਿੱਠੀ ਤੋਂ ਮਿੱਠੀ ਜ਼ੁਬਾਨ ਦੇਣ ਵਿਚ ਉਨ੍ਹਾਂ ਬਹੁਤ ਹਿੱਸਾ ਪਾਇਆ ਹੈ। ਉਨ੍ਹਾਂ ਨੇ ਨਿਝੱਕ ਹੋ ਕੇ ਆਪਣੇ ਮਨ ਦੀਆਂ ਅੰਤ੍ਰੀਵ ਡੂੰਘਾਣਾਂ ਵਿਚੋਂ ਸਭ ਕੁਝ ਜਿਵੇਂ ਉਹ ਸਮਝਦੇ ਸਨ ਬਾਹਰ ਲਿਆਂਦਾ। ਖ਼ੁਸ਼ੀਆਂ ਤੇ ਖੇੜੇ ਵੰਡਣ ਵੇਲੇ ਸਭ ਮੌਕਿਆਂ ਦੇ ਅਨੁਕੂਲ ਸ਼ੁਭ ਇਛਾਵਾਂ ਤੇ ਸ਼ੁਭ ਭਾਵਨਾਵਾਂ ਵੰਡੀਆਂ।

ਦਾਰ ਜੀ ਦੇ ਅਸੀਂ ਛੇ ਬੱਚੇ ਹਾਂ 'ਦੋ ਪੁੱਤਰ ਤੇ ਚਾਰ ਧੀਆਂ' ਅਤੇ ਅਨੇਕਾਂ ਹੀ ਉਨ੍ਹਾਂ ਦੇ ਪ੍ਰੀਤ-ਪਾਠਕ – ਅੱਜ ਸਾਡੇ ਸਭ ਦੇ ਚੰਗੇ ਗੁਣਾਂ ਦੀ ਦੇਣ ਸਾਡੇ ਦਾਰ ਜੀ ਹੀ ਹਨ। ਦਾਰ ਜੀ ਦੇ ਸਾਰੇ ਸਨੇਹੀ ਆਖਦੇ ਹਨ, "ਜੇ ਦਾਰ ਜੀ ਨੂੰ ਸਾਡੇ ਵਿਚੋਂ ਕਢ ਲਓ ਤਾਂ ਅਸੀਂ ਕੁਝ ਵੀ ਨਹੀਂ ਰਹਿ ਜਾਂਦੇ।" ਅੱਜ ਅਸੀਂ ਜੋ ਕੁਝ ਵੀ ਹਾਂ ਤੇ ਜਿਸ ਮੰਜ਼ਲ ਤੇ ਪੁਜੇ ਹਾਂ, ਇੱਥੇ ਦਾਰ ਜੀ ਨੇ ਹੀ ਸਾਨੂੰ ਪਹੁੰਚਾਇਆ ਹੈ।

ਦਾਰ ਜੀ ਨੇ ਇੱਕ ਨਵੇਂ ਯੁਗ ਦਾ ਅਰੰਭ ਕੀਤਾ ਸੀ, ਵਹਿਮਾਂ ਭਰਮਾਂ ਤੇ ਦਾਜ ਰਹਿਤ ਰਸਮਾਂ ਦੀ ਪਹਿਲ ਕੀਤੀ ਸੀ। ਨਿਰਵੈਰ, ਪ੍ਰੀਤਾਂ ਵੰਡਦੀ ਇਕ ਸਾਦਾ ਜ਼ਿੰਦਗੀ ਉਹਨਾਂ ਜੀਵੀ ਹੈ। ਬਚਪਨ ਤੋਂ ਲੈ ਕੇ ਜ਼ਿੰਦਗੀ ਦੇ 82 ਸਾਲ ਪੂਰੇ ਕਰਨ ਤੀਕ ਉਹਨਾਂ ਨੂੰ ਕਈ ਬੇਵਕਤੀਆਂ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪਿਆ, ਪਰ ਉਹਨਾਂ ਹੱਸ ਕੇ ਸੱਭ ਝਲੀਆਂ। ਦੇਸ ਵੰਡ ਦੀਆਂ ਫ਼ਿਰਕੂ ਹਵਾਵਾਂ ਨੇ ਉਨ੍ਹਾਂ ਦੇ ਸੁਪਨਿਆਂ ਨੂੰ ਤੀਲਾ-ਤੀਲਾ ਕਰ ਦਿੱਤਾ, ਉਹਨਾਂ ਦਾ ਸੁਪਨਾ ਪ੍ਰੀਤ ਨਗਰ ਸੁੰਞਾ ਹੋ ਗਿਆ, ਪਰ ਆਪਣੇ ਸੁਪਨਿਆਂ ਦੇ ਢੇਰ ਉਤੇ ਸਦਾ ਉਹ ਜਾਗਦੇ ਰਹੇ। ਪਾਕਿਸਤਾਨ ਬਣਨ ਤੇ ਇਕ ਸਾਲ ਉਹਨਾਂ ਨੂੰ ਮਜਬੂਰਨ ਪ੍ਰੀਤ ਨਗਰ ਤੋਂ ਦੂਰ ਵੀ ਰਹਿਣਾ ਪਿਆ, ਪਰ ਫਿਰ ਝਟ ਪਰਤ ਆਏ, 'ਮੇਰਾ ਹੋਰ ਕਿਧਰੇ ਦਿਲ ਨਹੀਂ ਲਗ ਸਕਦਾ।'

ਬੜੇ ਸਲੀਕੇ ਨਾਲ ਉਹਨਾਂ ਜ਼ਿੰਦਗੀ ਜੀਵੀ ਹੈ। ਸਾਦਾ ਕਪੜੇ ਪਰ ਘਰ ਦੇ ਧੋਤੇ ਤੇ ਇਸਤਰੀ ਕੀਤੇ ਹੋਣ, ਪੱਗ ਉਹ ਬੜੀ ਪ੍ਰੀਤ ਨਾਲ ਬੰਨ੍ਹਦੇ ਸਨ। ਮਜਾਲ ਹੈ ਬਿਸਤਰੇ 'ਤੇ ਜਾਂ ਉਹਨਾਂ ਦੇ ਲਿਖਣ ਮੇਜ਼ ਤੇ ਕੁਝ ਇਧਰੋਂ ਉਧਰ ਹੋਵੇ, ਬੜੇ ਸਲੀਕੇ ਨਾਲ ਉਹ ਚੀਜ਼ਾਂ ਸਾਂਭਦੇ ਸੀ। ਬੂਟ ਉਹ ਆਪਣੇ ਆਪ ਪਾਲਸ਼ ਕਰਕੇ ਖ਼ੁਸ਼ ਹੁੰਦੇ ਸੀ। ਰੋਟੀ ਦੇ ਮੇਜ਼ 'ਤੇ ਉਹ ਕਦੇ ਮਾੜੀ ਗੱਲ ਨਹੀਂ ਸੀ ਕਰਨ ਦੇਂਦੇ, ਤੇ ਹਰ ਇਕ ਨੂੰ ਆਖਦੇ, ਪੱਗ ਬੰਨ੍ਹ ਕੇ ਰੋਟੀ ਦੇ ਮੇਜ਼ ਤੇ ਆਓ। ਬਾਹਰੋਂ ਆ ਕੇ ਆਪਣਾ ਸੂਟਕੇਸ ਕਪੜੇ ਨਾਲ ਸਾਫ਼ ਕਰਕੇ, ਜੇ ਪਾਲਸ਼ ਵਾਲਾ ਹੋਵੇ ਤਾਂ ਆਪ ਬੁਰਸ਼ ਮਾਰ ਪਾਲਸ਼ ਕਰ ਲੈਂਦੇ ਸਨ।

ਬੜੀ ਨੇਮ-ਬੱਧ ਉਹਨਾਂ ਜ਼ਿੰਦਗੀ ਜੀਵੀ ਹੈ। ਸਵੇਰੇ-ਸਵੇਰੇ ਉਠਦੇ। ਸੈਰ ਤੇ ਵਰਜ਼ਿਸ਼ ਕਰਦੇ। ਨਹਾਂਦੇ ਤੇ ਫਿਰ ਲੱਸੀ ਜਾਂ ਦੁੱਧ ਦੇ ਗਲਾਸ ਨਾਲ ਨਾਸ਼ਤਾ ਕਰਦੇ। ਤਿਆਰ ਹੋਣ ਲਗਿਆਂ ਬੜਾ ਉਚੇਚ ਕਰਦੇ। ਤਿਆਰ ਹੁੰਦਿਆਂ ਉਹ ਕਦੀ ਕਾਹਲ ਨਾ ਵਿਖਾਂਦੇ। ਇਉਂ ਲਗਦਾ ਜਿਵੇਂ ਆਪਣੇ ਸਾਹਮਣੇ ਵਾਲੇ ਆਦਮ-ਕਦ ਸ਼ੀਸ਼ੇ ਨਾਲ ਉਹ ਗੱਲਾਂ ਕਰ ਰਹੇ ਹੋਣ। ਜਦੋਂ ਤਿਆਰ ਹੋ ਜਾਂਦੇ, ਆਪਣੇ ਮੇਜ਼ 'ਤੇ ਚਲੇ ਜਾਂਦੇ। ਸਭ ਤੋਂ ਪਹਿਲਾਂ ਆਪਣੀ ਪ੍ਰਣ ਪੁਸਤਕ ਲਿਖਦੇ। ਸਭ ਆਈਆਂ ਚਿੱਠੀਆਂ ਦੇ ਜਵਾਬ ਦੇਂਦੇ ਤੇ ਫੇਰ ਪ੍ਰੀਤ ਲੜੀ ਲਈ ਮਜ਼ਮੂਨ ਲਿਖਦੇ। ਪ੍ਰੀਤ ਲੜੀ ਦਾ ਬਹੁਤਾ ਹਿੱਸਾ ਉਹ ਆਪ ਲਿਖਦੇ। ਇਕ ਵਜੇ ਤੀਕ ਲਗਾਤਾਰ ਕੰਮ ਕਰਦੇ, ਵਿਚ ਅੱਧਾ ਕੁ ਘੰਟਾ ਅਰਾਮ ਕਰ ਲੈਂਦੇ। ਰੋਟੀ ਦੇ ਮੇਜ਼ 'ਤੇ ਜਿੰਨਾ ਚਿਰ ਸਾਰਾ ਪਰਵਾਰ ਜੁੜ ਨਾ ਜਾਏ, ਉਹ ਨਾ ਆਂਦੇ। ਬੜੀ ਥੋੜ੍ਹੀ ਤੇ ਸੰਜਮੀ ਰੋਟੀ ਉਹ ਖਾਂਦੇ, ਖੁਸ਼ਕ ਫੁਲਕਾ, ਸਬਜ਼ੀ, ਦਾਲ ਤੇ ਦਹੀਂ। ਸਾਡੇ ਸਾਰਿਆਂ ਨਾਲੋਂ ਪਹਿਲਾਂ ਉਹ ਰੋਟੀ ਮੁਕਾ ਲੈਂਦੇ। ਰੋਟੀ ਦੇ ਮੇਜ਼ 'ਤੇ ਹੀ ਕੁਝ ਹਾਸਾ ਠੱਠਾ ਹੁੰਦਾ, ਜਿਸ ਵਿਚ ਉਹ ਪੂਰੇ ਸ਼ਰੀਕ ਹੁੰਦੇ। ਮੇਜ਼ ਤੋਂ ਉਠਕੇ ਉਹ ਅਖ਼ਬਾਰਾਂ ਲੈ ਕੇ ਆਪਣੇ ਕਮਰੇ ਵਿਚ ਚਲੇ ਜਾਂਦੇ ਤੇ ਫਿਰ ਘੰਟਾ ਕੁ ਜ਼ਰੂਰ ਅਰਾਮ ਕਰਦੇ। ਫਿਰ ਤਿਆਰ ਹੋ ਕੇ ਆਪਣੇ ਮੇਜ਼ 'ਤੇ ਘੰਟਾ ਦੋ

ਘੰਟੇ ਕੰਮ ਕਰਦੇ। ਸ਼ਾਮੀ ਥੋੜ੍ਹੀ ਜਿਹੀ ਸੈਰ ਕਰਦੇ ਤੇ ਨਾਲੇ ਲਾਅਨ ਵਿਚ ਬੱਚਿਆਂ ਤੇ ਸਾਡੇ ਮਾਤਾ ਜੀ ਜਦੋਂ ਉਹ ਜੀਉਂਦੇ ਸਨ, ਨਾਲ ਬਹਿ ਕੇ ਗੱਲਾਂ ਕਰਦੇ ਖੁਸ਼ ਹੁੰਦੇ। ਸਿਆਸਤ ਦੀਆਂ ਗੱਲਾਂ, ਉਹਨਾਂ ਨੂੰ ਬੜੀਆਂ ਚੰਗੀਆਂ ਲਗਦੀਆਂ, ਕਿਸੇ ਦੀ ਨਿੰਦਿਆ ਨਾ ਉਹ ਕਰਦੇ ਤੇ ਨਾ ਕਰਨ ਦੇਂਦੇ। ਰਾਤ ਰੋਟੀ ਤੋਂ ਥੋੜ੍ਹੀ ਦੇਰ ਬਾਅਦ ਹੀ ਉਹ ਸੌਣ ਚਲੇ ਜਾਂਦੇ।

ਘਰ ਆਇਆ ਮਹਿਮਾਨ ਵੇਲੇ ਆਵੇ ਕੁਵੇਲੇ ਆਵੇ, ਮਿਲ ਕੇ ਖੁਸ਼ ਹੁੰਦੇ। ਨੌਕਰਾਂ ਨਾਲ ਚੰਗਾ ਸਲੂਕ ਰਖਣ ਦੀ ਆਦਤ ਵੀ ਅਸੀਂ ਆਪਣੇ ਦਾਰ ਜੀ ਪਾਸੋਂ ਹੀ ਸਿੱਖੀ ਹੋਈ ਹੈ।

ਬੱਚਿਆਂ ਦੀ ਮਰਜ਼ੀ ਨੂੰ ਉਹਨਾਂ ਕਦੇ ਉਲੱਦਿਆ ਨਹੀਂ। ਬੱਚਿਆਂ ਦੀ ਖ਼ੁਸ਼ੀ ਵਿਚ ਹੀ ਉਹਨਾਂ ਹਮੇਸ਼ਾ ਆਪਣੀ ਖ਼ੁਸ਼ੀ ਮਨਾਈ ਹੈ। ਉਹਨਾਂ ਪਾਸੋਂ ਆਪਣੀ ਕੋਈ ਵੀ ਗੱਲ ਮਨਵਾ ਸਕਣਾ ਬੜੀ ਸੌਖੀ ਗੱਲ ਹੁੰਦੀ ਸੀ। ਸਾਰੇ ਬੱਚਿਆਂ ਵਿਚ ਉਹ ਹਮੇਸ਼ ਸਾਡੇ ਦੋਸਤਾਂ ਵਾਂਗ ਰਹੇ ਹਨ। ਦਾਰ ਜੀ ਸਾਡੇ ਲਈ ਕਦੇ ਵੀ ਹਊਆ ਨਹੀਂ ਬਣੇ। ਉਹਨਾਂ ਦੇ ਬਿਰਧ, ਸੁਬਕ ਤੇ ਫੁਰਤੀਲੇ ਸਰੀਰ ਵਿਚ ਇਕ ਜੁਆਨ ਦਿਲ ਧੜਕਦਾ ਸੀ। ਉਹਨਾਂ ਆਪਣੀ ਲੇਖਣੀ 'ਤੇ ਸੱਚੀ ਤੇ ਸੁੱਚੀ ਮੁਹੱਬਤ ਰਾਹੀਂ ਸਾਨੂੰ ਅਨੇਕਾਂ ਧਿਰਾਂ ਪੈਦਾ ਕਰਕੇ ਦਿੱਤੀਆਂ। ਜਿਥੇ ਕਿਤੇ ਵੀ ਪਤਾ ਲਗ ਜਾਂਦਾ, ਅਸੀਂ ਦਾਰ ਜੀ ਦੇ ਧੀ ਜਾਂ ਪੁੱਤਰ ਹਾਂ, ਸਾਡਾ ਬੜਾ ਮਾਣ ਸਤਿਕਾਰ ਹੁੰਦਾ।

ਦਾਰ ਜੀ ਦੀ ਲੇਖਣੀ ਨੇ ਇਕ ਯੁਗ ਦਾ ਅਰੰਭ ਕਰਕੇ ਯੁਗ-ਪਲਟਾ ਲਿਆਂਦਾ। ਪੁਰਾਣੀਆਂ ਲੀਹਾਂ ਤੋਂ ਬਦਲ ਕੇ ਨਵੀਆਂ ਲੀਹਾਂ ਪਾਈਆਂ। ਲੋਕਾਂ ਨੂੰ ਸਹਿਜ-ਪ੍ਰੀਤ, ਪਿਆਰ ਕਬਜ਼ਾ ਨਹੀਂ ਪਹਿਚਾਣ ਹੈ, ਤੇ ਲੋਕਾਂ ਨੂੰ ਪਿਆਰ ਕਰਨਾ। ਸਾਵੀਂ ਪੱਧਰੀ ਤੇ ਗੁੰਝਲਾਂ ਰਹਿਤ ਜ਼ਿੰਦਗੀ ਜੀਣ ਲਈ ਪਰੇਰਿਆ। ਸਭ ਲੋਕ ਬਰਾਬਰ ਹੋਣੇ ਚਾਹੀਦੇ ਹਨ, ਊਚ ਨੀਚ, ਛੂਤ ਛਾਤ ਮੁਕਣੀ ਚਾਹੀਦੀ ਹੈ। ਧੀਆਂ ਨੂੰ ਉਹਨਾਂ ਹਮੇਸ਼ਾ ਸਾਰੀ ਜ਼ਿੰਦਗੀ ਪੁੱਤਰਾਂ ਬਰਾਬਰ ਰੱਖਿਆ।

ਦਾਰ ਜੀ ਦੀ ਲੇਖਣੀ ਵਿਚ ਇਕ ਜਾਦੂ ਸੀ, ਇੰਨੀ ਰਵਾਨਗੀ ਨਾਲ ਉਹ ਇਤਨੀ ਸੋਹਣੀ ਪੰਜਾਬੀ ਲਿਖਦੇ ਕਿ ਆਪ ਮੁਹਾਰੇ ਨਦੀਆਂ ਨਾਲਿਆਂ ਵਾਂਗ ਨਿਰਮਲ ਵਿਚਾਰ ਵਹਿੰਦੇ ਜਾਂਦੇ। ਉਹਨਾਂ ਦੀ ਲੇਖਣੀ ਨੇ ਬਹੁਤ ਸਾਰੇ ਲੇਖਕ ਪੈਦਾ ਕੀਤੇ। ਹਿੰਦੁਸਤਾਨ ਵਿਚ ਹੀ ਨਹੀਂ, ਬਾਹਰ ਵੀ ਬਹੁਤ ਸਾਰੇ ਲੋਕੀ ਉਹਨਾਂ ਦੀ ਲੇਖਣੀ ਤੋਂ ਪ੍ਰਭਾਵਤ ਹੋਏ।

ਉਹ ਅਮਨ ਦੇ ਮੋਢੀ ਰਹੇ। ਉਹ ਸਮਾਜਵਾਦ ਦੇ ਹਾਮੀ ਰਹੇ। ਉਹਨਾਂ ਦੁਨੀਆਂ ਦੇ ਬਹੁਤ ਸਾਰੇ ਮੁਲਕ ਵੇਖੇ ਸਨ, ਤੇ ਉਹਨਾਂ ਪਾਸ ਤਜਰਬੇ ਦਾ ਭੰਡਾਰ ਸੀ। ਉਹਨਾਂ ਨੇ ਅਮਰੀਕਾ ਵਿਚ ਇੰਜੀਨੀਅਰਿੰਗ ਦੀ ਵਿਦਿਆ ਹਾਸਲ ਕੀਤੀ। ਵਾਪਸ ਦੇਸ ਪਰਤ ਉਨ੍ਹਾਂ ਮਸ਼ੀਨੀ ਖੇਤੀ ਸ਼ੁਰੂ ਕੀਤੀ। ਪ੍ਰੀਤ ਲੜੀ ਉਹਨਾਂ ਦੀ ਜ਼ਿੰਦਗੀ ਸੀ, ਤੇ ਪ੍ਰੀਤ ਨਗਰ ਉਹਨਾਂ ਦਾ ਸੁਪਨਾ। ਉਨ੍ਹਾਂ ਦਾ ਦਿਲ ਬੜਾ ਨਰਮ ਸੀ, ਜਿਸ ਨੂੰ ਹੋਰਨਾ ਤੋਂ ਅਸੀਂ ਬਚਾ ਬਚਾ ਰੱਖਦੇ ਸੀ। ਮਾੜੀ ਗੱਲ ਦਾ ਉਹਨਾਂ ਦੇ ਮਨ 'ਤੇ ਅਸਰ ਝਟ ਹੋ ਜਾਂਦਾ ਸੀ। ਬੇਵਕਤੀ ਮਾੜੀ ਖਬਰ ਵੀ ਅਸੀਂ ਕਈ ਵੇਰ ਉਨ੍ਹਾਂ ਤੋਂ ਲੁਕੋ ਕੇ ਰੱਖਦੇ।

ਸਾਡੇ ਮਾਤਾ ਜੀ ਨੇ ਉਨ੍ਹਾਂ ਦੇ ਨਾਲ ਸਾਰੀ ਉਮਰ ਇਕ ਬੜਾ ਚੰਗਾ ਸਾਥ ਨਿਭਾਇਆ ਹੈ। ਮਾਤਾ ਜੀ ਉਨ੍ਹਾਂ ਦੇ ਮਨ ਦੀ ਅੰਦਰਲੀ ਗੱਲ ਪਹਿਲਾਂ ਹੀ ਪੜ੍ਹ ਲੈਂਦੇ ਤੇ ਉਸ ਤੇ ਅਮਲ ਕਰਨਾ ਸ਼ੁਰੂ ਕਰ ਦਿੰਦੇ। ਇਸੇ ਲਈ ਦਾਰ ਜੀ ਆਪਣੀ ਇਸ ਸਾਦ-ਮੁਰਾਦੀ ਸਾਡੀ ਮਾਂ ਨੂੰ ਅੰਤਾਂ ਦਾ ਪਿਆਰ ਕਰਦੇ ਸਨ। ਸਾਡੇ ਮਾਤਾ ਜੀ ਦਾਰ ਜੀ ਤੋਂ ਪਹਿਲਾਂ ਗੁਜ਼ਰ ਗਏ।

ਫਰਵਰੀ ਸੰਨ 1977 ਵਿਚ ਉਨ੍ਹਾਂ ਨੂੰ ਭੁੱਖ ਲਗਣੀ ਬੰਦ ਹੋ ਗਈ। ਕਈ-ਕਈ ਘੰਟੇ ਚੁਪ-ਚਾਪ ਆਪਣੇ ਕਮਰੇ ਵਿਚ ਬੈਠੇ ਰਹਿੰਦੇ; ਜਿਵੇਂ ਮਾਤਾ ਜੀ ਦੇ ਨਾਂ ਦਾ ਸਿਮਰਨ ਕਰ ਰਹੇ ਹੋਣ।

ਤੇ ਇਹੀ ਵਜ੍ਹਾ ਹੈ ਕਿ ਮਾਤਾ ਜੀ ਦੇ ਟੁਰ ਜਾਣ ਬਾਅਦ ਜਲਦੀ ਹੀ ਦਾਰ ਜੀ ਵੀ ਸਾਥੋਂ ਵਿੱਛੜ ਗਏ। ਦਾਰ ਜੀ ਸਾਡੇ ਹੀ ਨਹੀਂ, ਇਸ ਦੁਨੀਆ ਦੀ ਕੇਡੀ ਵੱਡੀ ਪੂੰਜੀ ਸਨ, ਇਹ ਸਮਾਂ ਹੀ ਦੱਸਦਾ ਹੈ। ਦਾਰ ਜੀ ਨਾਲ ਇਕ ਯੁਗ ਦਾ ਅਰੰਭ ਹੋਇਆ, ਤੇ ਉਹ ਯੁਗ, ਉਹ ਸਰਮਾਇਆ ਅੱਜ ਸਾਡੀ ਮਲਕੀਅਤ ਹੈ।

●

ਮੌਲਿਕ ਸਭਿਅਤਾ

ਸਾਡੀ ਪੁਰਾਣੀ ਸਭਿਅਤਾ ਵਿਚ ਬੜੀ ਲਚਕ ਤੇ ਬੜੀ ਖ਼ੁਦਮੁਖ਼ਤਾਰੀ ਸੀ। ਸਾਡੀ ਅਜੋਕੀ ਸਭਿਅਤਾ ਵਿਚ ਕਈ ਦੇਸੀ ਤੇ ਪ੍ਰਦੇਸੀ ਕਮਜ਼ੋਰੀਆਂ ਦਾ ਸੰਕੋਚ ਆ ਧਸਿਆ ਹੈ, ਜਿਸ ਸੰਕੋਚ ਨੇ ਇਹਦੇ ਵਿਚੋਂ ਮੌਲਿਕ ਸਭਿਅਤਾ ਦੀ ਲਚਕ ਉਡਾ ਦਿੱਤੀ ਹੈ। ਮੌਲਿਕ ਸਭਿਅਤਾ ਦੇ ਸਭ ਨੇਮ ਸਿਰਫ਼ ਚੋਣਵੇਂ ਕੁਝ ਮਨੁੱਖਾਂ ਲਈ ਨਹੀਂ ਹੁੰਦੇ, ਸਾਧਾਰਣ ਜਨਤਾ ਲਈ ਹੁੰਦੇ ਹਨ। ਸਾਧਾਰਣ ਜਨਤਾ ਦਾ ਅਖ਼ਲਾਕੀ ਪੱਧਰ ਬਹੁਤ ਸਾਰੀ ਲਚਕ ਦਾ ਲੋੜਵੰਦਾ ਹੁੰਦਾ ਹੈ। ਜਦੋਂ ਬਹੁਤੀ ਮਨੁੱਖਤਾ ਦਾ ਅਖ਼ਲਾਕੀ ਪੱਧਰ ਚੋਖਾ ਉੱਚਾ ਹੋ ਜਾਵੇਗਾ, ਓਦੋਂ ਮਨੁੱਖੀ ਕਮਜ਼ੋਰੀਆਂ ਲਈ ਸਖ਼ਾਵਤ ਵੀ ਵਧ ਜਾਵੇਗੀ।

(ਪ੍ਰੀਤਲੜੀ, ਨਵੰਬਰ 1965)

ਸ. ਗੁਰਬਖ਼ਸ਼ ਸਿੰਘ ਤੇ ਪੰਜਾਬੀ ਭਾਸ਼ਾ ਦੀ ਸਮਰਿਧੀ

ਗੁਰਦਿਆਲ ਸਿੰਘ

ਸ਼ਾਇਦ ਇਹ ਕਹਿ ਕੇ ਬਹੁਤੇ ਪੰਜਾਬੀ ਲੇਖਕਾਂ ਤੇ ਪਾਠਕਾਂ ਦੀ ਬਾਰ ਬਾਰ ਕਹੀ ਗੱਲ ਹੀ ਦਹੁਰਾ ਰਿਹਾ ਹੋਵਾਂਗਾ ਕਿ : ਅਸੀਂ ਸ. ਗੁਰਬਖ਼ਸ਼ ਸਿੰਘ ਤੋਂ ਬਹੁਤ ਪ੍ਰਭਾਵਿਤ ਹੋਏ।

ਪਰ ਇਹ ਸੱਚ ਹੈ। ਤੇ ਸੱਚ ਕਿਉਂਕਿ ਪੁਰਾਣਾ ਨਹੀਂ ਹੁੰਦਾ ਇਸ ਲਈ ਬਾਰ ਬਾਰ ਦਹੁਰਾਣਾ ਪੈਂਦਾ ਹੈ: ਉਂਜ ਹੀ ਜਿਵੇਂ ਸੂਰਜ, ਚੰਦ ਜਾਂ ਤਾਰਿਆਂ ਦੀ ਚਮਕ, ਕਰਮ ਤੇ ਆਕਾਰ-ਪਰਕਾਰ ਬਾਰੇ ਅਸੀਂ ਬਾਰ ਬਾਰ ਉਹੋ ਗੱਲਾਂ ਦਹੁਰਾਂਦੇ ਹਾਂ ਜੋ ਸਦੀਆਂ ਤੋਂ ਬਜ਼ੁਰਗ, ਸਾਡੇ ਪੁਰਖੇ ਦਹੁਰਾਂਦੇ ਕਹਿੰਦੇ ਆਏ ਨੇ। ਭਾਵੇਂ ਵਿਗਿਆਨ ਦੇ ਯੁੱਗ ਵਿਚ ਸੂਰਜ, ਚੰਦ, ਤਾਰਿਆਂ ਬਾਰੇ ਇਹ ਤਾਂ ਨਹੀਂ ਕਿਹਾ ਜਾ ਸਕਦਾ (ਜਿਵੇਂ ਅਕਸਰ ਪੰਜਾਬੀ ਕਹਿੰਦੇ ਆਏ ਹਨ) :–

ਤਾਰਾ ਖਾਰੀ ਚੰਦ ਘੁਮਾ
ਸੂਰਜ ਦਾ ਕੋਈ ਓੜਕ ਨਾ।

ਪਰ ਇਹਨਾਂ ਦੇ ਆਕਾਰ ਬਾਰੇ ਸਾਡੇ ਪੁਰਖਿਆਂ ਦੇ ਅਜਿਹੇ ਅਨੁਭਵ ਨੂੰ ਅੱਜ ਵੀ ਝੁਠਲਾਇਆ ਨਹੀਂ ਜਾ ਸਕਦਾ। ਤਾਰੇ ਅੱਜ ਵੀ ਆਮ ਬੰਦੇ ਨੂੰ ਖਾਰੀ (ਟੋਕਰੀ) ਕੁ ਜਿਡੇ ਤੇ ਚੰਦ ਉਹਨਾਂ ਦੇ ਮੁਕਾਬਲੇ ਘੁਮਾ (ਇਕੜ) ਦਾ ਦਿਸਦਾ ਹੈ ਤੇ ਸੂਰਜ ਆਪਣੀ ਧੁਪ ਤੇ ਜੀਵਨ ਉਤੇ ਪੈਂਦੇ ਪ੍ਰਭਾਵਾਂ ਕਾਰਨ 'ਬੇਓੜਕ' ਤੇ ਮਹਾਨ ਹੈ।

ਸ. ਗੁਰਬਖ਼ਸ਼ ਸਿੰਘ ਜੀ ਬਾਰੇ ਇਤਨਾ ਕੁਝ ਕਿਹਾ, ਲਿਖਿਆ ਗਿਆ ਹੈ ਕਿ ਹੁਣ ਨਵਾਂ ਕੁਝ ਕਹਿਣ ਨੂੰ ਨਹੀਂ ਰਿਹਾ ਲਗਦਾ। ਪਰ ਹਰ ਮਨੁੱਖ ਆਪਣੇ ਨਿੱਜੀ ਅਨੁਭਵ ਅਨੁਸਾਰ ਸੰਸਾਰ ਨੂੰ ਰਤਾ-ਮਾਸਾ ਵਖਰੇ ਰੂਪ ਵਿਚ ਵੀ ਨਿਰਖਦਾ ਪਰਖਦਾ ਹੈ। ਸ. ਗੁਰਬਖ਼ਸ਼ ਸਿੰਘ ਦੀ ਸ਼ਖ਼ਸੀਅਤ ਤੇ ਵਿਚਾਰ ਹਰੇਕ ਪਾਠਕ, ਲੇਖਕ ਉਤੇ ਇੱਕੋ ਤਰ੍ਹਾਂ ਦਾ ਪ੍ਰਭਾਵ ਨਹੀਂ ਪਾਉਂਦੇ। ਅਨੇਕਾਂ ਨੂੰ ਉਹਨਾਂ ਦੇ ਵਿਚਾਰ ਵਧੇਰੇ ਪ੍ਰਭਾਵਿਤ ਕਰਦੇ ਹਨ ਤੇ ਅਨੇਕਾਂ ਨੂੰ ਸ਼ਖ਼ਸੀਅਤ (ਤੇ ਹੋਰ ਅਨੇਕਾਂ ਨੂੰ ਉਹਨਾਂ ਦਾ ਗਲਪ ਸਾਹਿਤ ਤੇ ਨਾਟਕ ਆਦਿ)। ਪਰ ਮੈਨੂੰ ਹਮੇਸ਼ਾ ਹੀ ਉਹਨਾਂ ਦੀ ਸ਼ੈਲੀ ਨੇ ਵਧ ਪ੍ਰਭਾਵਿਤ ਕੀਤਾ ਹੈ। (ਭਾਵੇਂ ਉਹਨਾਂ ਨੂੰ ਪ੍ਰੀਤਨਗਰ ਮਿਲਣ ਦਾ ਕਈ ਵਾਰ ਸੁਭਾਗ ਪ੍ਰਾਪਤ ਹੋਇਆ, ਪਰ ਉਹਨਾਂ ਦੀ ਸ਼ਖ਼ਸੀਅਤ ਦੇ ਉਸ 'ਚਮਤਕਾਰੀ' ਪੱਖਾਂ ਵਿਚ ਅਜਿਹਾ ਕੁਝ ਨਜ਼ਰ ਨਹੀਂ ਸੀ ਆਉਂਦਾ ਜਿਸ ਬਾਰੇ ਅਨੇਕ ਲੋਕਾਂ ਨੇ 'ਅਲੌਕਿਕ' ਵਰਗੇ ਸ਼ਬਦ ਵਰਤੇ ਹਨ। ਪਰ ਜਿਵੇਂ ਆਧੁਨਿਕ ਯੁੱਗ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਅਨੇਕ ਜਟਿਲ ਵਿਚਾਰਾਂ ਤੇ ਭਾਵਾਂ ਤੇ ਪ੍ਰਭਾਵਾਂ ਨੂੰ ਵਿਅਕਤ ਕਰਨ ਲਈ ਸ. ਗੁਰਬਖ਼ਸ਼ ਸਿੰਘ ਨੇ ਕੀਤੀ, ਉਹਦਾ ਹੋਰ ਕੋਈ ਬਦਲ ਨਜ਼ਰ ਨਹੀਂ ਆਇਆ। ਇਕ ਸਮਾਂ ਅਜਿਹਾ ਵੀ ਆਇਆ ਕਿ ਪੰਜਾਬੀ ਦੇ ਅਨੇਕਾਂ ਨਵੇਂ ਲੇਖਕ ਸ. ਗੁਰਬਖ਼ਸ਼ ਸਿੰਘ ਦੀ ਭਾਸ਼ਾ ਤੇ ਸ਼ੈਲੀ ਦੀ ਨਕਲ ਕਰਨ ਦੀ ਕੋਸ਼ਿਸ਼ ਕਰਦੇ ਰਹੇ (ਪਰ ਅਜਿਹਾ ਕਦੇ ਵੀ ਸੰਭਵ ਨਹੀਂ ਹੁੰਦਾ)। ਇਹ ਕੋਈ ਬੁਰੀ ਗੱਲ ਨਹੀਂ ਸੀ। ਪਰ ਗੁਰਬਖ਼ਸ਼ ਸਿੰਘ ਦੇ ਵਿਚਾਰਾਂ ਤੇ ਸਾਹਿਤ-ਵਿਧਾਵਾਂ ਦੀ ਨਕਲ ਕਰਨਾ ਸੰਭਵ ਸੀ, ਸ਼ੈਲੀ ਦੀ ਨਹੀਂ। ਜਿਸ ਅੰਦਾਜ਼ ਤੇ ਜਿਸ ਤੀਬਰਤਾ ਨਾਲ ਤੇ ਜਿਹੋ-ਜਿਹੇ ਤਰਾਸ਼ੇ-ਸੰਵਾਰੇ (ਤੇ ਅਕਸਰ ਤਾਰਿਆਂ ਵਾਂਗ ਲਿਸ਼ਕਦੇ) ਸ਼ਬਦਾਂ ਵਿਚ ਉਹ ਆਪਣੇ ਸਾਧਾਰਨ ਤੋਂ ਸਾਧਾਰਨ ਤੇ ਜਟਿਲ ਵਿਸ਼ੇ ਨੂੰ ਪੇਸ਼ ਕਰ ਸਕੇ ਹਨ, ਉਹ ਆਧੁਨਿਕ ਯੁੱਗ ਦੇ ਹੋਰ ਕਿਸੇ ਲੇਖਕ ਦੇ ਹਿੱਸੇ ਨਹੀਂ ਆਇਆ।

ਸ. ਗੁਰਬਖ਼ਸ਼ ਸਿੰਘ ਦੀ ਇਹ ਸਰਬੁਤਮ ਦੇਣ ਪੰਜਾਬੀ ਭਾਸ਼ਾ ਤੇ ਸਾਹਿਤ ਦੀ ਬਹੁਤ ਵੱਡੀ ਸ਼ਕਤੀ ਹੈ। ਇਹਨੇ ਸਮੁੱਚੇ ਆਧੁਨਿਕ ਪੰਜਾਬੀ ਸਾਹਿਤ ਨੂੰ ਏਨਾ ਪ੍ਰਭਾਵਿਤ ਕੀਤਾ ਹੈ ਕਿ ਸ. ਗੁਰਬਖ਼ਸ਼ ਸਿੰਘ ਨੂੰ ਪੜ੍ਹਨ ਮਗਰੋਂ ਇਕ ਸਾਧਾਰਨ ਲੇਖਕ ਅੰਦਰ ਵੀ ਏਨਾ ਸਵੈਭਰੋਸਾ ਪੈਦਾ ਹੁੰਦਾ ਰਿਹਾ ਹੈ ਕਿ ਉਹ ਆਪਣੀ ਹਰ ਗੱਲ ਨੂੰ ਕਹਿਣ ਦੇ ਸਮਰੱਥ ਮਹਿਸੂਸ ਕਰਦਾ ਸੀ। ਭਾਸ਼ਾ ਤੇ ਸ਼ੈਲੀ ਦੀ ਅਜਿਹੀ ਸਮਰੱਥਾ ਕੋਈ ਮਾਮੂਲੀ ਨਹੀਂ। ਸ. ਗੁਰਬਖ਼ਸ਼ ਸਿੰਘ ਨੇ ਹੀ ਇਕ 'ਪਛੜੀ' ਕਹੀ ਜਾਂਦੀ ਭਾਸ਼ਾ ਪੰਜਾਬੀ ਨੂੰ, ਘਟੋ-ਘਟ ਭਾਰਤ ਦੀਆਂ ਵਿਕਸਿਤ ਭਾਸ਼ਾਵਾਂ ਦੇ ਬਰਾਬਰ ਖੜੋਣ ਜੋਗੀ ਕੀਤਾ ਹੈ। ਤੇ ਇਹ ਇਕੋ ਕਾਰਜ ਏਡਾ ਵੱਡਾ ਸੀ ਕਿ ਇਹਦਾ ਕੋਈ ਵੀ ਬਦਲ ਪੰਜਾਬੀ ਵਿਚ ਨਹੀਂ ਲਭਦਾ।

ਇਹਦੇ ਅਰਥ ਇਹ ਨਹੀਂ ਕਿ ਸ. ਗੁਰਬਖ਼ਸ਼ ਸਿੰਘ ਤੋਂ ਪਹਿਲਾਂ ਪੰਜਾਬੀ ਨੂੰ ਸਮਰਿਧ ਬਣਾਉਣ ਲਈ ਭਾਈ ਵੀਰ ਸਿੰਘ ਜਿਹੇ ਮਹਾਨ ਲੇਖਕਾਂ ਦਾ ਕੋਈ ਯੋਗਦਾਨ ਨਹੀਂ ਰਿਹਾ। ਨਿਸਚੇ ਹੀ ਭਾਈ ਵੀਰ ਸਿੰਘ ਸਮੇਤ ਅਨੇਕ ਪ੍ਰਤਿਭਾਵਾਨ ਲੇਖਕਾਂ, ਕਵੀਆਂ ਨੇ (ਖ਼ਾਸ ਕਰਕੇ ਪ੍ਰੋ. ਪੂਰਨ ਸਿੰਘ ਨੇ) ਪੰਜਾਬੀ ਨੂੰ ਅਧੁਨਿਕ ਤੇ ਸਮਰੱਥ ਬਣਾਉਣ ਵਿਚ ਵੱਡਾ ਹਿੱਸਾ ਪਾਇਆ ਹੈ। ਪਰ ਜੋ ਸਮਰੱਥਾ ਤੇ ਸਮਰਿਧੀ ਸ. ਗੁਰਬਖ਼ਸ਼ ਸਿੰਘ ਨੇ ਪੰਜਾਬੀ ਨੂੰ ਬਖ਼ਸ਼ੀ ਹੈ ਉਸੇ ਕਾਰਨ ਅੱਜ ਉਹ ਭਾਰਤ ਦੀਆਂ ਸ਼ਾਇਦ ਸਭ ਤੋਂ ਸਮਰਿਧ ਭਾਸ਼ਾਵਾਂ ਵਿਚੋਂ ਇੱਕ ਹੈ। ਸ. ਗੁਰਬਖ਼ਸ਼ ਸਿੰਘ ਤੋਂ ਮਗਰੋਂ ਆਉਣ ਵਾਲੇ ਅਨੇਕਾਂ ਲੇਖਕਾਂ, ਕਵੀਆਂ ਨੇ ਪੰਜਾਬੀ ਨੂੰ ਬਹੁਤ ਸ਼ਕਤੀਵਾਨ ਭਾਸ਼ਾ ਦੇ ਰੂਪ ਵਿਚ ਵਿਕਸਿਤ ਕਰਨ ਵਿਚ ਆਪਣਾ ਯੋਗਦਾਨ ਪਾਇਆ ਹੈ। ਪਰ ਇਸ 'ਗਾਡੀਰਾਹ' ਉਤੇ ਤੋਰਨ ਵਾਲੇ ਪਹਿਲੇ ਲੇਖਕ, ਸ਼ੈਲੀਕਾਰ ਸ. ਗੁਰਬਖ਼ਸ਼ ਸਿੰਘ ਹੀ ਰਹਿਣਗੇ — ਇਹ ਦ੍ਰਿੜ੍ਹ ਵਿਸ਼ਵਾਸ ਹੈ (ਤੇ ਸੱਚ ਵੀ)।

ਸ. ਗੁਰਬਖ਼ਸ਼ ਸਿੰਘ ਦੀ ਇਸ ਅਦੁੱਤੀ ਦੇਣ ਨੂੰ (ਉਹਨਾਂ ਦੇ ਆਧੁਨਿਕ ਤੇ ਅਗਾਂਹਵਧੂ ਵਿਚਾਰਾਂ ਸਮੇਤ) ਬਹੁਤ ਹੀ ਸਤਿਕਾਰ ਨਾਲ ਨਤਮਸਤਕ ਹਾਂ। ਇਹ ਮੰਨਣ ਵਿਚ ਰੱਤੀ ਭਰ ਵੀ ਝਿਜਕ ਨਹੀਂ ਹੋ ਰਹੀ ਕਿ ਜਦੋਂ ਅਜੇ ਕਲਮ ਚੁੱਕ ਕੇ ਕੋਈ ਚਿੱਠੀ ਲਿਖਣ ਦਾ ਵੀ ਵੱਲ ਨਹੀਂ ਸੀ ਆਉਂਦਾ ਉਦੋਂ ਤੋਂ ਹੀ ਉਹਨਾਂ ਦੀ ਸ਼ੈਲੀ ਦੀ ਸਮਰੱਥਾ, ਭਾਸ਼ਾ ਦੀ ਸਮਰਿਧੀ ਤੇ ਉੱਕਾ ਨਵੇਂ ਵਿਚਾਰਾਂ ਤੋਂ ਪ੍ਰਭਾਵਿਤ ਹੋਣ ਲਗ ਪਿਆ ਸਾਂ। ਅਜਿਹੇ ਪ੍ਰਭਾਵਾਂ ਦੇ ਕਿਹੜੇ ਕਿਹੜੇ ਅੰਸ਼ਾਂ ਨੇ ਕਿਸ ਰੂਪ ਵਿਚ, ਮਗਰੋਂ ਮੇਰੀ ਲਿਖਤ ਨੂੰ ਪ੍ਰਭਾਵਿਤ ਕੀਤਾ — ਇਹ ਜਾਣ ਸਕਣਾ ਬਹੁਤ ਹੀ ਮੁਸ਼ਕਲ (ਤੇ ਸ਼ਾਇਦ ਅਸੰਭਵ) ਹੈ। ਪਰ ਇਹ ਹੋ ਨਹੀਂ ਸਕਦਾ ਕਿ ਇਹ ਪ੍ਰਭਾਵ ਅਜਾਈਂ ਗਏ ਹੋਣ। ਇਸੇ ਲਈ ਸਦਾ ਸ. ਗੁਰਬਖ਼ਸ਼ ਸਿੰਘ ਦਾ ਰਿਣੀ ਮਹਿਸੂਸ ਕਰਦਾ ਰਿਹਾ ਹਾਂ ਤੇ ਕਰਦਾ ਰਹਾਂਗਾ।

ਚੰਗੇਰੀ ਜੀਵਨ-ਜਾਚ ਦਾ ਸੰਦੇਸ਼ਵਾਹਕ

ਗੁਰਬਚਨ ਸਿੰਘ ਭੁੱਲਰ

ਹਰ ਲੇਖਕ ਆਪਣੀ ਸਮਰੱਥਾ ਅਨੁਸਾਰ ਲਿਖਦਾ ਹੈ ਅਤੇ ਆਪਣੀ ਭਾਸ਼ਾ ਦੇ ਪਾਠਕ-ਵਰਗ ਦੇ ਕਿਸੇ ਛੋਟੇ ਜਾਂ ਵੱਡੇ ਹਿੱਸੇ ਨੂੰ ਆਪਣੀ ਲਿਖਤ ਰਾਹੀਂ ਥੋੜ੍ਹਾ ਜਾਂ ਬਹੁਤਾ ਪ੍ਰਭਾਵਿਤ ਕਰਦਾ ਹੈ। ਬੱਸ, ਆਮ ਲੇਖਕ ਦੀ ਪ੍ਰੀਭਾਸ਼ਾ ਇਹੋ ਹੁੰਦੀ ਹੈ। ਪਰ ਗੁਰਬਖ਼ਸ਼ ਸਿੰਘ ਇਸ ਤੋਂ ਬਹੁਤ ਕੁਝ ਵਧੀਕ ਸੀ।

ਜਦੋਂ ਅਸੀਂ ਇਕ ਲੇਖਕ ਵਜੋਂ ਗੁਰਬਖ਼ਸ਼ ਸਿੰਘ ਦੀ ਸਮਰੱਥਾ ਨੂੰ ਦੇਖਦੇ ਹਾਂ ਤਾਂ ਉਸਦੀ ਅਸਾਧਾਰਨਤਾ ਹੈਰਾਨ ਕਰ ਦਿੰਦੀ ਹੈ। ਉਹਨੇ ਇਕ ਕਵਿਤਾ ਨੂੰ ਛੱਡ ਕੇ ਸ਼ਾਇਦ ਹੀ ਹੋਰ ਕੋਈ ਸਾਹਿਤਕ ਵਿਧਾ ਆਪਣੀ ਕਲਮ ਦੇ ਘੇਰੇ ਤੋਂ ਬਾਹਰ ਛੱਡੀ ਹੋਵੇ! ਆਪਣੇ ਸਮੇਂ ਦਾ ਪ੍ਰਮੁੱਖ ਵਾਰਤਕਕਾਰ-ਨਿਬੰਧਕਾਰ ਤਾਂ ਉਹ ਸੀ ਹੀ, ਉਹਨੇ ਕਹਾਣੀਆਂ ਵੀ ਲਿਖੀਆਂ ਤੇ ਨਾਵਲ ਵੀ, ਨਾਟਕ ਵੀ ਲਿਖੇ ਤੇ ਸਫ਼ਰਨਾਮਾ ਵੀ, ਸਵੈਜੀਵਨੀ ਵੀ ਲਿਖੀ ਅਤੇ ਯਾਦਾਂ ਵੀ। ਇਹਤੋਂ ਇਲਾਵਾ ਉਹਨੇ ਅਨੁਵਾਦ ਦਾ ਵੀ ਬਹੁਤ ਸਾਰਾ ਕੰਮ ਕੀਤਾ। ਪਰ ਉਹਦੀ ਰਚਨਾ ਪੜ੍ਹਦਿਆਂ "ਕਵਿਤਾ ਨੂੰ ਛੱਡ ਕੇ" ਕਹਿਣਾ ਵੀ ਜਚਦਾ ਨਹੀਂ, ਕਿਉਂਕਿ ਕਾਵਿਕਤਾ ਤਾਂ ਉਹਦੇ ਸ਼ਬਦ-ਸ਼ਬਦ, ਵਾਕ-ਵਾਕ ਵਿਚ ਰਸੀ ਹੋਈ ਸੀ। ਸ਼ਬਦਾਂ ਦਾ ਉਹ ਜਾਦੂਗਰ ਜੋ ਕੁਝ ਵੀ ਲਿਖਦਾ ਸੀ, ਸਾਡੇ ਪੁਰਾਤਨ ਰਿਸ਼ੀਆਂ ਵਾਂਗ ਕਵਿਤਾ ਵਿਚ ਹੀ ਲਿਖਦਾ ਸੀ।

ਉਹ ਆਪਣੀ ਰਚਨਾ, ਭਾਵੇਂ ਉਹ ਕਿਸੇ ਵੀ ਵਿਧਾ ਵਿਚ ਹੋਵੇ, ਦੇ ਦੋਵਾਂ ਪੱਖਾਂ—ਵਿਸ਼ਾ-ਵਸਤੂ ਅਤੇ ਭਾਸ਼ਾ—ਬਾਰੇ ਬੇਹੱਦ ਸੁਚੇਤ ਸੀ।

ਆਪਣੀ ਰਚਨਾ ਵਿਚ ਉਹਨੇ ਅਜਿਹੇ ਵਿਸ਼ੇ ਵੀ ਲਏ, ਜਿਹੋ ਜਿਹੇ ਉਸ ਸਮੇਂ ਤੱਕ ਪੰਜਾਬੀ ਵਿਚ ਲਏ ਨਹੀਂ ਸਨ ਗਏ ਜਾਂ ਲੈਣੇ ਵਾਜਬ ਨਹੀਂ ਸਨ ਸਮਝੇ ਗਏ ਜਾਂ ਲੈਣੇ ਸੰਭਵ ਨਹੀਂ ਸਨ ਸਮਝੇ ਗਏ। ਤੇ ਨਾਲੋ-ਨਾਲ ਉਹਨੇ ਆਪਣੀ ਸਮਕਾਲੀ ਸਮਾਜਕ-ਰਾਜਨੀਤਿਕ ਦਸ਼ਾ ਬਾਰੇ ਵੀ ਲਗਾਤਾਰ ਵਿਚਾਰ ਪ੍ਰਗਟਾਏ। ਉਹਨੇ ਵੇਲਾ ਵਿਹਾ ਚੁਕੀਆਂ ਕਦਰਾਂ-ਕੀਮਤਾਂ ਉਤੇ ਵਦਾਨੀ ਸੱਟਾਂ ਮਾਰੀਆਂ ਅਤੇ ਆਪਣੀ ਲਿਖਤ ਨੂੰ ਭਵਿਖਮੁਖੀ ਸੋਚਾਂ ਦਾ ਵਸੀਲਾ ਬਣਾਇਆ। ਕੁਹਜ ਨੂੰ, ਭਾਵੇਂ ਉਹ ਜੀਵਨ ਦੇ ਕਿਸੇ ਵੀ ਪੱਖ ਵਿਚ ਸੀ, ਛੰਡ ਕੇ ਉਹਨੇ ਸੁਹਜ ਲਈ ਰਾਹ ਪੱਧਰਾ ਕੀਤਾ। ਉਹ ਸੁੰਦਰਤਾ ਦਾ ਪੁਜਾਰੀ ਸੀ—ਨਿਰੋਲ ਸੁੰਦਰਤਾ, ਸਰਬ-ਪੱਖੀ ਸੁੰਦਰਤਾ! ਆਪਣੀ ਕਲਮ ਰਾਹੀਂ ਪਰਗਟਾਏ ਜਾਣ ਵਾਲੇ ਵਿਚਾਰਾਂ ਬਾਰੇ ਉਹ ਏਨਾ ਲਗਨਸ਼ੀਲ, ਇਕਾਗਰ-ਚਿੱਤ ਅਤੇ ਅਡੋਲ ਸੀ ਕਿ ਉਹਦਾ ਮਨ-ਮੰਥਨ ਉਹਨੂੰ ਚਿੰਤਕ ਬਣਾ ਦਿੰਦਾ ਹੈ।

ਤੇ ਆਪਣੇ ਵਿਚਾਰਾਂ ਨੂੰ, ਆਪਣੇ ਵਿਸ਼ੇ-ਵਸਤੂ ਨੂੰ ਪਾਠਕ ਤੱਕ ਪੁਜਦੇ ਕਰਨ ਦੀ ਧੁਨ ਵਿਚ ਉਹਨੇ, ਹੋਰ ਅਨੇਕ ਲੇਖਕਾਂ ਵਾਂਗ, ਆਪਣੀ ਭਾਸ਼ਾ ਵੱਲ ਅਣਗਹਿਲੀ ਨਹੀਂ ਵਰਤੀ। ਉਸਦਾ ਟੀਚਾ ਪਾਠਕ ਤੱਕ ਆਪਣੀ ਗੱਲ ਪੁਜਦੀ ਕਰਨਾ ਤਾਂ ਸੀ ਹੀ, ਪਰ ਏਨਾ ਹੀ ਮਹੱਤਵ ਉਹ ਆਪਣੀ ਗੱਲ ਦੇ ਮਾਧਿਅਮ, ਆਪਣੀ ਭਾਸ਼ਾ ਨੂੰ ਦਿੰਦਾ ਸੀ। ਉਹ ਸ਼ਬਦਾਂ ਦਾ ਜੌਹਰੀ ਸੀ। ਉਹ ਇਕ-ਇਕ ਸ਼ਬਦ ਲਭਦਾ-ਟੋਲਦਾ ਸੀ, ਸੰਜੋਂਦਾ-ਸਾਂਭਦਾ ਸੀ। ਭਾਸ਼ਾ ਦੇ ਭੰਡਾਰ ਵਿਚ ਚਿਰਾਂ ਤੋਂ ਅਣਵਰਤੇ ਪਏ ਸ਼ਬਦਾਂ ਦੀ ਧੂੜ-ਮਿੱਟੀ ਝਾੜ-ਪੂੰਝ ਕੇ ਉਹ ਉਹਨਾਂ ਨੂੰ ਨਗਾਂ ਵਾਂਗ ਲਿਸ਼ਕਾ ਲੈਂਦਾ ਸੀ। ਉਹ ਉਹਨਾਂ ਦੇ ਪ੍ਰੰਪਰਕ ਅਰਥਾਂ ਨੂੰ ਲੋੜ - ਅਨੁਸਾਰ ਵਿਸ਼ਾਲਤਾ ਵੀ ਦੇ ਲੈਂਦਾ ਸੀ ਅਤੇ ਉਹਨਾਂ ਦਾ ਨਵਾਂ ਅਰਥ-ਪਸਾਰਾ ਵੀ ਕਰ ਲੈਂਦਾ ਸੀ। ਲਿਖਣ ਲਗਿਆਂ ਉਹ ਕਿਸੇ ਥਾਂ ਵਰਤੇ ਜਾ ਸਕਣ ਵਾਲੇ ਕਈ ਸੰਭਵ ਸ਼ਬਦਾਂ ਵਿਚੋਂ ਸਭ ਤੋਂ ਢੁੱਕਵਾਂ ਸ਼ਬਦ ਆਪਣੀ ਕਲਮ ਦੀ ਚੁੰਝ ਨਾਲ ਇਉਂ ਚੁਕਦਾ ਸੀ ਜਿਵੇਂ ਸਵਰਨਕਾਰ ਆਪਣੀ ਚਿਮਟੀ ਦੀ ਨੋਕ ਨਾਲ ਸਭ ਤੋਂ ਢੁਕਵੇਂ ਆਕਾਰ, ਰੰਗ ਅਤੇ ਭਾਹ ਵਾਲਾ ਨਗ ਆਪਣੇ ਜ਼ੇਵਰ ਵਿਚ ਜੜਨ ਲਈ ਚੁਕਦਾ ਹੈ। ਇਸ ਸ਼ਬਦ-ਚੋਣ, ਸ਼ਬਦ-ਜੜਤ ਅਤੇ ਵਾਕ-ਬਣਤਰ ਨੇ ਉਹਨੂੰ ਪੰਜਾਬੀ ਦਾ ਇਕ ਪ੍ਰਮੁੱਖ ਸ਼ੈਲੀਕਾਰ ਬਣਾ ਦਿੱਤਾ। ਅਜਿਹਾ ਸ਼ੈਲੀਕਾਰ, ਜਿਸ ਦੀ ਰਚਨਾ ਉਸ ਉੱਤੇ ਲਿਖਿਆ ਉਹਦਾ ਨਾਂ ਪੜ੍ਹੇ ਬਿਨਾਂ ਵੀ ਪਛਾਣੀ ਜਾ ਸਕਦੀ ਸੀ।

ਉਹਨੇ ਪੰਜਾਬੀ ਭਾਸ਼ਾ ਦੀਆਂ ਅਣਗੌਲੀਆਂ ਸੰਭਾਵਨਾਵਾਂ ਤੇ ਸਮਰਥਾਵਾਂ ਉਜਾਗਰ ਕਰਨ ਵਿਚ ਵੀ ਵੱਡਾ ਹਿੱਸਾ ਪਾਇਆ ਅਤੇ ਇਹਨੂੰ ਨਵੀਆਂ ਸੰਭਾਵਨਾਵਾਂ ਤੇ ਸਮਰਥਾਵਾਂ ਦੇਣ ਵਿਚ ਵੀ। ਉਹਨੇ ਇਹਦੇ ਕਥਿਤ ਖੁਰਦਰੇਪਨ ਨੂੰ ਮੁਲਾਇਮੀ ਬਖ਼ਸ਼ੀ। ਉਹਨੇ ਨੁਕਰਾਂ-ਇੱਸੀਆਂ ਘਸਾ-ਘਸਾ ਕੇ ਇਹਨੂੰ ਇੰਜ ਕੂਲੀ ਬਣਾਇਆ ਜਿਵੇਂ ਵਗਦਾ ਦਰਿਆ ਸਦੀਆਂ ਦੌਰਾਨ ਅਣਘੜ ਪੱਥਰਾਂ ਨੂੰ ਗੋਲ-ਕੂਲੇ ਬਣਾ ਦਿੰਦਾ ਹੈ। ਉਹਨੇ ਪੰਜਾਬੀ ਦੇ ਭਾਸ਼ਾਈ ਸੁਹੱਪਣ ਵਿਚ ਵਾਧੇ ਦੇ ਨਾਲ-ਨਾਲ ਇਹਦੇ ਸੁਚੱਜ, ਇਹਦੇ ਸਲੀਕੇ ਵਿਚ ਨਿਖਾਰ ਲਿਆਂਦਾ। ਉਹਨੇ ਆਪਣੇ ਸਮੇਂ ਦੀਆਂ ਅਤੇ ਕਲਪੇ ਜਾ ਸਕਣ ਵਾਲੇ ਭਵਿੱਖ ਦੀਆਂ ਲੋੜਾਂ ਅਨੁਸਾਰ ਪੰਜਾਬੀ ਭਾਸ਼ਾ ਦਾ ਸਾਹਿਤਕ ਸਭਿਆਚਾਰ ਸਿਰਜਣ ਦਾ ਜਤਨ ਕੀਤਾ।

ਗੁਰਬਖ਼ਸ਼ ਸਿੰਘ ਆਪਣਾ ਵਿਸ਼ੇਸ਼ ਪਾਠਕ-ਵਰਗ ਪੈਦਾ ਕਰਨ ਬਾਰੇ ਬਹੁਤ ਸੁਚੇਤ ਸੀ। ਉਹ ਜਾਣਦਾ ਸੀ ਕਿ ਜੇ ਉਹਦੇ ਵਿਚਾਰ ਲੋਕਾਂ ਤੱਕ ਪੁੱਜਣਗੇ ਹੀ ਨਹੀਂ ਤਾਂ ਉਹਨਾਂ ਨੂੰ ਪ੍ਰਭਾਵਿਤ ਕਿਵੇਂ ਕਰ ਸਕਣਗੇ! ਇਸੇ ਕਰਕੇ ਉਹਨੇ ਵਿਦਿਅਕ ਅੰਗੜਾਈ ਲੈ ਰਹੇ ਮੱਧ-ਵਰਗ ਅਤੇ ਨਿਮਨ ਮੱਧ-ਵਰਗ ਵੱਲ ਨਜ਼ਰ ਕੀਤੀ ਅਤੇ ਉਹਨੂੰ ਆਪਣਾ ਵਸੀਲਾ ਬਣਾਇਆ। ਉਹਨੂੰ ਪਤਾ ਸੀ ਕਿ ਸਮਾਜ ਦਾ ਇਹ ਤਬਕਾ ਨਵੇਂ ਪ੍ਰਭਾਵ ਸਭ ਤੋਂ ਵੱਧ ਕਬੂਲਦਾ ਹੀ ਨਹੀਂ ਸਗੋਂ ਸਮਾਜ ਦਾ ਮੱਤ-ਨਿਰਮਾਤਾ ਹੋਣ ਕਰਕੇ ਉਹਨਾਂ ਦੇ ਪਸਾਰ ਦਾ ਕਾਰਗਰ ਸਾਧਨ ਵੀ ਬਣਦਾ ਹੈ। ਤੇ ਉਹਦੀ ਇਹ



ਖੱਬਿਉਂ ਸੱਜੇ : ਗੁਰਬਖ਼ਸ਼ ਸਿੰਘ ਦੇ ਪਿਤਾ ਜੀ, ਗੁਰਬਖ਼ਸ਼ ਸਿੰਘ (ਛੇਵੇਂ ਵਰ੍ਹੇ ਵਿਚ)
ਬਾਪੂ ਚੰਦਾ ਸਿੰਘ ਜੀ, ਪਿਛੇ ਗੁਰਬਖ਼ਸ਼ ਸਿੰਘ ਦੇ ਮਾਮਾ ਜੀ ਦੇ ਪੁੱਤਰ



ਗੁਰਬਖ਼ਸ਼ ਸਿੰਘ 1922 ਵਿਚ



1912 ਵਿਚ ਗੁਰਬਖ਼ਸ਼ ਸਿੰਘ ਜਦ
ਮੈਟ੍ਰਿਕ ਪਾਸ ਕਰ ਚੁਕੇ ਸਨ ਅਤੇ
ਵਿਆਹ ਦੀ ਤਿਆਰੀ ਸੀ



1927 ਵਿਚ ਜਦ ਕੋਇਟਾ ਵਿਚ ਐਸਿਸਟੈਂਟ ਇੰਜੀਨੀਅਰ ਲਗੇ



1928 ਵਿਚ ਸ: ਗੁਰਬਖ਼ਸ਼ ਸਿੰਘ ਆਪਣੀ ਪਤਨੀ
ਨਵਤੇਜ ਅਤੇ ਉਮਾ ਨਾਲ


ਸ: ਗੁਰਬਖ਼ਸ਼ ਸਿੰਘ : 41ਵੇਂ ਵਰ੍ਹੇ ਵਿਚ





ਉਮਰ ਦੇ ਬਵੰਜਵੇਂ ਸਾਲ ਵਿਚ : ਆਪਣੇ ਪਰਵਾਰ ਨਾਲ

ਉਮਰ ਦੇ ਸੱਤਰੁਵੇਂ ਵਰ੍ਹੇ ਵਿਚ





ਸ: ਗੁਰਬਖ਼ਸ਼ ਸਿੰਘ ਤੇ ਨਵਤੇਜ ਸਿੰਘ

ਡਾ. ਐਮ.ਐਸ. ਰੰਧਾਵਾ, ਸ: ਗੁਰਬਖ਼ਸ਼ ਸਿੰਘ, ਓਹਨਾਂ ਦੀ ਪਤਨੀ ਤੇ ਨੂੰਹ





ਸ: ਗੁਰਬਖ਼ਸ਼ ਸਿੰਘ : ਬਲਰਾਜ ਸਾਹਨੀ, ਡਾ: ਭਾਈ ਜੋਧ ਸਿੰਘ, ਡਾ: ਐਮ.ਐਸ. ਰੰਧਾਵਾ,
ਆਪਣੀ ਪਤਨੀ, ਡਾ: ਕਿਰਪਾਲ ਸਿੰਘ ਨਾਰੰਗ ਤੇ ਡਾ: ਏ.ਐਸ. ਕਾਹਲੋਂ ਨਾਲ।

ਮਾਸਕੋ ਵਿਚ : ਖ਼ਰੁਸ਼ਚੋਵ ਨਾਲ ਗੁਰਬਖ਼ਸ਼ ਸਿੰਘ, ਪ੍ਰਭਜੋਤ ਕੌਰ, ਮੁਲਕਰਾਜ ਆਨੰਦ ਅਤੇ ਹੋਰ ਲੇਖਕ





ਸ: ਗੁਰਬਖ਼ਸ਼ ਸਿੰਘ ਦੇ 75ਵੇਂ ਜਨਮ ਦਿਨ ਸਮੇਂ ਡਾ. ਐਮ.ਐਸ. ਰੰਧਾਵਾ
ਉਹਨਾਂ ਨੂੰ ਆਰਸੀ ਦਾ ਗੁਰਬਖ਼ਸ਼ ਸਿੰਘ ਅੰਕ ਭੇਟ ਕਰ ਰਹੇ ਹਨ

ਸ: ਗੁਰਬਖ਼ਸ਼ ਸਿੰਘ, ਪੰਜਾਬੀ ਲੇਖਕਾਂ ਨਾਲ





ਸ: ਗੁਰਬਖ਼ਸ਼ ਸਿੰਘ ਆਪਣੇ ਸਮੁੱਚੇ ਪਰਵਾਰ ਨਾਲ

ਭਾਸ਼ਨ ਕਰ ਰਹੇ ਸ: ਗੁਰਬਖ਼ਸ਼ ਸਿੰਘ



ਨੀਤੀ ਬਹੁਤ ਸਫਲ ਰਹੀ। ਉਹ ਅਨੇਕਾਂ-ਅਨੇਕ ਅਜਿਹੇ ਪਾਠਕ ਪੈਦਾ ਕਰ ਸਕਿਆ ਜੋ ਉਹਦੀਆਂ ਲਿਖਤਾਂ ਦੀ ਉਡੀਕ ਕਰਦੇ ਸਨ, ਜੋ ਉਹਨਾਂ ਨੂੰ ਲੋੜੀਂਦੇ ਵਿਸ਼ਵਾਸ ਨਾਲ ਪੜ੍ਹਦੇ ਸਨ, ਜੋ ਕੇਵਲ ਉਹਨੂੰ ਹੀ ਪੜ੍ਹਦੇ ਸਨ।

ਪੈਂਖੜਵਾਦੀ, ਕੱਟੜ-ਪੰਥੀ ਸੰਸਥਾਵਾਂ, ਭਾਵੇਂ ਉਹ ਸਰਕਾਰੀ ਸਨ ਜਾਂ ਧਾਰਮਿਕ, ਗੁਰਬਖ਼ਸ਼ ਸਿੰਘ ਦੀ ਕਲਮੀ ਸ਼ਕਤੀ ਬਾਰੇ ਚੌਕੰਨੀਆਂ ਸਨ। ਇਸੇ ਕਰਕੇ ਉਹ ਉਹਦੇ ਵਿਰੁੱਧ ਖਲੋਤੀਆਂ। ਪਰ ਲੋਕ ਉਹਨਾਂ ਦੇ ਵਿਰੋਧ ਨੂੰ ਉਲੰਘਦਿਆਂ 'ਪ੍ਰੀਤਲੜੀ' ਪੜ੍ਹਦੇ ਰਹੇ—ਸ਼ਰ੍ਹੇ-ਆਮ ਵੀ ਅਤੇ ਛੁਪ-ਛੁਪ ਕੇ ਵੀ। ਤੇ ਉਹਦੀ ਲਿਖਤ ਦੇ ਪ੍ਰਭਾਵ ਨੇ ਪਾਠਕਾਂ ਦੀ ਸੋਚ ਵਿਚ ਤਿਖਾ ਮੋੜ ਲਿਆਂਦਾ ਅਤੇ ਇਹਨਾਂ ਪਾਠਕ - ਵਿਅਕਤੀਆਂ ਦੀ ਸਮੂਹਿਕ ਸੋਚ ਸਮਾਜ ਦੀ ਸੋਚ ਨੂੰ ਪ੍ਰਭਾਵਿਤ ਕਰਨ ਵਿਚ ਹਿੱਸੇਦਾਰ ਬਣੀ। ਉਹਨੇ ਆਪਣੇ ਪਾਠਕਾਂ ਨੂੰ ਮਨੁੱਖੀ ਜੀਵਨ ਦੇ ਅਣਗੌਲੇ ਪੱਖਾਂ ਨੂੰ ਗੌਲਣ ਬਾਰੇ, ਛੋਟੀਆਂ-ਛੋਟੀਆਂ ਆਦਤਾਂ ਵਿਚ ਤਬਦੀਲੀ ਦੀ ਲੋੜ ਬਾਰੇ, ਤੁੱਛ-ਨਿਗੂਣੀਆਂ ਜਾਪਦੀਆਂ ਗੱਲਾਂ ਦੇ ਮਹੱਤਵ ਬਾਰੇ ਸੋਚਣ ਲਾ ਦਿੱਤਾ। ਉਹਨੇ ਆਮ ਪਾਠਕ ਦੇ ਬੋਲਣ-ਚੱਲਣ, ਰਹਿਣ-ਸਹਿਣ, ਪਹਿਨਣ-ਖਾਣ ਤੱਕ ਨੂੰ ਪ੍ਰਭਾਵਿਤ ਕੀਤਾ।

ਕਿਸੇ ਸਮਰੱਥ ਲੇਖਕ ਲਈ ਨਵੇਂ ਪਾਠਕ ਪੈਦਾ ਕਰ ਲੈਣਾ ਕੋਈ ਬਹੁਤ ਔਖਾ ਕਾਰਜ ਨਹੀਂ ਹੁੰਦਾ। ਪੰਜਾਬੀ ਵਿਚ ਵੀ ਨਾਨਕ ਸਿੰਘ ਵਰਗੇ ਕੁਝ ਹੋਰ ਲੇਖਕਾਂ ਨੇ ਸਫਲਤਾ ਨਾਲ ਅਜਿਹਾ ਕੀਤਾ ਹੈ। ਪਰ ਗੁਰਬਖ਼ਸ਼ ਸਿੰਘ ਨੇ ਜਿੰਨੀ ਵੱਡੀ ਗਿਣਤੀ ਵਿਚ ਨਵੇਂ ਲੇਖਕ ਪੈਦਾ ਕੀਤੇ, ਉਹਦੀ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਤਾਂ ਕੋਈ ਮਿਸਾਲ ਹੈ ਹੀ ਨਹੀਂ, ਹੋਰ ਭਾਸ਼ਾਵਾਂ ਵਿਚ ਵੀ ਅਜਿਹਾ ਕ੍ਰਿਸ਼ਮਾ ਕਦੀ-ਕਦਾਈਂ ਹੀ ਵਾਪਰਦਾ ਹੋਵੇਗਾ। 'ਪ੍ਰੀਤਲੜੀ' ਵਿਚ ਉਹ ਲੇਖਕ ਦੇ ਨਾਂ ਦੀ ਥਾਂ ਰਚਨਾ ਦੇ ਪੱਧਰ ਨੂੰ ਅਗੇਤ ਦਿੰਦਾ ਸੀ ਅਤੇ ਇਉਂ ਭਵਿੱਖੀ ਸੰਭਾਵਨਾ ਨੂੰ ਪਹਿਲਾਂ ਹੀ ਪਛਾਣ ਲੈਣ ਦੀ ਜੋਗਤਾ ਦਰਸਾਉਂਦਾ ਸੀ। ਇਸੇ ਕਰਕੇ 'ਪ੍ਰਤੀਲੜੀ' ਵਿਚ ਛਪ ਜਾਣਾ ਲੇਖਕ ਲਈ ਸਾਹਿਤਕ ਖੇਤਰ ਵਿਚ 'ਪਹੁੰਚ ਚੁਕਿਆ ਹੋਣ' ਦੀ ਸਨਦ ਹੁੰਦਾ ਸੀ। ਮੈਨੂੰ ਚੇਤੇ ਹੈ ਕਿ ਜਦੋਂ ਮੇਰੀ ਪਹਿਲੀ ਹੀ ਕਵਿਤਾ ਸਿੱਧੀ 'ਪ੍ਰੀਤਲੜੀ' ਵਿਚ ਛਪ ਗਈ, ਮੇਰੇ ਸ਼ਹਿਰ ਦੇ ਸਾਹਿਤ-ਸਭੀਏ ਕਿਵੇਂ ਮੈਨੂੰ 'ਵੱਡਾ ਹੋਇਆ' ਸਮਝਦੇ ਸਨ। 'ਪ੍ਰੀਤਲੜੀ' ਨੇ ਨਵੇਂ ਲੇਖਕ ਪੈਦਾ ਵੀ ਕੀਤੇ ਅਤੇ ਉਹਨਾਂ ਨੂੰ ਅਗੇਵਧੂ, ਮਾਨਵ-ਹਿਤੈਸ਼ੀ ਸਾਹਿਤ ਰਚਣ ਦੇ ਮਾਰਗ ਉਤੇ ਵੀ ਤੋਰਿਆ।

ਗੁਰਬਖ਼ਸ਼ ਸਿੰਘ ਨੇ 'ਪ੍ਰੀਤਲੜੀ' ਨੂੰ ਇਕ ਰਸਾਲੇ ਦੀ ਥਾਂ ਇਕ ਸੰਸਥਾ ਬਣਾ ਦਿੱਤਾ ਅਤੇ ਇਸ ਦੇ ਸਹਾਰੇ ਆਪ ਵੀ ਇਕ ਵਿਅਕਤੀ ਤੋਂ ਇਕ ਸੰਸਥਾ ਬਣ ਗਿਆ। ਉਮਰ ਵਿਚ ਮੇਰੇ ਨਾਲੋਂ ਤਿੰਨ ਸਾਲ ਵੱਡੀ ਅਤੇ ਸ਼ੁਰੂ ਤੋਂ ਹੀ ਸਾਡੇ ਘਰ ਆਉਂਦੀ 'ਪ੍ਰੀਤਲੜੀ' ਦੇ ਮਨੁੱਖੀ ਮਨ ਉੱਤੇ ਅਮਿੱਟ ਪ੍ਰਭਾਵ ਦਾ ਇਕ ਗਵਾਹ ਤਾਂ ਮੈਂ ਹੀ ਹਾਂ। 'ਪ੍ਰੀਤਲੜੀ' ਵਿਚ ਪਾਠਕ ਦੀ ਆਦਤ ਬਣ ਜਾਣ ਦੀ ਸ਼ਕਤੀ ਅਤੇ ਸਮਰੱਥਾ ਸੀ। ਉਹ ਆਪਣੀ ਵਿਸ਼ੇਸ਼ ਆਭਾ, ਆਪਣੇ ਵਿਸ਼ੇਸ਼ ਜਲੌਅ ਨਾਲ ਇਕ ਮਾਸਕ-ਪੱਤਰ ਨਹੀਂ, ਇਕ ਵਰਤਾਰਾ ਸੀ। ਸਾਧਾਰਨ ਕਾਗ਼ਜ਼ ਉਤੇ, ਸਾਧਾਰਨ ਛਾਪੇ ਵਿੱਚ ਨਿੱਕਲਦੇ ਇਸ ਰਸਾਲੇ ਨੇ ਸੂਝਵਾਨ ਪੰਜਾਬੀ ਤਬਕੇ ਦੇ ਮਨਾਂ ਉਤੇ ਮੋਹਕ ਹੀ ਨਹੀਂ, ਸੰਮੋਹਕ ਪ੍ਰਭਾਵ ਵੀ ਪਾਇਆ। ਚੰਗੇਰੀ ਜੀਵਨ-ਜਾਚ ਦਾ ਸੰਦੇਸ਼ਵਾਹਕ ਬਣ ਕੇ ਉਹਨੇ ਸੁਚੱਜੀ ਅਤੇ ਭਰਪੂਰ ਜ਼ਿੰਦਗੀ ਦਾ ਰਾਹ ਦਿਖਾਉਣ ਵਾਲਾ ਸਾਹਿਤ ਵਿਉਂਤਬੰਦ ਅਤੇ ਵਿਧੀਬੱਧ ਢੰਗ ਨਾਲ ਪੇਸ਼ ਕੀਤਾ।

ਸਾਹਿਤਕ ਇਕੱਠਾਂ ਵਿਚ ਗੁਰਬਖ਼ਸ਼ ਸਿੰਘ ਨੂੰ ਦੇਖਣ ਦਾ ਅਵਸਰ ਤਾਂ ਕਈ ਵਾਰ ਪ੍ਰਾਪਤ ਹੋਇਆ ਸੀ, ਪਰ ਉਹ ਸੁਭਾਗ ਅੱਜ ਵੀ ਚੇਤੇ ਹੈ ਜਦੋਂ ਇਕ ਇੰਟਰਵਿਊ ਕਰਨ ਲਈ ਮੈਂ ਉਹਨੂੰ ਵੱਖਰਾ ਮਿਲਿਆ ਸੀ। ਇਹ ਮਿਲਣੀ ਇਕ ਅਨੋਖਾ ਅਨੁਭਵ ਸੀ।

ਗੁਰਬਖ਼ਸ਼ ਸਿੰਘ ਦੇ ਸੰਸਥਾਈ ਰੂਪ ਅਤੇ ਸੰਸਥਾਈ ਪ੍ਰਭਾਵ ਵੱਲ ਦੇਖਦਿਆਂ ਇਹ ਕਹਿਣਾ ਕੋਈ ਅਤਿਕਥਨੀ ਨਹੀਂ ਕਿ ਉਹਦੇ ਤੁਰ ਜਾਣ ਸਮੇਂ ਪੰਜਾਬੀ ਭਾਸ਼ਾ ਅਤੇ ਸਾਹਿਤ ਨਿਸਚੇ ਹੀ ਉਹ ਨਹੀਂ ਸਨ ਰਹਿ ਗਏ ਜੋ ਸਾਹਿਤਕ ਪਿੜ ਵਿਚ ਉਹਦੇ ਆਉਣ ਸਮੇਂ ਸਨ ਅਤੇ ਇਸ ਰੂਪ-ਬਦਲੀ ਵਿਚ ਉਹਦੀ ਦੇਣ ਨਿਰਵਿਵਾਦ ਹੈ! ■

ਮਨੁੱਖੀ ਅਹਿਸਾਸ

ਹਰ ਉਹ ਤਜਰਬਾ, ਜਿਹੜਾ ਸਾਡੀ ਛਾਤੀ ਨੂੰ ਚੌੜਿਆਂ ਕਰਦਾ ਹੈ, ਸਾਨੂੰ ਘੜੀ ਪਲ ਲਈ ਰੋਜ਼ਾਨਾ ਜ਼ਿੰਦਗੀ ਦੀ ਸਾਧਾਰਨ ਪੱਧਰ ਤੋਂ ਉੱਚਾ ਚੁੱਕਦਾ ਹੈ, ਉਹ ਸਾਡੇ ਅਹਿਸਾਸਾਂ ਨੂੰ ਕਿਸੇ ਨਵੀਂ ਰੀਝ, ਕਿਸੇ ਨਵੀਂ ਭੁੱਖ, ਕਿਸੇ ਨਵੀਂ ਹਮਦਰਦੀ ਨਾਲ ਛੁਹ ਘਸਾ ਕੇ ਕੋਮਲ ਬਣਾਂਦਾ ਹੈ। ਹਰ ਨਵੇਂ ਰੰਜ ਤੇ ਹਰ ਨਵੇਂ ਸੁਆਦ ਵਿਚੋਂ ਨਵੀਂ ਦਲੇਰੀ ਤੇ ਨਵੀਂ ਖ਼ੂਬਸੂਰਤੀ ਪੈਦਾ ਹੁੰਦੀਆਂ ਹਨ। ਹਰ ਨਵੀਂ ਧੜਕਨ ਸਾਡੇ ਚਰਿਤ੍ਰ ਵਿਚ ਕੋਈ ਨਵੀਂ ਲਕੀਰ ਖਿੱਚਦੀ ਹੈ। ਚਰਿਤ੍ਰ ਇੱਕ ਬੇ-ਚਿੱਤਰ ਚਿੱਟੀ ਚਾਦਰ ਨਹੀਂ, ਪੋਟਾ ਪੋਟਾ ਨਵੇਂ ਰੰਗਾਂ, ਨਵੀਆਂ ਆਸਾਂ ਤੇ ਨਵੀਆਂ ਹੋਣੀਆਂ ਨਾਲ ਕੱਢੀ ਫੁਲਕਾਰੀ ਹੈ।

(ਜ਼ਿੰਦਗੀ ਦੀ ਰਾਸ)

ਸਦੀਵੀ ਚਾਨਣ-ਮੁਨਾਰਾ ਗੁਰਬਖ਼ਸ਼ ਸਿੰਘ

ਕਰਨਜੀਤ ਸਿੰਘ

ਸ੍ਰ. ਗੁਰਬਖ਼ਸ਼ ਸਿੰਘ ਇਕ ਅਦੁੱਤੀ ਪ੍ਰਤਿਭਾ ਸਨ। ਬਹੁ-ਪਰਤੀ ਅਤੇ ਬਹੁ-ਪੱਖੀ ਸ਼ਖ਼ਸੀਅਤ ਦੇ ਸਵਾਮੀ ਸਰਦਾਰ ਗੁਰਬਖ਼ਸ਼ ਸਿੰਘ ਦੀ ਪੰਜਾਬ ਨੂੰ ਦੇਣ ਵੀ ਬਹੁ-ਪੱਖੀ ਹੈ। ਕਦੇ ਕਦੇ ਜਾਪਦਾ ਹੈ ਕਿ ਉਹਨਾਂ ਦੀ ਦੇਣ ਦੇ ਸਾਹਿਤਕ ਤੇ ਸਭਿਆਚਾਰਕ ਪਸਾਰਾਂ ਦੇ ਅਰਥਾਂ ਦਾ ਅਜੇ ਤੱਕ ਨਾ ਤਾਂ ਡੂੰਘਾ ਅਧਿਅਨ ਹੀ ਹੋਇਆ ਹੈ ਅਤੇ ਨਾ ਹੀ ਇਸ ਦਾ ਉਚਿਤ ਮੁਲੰਕਣ ਕੀਤਾ ਗਿਆ ਹੈ। ਉਹਨਾਂ ਨੇ ਆਪਣੀ ਜ਼ਿੰਦਗੀ ਵਿੱਚ ਜੋ ਕੁਝ ਵੀ ਲਿਖਿਆ, ਪਰਚਾਰਿਆਂ ਜਾ ਬਣਾਇਆ ਸੰਵਾਰਿਆ ਉਹਦੇ ਵਿੱਚ ਜ਼ਬਰਦਸਤ ਕਾਮਯਾਬੀਆਂ ਨੇ ਵੀ ਉਹਨਾਂ ਦੇ ਪੈਰ ਚੁੰਮੇ ਅਤੇ ਉਹਨਾਂ ਨੂੰ ਸ਼ਾਹੀ ਨਾਕਾਮੀਆਂ ਦਾ ਵੀ ਮੂੰਹ ਦੇਖਣਾ ਪਿਆ। ਨਿਸਚੇ ਹੀ ਮਹਾਨ ਸ਼ਖ਼ਸੀਅਤਾਂ ਦੀਆਂ ਕਾਮਯਾਬੀਆਂ ਵੀ ਜ਼ਬਰਦਸਤ ਹੁੰਦੀਆਂ ਹਨ, ਜੱਗ ਵਿੱਚ ਧੁੰਮਾਂ ਪਾਉਣ ਵਾਲੀਆਂ ਅਤੇ ਨਾਕਾਮੀਆਂ ਵੀ ਸ਼ਾਹੀ ਹੁੰਦੀਆਂ ਹਨ ਜਿਨ੍ਹਾਂ ਉਤੇ ਕੋਈ ਵੀ ਦੂਜਾ ਵਿਅਕਤੀ ਰਸ਼ਕ ਕਰ ਸਕਦਾ ਹੈ।

ਤੀਹਵਿਆਂ ਦੇ ਸ਼ੁਰੂ ਵਿੱਚ ਜਦੋਂ ਸਰਦਾਰ ਗੁਰਬਖ਼ਸ਼ ਸਿੰਘ ਅਮ੍ਰੀਕਾ ਤੋਂ ਵਿਦਿਆ ਪ੍ਰਾਪਤ ਕਰਕੇ ਦੇਸ ਪਰਤੇ ਤਾਂ ਉਹ ਆਪਣੀਆਂ ਅੱਖਾਂ ਵਿੱਚ ਇਕ ਸੁਪਨਾ ਲੈ ਕੇ ਆਏ ਸਨ, ਆਪਣੇ ਦਿਲ ਵਿੱਚ ਇਕ ਰੀਝ ਲੈ ਕੇ ਆਏ ਸਨ। ਇਹ ਰੀਝ ਸੀ ਇਕ ਨਵੇਂ ਮਨੁੱਖ ਦੇ ਨਿਰਮਾਣ ਦੀ ਜਿਹੜਾ ਵਹਿਮਾਂ ਭਰਮਾਂ ਤੋਂ ਮੁਕਤ ਹੋਵੇ, ਵੇਲਾ ਵਿਹਾ ਚੁਕੇ ਰਸਮਾਂ ਰਵਾਜਾਂ ਤੋਂ ਮੁਕਤ ਹੋਵੇ, ਸੌੜੀਆਂ ਭਾਈਚਾਰਕ ਤੇ ਧਾਰਮਿਕ ਸੋਚਾਂ ਤੋਂ ਮੁਕਤ ਹੋਵੇ, ਰੌਸ਼ਨ ਖ਼ਿਆਲ ਹੋਵੇ, ਇਕ ਸੋਧੀ ਹੋਈ ਸ਼ਖ਼ਸੀਅਤ ਹੋਵੇ, ਜਿਸ ਦੇ ਦਿਲ ਵਿਚੋਂ ਲੁਕਾਈ ਲਈ ਪਿਆਰ ਡੁਲ੍ਹ ਡੁਲ੍ਹ ਪੈਂਦਾ ਹੋਵੇ, ਆਪਣੇ ਪਰਵਾਰਕ ਤੇ ਸਮਾਜਕ ਰਿਸ਼ਤਿਆਂ ਵਿੱਚ ਖੁਲ੍ਹਦਿਲਾ ਹੋਵੇ, ਰੰਗ, ਨਸਲ, ਜਾਤ, ਧਰਮ, ਲਿੰਗ, ਵੱਲ ਧਿਆਨ ਨਾ ਦੇ ਕੇ ਇਕ ਦੂਜੇ ਨੂੰ ਸਮਾਨ ਪਿਆਰ ਤੇ ਆਦਰ ਦੇਣ ਵਾਲਾ ਹੋਵੇ। ਉਹਨਾਂ ਦੇ ਆਪਣੇ ਸ਼ਬਦਾਂ ਵਿੱਚ ''ਖੁਦਮੁਖ਼ਤਾਰ ਔਰਤ ਤੇ ਮਰਦ ਮੇਰਾ ਸੁਪਨਾ ਹੈ, ਸਹਿਜ ਪ੍ਰੀਤ ਮੇਰਾ ਆਦਰਸ਼ ਹੈ।''

ਸਿਵਲ ਇੰਜੀਨੀਅਰਿੰਗ ਦੀ ਡਿਗਰੀ ਪ੍ਰਾਪਤ ਕਰਤਾ ਗੁਰਬਖ਼ਸ਼ ਸਿੰਘ ਨੇ ਦੇਸ ਪਰਤ ਕੇ ਰੇਲਵੇ ਦੇ ਮਹਿਕਮੇ ਵਿੱਚ ਨੌਕਰੀ ਕਰ ਲਈ ਪਰ ਏਡੇ ਵੱਡੇ ਦਾਈਏ ਰੱਖਣ ਵਾਲਾ ਅਤੇ ਏਡੇ ਸੁਹਣੇ ਸੁਪਨੇ ਦੇਖਣ ਵਾਲਾ ਵਿਅਕਤੀ ਨੌਕਰੀ ਨਾਲ ਕਿਵੇਂ ਸੰਤੁਸ਼ਟ ਹੋ ਸਕਦਾ ਸੀ। ਤਿਆਗ ਪੱਤਰ ਦਿੱਤਾ ਅਤੇ ਪੱਛਮੀ ਪੰਜਾਬ ਵਿਚ ਬਾਬਾ ਫੂਲਾ ਸਿੰਘ ਦੀ ਸਮਾਧ, ਨੌਸ਼ਹਿਰਾ ਵਿਖੇ ਜ਼ਮੀਨ ਖਰੀਦ ਕੇ ਖੇਤੀ ਕਰਨੀ ਸ਼ੁਰੂ ਕਰ ਦਿੱਤੀ ਅਤੇ ਨਾਲ ਹੀ ''ਪ੍ਰੀਤ ਲੜੀ'' ਨਾਂ ਦਾ ਮਾਸਿਕ ਪੱਤਰ ਜਾਰੀ ਕਰ ਲਿਆ। ਸਰਦਾਰ ਗੁਰਬਖ਼ਸ਼ ਸਿੰਘ ਪਹਿਲੇ ਵਿਅਕਤੀ ਸਨ ਜਿਨ੍ਹਾਂ ਨੇ ਭਾਰਤ ਵਿੱਚ ਮਸ਼ੀਨੀ ਖੇਤੀ ਦੀ ਬੁਨਿਆਦ ਰੱਖੀ। ਇਹ ਗੱਲ ਵੀ ਉਹਨਾਂ ਦੀ ਰੌਸ਼ਨ-ਖ਼ਿਆਲੀ ਅਤੇ ਦੂਰ-ਅੰਦੇਸ਼ੀ ਦਾ ਸਬੂਤ ਹੈ। ਕੇਵਲ ਇਸ ਗੱਲ ਸਦਕਾ ਹੀ ਕਿਸੇ ਖੇਤੀਬਾੜੀ ਯੂਨੀਵਰਸਿਟੀ ਨੂੰ ਜੇ ਉਹਨਾਂ ਦਾ ਨਾਂ ਨਹੀਂ ਦਿੱਤਾ ਜਾ ਸਕਦਾ ਤਾਂ ਘਟੋ ਘਟ ਉਹਨਾਂ ਦੇ ਨਾਂ ਉਤੇ ਯੂਨੀਵਰਸਿਟੀ ਵਿੱਚ ਇਕ ਚੇਅਰ ਤਾਂ ਸਥਾਪਤ ਕੀਤੀ ਹੀ ਜਾ ਸਕਦੀ ਹੈ। ਇਸ ਕੰਮ ਵਿੱਚ ਵੀ ਉਹਨਾਂ ਦੀ ਅੰਤਰ-ਆਤਮਾ ਦੀ ਸੰਤੁਸ਼ਟੀ ਨਾ ਹੋਈ। ਪੰਜਾਬ ਦੀ ਖੇਤੀਬਾੜੀ ਵਿੱਚ ਕੋਈ ਵੱਡਾ ਇਨਕਲਾਬ ਲਿਆਉਣ ਦਾ ਸ਼ਾਇਦ ਅਜੇ ਵਕਤ ਨਹੀਂ ਸੀ ਆਇਆ। ਉਹਨਾਂ ਦੇ ਭਾਗੀਂ ਵੀ ਸ਼ਾਇਦ ਪੰਜਾਬ ਵਿਚ ਪੁਨਰ-ਜਾਗ੍ਰਤੀ ਦੀ ਇਕ ਲਹਿਰ ਤੋਰਨੀ ਲਿਖਿਆ ਸੀ ਜਿਸ ਨੂੰ ਉਹਨਾਂ ਨੇ ''ਸਹਿਜ ਪ੍ਰੀਤ'' ਦਾ ਨਾਂ ਦਿੱਤਾ। ਸਹਿਜ ਪ੍ਰੀਤ ਗੁਰਬਖ਼ਸ਼ ਸਿੰਘ ਦਾ ਜੀਵਨ ਦਰਸ਼ਨ ਵੀ ਸੀ ਅਤੇ ਕਰਮ ਖੇਤਰ ਵੀ। ਉਹਨਾਂ ਦੀ ਸੰਪੂਰਨ ਕਾਰਜਸ਼ੀਲਤਾ ਦਾ ਧੁਰਾ ਸਹਿਜ ਪ੍ਰੀਤ ਹੀ ਹੈ। 'ਪ੍ਰੀਤਲੜੀ' ਸਹਿਜ ਪ੍ਰੀਤ ਦੇ ਪਰਚਾਰ ਦਾ ਹੀ ਮਾਧਿਅਮ ਸੀ। ਉਹਨਾਂ ਦੀ ਕੁਲ ਸਾਹਿਤਕ ਰਚਨਾ, ਨਾਟਕ ਹੋਣ ਜਾਂ ਨਾਵਲ, ਕਹਾਣੀਆਂ ਹੋਣ ਜਾਂ ਲੇਖ, ਸਹਿਜ ਪ੍ਰੀਤ ਦੇ ਨਿੱਕੇ ਮੋਟੇ ਵੇਰਵਿਆਂ ਦਾ ਹੀ ਪ੍ਰਕਾਸ਼ ਹੈ। ਪ੍ਰੀਤ ਸੈਨਾ ਸਹਿਜ ਪ੍ਰੀਤ ਦੇ ਖਿਚੇ ਆਸ਼ਕਾਂ ਦਾ ਹੀ ਮੰਡਲ ਸੀ। ''ਪ੍ਰੀਤ ਨਗਰ'' ਸਹਿਜ ਪ੍ਰੀਤ ਦਾ ਸਾਕਾਰ ਜਲਵਾ ਤੇ ਇਕ ਸਭਿਆਚਾਰਕ ਕੇਂਦਰ ਸੀ।

ਪ੍ਰੀਤ ਨਗਰ ਦਾ ਤਜਰਬਾ ਕਾਮਯਾਬ ਨਾ ਹੋਇਆ। ਇਸ ਦਾ ਕਾਰਨ ਗੁਰਬਖ਼ਸ਼ ਸਿੰਘ ਅਨੁਸਾਰ ਉਹਨਾਂ ਦੇ ਆਪਣੇ ਅਨੁਭਵ ਦੀ ਘਾਟ ਅਤੇ ਚੰਗੇ ਸਾਥੀਆਂ ਦੀ ਅਣਹੋਂਦ ਜਾਂ ਘਾਟ ਸੀ ਪਰ ਇਸ ਵਿੱਚ ਉਹਨਾਂ ਦੇ ਆਪਣੇ ਸੁਭਾ ਦੀਆਂ ਨਿੱਕੀਆਂ ਮੋਟੀਆਂ ਖ਼ਾਮੀਆਂ ਤੋਂ ਇਲਾਵਾ ਦੇਸ਼ ਦਾ ਬਟਵਾਰਾ ਵੀ ਇਕ ਕਾਰਨ ਸਮਝਿਆ ਜਾਣਾ ਚਾਹੀਦਾ ਹੈ। ਸਿਧਾਂਤ ਰੂਪ ਵਿੱਚ ਸਵੀਕਾਰ ਕਰਦਿਆਂ ਵੀ ਕਿ ਮਨੁੱਖ ਦੀ ਕਥਨੀ ਤੇ ਕਰਨੀ ਵਿੱਚ ਸੁਮੇਲ ਹੋਣਾ ਚਾਹੀਦਾ ਹੈ, ਉਹ ਵਿਹਾਰਕ ਜੀਵਨ ਵਿੱਚ ਇਸ ਬਾਰੇ ਆਪਣੇ ਸਾਥੀਆਂ ਨੂੰ ਸੰਤੁਸ਼ਟ ਨਾ ਰੱਖ ਸਕੇ। ਨਤੀਜਾ ਇਹ ਹੋਇਆ ਕਿ ਉਹਨਾਂ ਦੇ ਸਾਥੀਆਂ ਦਾ ਉਤਸ਼ਾਹ ਮੱਠਾ ਪੈਣ ਲੱਗ ਪਿਆ ਅਤੇ ਸਰਦਾਰ ਨਾਨਕ ਸਿੰਘ ਤੇ ਸੋਭਾ ਸਿੰਘ ਕਲਾਕਾਰ ਵਰਗੇ ਵਿਅਕਤੀ ਉਹਨਾਂ ਦੇ ਆਲੋਚਕ ਵੀ ਬਣ ਗਏ। ਸਰਦਾਰ ਨਾਨਕ ਸਿੰਘ ਨੇ ਤਾਂ ਆਪਣੇ ਨਾਵਲ ''ਸੰਗਮ'' ਵਿੱਚ ''ਸਾਥੀ ਜੀ'' ਨਾਂ ਦਾ ਇਕ ਪਾਤਰ ਵੀ ਪੇਸ਼ ਕੀਤਾ ਹੈ ਜਿਹੜਾ ਬਹੁਤ ਹੱਦ ਤੱਕ ਸਰਦਾਰ ਗੁਰਬਖ਼ਸ਼ ਸਿੰਘ ਦਾ ਹੀ ਪ੍ਰਤਿਰੂਪ ਹੈ। ਇਸ ਵਿੱਚ ਨਾਨਕ ਸਿੰਘ ਨੇ ਸਰਦਾਰ ਗੁਰਬਖ਼ਸ਼ ਸਿੰਘ ਦੇ ਜੀਵਨ ਵਿਚਲੇ ਲੇਖਣੀ ਤੇ ਕਰਨੀ ਦੇ ਪਾੜੇ ਨੂੰ ਕਾਟਵੇਂ ਵਿਅੰਗ ਦਾ ਵਿਸ਼ਾ ਬਣਾਇਆ ਹੈ। ਪਰ ਨਾਲ ਹੀ ਸਰਦਾਰ ਗੁਰਬਖ਼ਸ਼ ਸਿੰਘ ਦੀ ਚਮਤਕਾਰੀ ਕਲਮ ਦੇ ਪ੍ਰਭਾਵ ਹੇਠ ਆ ਕੇ ਇਕ ਆਦਰਸ਼ਕ ਨੌਜਵਾਨ ਦਾ ਜੋ ਪੀੜਤ ਲੋਕਾਂ ਲਈ ਸੰਘਰਸ਼ੀਲ ਹੋ ਗਿਆ ਵੀ ਚਿਤਰ ਪੇਸ਼ ਕੀਤਾ ਗਿਆ ਹੈ। ਚਮਤਕਾਰੀ ਲੇਖਣੀ ਦੇ ਸਿਰ ਚੜ੍ਹ ਬੋਲਣ ਵਾਲੇ ਜਾਦੂ ਦਾ ਇਹ ਇਕ ਬੜਾ ਵੱਡਾ ਤੇ ਸਾਰਥਕ ਸੱਚ ਹੈ। ਜੇ ਇਸ ਗੱਲ ਦਾ ਅੱਜ ਵੀ ਸਰਵੇਖਣ ਕੀਤਾ ਜਾ ਸਕੇ ਤਾਂ ਸੈਂਕੜੇ ਨਹੀਂ ਹਜ਼ਾਰਾਂ ਦੀ ਗਿਣਤੀ ਵਿੱਚ ਐਸੇ ਲੇਖਕ ਤੇ ਪਾਠਕ ਮਿਲ ਜਾਣਗੇ ਜਿਨ੍ਹਾਂ ਦਾ ਗੁਰਬਖ਼ਸ਼ ਸਿੰਘ ਦੀਆਂ ਲਿਖਤਾਂ ਪੜ੍ਹ ਕੇ ਕਾਇਆ ਕਲਪ ਹੋ ਗਿਆ ਅਤੇ ਉਹਨਾਂ ਨੂੰ ਇਕ ਸਮਾਜ

ਪ੍ਰਾਣੀ ਵਜੋਂ ਆਪਣੀ ਅਸਲੀ 'ਮੰਜ਼ਲ ਦਿਸ ਪਈ' ਹੋਵੇ। ਪੰਜਾਬੀ ਸਮਾਜ ਨੂੰ ਗੁਰਬਖ਼ਸ਼ ਸਿੰਘ ਦੀ ਇਹ ਕੋਈ ਨਿਗੂਣੀ ਦੇਣ ਨਹੀਂ। ''ਪ੍ਰੀਤ ਨਗਰ'' ਦੇ ਨਾਕਾਮ ਤਜਰਬੇ ਨੂੰ ਇਕ ਸ਼ਾਹੀ ਨਾਕਾਮੀ ਹੀ ਆਖਿਆ ਜ਼ਾ ਸਕਦਾ ਹੈ ਕਿਉਂਕਿ ਇਸ ਤਜਰਬੇ ਨੇ ਜ਼ਿੰਦਗੀ ਦੀ ਜੋ ਝਲਕ ਦਿਖਾਈ ਉਹ ਦੇਖਣ ਵਾਲਿਆਂ ਦਾ ਇਕ ਸਦੀਵੀ ਸੁਪਨਾ ਬਣ ਗਈ। ਕਿਸੇ ਸਮਾਜ ਜਾਂ ਭਾਈਚਾਰੇ ਦੀਆਂ ਅੱਖਾਂ ਵਿਚੋਂ ਭਵਿੱਖ ਦਾ ਕੋਈ ਸੁੰਦਰ ਸੁਪਨਾ ਲਟਕਾ ਦੇਣਾ ਆਪਣੇ ਆਪ ਵਿੱਚ ਬੜੀ ਵੱਡੀ ਪ੍ਰਾਪਤੀ ਹੋ ਸਕਦੀ ਹੈ। ਸ੍ਰ. ਗੁਰਬਖ਼ਸ਼ ਸਿੰਘ ਨੂੰ ਇਸ ਪ੍ਰਾਪਤੀ ਦਾ ਵੱਡਾ ਮਾਣ ਹੋ ਸਕਦਾ ਸੀ।

ਇਸ ਥੋੜ-ਚਿਰੇ ਵਿਹਾਰਕ ਤਜਰਬੇ ਦੀ ਨਾਕਾਮੀ ਦੇ ਮੁਕਾਬਲੇ ਉਹਨਾਂ ਦਾ ਰਚਿਆ ਸਾਹਿਤ ਆਉਂਦੀਆਂ ਪੀੜ੍ਹੀਆਂ ਦੀਆਂ ਅੱਖਾਂ ਵਿੱਚ ਉਸ ''ਚੰਗੇਰੀ ਦੁਨੀਆਂ'' ਦੇ ਸੁਪਨੇ ਹੀ ਨਹੀਂ ਸਗੋਂ ਹੋਰ ਅਨੇਕਾਂ ਸੁਪਨੇ ਵੀ ਜਗਾਉਂਦਾ ਰਹੇਗਾ ਤੇ ''ਸਵੈਪੂਰਨਤਾ ਦੀ ਤਾਂਘ'' ਪੈਦਾ ਕਰਕੇ ''ਪ੍ਰੀਤਾਂ ਦੇ ਪਹਿਰੇਦਾਰ'' ਵੀ ਬਣਾਉਂਦਾ ਰਹੇਗਾ। ਪ੍ਰੀਤਲੜੀ ਦਾ ਜਨਮ ਹੋਇਆ ਤਾਂ ਸਰਦਾਰ ਗੁਰਬਖ਼ਸ਼ ਸਿੰਘ ਨੇ ਜਿਹੜੇ ਪਹਿਲੇ ਲੇਖ ਲਿਖੇ ਉਹਨਾਂ ਵਿਚੋਂ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਬੜੀ ਸਰਲ, ਤਰਕਸ਼ੀਲ ਸ਼ੈਲੀ ਵਿੱਚ ਵਿਗਿਆਨਕ ਦ੍ਰਿਸ਼ਟੀ ਤੋਂ ਨਵੀਂ ਵਿਆਖਿਆ ਦਿੱਤੀ ਗਈ ਸੀ। ਇਹੋ ਕਾਰਨ ਸੀ ਕਿ ਪੰਜਾਬ ਦਾ ਸਾਰਾ ਸਿਖ ਬੁਧੀਮਾਨ ਤਬਕਾ ਗੁਰਬਖ਼ਸ਼ ਸਿੰਘ ਦੀ ਕਲਮ ਦੀ ਮਿਕਨਾਤੀਸ਼ੀ ਕਸ਼ਿਸ਼ ਸਦਕਾ ਉਹਨਾਂ ਵੱਲ ਖਿੱਚਿਆ ਗਿਆ। ਕੁਝ ਚਿਰ ਮਗਰੋਂ ਗੁਰਬਖ਼ਸ਼ ਸਿੰਘ ਨੌਸ਼ਹਿਰਾ ਤੋਂ ਲਾਹੌਰ ਆ ਗਏ ਤੇ ਫੇਰ ਉਥੋਂ ਪ੍ਰੀਤ ਨਗਰ। ਉਹਨਾਂ ਦੀਆਂ ਲਿਖਤਾਂ ਕਿਤਾਬੀ ਰੂਪ ਧਾਰਨ ਲੱਗੀਆਂ। ਉਹਨਾਂ ਨੇ ਪਹਿਲਾ ਨਾਵਲ ''ਅਣ-ਵਿਆਹੀ ਮਾਂ'' ਲਿਖਿਆ ਤੇ ਦੂਜਾ ਨਾਵਲ ਬਹੁਤ ਮਗਰੋਂ ਜਾ ਕੇ ''ਰੁੱਖਾਂ ਦੀ ਜੀਰਾਂਦ''। ''ਪ੍ਰੀਤ ਮੁਕਟ'' ਅਤੇ ''ਰਾਜਕੁਮਾਰੀ ਲਤਿਕਾ'' ਨਾਟਕ ਲਿਖੇ ਜਿਹੜੇ ਪ੍ਰੀਤ ਮਿਲਣੀਆਂ ਵਿੱਚ ਖੇਡੇ ਗਏ। ਇਸ ਦੇ ਨਾਲ ਹੀ ਉਹਨਾਂ ਕਹਾਣੀਆਂ ਲਿਖਣੀਆਂ ਆਰੰਭ ਕੀਤੀਆਂ। 1940 ਵਿੱਚ ਛਪੀ ਪੁਸਤਕ ''ਨਾਗ ਪ੍ਰੀਤ ਦਾ ਜਾਦੂ'' ਤੋਂ ਲੈ ਕੇ 1970 ਵਿਚ ਛਪੇ ''ਰੰਗ ਸਹਿਕਦਾ ਦਿਲ'' ਤੱਕ ਤੀਹ ਸਾਲਾਂ ਵਿੱਚ ਉਹਨਾਂ ਦੇ ਦਸ ਕਹਾਣੀ ਸੰਗ੍ਰਹਿ ਪ੍ਰਕਾਸ਼ਤ ਹੋਏ। ਇਹ ਕਹਾਣੀਆਂ ਬਹੁਤ ਕਰਕੇ ਰੁਮਾਂਟਿਕ ਅਤੇ ਭਾਵਕ ਬਿਰਤਾਂਤ ਹਨ। ''ਵੀਣਾ ਵਿਨੋਦ'' ਦੀ ਭੂਮਿਕਾ ਵਿੱਚ ਗੁਰਬਖ਼ਸ਼ ਸਿੰਘ ਨੇ ਆਪਣੀਆਂ ਕਹਾਣੀਆਂ ਬਾਰੇ ਵਿਚਾਰ ਪ੍ਰਗਟ ਕਰਦਿਆਂ ਲਿਖਿਆ ਹੈ, 'ਮੇਰਾ ਮਨੋਰਥ ਏਨਾਂ ਮੌਲਿਕ ਤੇ ਕਲਾਤਮਕ ਕਹਾਣੀਕਾਰ ਬਣਨਾ ਨਹੀਂ ਜਿੰਨਾ ਆਪਣੇ ਸਮਕਾਲੀਆਂ ਨੂੰ ਗਲਤ ਸਮਾਜਕ ਕਦਰਾਂ ਕੀਮਤਾਂ ਤੋਂ ਸੁਚੇਤ ਕਰਨਾ ਹੈ।'' ਇਸੇ ਤਰ੍ਹਾਂ ''ਪਰਮ ਮਨੁੱਖ'', ''ਨਵਾਂ ਸ਼ਿਵਾਲਾ'', ''ਸਾਵੀਂ ਪੱਧਰੀ ਜ਼ਿੰਦਗੀ'', ''ਸੁਖਾਵੀਂ ਸੁਧਰੀ ਜ਼ਿੰਦਗੀ'' ਤੇ ਦਰਜਨ ਦੇ ਕਰੀਬ ਹੋਰ ਗੱਦ ਸੰਗ੍ਰਹਿਆਂ ਵਿਚ ਸ੍ਰ. ਗੁਰਬਖ਼ਸ਼ ਸਿੰਘ ਨੇ ਭਿੰਨ ਭਿੰਨ ਸਮਾਜਕ, ਰਾਜਨੀਤਕ, ਸਭਿਆਚਾਰਕ, ਪਰਵਾਰਕ, ਧਾਰਮਿਕ, ਆਰਥਕ, ਵਿਗਿਆਨਕ ਅਤੇ ਆਤਮਕ ਤੇ ਭਾਵਨਾਤਮਕ ਵਿਸ਼ਿਆਂ ਉਤੇ ਨਿਬੰਧ ਲਿਖਕੇ ਆਪਣੇ ਪਾਠਕਾਂ ਨੂੰ ਜ਼ਿੰਦਗੀ ਦੀ ਨਰੋਈ ਸੇਧ ਦਿੱਤੀ ਹੈ। ਪਰ ਜਿਵੇਂ ਪਹਿਲਾਂ ਕਿਹਾ ਗਿਆ ਹੈ ਉਹਨਾਂ ਦੇ ਸਭ ਵਿਚਾਰਾਂ ਦਾ ਧੁਰਾ ਪਿਆਰ, ਜਾਂ ਸਹਿਜ ਪ੍ਰੀਤ ਜਾਂ ਮਾਨਵਵਾਦ ਹੈ। ਪਹਿਲੇ ਦੌਰ ਵਿਚ ਇਸ ਮਾਨਵਵਾਦ ਦੀ ਟੇਕ ਅਮ੍ਰੀਕੀ ਉਦਾਰਵਾਦ ਸੀ ਅਤੇ 1945 ਤੋਂ ਮਗਰੋਂ ਦੇ ਸਮੇਂ ਇਸ ਮਾਨਵਵਾਦ ਦੀ ਟੇਕ ਸਮਾਜਵਾਦ ਹੋ ਗਿਆ। ਸ਼ੁਰੂ ਵਿੱਚ ਉਹ ਵਿਅਕਤੀਗਤ ਚਰਿੱਤਰ ਦੀ ਉਸਾਰੀ ਨੂੰ ਪਹਿਲ ਦੇਂਦੇ ਸਨ ਅਤੇ ਬਾਦ ਵਿੱਚ ਮਨੁੱਖੀ ਵਾਤਾਵਰਣ ਨੂੰ ਅਹਿਮੀਅਤ ਦੇਣ ਲੱਗ ਪਏ। ''ਕੇਹਰੂ ਦਸ ਨੰਬਰੀਆ'' ਕਹਾਣੀ ਇਸ ਗੱਲ ਦਾ ਇਕ ਪ੍ਰਮਾਣ ਹੈ ਜਿਸ ਵਿਚ ਕੇਹਰੂ ਆਪਣੇ ਆਪ ਨੂੰ ਮੁਜਰਮ ਸਮਝਦਾ ਤੇ ਮਹਿਸੂਸ ਕਰਦਾ ਹੈ ਪਰ ਲੇਖਕ ਉਸ ਨੂੰ ਧਰਵਾਸ ਦੇਂਦਿਆਂ ਕਹਿੰਦਾ ਹੈ ਕਿ ਉਹ ਆਪਣੇ ਹਾਲਾਤ ਦਾ ਸ਼ਿਕਾਰ ਹੈ।

ਧਰਮ ਤੇ ਪਿਆਰ ਨੂੰ ਉਹ ਇਕੋ ਮਨੁੱਖੀ ਜਜ਼ਬਾ ਮੰਨਦੇ ਹਨ। ਅਤੇ ਉਹਨਾਂ ਦੇ ਪਿਆਰ ਫ਼ਲਸਫ਼ੇ ਜਾਂ ਸਹਿਜ ਪ੍ਰੀਤ ਨੂੰ ਅਫਲਾਤੂਨੀ ਜਾਂ ਆਦਰਸ਼ਕ ਪਿਆਰ ਕਿਹਾ ਗਿਆ ਹੈ। ਇਸ ਬਾਰੇ ਉਹਨਾਂ ਦਾ ਆਪਣਾ ਲਿਖਿਆ ਇਹ ਸਿਧਾਂਤ ਰੂਪ ਵਾਕ ਬੜਾ ਪ੍ਰਸਿੱਧ ਹੈ, ''ਪਿਆਰ ਕਬਜ਼ਾ ਨਹੀਂ, ਪਹਿਚਾਨ ਹੈ।'' ਕਬਜ਼ੇ ਦੀ ਭਾਵਨਾ, ਹਥਲੇ ਪ੍ਰਸੰਗ ਵਿੱਚ, ਮਧ-ਕਾਲੀਨ ਸਾਮੰਤੀ ਸੋਚ ਦੀ ਲਖਾਇਕ ਹੈ ਜਿਸ ਅਨੁਸਾਰ ਇਸਤ੍ਰੀ ਨੂੰ ਵੀ ਜਾਇਦਾਦ ਸਮਝਿਆ ਜਾਂਦਾ ਹੈ। ਗੁਰਬਖ਼ਸ਼ ਸਿੰਘ ਇਸ ਸੋਚ ਨੂੰ ਰੱਦ ਕਰਦਾ ਹੈ। ਪਿਆਰ ਜਦੋਂ ਪਹਿਚਾਨ ਬਣਦਾ ਹੈ ਤਾਂ ਇਸ ਵਿੱਚ ਮਾਨਵੀ ਨਿਘ ਤੇ ਬਰਾਬਰੀ ਦੇ ਆਧਾਰ ਉਤੇ ਸਤਿਕਾਰ ਦੀ ਭਾਵਨਾ ਬਲਵਾਨ ਰਹਿੰਦੀ ਹੈ। ਇਹ ਆਧੁਨਿਕ ਸਨਅਤੀ ਸਮਾਜ ਦੀਆਂ ਮਧ-ਵਰਗੀ ਸਮਾਜਕ ਕਦਰਾਂ ਕੀਮਤਾਂ ਦੀ ਲਖਾਇਕ ਹੈ। ਗੁਰਬਖ਼ਸ਼ ਸਿੰਘ ਦੇ ਇਸ ਵਿਚਾਰ ਨੇ ਪੰਜਾਬ ਦੇ ਮਧ-ਵਰਗੀ ਸਮਾਜ ਦੇ ਜੀਵਨ ਵਿਚੋਂ ਪੁਰਾਤਨ ਸੰਕੀਰਣਤਾ ਨੂੰ ਦੂਰ ਕਰਕੇ ਵਰਤੋਂ ਵਿਹਾਰ ਵਿੱਚ ਵਿਸ਼ਾਲਤਾ ਅਤੇ ਸੰਕੋਚਹੀਨਤਾ ਲਿਆਉਣ ਵਿੱਚ ਵੱਡੀ ਭੂਮਿਕਾ ਨਿਭਾਈ ਹੈ। ਇਸ ਨਾਲ ਪੰਜਾਬੀ ਸਭਿਆਚਾਰ ਵਿੱਚ ਇਕ ਨਵਾਂ ਨਿਖਾਰ ਆਇਆ। ਸਰਦਾਰ ਗੁਰਬਖ਼ਸ਼ ਸਿੰਘ ਦੀ ਇਸ ਵਡਮੁੱਲੀ ਦੇਣ ਵੱਲ ਵੀ ਚਿੰਤਕਾਂ ਤੇ ਵਿਦਿਅਕ ਮਾਹਿਰਾਂ ਵੱਲੋਂ ਲੋੜੀਂਦਾ ਧਿਆਨ ਨਹੀਂ ਦਿੱਤਾ ਗਿਆ।

ਇਸ ਸੰਬੰਧ ਵਿਚ ਆਖਰੀ ਗੱਲ, ਜੋ ਘਟ ਮਹੱਤਵ ਵਾਲੀ ਨਹੀਂ ਹੈ, ਪੰਜਾਬੀ ਭਾਸ਼ਾ ਨੂੰ ਗੁਰਬਖ਼ਸ਼ ਸਿੰਘ ਦੀ ਵਡਮੁੱਲੀ ਦੇਣ। ਗੁਰਬਖ਼ਸ਼ ਸਿੰਘ ਨੇ ਪਹਿਲੀ ਵਾਰ ਪੰਜਾਬੀ ਭਾਸ਼ਾ ਨੂੰ ਗ਼ੈਰ-ਧਾਰਮਿਕ ਵਿਸ਼ਿਆਂ ਲਈ, ਜਿਨ੍ਹਾਂ ਵਿੱਚ ਐਸੇ ਵਿਸ਼ੇ ਵੀ ਸ਼ਾਮਲ ਹਨ ਜਿਨ੍ਹਾਂ ਬਾਰੇ ਖੁਲ੍ਹੇ ਆਮ ਗੱਲ ਕਰਨਾ ਹੀ ਵਰਜਿਤ ਸੀ, ਏਡੇ ਸਲੀਕੇ ਤੇ ਸ਼ਿਸ਼ਟਾਚਾਰ ਨਾਲ, ਏਡੀ ਕੋਮਲਤਾ ਤੇ ਖ਼ੂਬਸੂਰਤੀ ਨਾਲ ਵਰਤਿਆ ਹੈ, ਜਟਿਲ ਤੋਂ ਜਟਿਲ ਵਿਚਾਰਾਂ ਨੂੰ ਪ੍ਰਗਟ ਕਰਨ ਲਈ ਉਹਨਾਂ ਨੇ ਇਤਨੇ ਨਵੇਂ ਸ਼ਬਦ ਅਤੇ ਸਮਾਸ ਘੜੇ ਹਨ ਕਿ ਜਿਨ੍ਹਾਂ ਉਤੇ ਕੋਈ ਵੀ ਲੇਖਕ ਜਿੰਨਾਂ ਮਾਣ ਕਰੇ ਥੋੜਾ ਹੋਵੇਗਾ। ਗੁਰਬਖ਼ਸ਼ ਸਿੰਘ ਨੂੰ ਐਵੇਂ ਹੀ ''ਸ਼ਬਦਾਂ ਦਾ ਜਾਦੂਗਰ'' ਨਹੀਂ ਆਖਿਆ ਗਿਆ। ਪੰਜਾਬੀ-ਭਾਸ਼ਾ, ਸਾਹਿਤ ਤੇ ਸਭਿਆਚਾਰ ਨੂੰ ਨਵੀਆਂ ਸਿਖਰਾਂ ਤੱਕ ਲਿਜਾਣ ਵਾਲਾ ਗੁਰਬਖ਼ਸ਼ ਸਿੰਘ ਸਦੀਆਂ ਤੱਕ ਅਗਲੀਆਂ ਪੀੜ੍ਹੀਆਂ ਲਈ ਚਾਨਣ ਮੁਨਾਰਾ ਬਣਿਆ ਰਹੇਗਾ। ●

ਪ੍ਰੀਤਾਂ ਦਾ ਵਣਜਾਰਾ
ਸ੍ਰ: ਗੁਰਬਖ਼ਸ਼ ਸਿੰਘ

ਪਿਆਰਾ ਸਿੰਘ ਦਾਤਾ

ਸ੍ਰ: ਗੁਰਬਖ਼ਸ਼ ਸਿੰਘ ਨੇ ਪੰਜਾਬੀ ਮਾਸਕ ਪਤਰ "ਪ੍ਰੀਤ ਲੜੀ", ਸਤੰਬਰ,1933 ਵਿਚ ਨੁਸ਼ਹਿਰਿਓਂ ਕਢਿਆ। ਉਸ ਤੋਂ ਕੁਝ ਮਹੀਨੇ ਹੀ ਮਗਰੋਂ ਉਹਨਾਂ ਨਾਲ ਮੇਰੀ ਪਹਿਲੀ ਮੁਲਾਕਾਤ ਪੰਜਾ ਸਾਹਿਬ ਵਿਖੇ ਹੋਈ। ਉਦੋਂ ਉਹ ਇੰਜੀਨੀਅਰ ਹੋਣ ਦੇ ਨਾਤੇ ਪੰਜਾ ਸਾਹਿਬ ਦੇ ਸਰੋਵਰ ਦੀਆਂ ਨੀਹਾਂ ਪੱਕੀਆਂ ਕਰਵਾਣ ਦੀ ਆਨਰੇਰੀ ਸੇਵਾ ਕਰ ਰਹੇ ਸਨ। ਸਾਡੀ ਪਹਿਲੀ ਮੁਲਾਕਾਤ ਸਮੇਂ ਨਿਘੀ ਹੱਥ-ਘੁਟਣੀ ਮਗਰੋਂ ਉਹਨਾਂ ਪਿਆਰ ਗਲਵਕੜੀ ਪਾਈ। ਉਸ ਸਮੇਂ ਉਹਨਾਂ ਦੀਆਂ ਅੱਖਾਂ, ਚਿਹਰਾ ਤੇ ਬੁਲ੍ਹ, ਮੁਸਕਾਨਾਂ ਛਡਦੇ ਇਕ ਅਜਨਬੀ ਦਾ ਸਵਾਗਤ ਕਰ ਰਹੇ ਸਨ। ਇਸ ਗਰਮਜੋਸ਼ ਮਿਲਣੀ ਤੇ ਮਸਕਰਾਹਟਾਂ ਸੁਟਦੀ ਪਿਆਰ ਭਰੀ ਤਕਣੀ ਨੇ ਮੇਰੇ ਤੇ ਉਹਨਾਂ ਦੀ ਬੜੀ ਪਿਆਰੀ ਤੇ ਆਕਰਸ਼ਕ ਸ਼ਖ਼ਸੀਅਤ ਹੋਣ ਦਾ ਪ੍ਰਭਾਵ ਪਾਇਆ, ਜੋ ਸਾਰੀ ਉਮਰ ਕਾਇਮ ਰਿਹਾ।

ਪਹਿਲੀ ਮੁਲਾਕਾਤ ਮਗਰੋਂ ਜਦੋਂ ਵੀ ਉਹ ਮਿਲਦੇ, ਐਸਾ ਜਾਪਦਾ, ਜਿਵੇਂ ਉਹ ਉਚੇਚਾ ਮਿਲਣ ਆਏ ਹਨ ਅਤੇ ਜਿੰਨੀਆਂ ਘੜੀਆਂ ਉਹਨਾਂ ਪਾਸ ਬੈਠੋ, ਉਹਨਾਂ ਦੀ ਵਿਦਵਤਾ ਤੇ ਵਾਕਫ਼ੀ ਭਰਪੂਰ ਗੱਲਾਂ ਸਰੋਤਿਆਂ ਨੂੰ ਕੀਲ ਕੇ ਰੱਖ ਦੇਂਦੀਆਂ, ਪਰ ਉਹਨਾਂ ਕਦੀ ਵੀ ਗਲਬਾਤ ਸਮੇਂ ਇਹ ਨਹੀਂ ਸੀ ਜ਼ਾਹਿਰ ਹੋਣ ਦਿਤਾ ਕਿ ਉਹ ਮਹਾਨ ਵਿਅਕਤੀ ਹਨ, ਸਗੋਂ ਇਵੇਂ ਹੀ ਜਾਪਦਾ, ਜਿਵੇਂ ਦੋ ਮਿੱਤਰ ਬੜੇ ਸਨੇਹ ਨਾਲ ਆਪੋ ਵਿਚ ਨਿਜੀ ਵਿਚਾਰ ਵਟਾਂਦਰਾ ਕਰ ਰਹੇ ਹਨ।

ਪ੍ਰੀਤ ਨਗਰ ਵਿਚ ਰਹਿੰਦਿਆਂ ਲੋਕ-ਪਿਆਰ ਤੇ ਸਾਹਿਤਕ ਸਰਗਰਮੀਆਂ ਦੀਆਂ ਖ਼ੁਸ਼ਬੂਆਂ ਚਹੁੰਕੂੰਟੀਂ ਫੈਲ ਗਈਆਂ ਸਨ। ਦੇਸ਼-ਵੰਡ ਤੋਂ ਪਹਿਲਾਂ ਇਕ ਵੇਰਾਂ ਅੰਮ੍ਰਿਤਸਰ ਜ਼ਿਲ੍ਹੇ ਦਾ ਅੰਗਰੇਜ਼ ਡਿਪਟੀ ਕਮਿਸ਼ਨਰ, ਮੂਨ, ਇਲਾਕੇ ਦਾ ਦੌਰਾ ਕਰਦਾ ਪ੍ਰੀਤ ਨਗਰ ਦੇ ਨੇੜਿਉਂ ਲੰਘਿਆ। ਉਸਦੇ ਮਨ ਵਿਚ ਚਿਰਾਂ ਤੋਂ ਸ੍ਰ: ਗੁਰਬਖ਼ਸ਼ ਸਿੰਘ ਨੂੰ ਮਿਲਣ ਦੀ ਤਾਂਘ ਸੀ। ਘੋੜਾ ਦੌੜਾਂਦਾ ਉਹ ਆਪਣੇ ਅਮਲੇ ਫੈਲੇ ਸਮੇਤ ਪ੍ਰੀਤ ਨਗਰ ਆਣ ਪੁਜਾ। ਸ੍ਰ: ਗੁਰਬਖ਼ਸ਼ ਸਿੰਘ ਸਾਹਮਣਿਉਂ ਆਉਂਦੇ ਨਜ਼ਰ ਆਏ। ਉਹ ਘੋੜੇ ਤੋਂ ਉਤਰ ਪਿਆ ਤੇ ਸ੍ਰ: ਗੁਰਬਖ਼ਸ਼ ਸਿੰਘ ਨੂੰ ਬੜੀ ਗਰਮਜੋਸ਼ੀ ਨਾਲ ਬਗਲਗੀਰ ਹੋ ਕੇ ਮਿਲਿਆ। ਉਸ ਮਗਰੋਂ ਜਿੰਨਾਂ ਚਿਰ ਮੂਨ ਸਾਡੇ ਦੇਸ਼ ਵਿਚ ਰਿਹਾ, ਸਰਦਾਰ ਜੀ ਦਾ ਮਿੱਤਰ ਬਣ ਕੇ ਹੀ ਰਿਹਾ।

ਸਰਦਾਰ ਗੁਰਬਖ਼ਸ਼ ਸਿੰਘ ਜੀ ਦੇ ਲੋਕ ਸੰਪਰਕ ਕਾਰਜਾਂ ਤੇ ਸਾਹਿਤਕ ਸੇਵਾਵਾਂ ਕਾਰਨ ਪ੍ਰੀਤ ਨਗਰ, ਵਿਖੇ ਕਈ ਮਹਾਨ ਵਿਅਕਤੀ ਖਿੱਚੇ ਚਲੇ ਆਏ। ਪੰਡਤ ਜਵਾਹਰ ਲਾਲ ਨਹਿਰੂ, ਨਾਮਧਾਰੀ ਆਗੂ ਮਹਾਰਾਜ ਪ੍ਰਤਾਪ ਸਿੰਘ , ਸਰ ਅਬਦੁਲ ਕਾਦਰ, ਜਨਰਲ ਮੋਹਨ ਸਿੰਘ, ਸਰਦਾਰ ਪ੍ਰਤਾਪ ਸਿੰਘ ਕੈਰੋਂ, ਪ੍ਰਿੰ: ਤੇਜਾ ਸਿੰਘ, ਗਿਆਨੀ ਗੁਰਮੁਖ ਸਿੰਘ ਮੁਸਾਫ਼ਰ, ਸ੍ਰ: ਮਹਿੰਦਰ ਸਿੰਘ ਰੰਧਾਵਾ ਆਦਿ ਦੇਸ਼ ਦੇ ਨੇਤਾਵਾਂ ਦੇ ਕਦਮਾਂ ਦੀ ਛੋਹ ਪ੍ਰੀਤ ਨਗਰ ਦੀ ਧਰਤੀ ਨੂੰ ਪ੍ਰਾਪਤ ਹੈ। ਜੋ ਵੀ ਡੈਲੀਗੇਸ਼ਨ ਪੰਜਾਬ ਪਹੁੰਚਿਆ, ਉਹ ਪ੍ਰੀਤ ਨਗਰ ਦੇ ਦਰਸ਼ਨ ਕਰਨੇ ਆਪਣਾ ਧਾਰਮਕ ਫ਼ਰਜ਼ ਸਮਝਦਾ ਸੀ।

ਪ੍ਰੀਤ ਨਗਰ ਪੰਜਾਬੀ ਬੋਲੀ ਤੇ ਸਭਿਆਚਾਰ ਦਾ ਤੀਰਥ ਅਸਥਾਨ ਬਣ ਗਿਆ। ਪੰਜਾਬ ਦੇ ਕਵੀ ਤੇ ਲਿਖਾਰੀ ਇਸ ਨਗਰ ਨੂੰ ਆਪਣੀ ਧਰਤੀ ਸਮਝ ਕੇ ਇਥੇ ਪਹੁੰਚਿਆ ਕਰਦੇ ਸਨ।

1941-42 ਦੀ ਗੱਲ ਹੈ। ਪ੍ਰੀਤ ਨਗਰ ਵਿਚ ਬਹੁਤ ਸਾਰੀਆਂ ਖੇਡਾਂ ਦਾ ਟੂਰਨਾਮੈਂਟ ਰਖਿਆ ਗਿਆ। ਬਾਕੀ ਗੇਮਾਂ ਦੇ ਨਾਲ ਵਾਲੀਬਾਲ ਦੇ ਵੀ ਮੈਚ ਹੋ ਰਹੇ ਸਨ। ਮੈਂ ਆਪਣੀ ਟੀਮ ਦਾ ਕਪਤਾਨ ਸਾਂ। ਇਲਾਕੇ ਦੀਆਂ ਬੜੀਆਂ ਤਕੜੀਆਂ ਟੀਮਾਂ ਟੂਰਨਾਮੈਂਟ ਵਿਚ ਹਿੱਸਾ ਲੈਣ ਆਈਆਂ ਹੋਈਆਂ ਸਨ। ਬੜਾ ਤਕੜਾ ਘੋਲ ਸੀ। ਅਜਨਾਲੇ ਦੀ ਟੀਮ ਸਭ ਤੋਂ ਤਕੜੀ ਸੀ। ਫਾਈਨਲ ਵਿਚ ਪ੍ਰੀਤ ਨਗਰ ਤੇ ਅਜਨਾਲੇ ਦੀਆਂ ਟੀਮਾਂ ਲੰਗਰ ਲੰਗੋਟੇ ਕਸ ਕੇ ਆਮੋ-ਸਾਮ੍ਹਣੇ ਖੜ ਗਈਆਂ। ਸ੍ਰ: ਗੁਰਬਖ਼ਸ਼ ਸਿੰਘ ਉਦੋਂ ਬੀਮਾਰ ਸਨ। ਉਹ ਬੜੀ ਮੁਸ਼ਕਲ ਨਾਲ ਘਰੋਂ ਚਲ ਕੇ ਗਰਾਊਂਡ ਵਿਚ ਪਹੁੰਚੇ। ਮੈਚ ਸ਼ੁਰੂ ਹੋਣ ਵਾਲਾ ਸੀ ਕਿ ਉਹ ਆ ਕੇ ਇਕ ਕੁਰਸੀ ਤੇ ਬੈਠ ਗਏ। ਮੈਨੂੰ ਉਹਨਾਂ ਆਪਣੇ ਪਾਸ ਬੁਲਾਇਆ। ਮੇਰੀ ਪਿਠ ਤੇ ਹੱਥ ਫੇਰਦਿਆਂ ਉਹਨਾਂ ਕਿਹਾ "ਦਾਤਾ ਜੀ! ਮੈਂ ਤੁਹਾਡੀ ਟੀਮ ਨੂੰ ਜੇਤੂ ਵੇਖਣਾ ਚਾਹੁੰਦਾ ਹਾਂ। ਤੁਹਾਡੀ ਜਿਤ ਪ੍ਰੀਤ ਨਗਰ ਦੀ ਜਿਤ ਹੋਵੇਗੀ।"

ਮੈਂ ਇਹੀ ਸੁਨੇਹਾ ਅਪਣੀ ਟੀਮ ਦੇ ਸਭ ਮੈਂਬਰਾਂ ਦੇ ਕੰਨੀਂ ਫੂਕ ਦਿਤਾ। ਬਸ ਫਿਰ ਕੀ ਸੀ, ਸਭ ਖਿਡਾਰੀਆਂ ਨੂੰ ਲਾਲੀਆਂ ਚੜ੍ਹ ਗਈਆਂ ਕਿ ਅੱਜ ਉਹਨਾਂ ਦੇ ਦਾਰਜੀ, ਉਹਨਾਂ ਨੂੰ ਜੇਤੂ ਵੇਖਣਾ ਚਾਹੁੰਦੇ ਹਨ। ਸਾਡੇ ਕੰਨਾਂ ਵਿਚ ਫੂਕੇ ਇਸ ਗ਼ੈਬੀ ਮੰਤਰ ਦਾ ਫ਼ੌਰੀ ਅਸਰ ਹੋਇਆ। ਇੰਨੀ ਤਕੜੀ ਤੇ ਇਲਾਕੇ ਵਿਚ ਮੰਨੀ ਹੋਈ ਨਾਮੀ ਗਰਾਮੀ ਟੀਮ ਨੂੰ ਅਸੀਂ ਚਾਰੋਂ ਸ਼ਾਨੇ ਚਿੱਤ ਗਿਰਾਇਆ। ਅਜਨਾਲਾ ਟੀਮ ਹਾਰ ਗਈ ਤੇ ਪ੍ਰੀਤ ਨਗਰ ਦੀ ਟੀਮ ਜਿਤ ਗਈ। ਇਹ ਸ੍ਰ: ਗੁਰਬਖ਼ਸ਼ ਸਿੰਘ ਦੀਆਂ ਸ਼ੁਭ ਕਾਮਨਾਵਾਂ ਤੇ ਹੱਥਾਂ ਦੀ ਪਿਆਰੀ ਛੋਹ ਦਾ ਹੀ ਮੁਅਜਜ਼ਾ ਸੀ।

ਪੰਜਾਹ ਕੁ ਸਾਲ ਦੀ ਉਮਰ ਵਿਚ ਸ੍ਰ: ਗੁਰਬਖ਼ਸ਼ ਸਿੰਘ ਨੇ ਪ੍ਰੀਤ ਨਗਰ ਵਿਚ ਦੌੜ ਲਗਾਣੀ ਸ਼ੁਰੂ ਕਰ ਦਿਤੀ। ਉਹਨਾਂ ਨੂੰ ਦੇਖ ਕੇ ਬਾਕੀ ਨਗਰ ਵਾਸੀਆਂ ਵੀ ਦੌੜਨਾ ਸ਼ੁਰੂ ਕਰ ਦਿਤਾ। ਉਹ ਤਿੰਨ ਤਿੰਨ ਮੀਲ ਲਗਾਤਾਰ ਦੌੜ ਲੈਂਦੇ ਸਨ, ਜਦ ਕਿ ਨੌਜਵਾਨ ਦੌੜਾਕ ਮਸਾਂ ਅੱਧਾ ਜਾਂ ਵੱਧ ਤੋਂ ਵੱਧ ਇਕ ਮੀਲ ਦੌੜ ਕੇ ਥੱਕ ਜਾਂਦੇ।

ਇਸ ਮਗਰੋਂ ਉਹਨਾਂ ਪਦ ਯਾਤਰਾ ਦਾ ਪ੍ਰੋਗਰਾਮ ਉਲੀਕਿਆ। ਪ੍ਰੀਤ ਨਗਰੋਂ ਅੰਮ੍ਰਿਤਸਰ 15-20 ਮੀਲ ਹੈ। ਇਹ ਫ਼ਾਸਲਾ ਉਹਨਾਂ ਕਈ ਵਾਰ ਇਕ ਦਿਨ ਵਿਚ ਪੈਦਲ ਤੈਅ ਕੀਤਾ।

ਇਕ ਵਾਰ ਕਸ਼ਮੀਰ ਯਾਤਰਾ ਦਾ ਪ੍ਰੋਗਰਾਮ ਬਣਿਆ। ਇਸ

ਯਾਤਰਾ ਵਿਚ ਸ੍ਰ: ਗੁਰਬਖ਼ਸ਼ ਸਿੰਘ ਦੇ ਪਰਵਾਰ ਨਾਲ ਹੋਰ ਵੀ ਕਈ ਪਰਵਾਰ ਸ਼ਾਮਲ ਸਨ। ਜਿਨ੍ਹਾਂ ਵਿਚ ਇਹਨਾਂ ਸਤਰਾਂ ਦਾ ਲੇਖਕ ਵੀ ਨਾਲ ਸੀ। ਇਸ ਮਹੀਨੇ ਭਰ ਦੀ ਯਾਤਰਾ ਸਮੇਂ ਬੜਾ ਅਨੰਦ ਮਾਣਿਆ। ਸਾਡਾ ਸਾਮਾਨ ਤੇ ਛੇਤੀ ਥਕ ਜਾਣ ਵਾਲੇ ਸਜਣ ਸਜਣੀਆਂ ਬਸ ਵਿਚ ਤੇ ਬਾਕੀ ਕਾਫਲਾ ਪੈਦਲ ਤੁਰਦਾ ਸੀ। ਜਿਥੇ ਰਾਹ ਵਿਚ ਕਿਆਮ ਕਰਦੇ , ਉਥੇ ਹੀ ਖਾਣਾ ਖਾਣ ਮਗਰੋਂ ਮਹਿਫ਼ਲਾਂ ਲਗ ਜਾਂਦੀਆਂ ਸਨ। ਤਾਸ਼ ਦੀਆਂ ਬਾਜ਼ੀਆਂ ਲਗਦੀਆਂ। ਤਾਸ਼ ਖੇਡਣ ਸਮੇਂ ਸਰਦਾਰ ਜੀ ਤੇ ਮੈਂ, ਜਾਂ ਸ੍ਰ: ਪ੍ਰੀਤਮ ਸਿੰਘ ਸਾਥੀ ਹੁੰਦੇ ਸਾਂ। ਬਸ ਫਿਰ ਕੀ ਮਜਾਲ ਕਿ ਕੋਈ ਵਿਰੋਧੀ ਮੈਦਾਨ ਮਾਰ ਸਕੇ। ਕਸ਼ਮੀਰ ਪਹੁੰਚ ਕੇ ਅਸੀਂ ਸ਼ਾਹੀ ਚਸ਼ਮੇ ਦੇ ਨੇੜੇ ਇਕ ਵਿਸ਼ਾਲ ਹਾਊਸ ਬੋਟ ਵਿਚ ਡੇਰਾ ਲਾਇਆ। ਕਸ਼ਮੀਰ ਦੀ ਖ਼ੁਸ਼ਬੂਆਂ ਛਡਦੀ ਧਰਤੀ ਵਿਚ ਜੋ ਆਨੰਦ ਇਸ ਕਾਫਲੇ ਨੇ ਸਰਦਾਰ ਗੁਰਬਖ਼ਸ਼ ਸਿੰਘ ਦੀ ਅਗਵਾਈ ਹੇਠ ਮਾਣਿਆ, ਉਸ ਲਈ ਦੇਵਤੇ ਵੀ ਤਰਸਦੇ ਸਨ।

ਸਰਦਾਰ ਜੀ, ਬੱਚਿਆਂ ਨੂੰ ਵੀ ਔਖਿਆਂ ਹੋ ਕੇ ਬੋਲਣ ਦੀ ਆਗਿਆ ਨਹੀਂ ਸਨ ਦੇਂਦੇ। ਉਹਨਾਂ ਵਲੋਂ ਸਭਨੂੰ ਸਤਿਕਾਰ ਭਰਿਆ ਸਲੂਕ ਕਰਨ ਦੀ ਕਰੜੀ ਹਦਾਇਤ ਸੀ। ਪ੍ਰੀਤ ਨਗਰ ਦੇ ਵਾਸੀਆਂ ਤੇ ਉਹਨਾਂ ਦੇ ਪਰਵਾਰ ਦੇ ਮੈਂਬਰਾਂ ਨੂੰ ਉਹ ਆਪਣੇ ਬੱਚੇ ਤੇ ਸਾਥੀ ਸਮਝਦੇ ਸਨ। ਸ਼ਾਇਦ ਅਮਲੀ ਤੌਰ ਤੇ ਇਤਿਹਾਸ ਨੇ ਪਹਿਲੀ ਵਾਰ ਇਹ ਕੌਤਕ ਵੇਖਿਆ ਹੋਵੇ, ਕਿ ਹਰੀਜਨ, ਜਿਨ੍ਹਾਂ ਦੇ ਸਾਏ ਤੋਂ ਵੀ ਲੋਕ ਤ੍ਰਹਿੰਦੇ ਸਨ, ਪ੍ਰੀਤ ਨਗਰ ਦੇ ਘਰਾਂ ਤੇ ਦਫ਼ਤਰਾਂ ਵਿਚ ਕੰਮ ਕਰਦੇ ਤੇ ਇੱਜ਼ਤ ਦੀ ਨਿਗਾਹ ਨਾਲ ਵੇਖੇ ਜਾਂਦੇ ਸਨ। ਇਹ ਉਹਨਾਂ ਦੀ ਮਹਾਨ ਦੇਣ ਹੈ, ਕਿ ਇਸ ਸ਼੍ਰੇਣੀ ਦੇ ਕਈ ਨੌਜਵਾਨ ਜਿਨ੍ਹਾਂ ਨੂੰ ਬਚਪਨ ਵਿਚ ਉਹਨਾਂ ਦੇ ਪਿਆਰ ਦੀ ਛੋਹ ਪ੍ਰਾਪਤ ਹੋਈ, ਉਹ ਅੱਜ ਚੰਗੇ ਕਾਰੋਬਾਰਾਂ ਤੇ ਉਚ ਨੌਕਰੀਆਂ ਤੇ ਲਗੇ ਹੋਏ ਹਨ।

ਇਕ ਵਾਰ ਸਰਦਾਰ ਜੀ ਲਾਹੋਰ ਇਕ ਸਜਣ ਦੇ ਘਰ ਗਏ। ਉਥੇ ਕੁਝ ਹੋਰ ਸਾਹਿਤਕਾਰ ਵੀ ਆ ਪਹੁੰਚੇ। ਘਰ ਦੀ ਸਵਾਣੀ ਨੇ ਬਹੁਤ ਵਧੀਆ ਭੋਜਨ ਤਿਆਰ ਕੀਤਾ, ਪਰ ਆਪ ਉਹ ਸ਼ਰਮ ਦੀ ਮਾਰੀ ਖਾਣੇ ਦੀ ਮੇਜ਼ ਤੇ ਨਾ ਆਈ। ਹਾਲੀਂ ਖਾਣਾ ਅਰੰਭ ਨਹੀਂ ਸੀ ਹੋਇਆ, ਕਿ ਸਰਦਾਰ ਜੀ ਨੇ ਉਚੀ ਜਿਹੀ ਆਵਾਜ਼ ਦੇ ਕੇ ਕਿਹਾ–''ਕਿਥੇ ਹਨ ਉਹ ਅਦਿਖ ਕਿਰਤੀ ਸੁਚੱਜੇ ਹਸਤ ਕੰਵਲ, ਜਿਨ੍ਹਾਂ ਇਹ ਪਦਾਰਥ ਤਿਆਰ ਕੀਤੇ ਹਨ? ਆਉ ਮੇਰੀ ਪੁੱਤਰੀ! ਇੰਜ ਨਹੀਂ। ਅਸੀਂ ਇਕੱਠੇ ਖਾਣਾ ਖਾਵਾਂਗੇ। ਉਚੇਚ ਛਡੋ ਤੇ ਆ ਜਾਉ। ਸਾਰਾ ਪ੍ਰਵਾਰ ਰਲ-ਮਿਲ ਕੇ ਭੋਜਨ ਛਕਾਂਗੇ।'' ਇਸ ਤਰ੍ਹਾਂ ਉਹ ਸੁਆਣੀ ਉਹਨਾਂ ਨਾਲ ਖਾਣੇ ਵਿਚ ਸ਼ਾਮਲ ਹੋ ਗਈ। ਉਸ ਬੀਬੀ ਨੂੰ ਜੀਵਨ ਭਰ ਇਹ ਮਾਣ ਰਿਹਾ ਹੈ, ਕਿ ਉਸ ਨੂੰ ਇਕ ਮਹਾਨ ਸਾਹਿਤਕਾਰ ਨੇ ਉਚੇਚਾ ਬੁਲਾ ਕੇ ਆਪਣੇ ਨਾਲ ਭੋਜਨ ਕਰਾਇਆ ਹੈ। ਸਾਰੀ ਉਮਰ ਉਨ੍ਹਾਂ ਸਾਦਾ ਭੋਜਨ ਤੇ ਸਾਦਾ ਪੈਰਾਵਾ ਅਪਣਾਈ ਰਖਿਆ। ਉਨ੍ਹਾਂ ਦੀ ਸਵੱਸਥ ਸਿਹਤ ਦਾ ਰਾਜ਼ ਵੀ ਇਹੀ ਸੀ।

ਅਗਸਤ, 1977 ਦੀ ਗੱਲ ਹੈ–ਉਹ ਪੀ. ਜੀ. ਆਈ. ਹਸਪਤਾਲ ਚੰਡੀਗੜ੍ਹ ਵਿਚ ਦਾਖ਼ਲ ਸਨ। ਮੈਂ ਮਿਲਣ ਗਿਆ। ਉਹ ਉਠ ਕੇ ਬੈਠ ਗਏ। ਨਿਘੀ ਗਲਵਕੜੀ ਪਾ ਕੇ ਮਿਲੇ। ਉਹ ਕੁਝ ਕਮਜ਼ੋਰ ਸਨ। ਪਰ ਮੈਨੂੰ ਚੜ੍ਹਦੀਆਂ ਕਲਾਂ ਵਿਚ ਜਾਪੇ। ਮੈਂ ਕਿਹਾ–''ਦਾਰ ਜੀ! ਤੁਸੀਂ ਹੁਣ ਬਿਲਕੁਲ ਠੀਕ ਹੋ। ਤੁਸੀਂ ਕਈ ਸਾਲ ਹੋਰ ਜੀਣਾ ਹੈ ਤੇ ਪੰਜਾਬੀ ਬੋਲੀ ਦੀ ਰੱਜ ਕੇ ਸੇਵਾ ਕਰਨੀ ਹੈ।'' ਉਹ ਹੱਸ ਪਏ ਤੇ ਕਹਿਣ ਲੱਗੇ–''ਤੁਹਾਨੂੰ ਮਿਲਣ ਤੇ ਕਈ ਪੁਰਾਣੀਆਂ ਯਾਦਾਂ ਚੇਤੇ ਆ ਗਈਆਂ ਹਨ। ਖ਼ਾਸ ਕਰ ਕਸ਼ਮੀਰ ਯਾਤਰਾ ਸਮੇਂ ਗੁਜ਼ਾਰੀਆਂ ਅਨੰਦਮਈ ਘੜੀਆਂ ਨਹੀਂ ਭੁਲਦੀਆਂ।''

ਥੋੜ੍ਹੀ ਦੇਰ ਬਾਅਦ ਉਹ ਲੇਟ ਗਏ ਤੇ ਫਿਰ : ਗੁਰੂ ਗੋਬਿੰਦ ਸਿੰਘ ਜੀ ਦਾ ਰਚਿਤ ਸ਼ਬਦ ''ਮਿਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ'' ਗਾਇਨ ਕਰਨ ਲਗ ਪਏ।

20 ਅਗਸਤ, 1977 ਨੂੰ ਜਦੋਂ ਉਹ ਨੌ-ਬਰ-ਨੌ ਹੋ ਕੇ ਵਾਪਸ ਪ੍ਰੀਤ ਨਗਰ ਜਾਣ ਦੀਆਂ ਤਿਆਰੀਆਂ ਵਿਚ ਸਨ, ਤਾਂ ਦਿਲ ਦਾ ਦੌਰਾ ਪੈਣ ਤੇ ਉਹ ਰੱਬ ਨੂੰ ਪਿਆਰੇ ਹੋ ਗਏ। ਉਹਨਾਂ ਦੇ ਵਿਛੋੜੇ ਨਾਲ ਪੰਜਾਬੀ ਪਿਆਰਿਆਂ ਨੂੰ ਕਦੀ ਨਾ ਪੂਰਾ ਹੋ ਸਕਣ ਵਾਲਾ ਘਾਟਾ ਪਿਆ ਹੈ। ਸ੍ਰ: ਗੁਰਬਖ਼ਸ਼ ਸਿੰਘ ਵਰਗੀਆਂ ਮਹਾਨ ਹਸਤੀਆਂ ਸਦੀਆਂ ਮਗਰੋਂ ਹੀ ਪੈਦਾ ਹੁੰਦੀਆਂ ਹਨ, ਤੇ ਇਥੋਂ ਤੁਰ ਜਾਣ ਮਗਰੋਂ ਉਹ ਕੌਮ ਲਈ ਅਮੁੱਲ ਸਰਮਾਇਆ ਛਡ ਜਾਂਦੀਆਂ ਹਨ।

ਉਨ੍ਹਾਂ ਦੇ ਭੋਗ ਸਮੇਂ ਜਦ ਮੈਂ ਗੁਰੂ ਗੋਬਿੰਦ ਸਿੰਘ ਜੀ ਦਾ ਅਤਿ ਪਿਆਰਾ ਸ਼ਬਦ ਗਾਇਨ ਹੁੰਦਾ ਸੁਣਿਆ, ਤਾਂ ਚੰਡੀਗੜ੍ਹ ਵਾਲੀ ਆਖਰੀ ਮੁਲਾਕਾਤ ਦੀ ਯਾਦ ਤਾਜ਼ਾ ਹੋ ਗਈ। ਇਹ ਸ਼ਬਦ ਉਹਨਾਂ ਦੀ ਅੰਤਮ ਇਛਾ ਅਨੁਸਾਰ ਉਹਨਾਂ ਦੇ ਭੋਗ ਸਮੇਂ ਇਕ ਪ੍ਰਸਿੱਧ ਕੀਰਤਨੀ ਜਥੇ ਵਲੋਂ ਪ੍ਰੀਤ ਨਗਰ ਵਿਚ ਗਾਇਨ ਹੋ ਰਿਹਾ ਸੀ:

ਮਿਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ।
ਤੁਧ ਬਿਨ ਰੋਗ ਰਜਾਈਆਂ ਦਾ ਓਢਣ,
ਨਾਗ ਨਿਵਾਸਾਂ ਦੇ ਰਹਿਣਾ।
ਸੂਲ ਸੁਰਾਹੀ ਖੰਜਰ ਪਿਆਲਾ,
ਬਿੰਗ ਕਸਾਈਆਂ ਦਾ ਸਹਿਣਾ।
ਯਾਰੜੇ ਦਾ ਸਾਨੂੰ ਸੱਥਰ ਚੰਗਾ,
ਭੱਠ ਖੇੜਿਆਂ ਦਾ ਰਹਿਣਾ।

ਦਸਮ ਪਾਤਸ਼ਾਹ ਦਾ ਇਹ ਸ਼ਬਦ ਸੁਣ ਮੇਰੀਆਂ ਅੱਖਾਂ ਵਿਚ ਅੱਥਰੂ ਭਰ ਗਏ।

ਉਸ ਮਹਾਨ ਹਸਤੀ ਦਾ ਜਨਮ 26 ਅਪ੍ਰੈਲ, 1895 ਨੂੰ ਹੋਇਆ। ਅਜ ਸਾਰਾ ਪੰਜਾਬੀ ਸੰਸਾਰ ਉਨ੍ਹਾਂ ਦਾ ਸੌਵਾਂ ਜਨਮ ਦਿਨ ਮਨਾ ਰਿਹਾ ਹੈ। ਦੁਨੀਆਂ ਭਰ ਦੇ ਪੰਜਾਬੀਆਂ ਨੂੰ ਆਪਣੇ ਸਰਬੋਤਮ ਸਾਹਿਤਕਾਰ ਤੇ ਗੌਰਵ ਹੈ। ਅਸੀਂ ਸਾਰੇ ਪੰਜਾਬੀ, ਉਸ ਮਹਾਨ ਸਾਹਿਤਕਾਰ ਦੇ ਸੌਵੇਂ ਜਨਮ ਦਿਵਸ ਦੀਆਂ ਖੁਸ਼ੀਆਂ ਵਿਚ ਸ਼ਾਮਲ ਹੋ ਉਨ੍ਹਾਂ ਨੂੰ ਪਰਨਾਮ ਕਰਦੇ ਹਾਂ।

ਸਰਦਾਰ ਗੁਰਬਖ਼ਸ਼ ਸਿੰਘ ਦੇ ਸੁਪਨਿਆਂ, ਆਦਰਸ਼ਾਂ ਅਤੇ ਅਮਲਾਂ 'ਤੇ ਇਕ ਨਜ਼ਰ

ਪ੍ਰਿੰਸੀਪਲ ਜਗਦੀਸ਼ ਸਿੰਘ

ਸਰਦਾਰ ਗੁਰਬਖ਼ਸ਼ ਸਿੰਘ ਦੀ ਬਹੁ-ਪੱਖੀ ਸ਼ਖ਼ਸੀਅਤ ਦੇ ਇਤਨੇ ਵਿਕੋਲਿਤਰੇ ਪਹਿਲੂ ਹਨ ਕਿ ਹਰ ਇਕ ਦੀ ਘੋਖ ਪਰਖ ਇਕ ਲੇਖ ਵਿਚ ਸਹੀਂ ਅਰਥਾਂ ਵਿਚ ਕਰਨੀ ਅਸੰਭਵ ਹੈ। ਉਨ੍ਹਾਂ ਦਾ ਮੁਖ ਉਦੇਸ਼ ਅਤੇ ਆਦਰਸ਼ ਸੀ ਹਰ ਇਨਸਾਨ ਨੂੰ ਪ੍ਰੀਤ ਦੀ ਇਕੋ ਲੜੀ ਵਿਚ ਪਰੋਣਾ। ਆਪਣੇ ਅਨੋਖੇ ਪਰਚੇ 'ਪ੍ਰੀਤ ਲੜੀ' ਦੇ ਮੁਖ ਪੰਨੇ 'ਤੇ ਉਨ੍ਹਾਂ ਦਾ ਮੁਢਲਾ ਸੰਦੇਸ਼ ਕਈ ਸਾਲ ਇਹ ਹੀ ਛਪਦਾ ਰਿਹਾ—

ਕਿਸੇ ਦਿਲ ਸਾਂਝੇ ਦੀ ਧੜਕਨ, ਕਿਸੇ ਪ੍ਰੀਤ ਗੀਤ ਦੀ ਲੈਅ,
ਪੱਤੇ 'ਪ੍ਰੀਤ ਲੜੀ' ਦੇ ਦੱਸਣ, ਜਿਸ ਵਿਚ ਪ੍ਰੋਤੀ ਸਭੋ ਸ਼ੈਅ।

ਇਹ ਆਦਰਸ਼ ਹੀ ਉਨ੍ਹਾਂ ਦਾ ਪਹਿਲਾ ਸੁਪਨਾ ਸੀ ਜਿਸ ਨੂੰ ਅਸਲੀ ਰੂਪ ਦੇਣ ਲਈ ਉਨ੍ਹਾਂ ਨੇ ਆਪਣਾ ਸਾਰਾ ਜੀਵਨ ਅਰਪਨ ਕਰ ਦਿੱਤਾ। ਪ੍ਰੀਤ ਪਿਆਰ ਦੇ ਇਸ ਹੋਕੇ ਦਾ ਉਨ੍ਹਾਂ ਨੇ 'ਪ੍ਰੀਤ ਲੜੀ' ਰਾਹੀਂ ਪਰਚਾਰ ਸ਼ੁਰੂ ਕੀਤਾ ਜਿਸ ਦੀਆਂ ਅਣੋਖੀਆਂ ਲਿਖਤਾਂ ਦਾ ਇਤਨਾ ਡੂੰਘਾ ਪ੍ਰਭਾਵ ਪਿਆ ਕਿ ਕਈ ਸਾਂਝੇ ਦਿਲਾਂ ਦੀਆਂ ਧੜਕਨਾਂ ਉਨ੍ਹਾਂ ਦੀ ਜਾਦੂ ਭਰੀ ਕਲਮ ਦੀਆਂ ਕ੍ਰਿਤਾਂ ਨਾਲ ਮੁਗਧ ਹੋ ਗਈਆਂ ਅਤੇ ਅਜਿਹੇ ਅਜੀਬ ਆਦਰਸ਼ਾਂ ਵਿਚ ਗ੍ਰਸੇ ਵਿਅਕਤੀ ਦੇ ਦਰਸ਼ਨਾਂ ਦੀ ਤੀਬਰ ਇੱਛਾ ਉਨ੍ਹਾਂ ਦੇ ਮਨਾਂ ਵਿਚ ਉਤਪੰਨ ਹੋਣੀ ਸ਼ੁਰੂ ਹੋ ਗਈ। ਬੜੀ ਜਲਦੀ ਹੀ 'ਪ੍ਰੀਤ ਲੜੀ' ਦੇ ਵੰਨ-ਸੁਵੰਨੇ ਫੁੱਲਾਂ ਦੀ ਮਹਿਕ ਦੇ ਖਿੱਚੇ ਅਨੇਕਾਂ ਲਟਬੌਰ ਭੰਵਰੇ ਉਨ੍ਹਾਂ ਦੇ ਇਰਦ ਗਿਰਦ ਘੁੰਮਣ ਲਗੇ। ਸਰਦਾਰ ਗੁਰਬਖ਼ਸ਼ ਸਿੰਘ ਨੂੰ ਹੁਣ ਯਕੀਨ ਹੋ ਗਿਆ ਕਿ ਆਪਣੇ ਮਨ ਵਿਚ ਚਿਰਾਂ ਤੋਂ ਉਲੀਕੇ ਜਾ ਰਹੇ ਪ੍ਰੀਤ ਪਿਆਰ ਦੇ ਆਦਰਸ਼ਾਂ ਨੂੰ ਅਮਲੀ ਰੂਪ ਦੇਣ ਦਾ ਵਕਤ ਆ ਗਿਆ ਹੈ। ਇਸ ਚੇਤਨਾ ਸਦਕਾ ਆਪਣੇ ਨਾਲ ਰਲੇ ਹਮ-ਖਿਆਲ ਸਾਥੀਆਂ ਦਾ ਕਾਫ਼ਲਾ ਜਾ ਪਹੁੰਚਾ ਘੁਗ ਵਸਦੇ ਪਿੰਡਾਂ ਤੋਂ ਥੋੜੀ ਵਿਥ ਤੇ ਇਕ ਵੈਰਾਨ ਬੰਜਰ ਧਰਤੀ 'ਤੇ ਜਿੱਥੇ ਇਕ ਸੁਪਨ ਨਗਰੀ ਦੀ ਨੀਂਹ ਰੱਖੀ ਗਈ ਜਿਸ ਨੂੰ 'ਪ੍ਰੀਤ ਨਗਰ' ਦਾ ਨਾਮ ਦਿੱਤਾ ਗਿਆ।

ਪ੍ਰੀਤ ਕਾਫ਼ਲੇ ਦੇ ਹਮ-ਸਫ਼ਰ ਸਾਥੀਆਂ ਨੇ ਕਰੜੀ ਮੇਹਨਤ ਅਤੇ ਲਗਨ ਨਾਲ ਪ੍ਰੀਤ ਨਗਰ ਦੀ ਸਿਰਜਨਾ ਕੀਤੀ। ਹਰ ਪਰਵਾਰ ਦੇ ਇਕ ਇਕ ਜੀਅ ਨੇ ਅਤੇ ਆਸ ਪਾਸ ਦੇ ਪਿੰਡਾਂ ਦੇ ਕਾਮਿਆਂ ਨੇ ਰਲ ਮਿਲ ਕੇ ਐਸੇ ਅਨੋਖੇ ਅਸਥਾਨ ਦੀ ਸਥਾਪਨਾ ਕੀਤੀ ਕਿ ਇਕ ਦੋ ਵਰ੍ਹਿਆਂ ਵਿਚ ਹੀ ਇਸ ਦੀ ਸ਼ੋਹਰਤ ਸਾਰੇ ਪੰਜਾਬ ਵਿਚ ਅਤੇ ਮੁੜ ਜਲਦੀ ਹੀ ਭਾਰਤ ਦੇ ਹਰ ਕੋਨੇ ਅਤੇ ਪ੍ਰਦੇਸਾਂ ਦੇ ਕਈ ਮੁਲਕਾਂ ਵਿਚ ਫੈਲ ਗਈ।

ਪ੍ਰੀਤ ਨਗਰ ਦੇ ਪਰਵਾਰਾਂ ਦੇ ਸਾਂਝੇ ਲੰਗਰ ਦੇ ਤਜਰਬੇ, ਦੇਸ ਪ੍ਰਦੇਸ ਤੋਂ ਆਏ ਹਰ ਉਮਰ ਦੇ ਬਚਿਆਂ ਲਈ ਚਾਲੂ ਕੀਤਾ ਐਕਟਿਵਿਟੀ ਸਕੂਲ ਅਤੇ ਅਨੇਕਾਂ ਹੋਰ ਉਸਾਰੂ ਯੋਜਨਾਵਾਂ ਨੇ ਕਈ ਪਰਕਾਰ ਦੇ ਮਾਹਿਰਾਂ ਨੂੰ ਪ੍ਰਭਾਵਤ ਕੀਤਾ।

ਇਕ ਵਸ਼ਿਸ਼ਟ ਬੁੱਧੀ ਵਾਲੇ ਐਂਜੀਨੀਅਰ ਹੋਣ ਦੇ ਨਾਤੇ ਉਨ੍ਹਾਂ ਨੇ ਪ੍ਰੀਤ ਨਗਰ ਵਿਚ ਇਮਾਰਤ ਦੀ ਉਸਾਰੀ ਲਈ ਕਈ ਨਵੇਂ ਤਜਰਬੇ ਕੀਤੇ ਅਤੇ ਆਮ ਪਿੰਡਾਂ ਵਿਚ ਮਿਲਦੀ ਸਥਾਨਕ ਸਾਮਿਗਰੀ ਦੀ ਵਰਤੋਂ ਕਰ ਕੇ ਇਕ ਮਿਸਾਲ ਕਾਇਮ ਕੀਤੀ। ਸਰਕੜੇ ਅਤੇ ਬਾਂਸਾਂ ਨਾਲ ਸਕੂਲ ਦੀ ਉਰੇਬ ਛਤ ਉਨ੍ਹਾਂ ਦੀ ਹੀ ਅਲੌਕਿਕ ਕਾਢ ਸੀ। ਘਰਾਂ ਵਿਚ ਧਰਤੀ ਦੀ ਡੂੰਘੀ ਤਹਿ ਵਿਚ ਖੁਦਾਈ ਕਰਕੇ ਸੈਪਟਿਕ ਟੈਂਕ ਬਣਵਾ ਕੇ 'ਫ਼ਲਸ਼ ਲੈਟਰੀਨ' ਵਰਗੀ ਸਹੂਲਤ ਮੁਹੱਈਆ ਕੀਤੀ। ਬਾਹਰੋਂ ਆਏ ਤਜਰਬਾਕਾਰ ਐਂਜੀਨੀਅਰ ਅਤੇ ਆਰਕੀਟੈਕਟ ਉਨ੍ਹਾਂ ਦੀਆਂ ਇਨ੍ਹਾਂ ਲਾਸਾਨੀ ਕਾਢਾਂ ਦੀ ਬੜੀ ਪ੍ਰਸੰਸਾ ਕਰਦੇ ਸਨ।

ਪ੍ਰੀਤ ਨਗਰ ਦੇ ਹਰ ਵਸਨੀਕ ਲਈ ਬੱਚੇ, ਬੁੱਢੇ, ਮਰਦ ਇਸਤ੍ਰੀਆਂ, ਕਾਮਿਆਂ, ਸੇਵਾਦਾਰਾਂ ਲਈ ਸਰਦਾਰ ਗੁਰਬਖ਼ਸ਼ ਸਿੰਘ 'ਦਾਰਜੀ' ਸਨ। ਹਰ ਕੋਈ ਉਨ੍ਹਾਂ ਨੂੰ 'ਦਾਰਜੀ' ਕਹਿਕੇ ਸਦਦਾ। ਉਨ੍ਹਾਂ ਦੀ ਨਿੱਘੀ ਸ਼ਖ਼ਸੀਅਤ, ਮਿੱਠੇ ਬੋਲ ਹਰ ਜੀਅ ਦਾ ਮਨ ਜਿਤ ਲੈਂਦੇ। ਬਚਿਆਂ ਵਿਚ ਬੱਚੇ ਬਣ ਕੇ ਉਨ੍ਹਾਂ ਨਾਲ ਰਲ ਮਿਲ ਕੇ ਖੇਡਦੇ, ਹਸਦੇ ਮਜ਼ਾਕ ਕਰਦੇ, ਦੀਵਾਲੀ ਤੇ ਉਨ੍ਹਾਂ ਦੇ ਨਾਲ ਪਟਾਕੇ ਚਲਾਂਦੇ, ਫੁਲਝੜੀਆਂ ਅਨਾਰਾਂ ਦੀਆਂ ਰੌਸ਼ਨੀਆਂ ਦੇ ਮਜ਼ੇ ਲੈਂਦੇ। ਲੋਹੜੀ ਦੇ ਤਿਉਹਾਰ ਮਨਾਂਦੇ। ਪ੍ਰੀਤ ਨਗਰ ਦੀ ਸਟੇਜ 'ਤੇ ਨਾਟਕਾਂ ਵਿਚ ਭਾਗ ਲੈਂਦੇ। 'ਰਾਜਕੁਮਾਰੀ ਲਤਿਕਾ' ਦੇ ਨਾਟਕ ਵਿਚ ਉਨ੍ਹਾਂ ਇਕ ਪਾਦਰੀ ਦਾ ਪਾਰਟ ਬੜੀ ਕਾਮਯਾਬੀ ਨਾਲ ਨਿਭਾਇਆ। ਵਡਿਆਂ ਨਾਲ ਰਲ ਕੇ ਤਾਸ਼ ਭੀ ਖੇਡਦੇ ਅਤੇ ਬਾਕਾਇਦਾ ਬਾਜ਼ੀਆਂ ਜਿਤਦੇ ਹਾਰਦੇ ਅਤੇ ਸਾਥੀਆਂ ਨੂੰ ਹਾਰ ਪਰਵਾਨ ਕਰਨੀ ਭੀ ਸਿਖਾਂਦੇ।

ਪ੍ਰੀਤ ਨਗਰ ਦੇ ਹਰ ਖੇਤਰ ਵਿਚ ਸਰਦਾਰ ਗੁਰਬਖ਼ਸ਼ ਸਿੰਘ ਪੂਰੀ ਤਰ੍ਹਾਂ ਛਾਏ ਰਹਿੰਦੇ ਸਨ। ਹਰ ਨਿਕੀ ਮੋਟੀ ਯੋਜਨਾ ਵਿਚ ਪੂਰੀ ਦਿਲਚਸਪੀ ਲੈ ਕੇ ਕਾਰਿੰਦਿਆਂ ਨੂੰ ਸਲਾਹ ਮਸ਼ਵਰਾ ਦਿੰਦੇ ਰਹਿੰਦੇ। ਬੰਜਰ ਧਰਤੀ ਨੂੰ ਹਰੇ ਭਰੇ ਲਾਅਨ ਅਤੇ ਫੁੱਲਾਂ ਬੂਟਿਆਂ ਨਾਲ ਸਜਾਉਣ ਲਈ ਉਚੇਚੇ ਯਤਨ ਕਰਦੇ ਰਹਿੰਦੇ। ਪ੍ਰਸਿਧ

ਨਾਟਕਕਾਰ ਮਿਸਜ਼ ਨੋਰਾਹ ਰਿਚਰਡਸ ਜਦ ਪਹਿਲੀ ਵਾਰ ਪ੍ਰੀਤ ਨਗਰ ਆਏ ਤਾਂ ਉਸ ਦਿਨ ਸ੍ਰ: ਗੁਰਬਖ਼ਸ਼ ਸਿੰਘ ਨੂੰ ਲਾਹੌਰ ਕਿਸੇ ਜ਼ਰੂਰੀ ਮੀਟਿੰਗ 'ਤੇ ਜਾਣਾ ਪੈ ਗਿਆ। ਮੇਰੇ ਨਾਲ ਨਗਰੀ ਵਿਚ ਘੁੰਮਦੇ ਫਿਰਦੇ ਹਰ ਚੀਜ਼ ਨੂੰ ਬੜੇ ਗਹੁ ਨਾਲ ਦੇਖਦੇ ਰਹੇ। ਜਦ ਮੈਂ ਦਾਰ ਜੀ ਦੀ ਗੈਰ-ਹਾਜ਼ਰੀ ਦਾ ਕਾਰਨ ਦਸ ਕੇ ਉਨ੍ਹਾਂ ਵਲੋਂ ਮੁਆਫ਼ੀ ਮੰਗੀ ਤਾਂ ਨੌਰਾਹ ਰਿਚਰਡਸ ਦੇ ਕਹੇ ਭਾਵ-ਪੂਰਤ ਸ਼ਬਦ – "I see him every where" – ਮੈਂ ਉਨ੍ਹਾਂ ਨੂੰ ਹਰ ਕੋਨੇ ਵਿਚ ਦੇਖ ਰਹੀ ਹਾਂ – ਮੈਂ ਕਦੀ ਨਹੀਂ ਭੁਲ ਸਕਿਆ, ਅਰਥਾਤ-ਪ੍ਰੀਤ ਨਗਰ ਦੇ ਸਿਰਜਣਹਾਰ ਦੀ ਹਰ ਕ੍ਰਿਤ ਤੋਂ ਉਸ ਨੂੰ ਉਨ੍ਹਾਂ ਦੇ ਸਾਖਿਆਤ ਦਰਸ਼ਨ ਹੋ ਰਹੇ ਹਨ–ਪ੍ਰਤਖ ਨੂੰ ਪ੍ਰਮਾਣ ਦੀ ਕੀ ਲੋੜ।

ਸਰਦਾਰ ਗੁਰਬਖ਼ਸ਼ ਸਿੰਘ ਦੀ ਸ਼ਖ਼ਸੀਅਤ ਦਾ ਇਕ ਹੋਰ ਬੜਾ ਦਿਲਚਸਪ ਪਹਿਲੂ ਸੀ–ਦੂਜਿਆਂ ਦੇ ਦੁਖੜੇ ਸੁਣਨੇ, ਡੋਲਦੇ ਮਨਾਂ ਨੂੰ ਧਾਰਸ ਦੇਣੀ, ਵਲੂੰਹਦੜੇ ਪੜਛੇ ਹਿਰਦਿਆਂ ਨੂੰ ਹਲੂਣਾ ਦੇ ਕੇ ਡੁਬਣ ਤੋਂ ਬਚਾਉਣਾ। ਕਈ ਨੌਜਵਾਨ ਮੁਟਿਆਰਾਂ, ਪ੍ਰੀਤ ਵਿਹੂਣੀਆਂ 'ਪਤੀ ਪ੍ਰਮੇਸ਼ਵਰ' ਦੇ ਅਤਿਆਚਾਰ ਤੋਂ ਸਤੀਆਂ ਹੋਈਆਂ ਜਵਾਨ ਨਵ-ਵਿਆਹੀਆਂ ਇਸਤ੍ਰੀਆਂ ਦਾਰ ਜੀ ਦੇ ਮੋਢੇ ਨਾਲ ਲਗ ਕੇ ਸਿਸਕੀਆਂ ਲੈਂਦੀਆਂ, ਹਟਕੋਰੇ ਭਰਦੀਆਂ, ਅਥਰੂਆਂ ਦੀ ਝੜੀ ਨਾਲ ਆਪਣੇ ਦੁੱਖ ਦਰਦਾਂ ਦੀਆਂ ਕਹਾਣੀਆਂ ਸੁਣਾ ਕੇ ਆਪਣਾ ਮਨ ਹੌਲਾ ਕਰਦੀਆਂ। ਦਾਰਜੀ ਪੂਰੀ ਤਰ੍ਹਾਂ ਉਨ੍ਹਾਂ ਦੇ ਮਨਾਂ ਦੀ ਦਸ਼ਾ ਅਨੁਭਵ ਕਰ ਕੇ ਉਨ੍ਹਾਂ ਦੇ ਮਨੋਬਲ ਅਤੇ ਆਤਮ-ਵਿਸ਼ਵਾਸ ਨੂੰ ਤਕੜਾ ਕਰਨ ਦੇ ਉਪਰਾਲੇ ਕਰਦੇ। ਅਜਿਹੇ ਮਾਨਸਕ ਰੋਗਾਂ ਵਿਚ ਗ੍ਰਸੇ ਕਈ ਇਸਤ੍ਰੀਆਂ ਮਰਦ ਦਾਰ ਜੀ ਦੀ ਅਗਵਾਈ ਨਾਲ ਆਤਮ-ਘਾਤ ਦੇ ਰਾਹ ਤੋਂ ਮੁੜ ਪਏ ਅਤੇ ਅਨੇਕਾਂ ਨੇ ਜੀਵਨ ਦੇ ਔਖੇ ਰਸਤਿਆਂ ਨਾਲ ਸਮਝੌਤਾ ਕਰ ਕੇ ਸਾਧਾਰਨ ਜੀਵਨ ਬਤੀਤ ਕਰਨਾ ਸ਼ੁਰੂ ਕਰ ਦਿੱਤਾ। ਦਾਰ ਜੀ ਦੀ ਆਤਮਕ ਹਮਦਰਦੀ ਅਜਿਹੇ ਵਿਅਕਤੀਆਂ ਲਈ ਇਕ ਪਰਕਾਰ ਦਾ ਮਨੋਵਿਗਿਆਨਿਕ ਇਲਾਜ ਸਾਬਤ ਹੋਇਆ।

ਸਰਦਾਰ ਗੁਰਬਖ਼ਸ਼ ਸਿੰਘ ਦੇ 'ਸਹਿਜ ਪ੍ਰੀਤ' ਦੇ ਫ਼ਲਸਫ਼ੇ ਨੇ ਕਈ 'ਭੁਖੀਆਂ ਆਤਮਾਂ' ਨੂੰ ਇਨ੍ਹਾਂ ਦੀ ਅਲੌਕਿਕ ਡੂੰਘੀ ਪ੍ਰੀਤ ਨਾਲ ਕੀਲ ਲਿਆ। ਕਈ 'ਅਣੋਖੇ ਤੇ ਇਕੱਲੇ ਜੀਵ ਇਨ੍ਹਾਂ ਦੇ ਜਾਦੂ ਭਰਪੂਰ ਪ੍ਰੀਤ ਵਿਗੁਤੇ ਸ਼ਬਦਾਂ ਤੇ ਵਾਕਾਂ ਨਾਲ ਇਨ੍ਹਾਂ ਨੂੰ ਆਪਣੇ 'ਆਸ਼ਕ' ਦੇ ਰੂਪ ਵਿਚ ਅਨੁਭਵ ਕਰਨ ਲਗ ਪਏ। ਆਪਣੀਆਂ ਲਿਖਤਾਂ ਵਿਚ ਸਰਦਾਰ ਗੁਰਬਖ਼ਸ਼ ਸਿੰਘ ਨੇ ਅਜਿਹੀਆਂ ਕਈ ਅਲੌਕਿਕ ਪ੍ਰੇਮਿਕਾਵਾਂ ਦਾ ਆਪਣੀ ਹੀ ਨਿਰਾਲੀ ਸ਼ਬਦ ਰਚਨਾ ਵਿਚ ਜ਼ਿਕਰ ਕੀਤਾ ਹੈ।

ਪ੍ਰੀਤ ਨਗਰ ਦੀ ਸੁਪਨ ਨਗਰੀ ਸਚ ਮੁਚ ਹੀ ਇਕ ਸੁਪਨੇ ਤੋਂ ਹੋਂਦ ਵਿਚ ਆਈ ਪਰ ਦੇਸ ਦੀ ਵੰਡ ਨਾਲ 'ਇਹ ਸੁੰਦਰ ਸੁਪਨਾ ਬੀਤ ਗਿਆ।' ਗੁਰੂ ਨਾਨਕ ਦੇਵ ਜੀ ਨੇ ਇਕ ਚੰਗੇਰੇ ਮਨੁੱਖਾਂ ਦੇ ਪਿੰਡ ਨੂੰ ਵਰ ਦਿੱਤਾ ਸੀ, "ਉੱਜੜ ਜਾਓ" ਅਤੇ ਮੰਦੇ ਲੋਕਾਂ ਦੇ ਪਿੰਡਾਂ ਨੂੰ ਅਸੀਸ ਦਿੱਤੀ ਸੀ "ਵਸਦੇ ਰਹੋ!" ਮਰਦਾਨੇ ਦੀ ਹੈਰਾਨੀ ਦਾ ਉੱਤਰ ਦਿੰਦਿਆਂ ਗੁਰੂ ਜੀ ਨੇ ਫ਼ੁਰਮਾਇਆ ਸੀ : "ਚੰਗੇਰੇ ਮਨੁੱਖ ਜਿੱਥੇ ਜਾਣਗੇ, ਦੂਜਿਆਂ ਨੂੰ ਸਿੱਧੇ ਰਾਹ ਪਾਣਗੇ ਅਤੇ ਮੰਦੇ ਕਾਰਜਾਂ ਵਿਚ ਰੁੱਝੇ ਇਨਸਾਨ ਉੱਥੇ ਹੀ ਵਸਦੇ ਰਹਿਣ ਤਾਂ ਮਨੁਖਤਾ ਲਈ ਠੀਕ ਹੀ ਰਹੇਗਾ, ਉਨ੍ਹਾਂ ਦੇ ਐਬਾਂ ਤੋਂ ਬਚੇ ਰਹਿਣਗੇ।"

ਸੋ ਇਹ ਹੀ ਪ੍ਰੀਤ ਨਗਰ ਦੇ ਵਾਸੀਆਂ ਦੀ ਕਿਸਮਤ ਵਿਚ ਧੁਰੋਂ ਲਿਖਿਆ ਭਵਿਖਤ ਸੀ। ਉੱਥੋਂ ਦੇ ਵਿਛੜੇ ਪਰਵਾਰ, ਸਕੂਲਾਂ ਦੇ ਵਿਦਿਆਰਥੀ, ਅਧਿਆਪਕ ਅਜ ਦੇਸ ਦੇ ਹਰ ਕੋਣੇ ਵਿਚ ਜਾ ਵੱਸੇ ਹਨ। ਅਨੇਕਾਂ ਕਈ ਪਰਦੇਸਾਂ ਦੇ ਵਸਨੀਕ ਬਣ ਗਏ ਹਨ ਪਰ ਹਰ ਅਜਿਹੇ ਵਿਅਕਤੀਆਂ ਦੇ ਦਿਮਾਗਾਂ ਤੇ ਮਨਾਂ ਵਿਚ, ਉਨ੍ਹਾਂ ਦੀਆਂ ਰੂਹਾਂ ਵਿਚ ਪ੍ਰੀਤ ਨਗਰ ਦੀਆਂ ਸੁਹਾਉਣੀਆਂ ਯਾਦਾਂ ਦੇ ਇਤਨੇ ਡੂੰਘੇ ਪ੍ਰਭਾਵ ਪੈ ਗਏ ਹਨ ਕਿ ਉਹ ਲੋਕ ਉਨ੍ਹਾਂ ਅਲੌਕਿਕ ਯਾਦਾਂ ਨੂੰ ਚੇਤੇ ਕਰ ਕਰ ਕੇ ਸਦਾ ਖੀਵੇ ਹੁੰਦੇ ਰਹਿੰਦੇ ਹਨ। ਅਜ ਦੇ ਆਪੋ ਧਾਪੋ ਦੇ ਯੁੱਗ ਵਿਚ ਨਾ ਉਹੋ ਜਹੀਆਂ ਦੋਸਤੀਆਂ, ਨਾ ਪਿਆਰ ਪ੍ਰੀਤ ਦੀਆਂ ਸਾਂਝਾਂ ਬਣਦੀਆਂ ਹਨ।

ਜ਼ਿੰਦਗੀ ਦੀ ਦੌੜ ਸਦੀਵੀ ਹੈ

ਜ਼ਿੰਦਗੀ ਦੀ ਦੌੜ ਸਦੀਵੀ ਹੈ। ਇਹਦੇ ਵਿਚੋਂ ਸਦਾ ਲਈ ਕੋਈ ਨਹੀਂ ਹਾਰਦਾ। ਵਕਤੀ ਹਾਰਾਂ ਤੋਂ ਸਬਕ ਲੈ ਕੇ ਨਵੇਂ ਸਿਰਿਓਂ ਦੌੜਨ ਲਈ ਤਿਆਰ ਹੋਣਾ ਚਾਹੀਦਾ ਹੈ। ਜੀਵਨ-ਪਿੜ ਵਿਚੋਂ ਇੱਕਲਵਾਂਵੇ ਹੋ ਕੇ ਸ਼ਰਾਬ ਜਾਂ ਹੋਰ ਕਿਸੇ ਝੂਠੇ ਆਸਰੇ ਨਾਲ ਗ਼ਮ ਗ਼ਲਤ ਕਰਨ ਤੇ ਉਪਰਾਲੇ ਨਹੀਂ ਸੋਚਣੇ ਚਾਹੀਦੇ। ਗ਼ਮ ਕਿਸੇ ਨਸ਼ੇ ਦੀ ਓਟ ਨਾਲ ਗ਼ਲਤ ਨਹੀਂ ਹੁੰਦੇ। ਮਨੁੱਖ ਦੀ ਹਿੰਮਤ, ਸੂਝ ਤੇ ਲਗਨ ਨਾਲ ਗ਼ਮ ਪੈਦਾ ਕਰਨ ਵਾਲੀਆਂ ਹਾਲਤਾਂ ਬਦਲੀਆਂ ਜਾ ਸਕਦੀਆਂ ਹਨ, ਅਜਿਹੀਆਂ ਨਵੀਆਂ ਖ਼ੁਸ਼ੀਆਂ ਲੱਭੀਆਂ ਤੇ ਉਸਾਰੀਆਂ ਜਾ ਸਕਦੀਆਂ ਹਨ, ਜਿਹੜੀਆਂ ਅਮਿਟ ਗ਼ਮਾਂ ਦਾ ਭਾਰ ਹੌਲਾ ਕਰ ਦੇਣ। ਹਿੰਮਤ ਵਾਲੇ, ਸੂਝਵਾਨ ਲੋਕ ਗ਼ਮਾਂ ਨਾਲ ਸਗੋਂ ਆਪਣੇ ਅੰਦਰੋਂ ਨਵੀਆਂ ਸਿਫ਼ਤਾਂ ਜਗਾ ਲੈਂਦੇ ਹਨ।

ਗੁਰਬਖ਼ਸ਼ ਸਿੰਘ

ਗੁਰਬਖਸ਼ ਸਿੰਘ ਦੀ ਸਮੁੱਚੀ ਰਚਨਾ ਤੇ ਇਕ ਝਾਤ

ਡਾ: ਪ੍ਰੇਮ ਸਿੰਘ

ਇਕ ਮਹਾਨ ਲੇਖਕ ਦੀ ਕਿਸੇ ਦੂਜੇ ਲੇਖਕ ਨਾਲ ਤੁਲਨਾ ਕਰਨਾ ਔਖੀ ਹੈ ਤੇ ਗ਼ਲਤ ਵੀ ਕਿਉਂਕਿ ਲੇਖਕ ਦੀ ਦੇਣ ਅਤੇ ਉਸਦਾ ਪ੍ਰਭਾਵ ਚਿਰ-ਸਥਾਈ ਤੇ ਬਹੁਪੱਖੀ ਹੁੰਦੇ ਹਨ। ਫੇਰ ਵੀ ਇਹ ਗੱਲ ਤਾਂ ਨਿਰਸੰਦੇਹ ਕਹੀ ਜਾ ਸਕਦੀ ਹੈ ਕਿ ਸ੍ਰ: ਗੁਰਬਖਸ਼ ਸਿੰਘ ਦੀ ਲੇਖਣੀ ਨੇ ਕਿਸੇ ਵੀ ਹੋਰ ਪੰਜਾਬੀ ਲੇਖਕ ਨਾਲੋਂ ਪਾਠਕਾਂ ਨੂੰ ਸਭ ਤੋਂ ਵੱਧ ਪ੍ਰਭਾਵਤ ਕੀਤਾ ਹੈ। ਇਹ ਪ੍ਰਭਾਵ ਵੀ ਇਕਹਿਰਾ ਨਹੀਂ, ਦੂਹਰਾ, ਤੀਹਰਾ ਹੈ। ਸਭ ਤੋਂ ਪਹਿਲਾਂ ਇਸ ਨੇ ਪੰਜਾਬੀ ਪੜ੍ਹਣ ਦਾ ਮੋਹ ਜਗਾਇਆ ਹੈ, ਫੇਰ ਸੋਚਣ ਲਾਇਆ ਹੈ, ਇਨਸਾਨੀ ਜਜ਼ਬਿਆਂ ਦੀ ਕੋਮਲਤਾ ਨੂੰ ਸਮਝਣ ਦਾ ਹੁਨਰ ਸਿਖਾਇਆ ਹੈ, ਪਰ ਇਸ ਸਭ ਕੁਝ ਤੋਂ ਵੱਧ ਜੀਵਨ ਬਤੀਤ ਕਰਨ ਦੀ ਸਚੱਜੀ ਜਾਚ ਸਿਖਾਈ ਹੈ, ਇਸ ਸੰਸਾਰ ਪ੍ਰਤੀ ਅਰਥ-ਭਰਪੂਰ ਦ੍ਰਿਸ਼ਟੀਕੋਣ ਅਪਣਾਉਣ ਦੀ ਪ੍ਰੇਰਨਾ ਦਿੱਤੀ ਹੈ ਤੇ ਮਨੁੱਖਤਾ ਦੇ ਸੁਨਹਿਰੀ ਭਵਿਖ ਦੀ ਕਾਮਨਾ ਉਤੇਜਿਤ ਕੀਤੀ ਹੈ। ਕਿਸੇ ਵੀ ਪੈਮਾਨੇ ਨਾਲ ਮਾਪਿਆਂ ਇਸ ਦੇਣ ਦਾ ਮੁਲ ਬੇਓੜਕ ਤੇ ਸਦੀਵੀ ਹੀ ਮਿਥਿਆ ਜਾਏਗਾ।

ਇਹ ਪ੍ਰਭਾਵ ਇਤਿਹਾਸਕ ਪ੍ਰਸਥਿਤੀਆਂ ਦੀ ਪੈਦਾਵਾਰ ਹੈ ਤੇ ਇਨ੍ਹਾਂ ਨੂੰ ਬਦਲਣ ਦੀ ਚੇਸ਼ਟਾ ਦੀ ਪ੍ਰਤੀਕ ਇਕ ਸ਼ਕਤੀ ਵੀ। ਮੁਢਲੀ ਵੀਹਵੀਂ ਸਦੀ ਦਾ ਪੰਜਾਬ, ਜੋ ਸ੍ਰ: ਗੁਰਬਖਸ਼ ਸਿੰਘ ਦੇ ਵਿਚਾਰਾਂ ਤੇ ਅਹਸਾਸਾਂ ਲਈ ਇਕ ਪਰਿਸ਼ਟ-ਭੂਮੀ ਵਜੋਂ ਸਮਝਿਆ ਜਾ ਸਕਦਾ ਹੈ, ਅਨੇਕ ਤਰ੍ਹਾਂ ਦੇ ਸਮਾਜਕ ਬੰਧਨਾਂ ਵਿੱਚ ਗ੍ਰਸਿਆ ਹੋਇਆ ਸੀ ਤੇ ਅੰਗ੍ਰੇਜ਼ ਹਕੂਮਤ ਦੀ ਰਾਜਸੀ, ਗ਼ੁਲਾਮੀ ਏਥੇ ਉਚੇਚੀ ਸ਼ਿੱਦਤ ਨਾਲ ਪ੍ਰਤੱਖ ਸੀ। ਕਿਸਾਨ ਖਾਸ ਤੌਰ ਉਤੇ ਉਸ ਸਮੇਂ ਦੇ ਕੇਂਦਰੀ ਜਿਲਿਆਂ ਵਿੱਚ ਕੰਗਾਲੀ ਦਾ ਸ਼ਿਕਾਰ ਸਨ। ਬਹੁਤੇ ਸ਼ਹਿਰ ਅਜੇ ਕਸਬਿਆਂ ਦੇ ਰੂਪ ਵਿਚ ਹੀ ਸਨ। ਰੇਲ ਤੇ ਡਾਕ ਸੇਵਾ ਚਲਿਆਂ ਅਜੇ ਬਹੁਤਾ ਸਮਾਂ ਨਹੀਂ ਹੋਇਆ ਸੀ ਤੇ ਅੰਗ੍ਰੇਜ਼ੀ ਵਿਦਿਆ ਦਾ ਵੀ ਇਹ ਅਜੇ ਅਰੰਭਕ ਦੌਰ ਹੀ ਸੀ। ਅੰਗ੍ਰੇਜ਼ੀ ਰਾਜ-ਪ੍ਰਬੰਧ ਦੀਆਂ ਦੋ ਮੁਖੀ ਲੋੜਾਂ ਸਨ, ਏਥੋਂ ਦੀਆਂ ਖੇਤੀ-ਬਾੜੀ ਦੀਆਂ ਵਸਤਾਂ ਵੀ ਬਰਾਮਦ ਤੇ ਬਰਤਾਨਵੀ ਫੋਜ ਲਈ ਪੰਜਾਬੀ ਰੰਗਰੂਟਾਂ ਦੀ ਭਰਤੀ। ਬਰਤਾਨਵੀ ਰਾਜ ਦੀ ਪੰਜਾਬ ਬਾਰੇ ਨੀਤੀ ਦਾ ਇਹ ਦੋ ਲੋੜਾਂ ਧੁਰਾ ਸਨ। ਇਓਂ ਹਕੂਮਤ ਨੂੰ ਪੰਜਾਬ ਨੂੰ ਆਰਥਕ ਤੇ ਸਮਾਜਕ ਪਖੋਂ ਪਛੜਿਆ ਰਖਣਾ ਹੀ ਰਾਸ ਸੀ। ਅਜਿਹੇ ਪੰਜਾਬ ਦੀ ਗਿਣਤੀ ਦੇ ਪਾਠਕਾਂ ਲਈ ਉਨ੍ਹਾਂ ਦੀ ਉਸ ਬੋਲੀ ਵਿੱਚ ਲਿਖਣਾ ਜਿਸ ਨੂੰ ਅਜੇ ਸਕੂਲ ਦੀ ਦਸਵੀਂ ਜਮਾਤ ਪਾਸ ਕਰਨ ਲਈ ਅਖਤਿਆਰੀ ਮਜ਼ਮੂਨਾਂ ਵਿੱਚ ਗਿਣੇ ਜਾਣ ਨਾਲੋਂ ਵੱਧ ਪਰਵਾਨਗੀ ਕਿਸੇ ਥਾਂ ਵੀ ਨਹੀਂ ਮਿਲੀ ਸੀ, ਸੂਰਮਗਤੀ ਤਾਂ ਹੈ ਹੀ, ਉਸ ਤੋਂ ਵੀ ਵੱਡੀ ਬਹਾਦਰੀ ਇਹ ਸੀ ਕਿ ਪੰਜਾਬੀਆਂ ਨੂੰ ਇਕ ਨਵੀਂ ਤਰ੍ਹਾਂ ਦੀ ਰੋਸ਼ਨ-ਦਿਮਾਗੀ ਦੀ ਚੇਟਕ ਲਾਉਣੀ, ਉਨ੍ਹਾਂ ਨੂੰ ਸੰਸਾਰ ਸਭਿਆਚਾਰ ਦੀਆਂ ਉਤਮ ਪ੍ਰਾਪਤੀਆਂ ਬਾਰੇ ਜਾਣੂ ਕਰਵਾਉਣਾ ਤੇ ਚੇਤੰਨ ਸਹਿਰੀਆਂ ਵਜੋਂ ਉਨ੍ਹਾਂ ਦੇ ਮਾਨਸਿਕ ਵਿਕਾਸ ਦਾ ਉਪਰਾਲਾ ਕਰਨਾ। ਏਸੇ ਲਈ ਇਹ ਮਹਿਜ਼ ਇਤਫ਼ਾਕ ਨਹੀਂ ਸੀ ਕਿ 'ਪ੍ਰੀਤ ਲੜੀ' ਦੇ ਪ੍ਰਕਾਸ਼ਨ ਨੂੰ ਖਾਸ ਤੌਰ ਉਤੇ ਤੇ ਸ੍ਰ: ਗੁਰਬਖਸ਼ ਸਿੰਘ ਦੇ ਜੀਵਨ-ਫ਼ਲਸਫ਼ੇ ਨੂੰ ਆਮ ਤੋਰ ਉਤੇ ਪੰਜਾਬੀ ਪਾਠਕਾਂ ਵਲੋਂ ਤਕੜਾ ਹੁੰਗਾਰਾ ਮਿਲਿਆ। ਇਓਂ ਪ੍ਰਤੀਤ ਹੋਇਆ ਕਿ ਪੁਰਾਤਨ ਕਦਰਾਂ ਵਿੱਚ ਗ੍ਰਸੇ ਪੰਜਾਬ ਨੂੰ ਇਕ ਨਵਾਂ ਚਾਨਣਮੁਨਾਰਾ ਮਿਲ ਗਿਆ ਹੈ, ਜਿਸ ਦੀ ਡਾਢੀ ਲੋੜ ਸੀ।

ਨਿਸਚੇ ਹੀ ਅਮਰੀਕਾ ਵਿੱਚ ਪੜ੍ਹਾਈ ਕਰਦਿਆਂ ਨੌਜਵਾਨ ਗੁਰਬਖਸ਼ ਸਿੰਘ ਦਾ ਮਨ ਉਥੋਂ ਦੀ ਖੁਸ਼ਹਾਲੀ ਦੇ ਸਭਯ ਵਾਤਾਵਰਣ ਤੋਂ ਪ੍ਰਭਾਵਤ ਹੋਇਆ। ਪਹਿਲੀ ਸੰਸਾਰ ਜੰਗ ਤੋਂ ਆਮਰੀਕਾ ਨਿਰਲੇਪ ਰਿਹਾ ਸੀ ਤੇ ਦੂਜੀ ਦੇ ਪਰਛਾਵੇਂ ਅਜੇ ਢੇਰ ਦੁਰੇਡੇ ਸਨ। ਇਸ ਸਦੀ ਦੇ ਤੀਜੇ ਦਹਾਕੇ ਦੇ ਅਖੀਰੀ ਵਰ੍ਹਿਆਂ ਦਾ ਮੰਦਵਾੜਾ ਅਜੇ ਵਾਪਰਿਆ ਨਹੀਂ ਸੀ। ਅਮਰੀਕਾ ਪਤਰਕਾਰੀ, ਗਲਪ ਸਾਹਿਤ ਤੇ ਸਮਾਜਕ ਜੀਵਨ ਵਿੱਚ ਵਪਾਰ-ਸੇਧੀਆਂ ਸਮਾਜਕ ਵਿਹਾਰ ਦੀਆਂ ਕਦਰਾਂ ਹਾਵੀ ਹੋ ਰਹੀਆਂ ਸਨ ਪਰ ਸ੍ਰ: ਗੁਰਬਖਸ਼ ਸਿੰਘ ਦੇ ਅਭਿਆਸ ਵਿੱਚ ਇਨ੍ਹਾਂ ਵਿਚਲਾ ਸਾਊ, ਸਭਯ, ਆਜ਼ਾਦੀ-ਪਸੰਦ ਤੇ ਮਾਨਵਵਾਦੀ ਅੰਸ਼ ਹੀ ਸਾਰਥਕ ਸੀ। ਇਹ ਸੰਭਵ ਨਹੀਂ ਕਿ ਅਮਰੀਕਾ ਵਿੱਚ ਰਹਿੰਦਿਆਂ ਸ੍ਰ: ਗੁਰਬਖਸ਼ ਸਿੰਘ ਆਰਥਕ ਖੁਸ਼ਹਾਲੀ ਦੇ ਪਿਛਵਾੜੇ ਵਿੱਚ ਉਸ ਸਮੇਂ ਦੀ ਕਾਲੇ ਲੋਕਾਂ ਦੀ ਗ਼ਰੀਬੀ ਤੇ ਬੇਰੁਜ਼ਗਾਰੀ ਤੋਂ ਨਾਵਾਕਫ਼ ਹੋਣ ਜਾਂ ਉਨ੍ਹਾਂ ਨੂੰ ਇਹ ਅਹਿਸਾਸ ਨਹੀਂ ਸੀ ਕਿ ਇਸ ਖੁਸ਼ਹਾਲੀ ਦੀ ਪਰਿਸ਼ਟਭੂਮੀ ਵਿੱਚ ਫੌਲਾਦ ਤੇ ਤੇਲ ਦੀਆਂ ਸਨਅਤਾਂ ਦੀਆਂ ਇਜਾਰੇਦਾਰੀਆਂ ਗਲ-ਵੱਢ ਮੁਕਾਬਲਿਆਂ ਰਾਹੀਂ ਉਸਰੀਆਂ ਸਨ। ਪਰ ਉਨ੍ਹਾਂ ਨੇ ਅਜਿਹੇ ਪ੍ਰਭਾਵਾਂ ਨੂੰ ਹੀ ਕਬੂਲਿਆ ਜੋ ਉਨ੍ਹਾਂ ਦੀਆਂ ਨਜ਼ਰਾਂ ਵਿੱਚ ਉਸ ਸਮੇਂ ਦੇ ਭਾਰਤ ਲਈ ਕੁਝ ਅਰਥ ਰਖਦੇ ਸਨ। ਇਸੇ ਵਿੱਚ ਹੀ ਉਨ੍ਹਾਂ ਦੀ ਅੰਤ੍ਰੀਵ ਮਾਨਵਤਾ, ਦੇਸ਼-ਭਗਤੀ ਤੇ ਪੰਜਾਬੀ-ਪਿਆਰ ਦਾ ਰਾਜ਼ ਹੈ। ਇਹ ਨਿਰਣਾ ਲੈਣਾ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਆਮ ਤੌਰ ਉਤੇ ਪ੍ਰਾਪਤ ਕੁਝ ਟਿੱਪਣੀਆਂ ਵਿੱਚ ਅਮਰੀਕੀ ਜੀਵਨ ਦੇ ਉਨ੍ਹਾਂ ਦੀ ਆਪਣੀ ਦਿੱਖ ਉਤੇ ਪਏ ਪ੍ਰਭਾਵ ਨੂੰ ਬਹੁਤ ਵਧਾ-ਚੜ੍ਹਾਅ ਕੇ ਵੇਖਿਆ ਜਾਂਦਾ ਹੈ। ਇਹ ਧਿਆਨ ਵਿੱਚ ਨਹੀਂ ਰਖਿਆ ਜਾਂਦਾ ਕਿ ਕਿਸੇ ਓਪਰੇ ਸਭਿਆਚਾਰਕ ਪਿੜ ਦਾ ਉਤਾਰਾ ਭਾਵੇਂ ਉਹ ਕਿੰਨੀ ਨਿਪੁੰਨਤਾ ਨਾਲ ਹੀ ਉਲੀਕਿਆ ਕਿਉਂ ਨਾ ਗਿਆ ਹੋਵੇ ਕਿਸੇ ਦੂਜੇ ਸਭਿਆਚਾਰਕ ਪਿੜ ਵਿੱਚ ਆਪਣੀ ਥਾਂ ਨਹੀਂ ਬਣਾ ਸਕਦਾ ਜੇ ਅਜਿਹੇ ਸਭਿਆਚਾਰਾਂ ਵਿਚਲੀ ਸੰਵੇਦਨਾ ਸਾਂਝੀ ਨਾ ਹੋਵੇ। ਅਸਲੀਅਤ ਇਹ ਹੈ ਕਿ ਲੇਖਕ ਦੀਆਂ ਮੁਢਲੀਆਂ ਕਹਾਣੀਆਂ ਵਿੱਚ ਵੀ, ਜਿਸ ਸਮੇਂ ਅਮਰੀਕੀ ਜੀਵਨ ਦਾ ਪ੍ਰਭਾਵ ਮੰਨਿਆ ਜਾ ਸਕਦਾ ਹੈ, ਕਿਤੇ ਵੀ ਪੱਛਮੀ ਜੀਵਨ-ਜਾਂਚ ਦੀ ਵਕਾਲਤ ਨਹੀਂ ਮਿਲਦੀ ਭਾਂਵੇਂ ਕਿ ਇਨ੍ਹਾਂ ਦੇਸ਼ਾਂ ਦੇ ਆਮ ਲੋਕਾਂ ਵਲੋਂ ਨਸਲੀ ਵਿਤਕਰੇ ਤੇ ਹੋਰਨਾਂ ਕੁਰੀਤੀਆਂ ਤੋਂ ਮੁਕਤ ਸਮਾਜਕ ਵਰਤਾਓ ਦੀ ਸ਼ਲਾਘਾ ਬਹੁਤ ਥਾਈਂ ਕੀਤੀ ਗਈ ਹੈ। ਉਸ ਸਮੇਂ ਦੀਆਂ ਕਹਾਣੀਆਂ ਦੇ ਪਾਤਰ ਅਜਿਹੀਆਂ ਸਮੱਸਿਆਵਾਂ ਨਾਲ ਜੂਝਦੇ ਹਨ, ਜਿਹੜੀਆਂ ਨਿਰੋਲ ਭਾਰਤੀ ਤੇ ਪੰਜਾਬੀ ਜੀਵਨ ਦੀਆਂ ਸਮੱਸਿਆਵਾਂ ਹਨ। ਇਹ ਪਾਤਰ ਅਨੋਖੇ ਜ਼ਰੂਰ ਹਨ, ਉਨ੍ਹਾਂ ਦਾ ਵਾਤਾਵਰਣ ਵੀ ਕਈ ਥਾਂਈ ਅਸਾਧਾਰਨ ਹੈ, ਉਨ੍ਹਾਂ ਦੀ ਸਮਾਜਕ ਦਿਖ ਵੀ ਨਵੀਂ ਹੈ ਪਰ ਉਨ੍ਹਾਂ ਦੀ ਘਾਲਣਾ ਦੀ ਸੇਧ ਸਮਕਾਲੀ ਪੰਜਾਬੀ ਜੀਵਨ ਵਿੱਚ ਸਿਹਤਮੰਦ ਤਬਦੀਲੀਆਂ ਲਿਆਉਣ ਵਲ ਹੈ। ਇਹ ਰੁਚੀ ਉਨ੍ਹਾਂ ਦੇ ਮੁਢਲੇ ਸਾਹਿਤਕ ਜੀਵਨ ਵਿੱਚ ਰਚੇ

ਗਏ ਅਨੇਕਾਂ ਨਿਬੰਧਾਂ ਵਿੱਚ ਤਾਂ ਬਹੁਤ ਸਪਸ਼ਟ ਤੇ ਕਾਰਗਰ ਢੰਗ ਨਾਲ ਉਜਾਗਰ ਹੈ, ਜਿਸ ਬਾਰੇ ਕਿਸੇ ਤਰ੍ਹਾਂ ਦੇ ਸੰਦੇਹ ਦੀ ਗੁੰਜਾਇਸ਼ ਨਹੀਂ।

ਏਥੇ ਇਹ ਕਹਿਣਾ ਯੋਗ ਹੋਵੇਗਾ ਕਿ ਆਪਣੇ ਪਾਠਕਾਂ ਦੇ ਸੁਹਜ-ਸਵਾਦੀ ਤੇ ਬੌਧਿਕ ਮਿਆਰ ਨੂੰ ਸਾਹਮਣੇ ਰਖਦਿਆਂ ਤੇ ਉੱਚਾ ਕਰਨਾ ਲੋਚਦਿਆਂ ਲੇਖਕ ਨੇ ਸਦਾ ਉਨ੍ਹਾਂ ਨੂੰ ਗਿਆਨ ਤੇ ਸਭਿਆਚਾਰ ਦੀਆਂ ਨਵੀਨਤਮ ਪ੍ਰਾਪਤੀਆਂ ਬਾਰੇ ਵਿਸ਼ੇਸ਼ ਤੌਰ ਉਤੇ ਰੋਚਕ ਢੰਗ ਨਾਲ ਜਾਣੂ ਕਰਵਾਉਣ ਦਾ ਜਤਨ ਕੀਤਾ ਹੈ ਤੇ ਇਉਂ ਉਨ੍ਹਾਂ ਨੂੰ ਸੌੜੀਆਂ ਧਾਰਮਕ, ਭੂਗੋਲਕ ਤੇ ਕੌਮੀ ਹੱਦਾਂ ਤੋਂ ਪਾਰ ਸਮੁਚੇ ਮਾਨਵਵਾਦ ਦੇ ਸਨਮੁੱਖ ਹੋਣ ਦੇ ਯੋਗ ਬਣਾਉਣ ਦੀ ਚੇਸ਼ਟਾ ਕੀਤੀ ਹੈ।

ਪੰਜਾਬੀ ਸਾਹਿਤ ਜਗਤ ਵਿੱਚ ਸ੍ਰ: ਗੁਰਬਖ਼ਸ਼ ਸਿੰਘ ਦੇ ਜੀਵਨ ਫ਼ਲਸਫ਼ੇ ਬਾਰੇ ਵਿਆਪਕ ਚਰਚਾ ਹੁੰਦੀ ਰਹੀ ਹੈ। 'ਪ੍ਰੀਤ ਲੜੀ' ਵਿੱਚ ਛਪੀਆਂ ਉਨ੍ਹਾਂ ਦੀਆਂ ਲਿਖਤਾਂ ਤੇ ਪ੍ਰੀਤ ਨਗਰ ਦੀ ਸਥਾਪਨਾ ਜਿਥੇ ਇਕ ਨਵੀਂ ਤਰ੍ਹਾਂ ਦੀ ਰਹਿਣੀ-ਬਹਿਣੀ ਮੌਲੀ-ਵਿਗਸੀ, ਜਗੀਰੂ ਕਦਰਾਂ ਦੇ ਸ਼ਿਕੰਜੇ ਵਿੱਚ ਸਹਿਕਦੇ ਪੰਜਾਬ ਲਈ ਸਭਿਆਚਾਰਕ ਇਨਕਲਾਬ ਦਾ ਸੰਕੇਤ ਸਨ। ਜਿਵੇਂ ਕਿ ਉਮੀਦ ਕੀਤੀ ਜਾ ਕਦੀ ਸੀ ਇਸ ਨਵੇਂ ਤਜਰਬੇ ਨੂੰ ਉਸ ਸਮੇਂ ਦੇ ਅਗਾਂਹਵਧੂ ਵਿਚਾਰਵਾਨਾਂ ਵਲੋਂ ਯੂਟੋਪੀਆ ਕਿਹਾ ਗਿਆ ਜਦ ਕਿ ਸੰਕੀਰਨ ਸੋਚ ਵਾਲਿਆਂ ਨੇ ਇਸ ਨੂੰ ਬਦਇਖ਼ਲਾਕੀ ਤੇ ਨਾਸਤਕਤਾ ਦੇ ਪ੍ਰਚਾਰ ਕੇਂਦਰ ਦਾ ਨਾਂ ਦਿੱਤਾ। ਇਕ ਲੇਖਕ ਵਜੋਂ ਸ੍ਰ: ਗੁਰਬਖ਼ਸ਼ ਸਿੰਘ ਦਾ ਉਚੇਚਾ ਗੁਣ ਇਹ ਸੀ ਕਿ ਉਹ ਖ਼ੁਦ ਕਿਸੇ ਵਿਵਾਦ ਵਿੱਚ ਨਾ ਪਏ ਤੇ ਉਨ੍ਹਾਂ ਨੇ ਸਭ ਤਰ੍ਹਾਂ ਦੀ ਆਲੋਚਨਾ ਤੇ ਹਰ ਤਰ੍ਹਾਂ ਦੇ ਮਿਹਣੇ ਖਿੜੇ ਮੱਥੇ ਬਰਦਾਸ਼ਤ ਕਰਦਿਆਂ ਆਪਣਾ ਸਾਹਿਤਕ ਤੇ ਸਮਾਜਕ ਪੰਧ ਰਵਾਂ-ਰਵੀਂ ਜਾਰੀ ਰਖਿਆ। ਆਜ਼ਾਦੀ ਦੇ ਸੰਗਰਾਮ ਦੀਆਂ ਸਫ਼ਲਤਾਵਾਂ, ਦੂਜੀ ਸੰਸਾਰ ਜੰਗ ਵਿੱਚ ਫਾਸਿਸਟ ਤਾਕਤਾਂ ਉਤੇ ਮਨੁੱਖਤਾ ਦੀ ਜਿੱਤ ਤੇ ਸੋਵੀਅਤ ਯੂਨੀਅਨ, ਚੀਨ ਤੇ ਦੂਜੇ ਸਮਾਜਵਾਦੀ ਦੇਸ਼ਾਂ ਵਿੱਚ ਇਕ ਨਵੀਂ ਤਰ੍ਹਾਂ ਦੇ ਸਮਾਜ ਦੀ ਉਸਾਰੀ ਉਨ੍ਹਾਂ ਦੀ ਡੂੰਘੀ ਦਿਲਚਸਪੀ ਦਾ ਕੇਂਦਰ ਸਨ। ਇਨ੍ਹਾਂ ਸਭ ਤਬਦੀਲੀਆਂ ਨੂੰ ਆਪਣੇ ਮਾਨਵਵਾਦੀ ਤੇ ਸੁਹਜਵਾਦੀ ਝਰੋਖੇ ਵਿਚੋਂ ਵੇਖਦਿਆਂ ਸ੍ਰ: ਗੁਰਬਖ਼ਸ਼ ਸਿੰਘ ਖਾਸ ਤੌਰ ਉਤੇ ਛੇਵੇਂ ਦਹਾਕੇ ਤੋਂ ਆਰੰਭ ਕਰਕੇ ਇਨ੍ਹਾਂ ਪ੍ਰਤੀ ਡੂੰਘੀ ਸਦਭਾਵਨਾ ਤੇ ਸਨੇਹ ਦੇ ਰਿਸ਼ਤਿਆਂ ਵਿੱਚ ਬਝ ਗਏ। ਉਸ ਸਮੇਂ ਦੀ ਸੰਸਾਰ ਅਮਰ ਲਹਿਰ ਵਿੱਚ ਉਨ੍ਹਾਂ ਦੇ ਸ਼ਾਮਲ ਹੋ ਜਾਣ ਨਾਲ ਇਸ ਲਹਿਰ ਦਾ ਘੇਰਾ ਮੋਕਲਾ ਹੋਇਆ ਤੇ ਇਸ ਗੱਲ ਨੇ ਪੰਜਾਬ ਤੇ ਪੰਜਾਬੀ ਬੋਲੀ ਦਾ ਸਿਰ ਉੱਚਾ ਕੀਤਾ।

ਸ੍ਰ: ਗੁਰਬਖ਼ਸ਼ ਸਿੰਘ ਦੀ ਇਕ ਅਲੌਕਿਕ ਦੇਣ, ਜਿਹੜੀ ਸਦਾ ਜਿਉਂਦੀ-ਜਾਗਦੀ ਤੇ ਨਰੋਈ-ਸੱਜਰੀ ਰਹੇਗੀ, ਉਨ੍ਹਾਂ ਦੀ ਪ੍ਰੀਤ-ਦ੍ਰਿਸ਼ਟੀ ਹੈ, ਜਿਸ ਨੂੰ ਉਨ੍ਹਾਂ ਦਾ ਪਿਆਰ-ਫ਼ਲਸਫ਼ਾ ਵੀ ਕਿਹਾ ਗਿਆ ਹੈ। ਉਨ੍ਹਾਂ ਦੀ ਇਹ ਦ੍ਰਿਸ਼ਟੀ ਖ਼ੁਦ ਇਸ ਕੁਦਰਤੀ ਮਨੁੱਖੀ ਜਜ਼ਬੇ ਜਿੰਨੀ ਹੀ ਬਹੁ-ਰੰਗੀ ਤੇ ਵਚਿੱਤਰ ਹੈ। ਉਨ੍ਹਾਂ ਦੀਆਂ ਕਹਾਣੀਆਂ ਦੇ ਨਾਇਕ, ਨਾਇਕਾਵਾਂ, ਖਾਸ ਤੌਰ ਉਤੇ ਮੁਢਲੀਆਂ ਕਹਾਣੀਆਂ ਦੇ, ਇਕ ਦੂਜੇ ਪ੍ਰਤੀ ਓੜਕਾਂ ਦਾ ਸਨੇਹ ਰਖਦੇ ਹੋਏ ਵੀ, ਮੁੱਖ ਰੂਪ ਵਿੱਚ ਇਕ ਭਗਤੀ-ਰੰਗਾ ਪਿਆਰ ਕਰਦੇ ਹਨ, ਜਿਸ ਵਿੱਚ ਅਕੀਦਤ ਤੇ ਇਬਾਦਤ ਵਧੇਰੇ ਹੈ, ਪ੍ਰਾਪਤੀ ਲਈ ਤਾਂਘ ਤੇ ਤੜਪ ਓਨੀ ਨਹੀਂ, ਖਾਸ ਤੌਰ ਉਤੇ ਜਦੋਂ ਕਿ ਦਿੱਤੀ ਗਈ ਅਵੱਸਥਾ ਵਿੱਚ ਕੋਈ ਨਿਗਰ ਅਸੰਭਵਤਾ ਮੌਜੂਦ ਹੈ। ਇਸ ਅਸੰਭਵਤਾ ਦੀ ਔਖੀ ਘਾਟੀ ਨੂੰ ਇਹ ਪਾਤਰ ਸੁਪਨ ਉਡਾਰੀਆਂ ਵਿੱਚ ਪਾਰ ਕਰਨ ਦੀ ਚੇਸ਼ਟਾ ਕਰਦੇ ਹਨ। ਪਿਆਰ ਦਾ ਇਕ ਦੂਜਾ ਰੰਗ ਵੀ ਹੈ, ਜਿਸ ਵਿੱਚ ਇਹ ਜਜ਼ਬਾ ਤਾਂ ਤੀਬਰਤਾ ਦੀਆਂ ਸਿਖਰਾਂ ਛੂੰਹਦਾ ਹੈ ਪਰ ਹਾਲਾਤ ਪ੍ਰੇਮੀਆਂ ਨੂੰ ਇਕੱਠਾ ਨਹੀਂ ਹੋਣ ਦੇਂਦੇ। ਫੇਰ ਵੀ ਉਹ ਇਕ ਦੂਜੇ ਲਈ ਜਿਉਂਈਂ ਜਾਂਦੇ ਹਨ। ਜੇ ਦੁਖਾਂਤ ਵੀ ਵਾਪਰਦੇ ਹਨ ਤਾਂ ਉਸ ਦਾ ਆਧਾਰ ਅਜਿਹਾ ਇਕ-ਪਾਸੜ ਪਿਆਰ ਨਹੀਂ ਜਿਸ ਦੇ ਹੁੰਗਾਰੇ ਵਿੱਚ ਕੋਈ ਕਸਰ ਰਹਿ ਗਈ ਹੋਵੇ। ਹੁੰਗਾਰਾ ਪੂਰਾ ਹੈ ਪਰ ਹਾਲਾਤ ਹਾਵੀ ਹਨ। ਪਿਆਰ ਦੀ ਕਸਕ ਵਿੱਚ ਕੋਈ ਫ਼ਰਕ ਨਹੀਂ। ਪਿਆਰ ਦਾ ਇਕ ਹੋਰ ਰੂਪ 'ਨਨ੍ਹੀ ਲਿਲਾਹ' ਵਿੱਚ ਹੈ। ਸੱਤ ਅੱਠ ਵਰ੍ਹਿਆਂ ਦੀ ਨਨ੍ਹੀ ਲਿਲਾਹ ਲੇਖਕ ਨਾਲ ਏਨਾ ਮੋਹ ਪਾ ਲੈਂਦੀ ਹੈ ਕਿ ਉਹ ਕਹਾਣੀ ਦੇ ਅੰਤ ਵਿੱਚ ਇਹ ਯਾਦਗਾਰੀ ਵਾਕ ਅੰਕਿਤ ਕਰਦਾ ਹੈ, ਜਿਹੜੇ ਇਕ ਤਰ੍ਹਾਂ ਨਾਲ ਉਸ ਦੀ ਪ੍ਰੀਤ-ਦ੍ਰਿਸ਼ਟੀ ਦਾ ਪਹਿਲਾ ਸ਼ਕਤੀਸ਼ਾਲੀ ਉਲੇਖ ਪੇਸ਼ ਕਰਦੇ ਹਨ।

''ਓ ਪ੍ਰੀਤ! ਤੂੰ ਮੁਲਕ ਨਹੀਂ ਵੇਖਦੀ--ਕੌਮ ਨਹੀਂ ਵੇਖਦੀ, ਲਹੂ ਨਹੀਂ ਵੇਖਦੀ, ਉਮਰ ਨਹੀਂ ਵੇਖਦੀ--ਜਿਥੇ ਜੀਅ ਆਵੀ, ਜਿਦ੍ਹੇ ਨਾਲ ਜੀਅ ਆਵੀ ਆਪਣੀਆਂ ਪੁਸ਼ਪ-ਕੜੀਆਂ ਨਾਲ ਤੂੰ ਮੈਨੂੰ ਕੱਸ ਦੇਨੀ ਏਂ!''

ਸਹਿਜ-ਪ੍ਰੀਤ ਦਾ ਸਿਧਾਂਤ ਬਦਲ ਰਹੀ ਸਮਾਜਕ ਸਥਿਤੀ ਦਾ ਤਕਾਜ਼ਾ ਸੀ। ਸ੍ਰ: ਗੁਰਬਖ਼ਸ਼ ਸਿੰਘ ਨੇ ਸੁਝਾਇਆ ਕਿ ਇਸਤਰੀ-ਮਰਦ ਸੰਬੰਧ ਦੋਸਤੀ ਦੇ ਹੋ ਸਕਦੇ ਹਨ ਤੇ ਜੇ ਦੋਸਤੀ ਵਿਆਹ ਦੇ ਸਾਮਜਕ ਸੰਬੰਧ ਵਿਚ ਨਹੀਂ ਵਟਦੀ ਤਦ ਵੀ ਦੋਹਾਂ ਧਿਰਾਂ ਦੇ ਵਿਆਹੁਤਾ ਜੀਵਨ ਨਾਲ ਇਸ ਦਾ ਵਿਰੋਧ ਜ਼ਰੂਰੀ ਨਹੀਂ, ਇਕ ਦੂਜੇ ਵਿੱਚ ਦਿਲਚਸਪੀ ਤੇ ਸਾਂਝ ਆਪਸੀ ਭਲਾਈ ਉਤੇ ਆਧਾਰਤ ਹਨ। ਅਜਿਹੇ ਪਿਆਰ ਵਿੱਚ ਅਹਿਸਾਸ ਦੀ ਗਹਿਰਾਈ ਦੇ ਬਾਵਜੂਦ ਕਿਸੇ ਤੀਜੀ ਧਿਰ ਵਲੋਂ ਈਰਖਾ ਦੀ ਗੁੰਜਾਇਸ਼ ਨਹੀਂ। ਅਤੇ ਕਿਉਂਕਿ ਪਿਆਰ ਨਿਰੋਲ ਸ਼ੁਭ-ਕਾਮਨਾ ਉਤੇ ਉਸਾਰਿਆ ਗਿਆ ਹੁੰਦਾ ਹੈ, ਇਸ ਵਿੱਚ ਦੁਖਾਂਤ ਦੀ ਵੀ ਗੁੰਜਾਇਸ਼ ਨਹੀਂ ਰਹਿੰਦੀ ਕਿਉਂਕਿ ਇਹ ਵਿਰੋਧ ਦੇ ਸਨਮੁੱਖ ਲਚਕ ਨਾਲ ਅੱਗੇ ਨਿਕਲ ਜਾਣ ਦਾ ਦਾਈਆ ਰਖਦਾ ਹੈ। ਅਸਲ ਵਿੱਚ ਇਹ ਲੇਖਕ ਦਾ ਅਥਾਹ ਆਸ਼ਾਵਾਦੀ ਰੁਮਾਂਸਵਾਦ ਹੈ ਜਿਸ ਕਾਰਨ ਉਸ ਦੀਆਂ ਕਹਾਣੀਆਂ ਦੇ ਪਾਤਰ ਪਿਆਰ ਦੀ ਸਾਰੀ ਤੀਬਰਤਾ ਦੇ ਬਾਵਜੂਦ, ਇਸ ਨੂੰ ਜ਼ਿੰਦਗੀ ਮੌਤ ਦਾ ਸੰਗ੍ਰਾਮ ਨਹੀਂ ਬਣਾਉਂਦੇ। ਏਸੇ ਤਰ੍ਹਾਂ ਉਨ੍ਹਾਂ ਦੇ ਲੇਖਾਂ ਵਿੱਚ ਕਿਉਂਕਿ ਸਾਰਾ ਜ਼ੋਰ ਜ਼ਿੰਦਗੀ ਨੂੰ ਚੰਗੇਰੀ, ਸਵੱਛ ਤੇ ਕਾਮਯਾਬ ਬਣਾਉਣ ਉਤੇ ਹੈ, ਇਸ ਲਈ ਕਿਤੇ ਵੀ ਪਿਆਰ ਦੇ ਜਜ਼ਬੇ ਦਾ ਇਨ੍ਹਾਂ ਆਸ਼ਿਆਂ ਨਾਲ ਵਿਰੋਧ ਪੈਦਾ ਹੁੰਦਾ ਜ਼ਾਹਿਰ ਨਹੀਂ ਕੀਤਾ ਗਿਆ, ਸਗੋਂ ਇਸ ਨੂੰ ਇਨ੍ਹਾਂ ਦੀ ਪੂਰਤੀ ਦੇ ਇਕ ਮਾਧਿਅਮ ਵਜੋਂ ਸਮਝਿਆ ਤੇ ਬਿਆਨ ਕੀਤਾ ਗਿਆ ਹੈ।

ਸ੍ਰ: ਗੁਰਬਖ਼ਸ਼ ਸਿੰਘ ਦੀ ਦੇਣ ਦਾ ਇਤਿਹਾਸਕ ਮਹੱਤਵ ਇਸ ਖਾਸ ਗੱਲ ਵਿੱਚ ਹੈ ਕਿ ਉਨ੍ਹਾਂ ਪੰਜਾਬੀ ਵਾਰਤਕ ਨੂੰ ਪ੍ਰਗਤੀ ਦੀ ਇਕ ਨਵੀਂ ਪੱਧਰ ਉਤੇ ਲਿਆ ਖੜਾ ਕੀਤਾ। ਆਧੁਨਿਕ ਹੁੰਦਿਆਂ ਹੋਇਆਂ ਵੀ ਪੂਰਵ ਗੁਰਬਖ਼ਸ਼ ਸਿੰਘ ਕਾਲ ਦੀ ਪੰਜਾਬੀ ਬੋਲੀ ਧਾਰਮਕ ਰੰਗਣ ਵਿੱਚ ਰੰਗੀ ਹੋਈ ਹੁੰਦੀ ਸੀ ਤੇ ਇਸ ਵਿੱਚ ਲਏ ਗਏ ਪੱਖ ਤੇ ਵਿਚਾਰੇ ਗਏ ਵਿਸ਼ੇ ਧਾਰਮਕ ਹੀ ਹੁੰਦੇ ਸਨ।

ਉਪਰੰਤ ਸੱਭੇ ਰੂਪਕ, ਅਲੰਕਾਰ ਤੇ ਦਰਿਸ਼ਟਾਂਤ ਧਾਰਮਕ ਸੋਮਿਆਂ ਤੋਂ ਲਏ ਗਏ ਹੁੰਦੇ ਸਨ। ਇਉਂ ਪੰਜਾਬੀ ਬੋਲੀ ਪੁਰਾਤਨ ਕਦਰਾਂ ਕੀਮਤਾਂ ਦੀ ਵਿਆਖਿਆ ਤੋਂ ਅਗੇ ਨਹੀਂ ਜਾਂਦੀ ਸੀ। ਅਵੱਲ ਤਾਂ ਉਸ ਸਮੇਂ ਕਿਸੇ ਰੀਤੀ-ਰਵਾਜ ਨੂੰ ਚੈਲਿੰਜ ਕਰਨ ਦੀ ਪਿਰਤ ਨਹੀਂ ਪਈ ਸੀ। ਪਰ ਜੇ ਕਿਸੇ ਥਾਂ ਪੁਰਾਤਨਤਾ ਦੇ ਕਿਸੇ ਪਰਗਟਾਵੇ ਨੂੰ ਚੁਣੌਤੀ ਦਿੱਤੀ ਵੀ ਜਾਂਦੀ ਸੀ ਤਾਂ ਇਸ ਦਾ ਆਧਾਰ ਵੀ ਧਰਮ-ਸੁਧਾਰ ਹੀ ਹੁੰਦਾ ਸੀ। ਸ੍ਰ: ਗੁਰਬਖਸ਼ ਸਿੰਘ ਨੇ ਇਕ ਨਵੀਂ ਮੰਤਕੀ ਸ਼ੈਲੀ ਨੂੰ ਜਨਮ ਦਿੱਤਾ ਤੇ ਇਉਂ ਕਰਦਿਆਂ ਇਸ ਦੀ ਰੌਚਕਤਾ ਲਈ ਪੰਜਾਬੀ ਬੋਲੀ ਦੇ ਅਮੀਰ ਵਿਰਸੇ ਨੂੰ ਆਧੁਨਿਕ ਸ਼ਬਦਾਵਲੀ ਵਿੱਚ ਢਾਲ ਦਿੱਤਾ। ਨਿਬੰਧਾਂ ਲਈ ਵਿਸ਼ਿਆਂ ਦੀ ਚੋਣ ਦਾ ਸੰਬੰਧ ਸਿੱਧੇ ਤੌਰ ਉਤੇ ਸਮਾਜ ਵਿੱਚ ਅਗਰਗਾਮੀ ਤਬਦੀਲੀਆਂ ਲਿਆਉਣ ਨਾਲ ਸੀ। ਸ੍ਰ: ਗੁਰਬਖਸ਼ ਸਿੰਘ ਨੇ ਆਪਣੀ ਨਵੇਕਲੀ ਸ਼ੈਲੀ ਨੂੰ ਸਮਾਜਕ ਤੇ ਵਿਹਾਰਕ ਜੀਵਨ ਵਿੱਚ ਲੋੜੀਂਦੇ ਸੁਧਾਰਾਂ ਲਈ ਤੇ ਪਾਠਕਾਂ ਦੀ ਸੋਚ ਵਿੱਚ ਅਨੁਕੂਲ ਇਨਕਲਾਬੀ ਤਬਦੀਲੀਆਂ ਲਿਆਉਣ ਲਈ ਇਕ ਕਾਰਗਰ ਹਥਿਆਰ ਵਜੋਂ ਵਰਤਿਆ।

ਉੱਤਮ ਦਰਜੇ ਦੀ ਇਕ ਹੋਰ ਖੂਬੀ ਉਨ੍ਹਾਂ ਦੀ ਸ਼ੈਲੀ ਬਾਰੇ ਧਿਆਨ ਗੋਚਰੇ ਕੀਤੀ ਗਈ ਹੈ। ਇਹ ਹੈ ਲਿਖਤ ਦੇ ਲਹਿਜੇ ਦੀ ਅੰਤ੍ਰੀਵ ਨਿਰਮਾਣਤਾ ਜਿਸ ਦੀਆਂ ਜੜ੍ਹਾਂ ਪੰਜਾਬੀ ਸਭਿਆਚਾਰ ਵਿੱਚ ਡੂੰਘੀਆਂ ਹਨ ਤੇ ਜਿਸ ਨੂੰ ਗੁਰਬਾਣੀ, ਭਗਤ ਬਾਣੀ ਤੇ ਸੂਫੀ ਕਾਵਿ ਨੇ ਜੀਵਨ-ਫ਼ਲਸਫ਼ੇ ਦਾ ਰੁਤਬਾ ਦਿੱਤਾ ਹੈ। ਆਪਣੇ ਨਿਬੰਧਾਂ ਵਿੱਚ ਸ੍ਰ: ਗੁਰਬਖਸ਼ ਸਿੰਘ ਦਾ ਲਿਖਣ-ਢੰਗ ਪੰਡਤਾਊ ਨਹੀਂ ਤੇ ਸੁਝਾਊ ਵੀ ਨਹੀਂ। ਸਗੋਂ ਪਾਠਕ ਉਤੇ ਇਹ ਪ੍ਰਭਾਵ ਪੈਂਦਾ ਹੈ ਕਿ ਲੇਖਕ ਉਸ ਦੇ ਆਪਣੇ ਦਿਲ ਦੀ ਗੱਲ ਕਹਿ ਗਿਆ ਹੈ। ਕਹਾਣੀਆਂ ਵਿੱਚ ਨਾਇਕ, ਨਾਇਕਾਵਾਂ ਆਪਣੇ ਇਸ਼ਟ ਦੀ ਪ੍ਰਾਪਤੀ ਲਈ ਇਕ ਤਰ੍ਹਾਂ ਦੇ ਭਗਤੀ ਭਾਵ ਵਿੱਚ ਲੀਨ ਰਹਿੰਦੇ ਹਨ। ਇਹ ਪਾਤਰ ਨਿਰਜਿੰਦ ਤੇ ਨਿਰਉਤਸ਼ਾਹ ਨਹੀਂ ਹਨ। ਉਨ੍ਹਾਂ ਵਿੱਚ ਜਵਾਨੀ ਦਾ ਜੋਸ਼ ਵੀ ਹੈ, ਹੁਸਨ ਦੀ ਆਬ ਵੀ ਪਰ ਦਿਲ ਉਨ੍ਹਾਂ ਦੇ ਭਗਤਾਂ ਫ਼ਕੀਰਾਂ ਵਾਲੇ ਹਨ, ਜਿਹੜੇ ਆਪਣੇ ਪ੍ਰੀਤਮ ਲਈ ਸੰਗੀਤਮਈ ਰਹਿੰਦੇ ਹਨ ਤੇ ਪਿਆਰ ਦੀ ਭਿਖਿਆ ਤੋਂ ਬਿਨਾਂ ਕਿਸੇ ਵਸਤੂ ਦੀ ਆਰਜ਼ੂ ਨਹੀਂ ਰਖਦੇ।

ਉਨ੍ਹਾਂ ਦੀ ਏਡੀ ਬੇਓੜਕ ਸਾਹਿਤਕ ਘਾਲਣਾ ਦਾ ਮੁਲੰਕਣ ਕਰਦਿਆਂ ਉਨ੍ਹਾਂ ਦੀਆਂ ਵਧੇਰੇ ਚਰਚਿਤ ਲਿਖਤਾਂ ਵਿਚੋਂ ਕੁਝ ਇਕ ਦਾ ਜ਼ਿਕਰ ਕਰਨਾ ਹੀ ਏਥੇ ਸੰਭਵ ਹੋਵੇਗਾ। ਉਨ੍ਹਾਂ ਦੇ ਨਿਬੰਧ ਡਾਢੀ ਦਿਲਚਸਪੀ ਨਾਲ ਪੜ੍ਹੇ ਜਾਂਦੇ ਰਹੇ ਹਨ ਤੇ ਇਨ੍ਹਾਂ ਕਰਕੇ ਹੀ ਮੁੱਖ ਰੂਪ ਵਿੱਚ ਉਨ੍ਹਾਂ ਦੇ ਵਿਚਾਰਾਂ ਦਾ ਪ੍ਰਭਾਵ ਪੰਜਾਬੀ ਪਾਠਕਾਂ ਉਤੇ ਪਿਆ। ਸ਼ਾਇਦ ਹੀ ਕੋਈ ਉਘਾ ਪੰਜਾਬੀ ਲੇਖਕ ਅਜਿਹਾ ਹੋਵੇ ਜਿਸ ਨੇ ਸ੍ਰ: ਗੁਰਬਖਸ਼ ਸਿੰਘ ਦੇ ਵਿਚਾਰਾਂ ਤੇ ਉਨ੍ਹਾਂ ਦੀ ਸਖਸ਼ੀਅਤ ਤੋਂ ਕੁਝ ਨਾ ਕੁਝ ਗਰਿਹਣ ਕਰਨ ਦਾ ਉਪਰਾਲਾ ਨਾ ਕੀਤਾ ਹੋਵੇ ਅਥਵਾ ਆਪਣੇ ਦ੍ਰਿਸ਼ਟੀਕੋਣ ਤੇ ਆਪਣੀ ਸਾਹਿਤ-ਸਿਰਜਣਾ ਵਿੱਚ ਉਨ੍ਹਾਂ ਦੀ ਪ੍ਰਬਲ ਤੇ ਜਾਦੂਮਈ ਸ਼ੈਲੀ ਦਾ ਅਸਰ ਕਬੂਲ ਨਾ ਕੀਤਾ ਹੋਵੇ। 'ਸੁਖਾਵੀਂ ਸੁਧਰੀ ਜ਼ਿੰਦਗੀ' ਦੀ ਨਿਬੰਧ-ਸ਼ੈਚੀ ਪਹਿਲੀਂ ਵਾਰ 1943 ਵਿੱਚ ਛਪੀ। ਇਸ ਵਿੱਚ ਇਕ ਲੰਮੇ ਲੇਖ--'ਕਿਓਂ ਪਓ ਉਲਝਣਾਂ ਵਿਚ'--ਰਾਹੀਂ, ਲੇਖਕ ਨੇ ਮਨੁੱਖੀ ਜਜ਼ਬਿਆਂ, ਅਕੀਦਿਆਂ ਤੇ ਸੰਬੰਧਾਂ ਨੂੰ ਵੀਹ ਹਿਸਿਆਂ ਵਿੱਚ ਵੰਡ ਕੇ ਇਨ੍ਹਾਂ ਉਤੇ ਟਿੱਪਣੀ ਕੀਤੀ। ਉਨ੍ਹਾਂ ਲਿਖਿਆ ਕਿ ਰੱਬ ਆਪਣੀ ਰਚਨਾ, ਭਾਵ ਇਸ ਦੁਨੀਆਂ ਤੋਂ ਵੱਖ ਨਹੀਂ। ਮਨੁੱਖੀ ਸਰੀਰ ਤੇ ਮਨੁੱਖੀ ਆਤਮਾ ਇਸੇ ਰੱਬ ਦੇ ਹੀ ਨਿੱਕੇ ਜਿਹੇ ਦੋ ਭਾਗ ਹਨ। ਜ਼ਿੰਦਗੀ ਤੇ ਮੌਤ ਨੂੰ ਹਸਤੀ ਦਾ ਸਦਾ ਚਲਦਾ ਰਹਿਣ ਵਾਲਾ ਅਮਲ ਦਸਦਿਆਂ ਉਨ੍ਹਾਂ ਲਿਖਿਆ :-

''ਮੌਤ ਨੂੰ ਮੈਂ ਆਪਣੀ ਜੀਵਨ ਨਦੀ ਦਾ ਸਾਗਰ ਵਿੱਚ ਰਲ ਜਾਣਾ ਸਮਝਦਾ ਹਾਂ। ਫੇਰ ਮੈਂ ਨਹੀਂ, ਸਦਾ ਓਹੀ ਸਾਗਰ ਹੋਵੇਗਾ। ਮੈਨੂੰ ਨਾ ਕਿਸੇ ਨਰਕ ਦਾ ਡਰ ਹੈ, ਨਾ ਕਿਸੇ ਸੁਰਗ ਦੀ ਆਸ ਹੈ, ਨਾ ਕਿਸੇ ਧਰਮਰਾਜ ਦੇ ਨਿਰਣੇ ਦਾ ਸਹਿਮ ਹੈ - ਕਿਉਂਕਿ ਮੈਂ ਸਮਝਦਾ ਹਾਂ, ਰੋਜ਼ਾਨਾ ਮੇਰਾ ਨਿਰਣਾ ਹੁੰਦਾ ਜਾ ਰਿਹਾ ਹੈ, ਮੇਰੀ ਹਰ ਚਾਲ ਮੇਰਾ ਜੀਵਨ-ਜਾਲ ਘਟਾ ਜਾ ਵਧਾ ਰਹੀ ਹੈ ਤੇ ਓੜਕ ਜਿੰਨਾ ਜਲ ਮੈਂ ਆਪਣੇ ਤੇ ਕੰਢਿਆਂ ਵਿੱਚ ਇਕੱਠਾ ਕੀਤਾ ਹੋਵੇ, ਓਨੇ ਨੂੰ ਨਾਲ ਲੈ ਕੇ ਮੈਂ ਮਹਾਂਸਾਗਰ ਵਿੱਚ ਜਾਣਾ ਹੈ।''

'ਤਕਦੀਰਾਂ' ਦੀ ਗੱਲ ਕਰਦਿਆਂ ਉਨ੍ਹਾਂ ਲਿਖਿਆ ਕਿ ''ਤਕਦੀਰ ਦਾ ਬਹੁਤਾ ਭਾਗ ਮੇਰੀ ਜੀਵਨ-ਜਾਚ ਹੈ। .....ਤਕਦੀਰਾਂ ਭੁਗਤਣਾ ਨਹੀਂ, ਤਕਦੀਰਾਂ ਬਣਾਨਾ ਹੀ ਜ਼ਿੰਦਗੀ ਦੀ ਸਾਰੀ ਖੇਡ ਹੈ।''

ਇਸ ਤਰ੍ਹਾਂ ਦੀਆਂ ਵਿਗਿਆਨਕ ਤੇ ਦਾਰਸ਼ਨਿਕ ਟਿੱਪਣੀਆਂ ਉਨ੍ਹਾਂ ਨੇ ਇਨ੍ਹਾਂ ਮਸਲਿਆਂ ਉਤੇ ਵੀ ਕੀਤੀਆਂ: 'ਅਹਿੰਸਾ', 'ਸੁਤੰਤਰਤਾ', 'ਰਸਮ', 'ਦੇਸ਼-ਪਿਆਰ', 'ਆਦਰਸ਼-ਜੀਵਨ' ਆਦਿਕ।

ਇਨ੍ਹਾਂ ਵਿਸ਼ਿਆਂ ਤੇ ਲਿਖਦਿਆਂ ਸ੍ਰ: ਗੁਰਬਖਸ਼ ਸਿੰਘ ਨੇ ਮੁੱਖ ਰੂਪ ਵਿੱਚ ਇਸ ਗੱਲ ਨੂੰ ਸਾਹਮਣੇ ਰਖਿਆ ਕਿ ਇਨ੍ਹਾਂ ਬਾਰੇ ਸਮਕਾਲੀ ਸਮਾਜ ਵਿੱਚ ਪਏ ਭੁਲੇਖਿਆਂ ਨੂੰ ਦੂਰ ਕੀਤਾ ਜਾਵੇ। ਇਉਂ ਕਰਦਿਆਂ ਉਨ੍ਹਾਂ ਨੇ ਖਾਸ ਤੌਰ ਉਤੇ ਆਪਣੇ ਪੰਜਾਬੀ ਪਾਠਕਾਂ ਦੀ ਸੋਚ-ਪੱਧਰ ਨੂੰ ਸਾਹਮਣੇ ਰਖਿਆ। ਪਾਠਕਾਂ ਨਾਲ ਨੇੜਲਾ ਸੰਪਰਕ ਬਣਾਈ ਰਖਣਾ ਉਨ੍ਹਾਂ ਦੀ ਲਿਖਣ-ਵਿਧੀ ਦਾ ਇਕ ਅਟੁੱਟ ਅੰਗ ਸੀ। ਏਸੇ ਕਰਕੇ ਸਾਹਿਤ ਸਭਾਵਾਂ, ਗੋਸ਼ਟੀਆਂ ਤੇ ਕਾਨਫਰੰਸਾਂ ਤੋਂ ਆਮ ਤੌਰ ਉਤੇ ਅਲਗ ਰਹਿੰਦੇ ਹੋਏ ਤੇ ਆਪਣੀ ਰਚਨਾਤਮਿਕ ਕਿਰਿਆ ਉਤੇ ਸਾਰੀਆਂ ਸ਼ਕਤੀਆਂ ਕੇਂਦਰਿਤ ਕਰਦੇ ਹੋਏ ਵੀ, ਸ੍ਰ: ਗੁਰਬਖਸ਼ ਸਿੰਘ ਪੰਜਾਬੀ ਪਾਠਕਾਂ ਦੀਆਂ ਉਮੰਗਾਂ ਤੇ ਉਨ੍ਹਾਂ ਦੀਆਂ ਸੋਚਾਂ ਤੇ ਸੱਧਰਾਂ ਦੇ ਬਹੁਤ ਨੇੜੇ ਰਹੇ ਹਨ।

ਉਨ੍ਹਾਂ ਦੀ ਇਕ ਹੋਰ ਪ੍ਰਸਿੱਧ ਨਿਬੰਧ-ਸ਼ੈਲੀ, ਜਿਹੜੀ 1947 ਤੋਂ 1988 ਤਕ ਸੱਤ ਐਡੀਸ਼ਨਾਂ ਵਿੱਚ ਛਪ ਚੁੱਕੀ ਹੈ, 'ਨਵਾਂ ਸ਼ਿਵਾਲਾ' ਹੈ। ਇਸ ਵਿਚਲੇ ਲੇਖਾਂ ਵਿੱਚ ਪੁਰਾਣੇ ਅਕੀਦਿਆਂ ਨੂੰ ਤਜ ਦੇਣ ਤੇ ਮਨੁੱਖਾ ਜੀਵਨ ਨੂੰ ਨਵੇਂ ਵਿਸ਼ਵਾਸਾਂ ਨਾਲ ਭਰ ਦੇਣ ਦੀ ਤੀਬਰ ਪ੍ਰੇਰਣਾ ਦਿੱਤੀ ਗਈ ਹੈ। ਇਸ ਦੀ ਭੂਮਿਕਾ ਵਿੱਚ ਉਨ੍ਹਾਂ ਲਿਖਿਆ :-

''ਪੁਰਾਣੇ ਸ਼ਿਵਾਲੇ ਵਿੱਚ ਮਨੁੱਖ ਉਤੇ ਅੱਖਾਂ ਮੀਟੀਆਂ ਤੇ ਬੁੱਤਾਂ ਉਤੇ ਸਮਾਧੀਆਂ ਲਾਈਆਂ ਜਾਂਦੀਆਂ ਸਨ। ਨਵੇਂ ਸ਼ਿਵਾਲੇ ਵਿੱਚ ਮਨੁੱਖ ਦੀ ਹਰ ਅਹੁਰ ਦਾ ਦਾਰੂ ਮਨੁੱਖ ਹੈ।''

ਇਸ ਲੇਖ ਵਿੱਚ ਪੁਰਾਣੇ ਜੀਵਨ-ਸ਼ਿਵਾਲੇ ਭਾਵ ਮਨੁੱਖੀ ਜੀਵਨ ਬਾਰੇ ਪੁਰਾਣੇ ਨਿਸ਼ਚਿਆਂ ਤੇ ਧਾਰਨਾਵਾਂ ਦਾ ਵਿਆਪਕ ਪੈਮਾਨੇ ਉਤੇ ਰੱਦ ਕੀਤੇ ਜਾਣਾ ਨੋਟ ਕੀਤਾ ਗਿਆ ਹੈ। ਲੇਖਕ ਵਿਸ਼ਵਾਸਾਂ ਦੀ ਕਿਸੇ ਨਵੀਂ ਪ੍ਰਣਾਲੀ ਲਈ ਆਪਣੀ ਜੁਸਤਜੂ

ਜਾਰੀ ਰਖਦਾ ਪ੍ਰਤੀਤ ਹੁੰਦਾ ਹੈ। ਉਹ ਖ਼ੁਦ ਕੇਵਲ ਇਸ ਪ੍ਰਣਾਲੀ ਦੇ ਅਪਣਾਏ ਜਾਣ ਤੋਂ ਪੈਦਾ ਹੋਣ ਵਾਲੇ ਨਤੀਜਿਆਂ ਬਾਰੇ ਯਕੀਨ ਨਾਲ ਕਹਿ ਰਿਹਾ ਹੈ ਪਰ ਪ੍ਰਣਾਲੀ ਕੀ ਹੋਵੇ, ਇਸ ਗੱਲ ਨੂੰ ਪਾਠਕਾਂ ਉਤੇ ਛਡਦਾ ਹੈ। ਉਦੇਸ਼ ਉਸਨੂੰ ਸਪਸ਼ਟ ਹੈ ਭਾਵ ਪੈਦਾਇਸ਼ ਦੇ ਵਸੀਲੇ ਸਾਂਝੇ, ਸਾਇੰਸ ਸਾਂਝੀ, ਦੌਲਤ ਦੇ ਅੰਬਾਰ ਸਾਂਝੇ ਤੇ ਕਾਰਖਾਨਿਆਂ ਤੇ ਮਿਲਾਂ ਦਾ ਕੋਈ ਇਕੱਲਾ ਮਾਲਕ ਨਾ ਹੋਵੇ, ਦੁਨੀਆਂ ਦੀਆਂ ਲੜਦੀਆਂ ਭਿੜਦੀਆਂ ਤੇ ਮੰਦਾ ਬੋਲਦੀਆਂ ਕੌਮਾਂ ਸਾਰੀ ਦੁਨੀਆਂ ਨੂੰ ਆਪਣੇ ਪਿਆਰ ਤੇ ਹੁਸਨ ਦਾ ਬੇਕਿਨਾਰ ਅਖਾੜਾ ਪਛਾਣ ਲੈਣ, ਹਰ ਕਿਸੇ ਕੋਲੋਂ ਕੰਮ ਉਸਦੀ ਸਮਰਥਾ ਮੁਤਾਬਕ ਲਿਆ ਜਾਵੇ ਤੇ ਕਿਸੇ ਦੀ ਕੋਈ ਜਾਇਜ਼ ਲੋੜ ਅਪੂਰਨ ਨਾ ਰਹਿਣ ਦਿੱਤੀ ਜਾਵੇ, ਆਦਿਕ। ਇਹ ਪਰਿਭਾਸ਼ਾ ਬਹੁਤ ਹਦ ਤਕ ਮਾਰਕਸ ਵਲੋਂ ਕਮਿਊਨਿਜ਼ਮ ਬਾਰੇ ਦਿੱਤੀ ਗਈ ਪਰਿਭਾਸ਼ਾ ਨਾਲ ਮੇਲ ਖਾਂਦੀ ਹੈ। ਪਰ ਇਕ ਵੱਡਾ ਫ਼ਰਕ ਇਹ ਹੈ ਕਿ ਮਾਰਕਸ ਅਜਿਹੇ ਸਮਾਜ ਦੀ ਉਸਾਰੀ ਜਮਾਤੀ ਸੰਘਰਸ਼ ਉਤੇ ਆਧਾਰਤ ਲਾਜ਼ਮੀ ਇਨਕਲਾਬ ਰਾਹੀਂ ਵੇਖਦਾ ਹੈ ਪਰ ਸਾਡਾ ਲੇਖਕ ਅਜਿਹੇ ਉਦੇਸ਼ ਤਕ ਪਹੁੰਚਣ ਵਿੱਚ ਵਿਸ਼ਵਾਸ ਨੂੰ ਹੀ ਕਾਫ਼ੀ ਮੰਨਦਾ ਹੈ।

ਇਕ ਦੂਸਰੇ ਲੇਖ ਵਿੱਚ ਸੁੰਦਰਤਾ ਦੀ ਸਰਬ-ਪੱਖੀ ਵਿਆਖਿਆ ਕਰਦਿਆਂ ਤੇ ਇਸ ਨੂੰ 'ਰੱਬੀ ਚਿਤਰ' ਕਹਿੰਦਿਆਂ ਲੇਖਕ ਨੇ ਦੁਨੀਆਂ ਦੀਆਂ ਸਾਰੀਆਂ ਵਧੀਆ ਪ੍ਰਾਪਤੀਆਂ ਨੂੰ ਖ਼ੂਬਸੂਰਤੀ ਨੂੰ ਪਛਾਣਨ ਵਾਲੀਆਂ ਅੱਖਾਂ ਦੀ ਬਰਕਤ ਕਿਹਾ ਹੈ। ਇਨ੍ਹਾਂ ਅੱਖਾਂ ਨੇ ਤਹਿਜ਼ੀਬ ਦੇ ਨਕਸ਼ ਉਲੀਕੇ ਤੇ ਮਨੁੱਖਾ ਜ਼ਿੰਦਗੀ ਨੂੰ ਤਰੱਕੀ ਦੀਆਂ ਮੰਜ਼ਲਾਂ ਪਾਰ ਕਰਾਈਆਂ। ਤਰੱਕੀ ਦੇ ਏਸ ਅਮਲ ਵਿੱਚ 'ਸੁਹਣੇ ਮਨੁੱਖ' ਦੀ ਆਮਦ ਦੀ ਉਡੀਕ ਹੈ। ਉਸ ਦੇ ਆਉਣ ਦਾ ਸਮਾਂ ਉਹ ਹੋਵੇਗਾ ਜਦੋਂ ਸਭ ਤਰ੍ਹਾਂ ਦੀ ਪੁਰਾਤਨਤਾ ਤੇ ਸਭ ਤਰ੍ਹਾਂ ਦੀ ਗੰਦਗੀ ਖਤਮ ਹੋ ਚੁੱਕੀ ਹੋਵੇਗੀ। ਇਸ ਨਵੀਂ ਦੁਨੀਆਂ ਉਤੇ ਸੁਪਨਾ ਹੋਣ ਦਾ ਧੋਖਾ ਨਹੀਂ ਹੋ ਸਕੇਗਾ, ਇਸ ਦੁਨੀਆਂ ਤੋਂ ਬਾਹਰ ਕਿਸੇ ਸਵਰਗ ਦੀ ਕਲਪਨਾ ਦੀ ਵੀ ਲੋੜ ਨਹੀਂ ਰਹੇਗੀ।

1947 ਵਿੱਚ ਹੀ ਸ੍ਰ: ਗੁਰਬਖਸ਼ ਸਿੰਘ ਦੀ ਪੁਸਤਕ 'ਸਾਡੇ ਵਾਰਸ' ਪਹਿਲੀ ਵਾਰ ਛਪੀ। ਇਸ ਵਿੱਚ ਉਹ ਲੇਖ ਇਕੱਤਰ ਹਨ, ਜਿਹੜੇ ਬੱਚਿਆਂ ਦੀ ਚੰਗੀ ਤਰਬੀਅਤ ਦੇ ਆਸ਼ੇ ਨੂੰ ਸਾਹਮਣੇ ਰਖ ਕੇ ਲਿਖੇ ਗਏ ਹਨ। ਉਨ੍ਹਾਂ ਲਿਖਿਆ ਕਿ ਕਿਹੜੀਆਂ ਗੱਲਾਂ ਬੱਚੇ ਦੀ ਜ਼ਿੰਦਗੀ ਨੂੰ ਨਕਾਰਾ ਕਰ ਸਕਦੀਆਂ ਹਨ ਤੇ ਕਿਵੇਂ ਉਨ੍ਹਾਂ ਤੋਂ ਬੱਚੇ ਨੂੰ ਸੁਰਖਿਅਤ ਰਖਣ ਦੀ ਲੋੜ ਹੈ। ਪ੍ਰਫੁੱਲਤਾ ਦਾ ਰਾਜ਼ ਆਜ਼ਾਦੀ ਹੈ, ਇਸ ਲਈ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਆਜ਼ਾਦੀ ਦੇ ਮਾਹੌਲ ਵਿੱਚ ਵਧਣ-ਵਿਗਸਣ ਦੇਣ। ਲੇਖਕ ਨੇ ਇਸ ਆਸ਼ੇ ਦੀ ਜ਼ੋਰਦਾਰ ਪਰੌੜ੍ਹਤਾ ਕੀਤੀ ਹੈ ਕਿ ਮਾਪੇ ਆਪਣੀ ਔਲਾਦ ਨੂੰ ਸਦੀਆਂ ਪੁਰਾਣੀ ਮਰਯਾਦਾ ਦੇ ਸ਼ਿਕੰਜਿਆਂ ਵਿੱਚ ਨਾ ਕੱਸਣ ਤੇ ਨਵੀਂ ਨਸਲ ਨੂੰ ਆਪਣੀ ਮਰਯਾਦਾ ਆਪ ਤੈਅ ਕਰਨ ਦੀ ਖੁਲ੍ਹ ਦਿੱਤੀ ਜਾਵੇ।

ਇਕ ਦੂਜੇ ਲੇਖ ਵਿੱਚ ਸ੍ਰ: ਗੁਰਬਖਸ਼ ਸਿੰਘ ਨੇ ਮਾਪਿਆਂ ਨੂੰ ਤਾਕੀਦ ਕੀਤੀ ਕਿ ਉਹ ਬੱਚਿਆਂ ਨੂੰ ਪਹਿਲੇ ਛੇ ਸਾਲ ਜ਼ਰੂਰ ਖੁਸ਼ ਰੱਖਣ ਕਿਉਂਕਿ ਨਾਖੁਸ਼ ਬੱਚੇ, ਵੱਡੇ ਹੋ ਕੇ ਨਾਖੁਸ਼ ਮਰਦ-ਇਸਤਰੀ ਬਣਦੇ ਹਨ। ਇਨ੍ਹਾਂ ਛੇ ਸਾਲਾਂ ਵਿੱਚ ਹੀ ਪਹਿਲੇ ਤਿੰਨ ਸਾਲਾਂ ਦਾ ਸਮਾਂ ਬਹੁਤ ਨਾਜ਼ਕ ਹੁੰਦਾ ਹੈ। ਜਦੋਂ ਬੱਚੇ ਜ਼ਿੱਦਾਂ ਕਰਨ ਲੱਗ ਜਾਂਦੇ ਹਨ ਤਾਂ ਸਮਝੋ ਕਿ ਪਹਿਲੇ ਵਕਤ ਵਿੱਚ ਜਦੋਂ ਉਹ ਬਿਲਕੁਲ ਛੋਟੇ ਸਨ, ਉਨ੍ਹਾਂ ਨੂੰ ਤਰ੍ਹਾਂ ਤਰ੍ਹਾਂ ਦੀਆਂ ਮਨਾਹੀਆਂ ਵਿੱਚ ਰਖਿਆ ਗਿਆ ਹੈ। ਲੇਖਕ ਨੇ ਵੱਡੇ ਹੋ ਰਹੇ ਬੱਚਿਆਂ ਨੂੰ ਮਾਪਿਆਂ ਵਲੋਂ ਪੂਰੀ ਤਰ੍ਹਾਂ ਵਿਸ਼ਵਾਸ ਵਿੱਚ ਲੈਣ ਦੀ ਸਲਾਹ ਦਿੱਤੀ ਹੈ। ਬੱਚਿਆਂ ਬਾਰੇ ਇਨ੍ਹਾਂ ਸਾਰੀਆਂ ਤਜਵੀਜ਼ਾਂ ਵਿੱਚ ਜਿਹੜੀ ਗੱਲ ਕੁੰਜੀਵਤ ਹੈਸੀਅਤ ਰਖਦੀ ਹੈ, ਉਹ ਹੈ ਬੱਚੇ ਨੂੰ ਖ਼ੁਸ਼ੀ ਭਰਿਆ ਮਾਹੌਲ ਮੁਹਈਆ ਕਰਨ ਦੀ ਮਾਪਿਆਂ ਦੀ ਯੋਗਤਾ।

ਸ੍ਰ: ਗੁਰਬਖਸ਼ ਸਿੰਘ ਦੀ ਇਕ ਮੁਢਲੀ ਲਿਖਤ ਜੋ ਉਸ ਸਮੇਂ ਢੇਰ ਸਾਰੇ ਵਿਵਾਦ ਦਾ ਕਾਰਨ ਬਣੀ 'ਪਰਮ ਮਨੁੱਖ' ਸੀ। ਇਸ ਵਿੱਚ ਗੁਰੂ ਗੋਬਿੰਦ ਸਿੰਘ ਦੇ ਜੀਵਨ ਆਸ਼ਿਆਂ ਤੇ ਉਨ੍ਹਾਂ ਦੀ ਸਖਸ਼ੀਅਤ ਉਤੇ ਇਕ ਨਵੀਂ ਵਿਗਿਆਨਕ ਦ੍ਰਿਸ਼ਟੀ ਤੋਂ ਝਾਤ ਪਾਈ ਗਈ ਸੀ। ਏਸ ਇਕ ਕ੍ਰਿਤ ਤੋਂ ਨਾ ਕੇਵਲ ਲੇਖਕ ਦੀ ਆਪਣੇ ਸਮਕਾਲੀ ਸਿੱਖ ਜਗਤ ਨੂੰ ਵਿਆਪਕ ਅੰਧ-ਵਿਸ਼ਵਾਸ ਦੇ ਹਨੇਰੇ ਵਿਚੋਂ ਕਢਣ ਦੀ ਤੀਬਰਤਾ ਪ੍ਰਤੀਤ ਹੁੰਦੀ ਹੈ, ਸਗੋਂ ਇਸ ਗੱਲ ਦਾ ਵੀ ਪ੍ਰਮਾਣ ਮਿਲਦਾ ਹੈ ਕਿ ਉਸ ਸਮੇਂ ਦੇ ਸਿਰਕੱਢ ਸਿੱਖ ਵਿਦਵਾਨ ਜਿਵੇਂ ਕਿ ਭਾਈ ਜੋਧ ਸਿੰਘ, ਬਾਵਾ ਹਰਕਿਸ਼ਨ ਸਿੰਘ, ਪ੍ਰੋਫੈਸਰ ਨਿਰੰਜਣ ਸਿੰਘ, ਪ੍ਰੋਫੈਸਰ ਤੇਜਾ ਸਿੰਘ, ਭਾਈ ਕਾਹਨ ਸਿੰਘ, ਸ੍ਰ: ਜੋਗਿੰਦਰ ਸਿੰਘ ਸਿੱਖੀ ਦੀ ਉਨ੍ਹਾਂ ਵਲੋਂ ਕੀਤੀ ਗਈ ਵਿਆਖਿਆ ਦੇ ਪੂਰੀ ਤਰ੍ਹਾਂ ਕਾਇਲ ਹੋ ਗਏ ਸਨ। ਪਰ ਜਿਹੜੇ ਲੋਕਾਂ ਨੇ ਆਪਣੇ ਆਪ ਨੂੰ ਸਿੱਖੀ ਦੇ ਮਾਲਕ ਥਾਪ ਲਿਆ ਸੀ ਉਹ ਇਸ ਨਵੀਂ ਵਿਆਖਿਆ ਨਾਲ ਸਹਿਮਤ ਨਾ ਹੋਏ, ਸਗੋਂ ਉਨ੍ਹਾਂ ਨੇ ਸਰਦਾਰ ਜੀ ਵਿਰੁੱਧ ਇਕ ਜਹਾਦ ਖੜਾ ਕਰ ਦਿੱਤਾ। ਉਨ੍ਹਾਂ ਨੂੰ ਧਮਕੀਆਂ ਭਰੀਆਂ ਚਿੱਠੀਆਂ ਭੇਜੀਆਂ ਗਈਆਂ ਤੇ ਉਨ੍ਹਾਂ ਦੇ ਨਾਸਤਕ ਹੋਣ ਬਾਰੇ ਥਾਂ-ਥਾਂ ਤੋਂ ਗੁਰਮਤੇ ਪਾਸ ਕਰਵਾਏ ਗਏ। ਪਰ ਸਮਾਂ ਬੀਤਣ ਨਾਲ ਇਕ ਵਾਰ ਫੇਰ ਗੁਰਪੁਰਬਾਂ ਉਤੇ ਗੁਰੂ ਸਾਹਿਬਾਨ ਬਾਰੇ ਲਿਖੇ ਉਨ੍ਹਾਂ ਦੇ ਲੇਖਾਂ ਦੀ ਮੰਗ ਜ਼ੋਰ ਨਾਲ ਉਠ ਖਲੋਤੀ ਅਤੇ ਏਥੋਂ ਤਕ ਕਿ ਸਿੱਖ ਧਰਮ ਪਰਚਾਰਕਾਂ ਨੇ ਆਪਣੇ ਵਿਆਖਿਆਨਾਂ ਵਿੱਚ ਇਨ੍ਹਾਂ ਲੇਖਾਂ ਵਿਚਲੇ ਵਿਚਾਰ ਧਾਰਮਕ ਦੀਵਾਨਾਂ ਵਿੱਚ ਦੁਹਰਾਉਣੇ ਸ਼ੁਰੂ ਕਰ ਦਿੱਤੇ। ਕੁਝ ਸਮਾਂ ਬਾਅਦ ਇਹ ਲੇਖ ਐਮ.ਏ. ਪੰਜਾਬੀ ਦੇ ਕੋਰਸ ਵਿੱਚ ਲੱਗ ਗਏ।

'ਪਰਮ ਮਨੁੱਖ' ਨਾਮੀ ਨਿਬੰਧ ਸੈਂਚੀ ਵਿੱਚ ਬਾਅਦ ਵਿੱਚ ਉਹ ਸਾਰੇ ਲੇਖ ਸ਼ਾਮਲ ਕਰ ਲਏ ਗਏ, ਜਿਹੜੇ ਸ੍ਰ: ਗੁਰਬਖਸ਼ ਸਿੰਘ ਨੇ ਸਮੇਂ ਸਮੇਂ ਸਿੱਖ ਗੁਰੂ ਸਾਹਿਬਾਨ ਬਾਰੇ ਲਿਖੇ ਸਨ। ਪਰ ਗੁਰੂ ਗੋਬਿੰਦ ਸਿੰਘ ਬਾਰੇ ਇਸੇ ਸਿਰਲੇਖ ਵਾਲੇ ਪਹਿਲੇ ਨਿਬੰਧ ਵਿੱਚ ਜਿਹੜੀ ਗਲ ਵਿਵਾਦ ਦਾ ਆਧਾਰ ਬਣਾ ਲਈ ਗਈ ਤੇ ਜਿਸ ਵਿੱਚ ਲੇਖ ਦਾ ਸਾਰਾ ਇਤਿਹਾਸਕ ਤੇ ਸਭਿਆਚਾਰਕ ਮਹੱਤਵ ਪੇਸ਼ ਹੈ, ਉਹ ਸੀ ਗੁਰੂ ਜੀ ਨੂੰ ਮਨੁੱਖਾਂ ਦਾ ਮਨੁੱਖ, ਪਰਮ ਮਨੁੱਖ ਦਰਸਾਉਣਾ, ਭਾਵ ਉਨ੍ਹਾਂ ਨੂੰ 'ਮਨੁੱਖਤਾ ਦਾ ਲਹੂ-ਨਿਘਾ ਸਰੀਰ' ਦਰਸਾਉਣਾ ਜਿਸ ਵਿੱਚ 'ਬੱਚਿਆਂ ਲਈ ਪਿਆਰ, ਪਤਨੀ ਲਈ ਪ੍ਰੇਮ, ਮਾਤਾ ਲਈ ਸਤਿਕਾਰ, ਸਾਥੀਆਂ ਲਈ ਵਫ਼ਾ, ਮਨੁੱਖਤਾ ਲਈ ਦਰਦ, ਰੂਪ ਲਈ ਰਸ, ਇਨਸਾਫ ਲਈ ਕੁਰਬਾਨੀ' ਜਿਹੇ ਸਭ ਗੁਣ ਮੌਜੂਦ ਹਨ। ਗੁਰੂ ਨੂੰ ਮਨੁੱਖ-ਰੂਪ ਸਮਝਣ ਦਾ ਇਹ ਜਤਨ ਜੁਗਾਂ ਦੀ ਜ਼ਿਹਨੀ ਗ਼ੁਲਾਮੀ ਉਤਾਰ ਦੇਣ ਦੇ ਬਰਾਬਰ ਸੀ ਤੇ ਜਿਨ੍ਹਾਂ ਹੁਸ਼ਿਆਰ ਲੋਕਾਂ ਦੀ ਖੱਟੀ ਕਮਾਈ ਇਸ ਗ਼ੁਲਾਮੀ ਵਿੱਚੋਂ ਹੁੰਦੀ ਸੀ ਅਥਵਾ ਉਹ ਲੋਕ ਜਿਹੜੇ ਇਸ ਗ਼ੁਲਾਮੀ ਵਿੱਚ ਗ੍ਰਸੇ ਹੋਏ ਸਨ, ਇਸ ਆਤਮਕ ਕਰਾਂਤੀ

ਨੂੰ ਕਿਵੇਂ ਸਹਾਰ ਸਕਦੇ ਸਨ। ਨਾਲ ਹੀ ਸਿੱਖ ਵਿਦਵਾਨਾਂ ਦੇ ਪ੍ਰਤੀਕਰਮ ਨੇ ਇਹ ਵੀ ਸਿੱਧ ਕਰ ਦਿੱਤਾ ਕਿ ਉਹ ਇਤਿਹਾਸਕ ਮੋੜ ਆਣ ਪਹੁੰਚਾ ਹੈ ਜਿਥੇ ਸਿੱਖ ਧਰਮ ਤੇ ਸਿੱਖ ਗੁਰੂਆਂ ਦੀ ਦੇਣ ਨੂੰ ਵਿਗਿਆਨਕ ਸੋਚ ਦੇ ਮਾਪਾਂ ਅਨੁਸਾਰ ਜੋਖਿਆ ਪਰਖਿਆ ਜਾ ਸਕਦਾ ਹੈ।

ਸ੍ਰ: ਗੁਰਬਖਸ਼ ਸਿੰਘ ਨੇ ਖ਼ੁਦ ਗੁਰੂ ਜੀ ਦੇ ਪ੍ਰਸਿੱਧ ਕਥਨਾਂ ਦੇ ਹਵਾਲੇ ਨਾਲ ਇਹ ਸਾਬਤ ਕੀਤਾ ਕਿ ਹਜ਼ੂਰ ਸਾਹਿਬ (ਨਾਂਦੇੜ) ਵਿਖੇ ਗੁਰਦੁਆਰੇ ਵਿੱਚ ਪਾਠ-ਪੂਜਾ ਦਾ ਜਿਹੜਾ ਤਰੀਕਾ ਪ੍ਰਚਲਤ ਹੈ, ਗੁਰੂ ਜੀ ਦੀ ਸਿੱਖਿਆ ਦਾ ਘੋਰ ਉਲੰਘਣ ਹੈ ਤੇ ਉਨ੍ਹਾਂ ਦੇ ਦੱਸੇ ਗਏ ਆਸ਼ਿਆਂ ਦੇ ਵਿਰੁੱਧ ਹੈ। ਉਨ੍ਹਾਂ ਲਿਖਿਆ :-

''ਗੁਰੂ ਸਾਹਿਬ ਦਾ ਸਾਰਾ ਜੀਵਨ ਰਸਮੀ ਆਤਮਾ-ਰਹਿਤ ਧਰਮ ਤੇ ਰਾਜਸੀ ਗ਼ੁਲਾਮੀ ਦੇ ਵਿਰੁੱਧ ਇਕ ਜਹਾਦ ਸੀ, ਪਰ ਅਜ ਨਾ ਗ਼ੁਲਾਮੀ ਸਾਨੂੰ ਚੁਭਦੀ ਹੈ, ਨਾ ਰਸਮੀ ਧਰਮ ਸਾਨੂੰ ਨਿਰਾਸ ਕਰਦਾ ਹੈ। ਐਨ ਉਹੀ ਕੁਝ ਧਰਮ ਹੈ ਜਿਦ੍ਹਾ ਖੰਡਣ ਗੁਰੂ ਸਾਹਿਬ ਨੇ ਕੀਤਾ ਸੀ।''

ਧਰਮ ਨੂੰ ਗ਼ਲਤ ਅਰਥਾਂ ਵਿੱਚ ਸਮਝਣ ਤੇ ਇਸ ਦੀ ਵਸਤੂ ਤੇ ਇਸ ਦੇ ਅਸਲ ਤੱਤ ਨਾਲੋਂ ਇਸ ਦੇ ਰੂਪ ਤੇ ਇਸ ਦੀਆਂ ਰਸਮਾਂ ਨੂੰ ਵਧੇਰੇ ਮਹੱਤਵਪੂਰਨ ਸਮਝਣ ਦੀ ਰੁਚੀ ਅਜ ਬੜੇ ਵਿਆਪਕ ਤਰੀਕੇ ਨਾਲ ਸਾਡੇ ਭਾਰਤੀ ਸਮਾਜਕ ਜੀਵਨ ਉਤੇ ਹਾਵੀ ਹੋਈ ਪ੍ਰਤੀਤ ਹੁੰਦੀ ਹੈ। ਬਾਕੀ ਧਰਮਾਂ ਵਾਂਗ ਸਿੱਖ ਧਰਮ ਨੂੰ ਵੀ ਸੌੜੇ ਰਾਜਸੀ ਸੁਆਰਥਾਂ ਲਈ ਵਰਤਿਆ ਗਿਆ ਹੈ ਤੇ ਪੰਜਾਬ ਦਾ ਸਮਕਾਲੀ ਸੰਤਾਪ ਇਸ ਸੋਚ ਨਾਲ ਸਿੱਧੇ ਤੌਰ ਉਤੇ ਜੁੜਿਆ ਹੋਇਆ ਹੈ। ਅਜ ਪਹਿਲਾਂ ਨਾਲੋਂ ਵੀ ਵਧੇਰੇ ਸ੍ਰ: ਗੁਰਬਖਸ਼ ਸਿੰਘ ਦੀਆਂ ਸਿੱਖੀ ਬਾਰੇ ਲਿਖਤਾਂ ਵਲ ਮੁੜਨ ਦੀ ਲੋੜ ਹੈ ਤਾਂ ਜੋ ਪੰਜਾਬ ਦੀ ਦੁਖੀ ਆਤਮਾ ਨੂੰ ਕੋਈ ਧਰਵਾਸ ਦਿੱਤੀ ਜਾ ਸਕੇ। ਇਨ੍ਹਾਂ ਸਭਨਾ ਲਿਖਤਾਂ ਵਿੱਚ 'ਮੇਰਾ ਬੰਦੀ ਛੋੜ' ਜਿਹੜੀ ਗੁਰੂ ਨਾਨਕ ਦੀ ਸਿੱਖਿਆ ਦਾ ਸਾਰੰਸ਼ ਪੇਸ਼ ਕਰਦੀ ਹੈ ਤੇ ਜਿਸ ਨੂੰ ਗੁਰੂ ਨਾਨਕ ਦੇ ਪੰਜ ਸੌਵੇਂ ਜਨਮ ਦਿਨ ਦੇ ਸੰਬੰਧ ਵਿੱਚ 1969 ਵਿੱਚ ਲਿਖਿਆ ਗਿਆ, ਅਜ ਵੀ ਉਸੇ ਤਰ੍ਹਾਂ ਸਜਰੀ ਹੈ ਤੇ ਇਸ ਦਾ ਇਹ ਨਵਾਂਪਨ ਕਦੇ ਪੁਰਾਣਾ ਹੋਣ ਵਾਲਾ ਨਹੀਂ। ਏਥੇ ਸ੍ਰ: ਗੁਰਬਖਸ਼ ਸਿੰਘ ਉਸ ਜ਼ਿਹਨੀ ਗ਼ੁਲਾਮੀ ਤੋਂ ਮੁਕਤੀ ਦੀ ਗੱਲ ਕਰਦੇ ਹਨ, ਜਿਹੜੀ ਉਨ੍ਹਾਂ ਨੂੰ ਬਚਪਣ ਤੋਂ ਆਪਣੇ ਆਲੇ-ਦੁਆਲੇ ਵਿੱਚ ਵੇਖਣ ਨੂੰ ਮਿਲੀ ਤੇ ਜਿਸ ਬਾਰੇ ਉਨ੍ਹਾਂ ਦੇ ਮਨ ਵਿੱਚ ਉਸ ਸਮੇਂ ਤੋਂ ਕਿੰਤੂ ਉਠ ਖਲੋਤੇ ਸਨ ਪਰ ਜਿਸ ਤੋਂ ਸੱਚੇ ਅਰਥਾਂ ਵਿੱਚ ਨਿਜਾਤ ਉਨ੍ਹਾਂ ਨੂੰ ਗੁਰੂ ਨਾਨਕ ਦੀ ਸਿੱਖਿਆ ਨੇ ਦਿਵਾਈ।

ਸਾਡੇ ਲੇਖਕ ਦੀਆਂ ਨਜ਼ਰਾਂ ਵਿੱਚ ਗੁਰੂ ਨਾਨਕ ਦਾ ਇਹ ਕਥਨ ਵੱਡੀ ਮਹੱਤਤਾ ਰਖਦਾ ਹੈ ਕਿ ਮਨੁੱਖ ਹੱਸਦਿਆਂ, ਖੇਡਦਿਆਂ, ਖਾਂਦਿਆਂ, ਪਹਿਨਦਿਆਂ ਤੇ ਸੇਵਾ ਕਮਾਂਦਿਆਂ ਮੁਕਤ ਹੋ ਸਕਦਾ ਹੈ ਤੇ ਇਸ ਆਸ਼ੇ ਲਈ ਨਾ ਤਿਆਗ ਦੀ ਲੋੜ ਹੈ, ਨਾ ਭੇਸ ਧਾਰਨ ਦੀ ਤੇ ਨਾ ਤੀਰਥ ਇਸ਼ਨਾਨ ਦੀ। ਉਹ ਲਿਖਦੇ ਹਨ :-

''ਆਮ ਲੋਕਾਈ ਨੂੰ ਚਤੁਰ ਪੰਡਤਾਂ ਭਾਈਆਂ ਨੇ ਸੂਤਕ, ਜਨੇਊ, ਮੜ੍ਹੀ, ਮਸਾਨ, ਬਹਿਸ਼ਤ, ਦੋਜ਼ਖ਼ ਤੇ ਅਨੇਕਾਂ ਹੋਰ ਵਹਿਮਾਂ ਭਰਮਾਂ ਵਿੱਚ ਪਾ ਕੇ ਜ਼ਿੰਦਗੀ ਦੀ ਸੁਭਾਵਕ ਖੇਡ ਤੋਂ ਵੰਚਿਤ ਰਖਿਆ ਹੋਇਆ ਹੈ। ਮਾਨਵਤਾ ਦੀ ਮਾਂ ਇਸਤਰੀ ਨੂੰ ਪੈਰ ਦੀ ਜੁੱਤੀ ਬਣਾਇਆ ਹੋਇਆ ਹੈ ਤੇ ਮੁਕਤੀ ਨੂੰ ਜ਼ਿੰਦਗੀ ਦਾ ਮੂਲ ਮਨੋਰਥ ਵਡਿਆ ਕੇ, ਮੁਕਤੀ ਨੂੰ ਦੁਰਲਭ ਦਰਸਾ ਕੇ, ਲੋਕਾਂ ਨੂੰ ਜੂਨਾਂ, ਜਮਾਂ ਤੇ ਨਰਕਾਂ ਦੇ ਸਹਿਮ ਵਿੱਚ ਪਾਇਆ ਹੋਇਆ ਹੈ। .....ਗੁਰੂ ਨਾਨਕ ਸਾਹਿਬ ਨੇ ਜ਼ਿੰਦਗੀ ਦੇ ਹਰ ਨੁਕਰ ਕੋਨੇ ਵਿੱਚ ਝਾਤ ਪਾਈ, ਜਾਲੇ ਝਾੜੇ, ਦੇਸ ਦੇਸਾਂਤਰ ਫਿਰੇ, ਵਹਿਮਾਂ ਦੇ ਪਰਚਾਰਕਾਂ ਨੂੰ ਛੰਡਿਆ, ਬੇ-ਅਰਥ ਰਸਮਾਂ ਤੇ ਮੋਈਆਂ ਮਰਯਾਦਾਵਾਂ ਦੇ ਭਾਰ ਹੇਠ ਬੇ-ਸਾਹ ਹੋਏ ਮਨੁੱਖ ਨੂੰ ਬੰਦ-ਖਲਾਸ ਕੀਤਾ।''

ਸਿੱਖ ਧਰਮ ਵਿੱਚ ਨਾਮ-ਸਿਮਰਨ ਦੀ ਵੱਡੀ ਮਹੱਤਤਾ ਮੰਨੀ ਜਾਂਦੀ ਹੈ ਪਰ ਆਮ ਤੌਰ ਉਤੇ ਇਸ ਤੋਂ ਭਾਵ ਰੱਬ ਦਾ ਨਾਂਅ ਰਟਣ ਦਾ ਲਿਆ ਜਾਂਦਾ ਹੈ। ਅਟੁਟ ਵਿਸ਼ਵਾਸ਼ ਦਾ ਵਿਸ਼ਾ ਹੋਣ ਕਾਰਨ ਇਸ ਉਤੇ ਟਿਪਣੀ ਕਰਨਾ ਸਾਹਸ ਅਤੇ ਦਲੇਰੀ ਦੀ ਮੰਗ ਕਰਦਾ ਹੈ। ਸ੍ਰ: ਗੁਰਬਖਸ਼ ਸਿੰਘ ਨੇ ਇਸ ਕਿਰਿਆ ਦੀ ਆਧੁਨਿਕ ਪਰਿਭਾਸ਼ਾ ਕੁਝ ਇਸ ਤਰ੍ਹਾਂ ਕੀਤੀ ਕਿ ਇਹ ਵਿਗਿਆਨਕ ਵੀ ਹੈ ਤੇ ਗੁਰੂ ਨਾਨਕ ਦੀ ਸਮੁਚੀ ਸਿੱਖਿਆ ਦੇ ਅਨੁਕੂਲ ਵੀ। ਨਾਲ ਹੀ ਇਸ ਉਤੇ ਕੋਈ ਕਟੜਵਾਦੀ ਸਹਿਜੇ ਕੀਤੇ ਉਂਗਲ ਉਠਾਣ ਦਾ ਹੀਆ ਵੀ ਨਹੀ ਕਰ ਸਕਦਾ। ਉਨ੍ਹਾਂ ਨਾਮ ਸਿਮਰਨ ਨੂੰ ਸਵੈ-ਆਰਾਧਨਾ ਦਾ ਨਾਂਅ ਦਿੱਤਾ। ਹਸਤੀ ਦੀ ਸਮੁੱਚੀ ਸਚਿਆਈ ਤੇ ਸੁੰਦਰਤਾ ਨੂੰ ਰੂਪਮਾਨ ਕਰ ਸਕਣ ਵਾਲਾ ਕੋਈ ਵੀ ਨਾਂਅ ਇਸ ਸਿਮਰਨ ਲਈ ਕਾਫ਼ੀ ਹੈ। ਇਉਂ ਸ੍ਰ: ਗੁਰਬਖਸ਼ ਸਿੰਘ ਨੇ ਨਾਮ ਸਿਮਰਨ ਦੀ ਕਿਰਿਆ ਨੂੰ ਨਿਰੋਲ ਇਸ ਦੇ ਅਸਲ ਤੱਤ ਭਾਵ ਮਨ ਦੀ ਇਕਾਗਰਤਾ ਦੇ ਅਰਥਾਂ ਵਿੱਚ ਬਿਆਨ ਕੀਤਾ। ਉਨ੍ਹਾਂ ਕਿਹਾ ਕਿ ਇਹ ਕਿਰਿਆ ਕੋਈ ਤੱਪਸਿਆ ਜਾਂ ਜੋਗ-ਸਾਧਨਾ ਨਹੀਂ, ਸਗੋਂ ''ਸ਼ਕਤੀ, ਸਚਾਈ, ਸੁੰਦਰਤਾ ਤੇ ਸਦਾਚਾਰ ਦੀ ਸਿਖਰ ਵਿਚਾਰ-ਉਡਾਰੀ ਹੈ।''

ਸਿੱਖੀ ਬਾਰੇ ਉਨ੍ਹਾਂ ਦੀਆਂ ਟਿਪਣੀਆਂ ਤੋਂ ਇਹ ਨਿਸ਼ਚਿਤ ਹੋ ਜਾਂਦਾ ਹੈ ਕਿ ਜਟਿਲ ਦਾਰਸ਼ਨਿਕ ਮਸਲਿਆਂ ਬਾਰੇ ਨਿਬੰਧਕਾਰੀ ਵਿੱਚ ਵੀ ਸ੍ਰ: ਗੁਰਬਖਸ਼ ਸਿੰਘ ਉਸੇ ਮੌਲਿਕਤਾ ਦਾ ਪ੍ਰਮਾਣ ਦੇਂਦੇ ਹਨ, ਜਿਹੜੀ ਸਮਾਜਕ, ਸਭਿਆਚਾਰਕ ਤੇ ਸਦਾਚਾਰਕ ਮਸਲਿਆਂ ਸੰਬੰਧੀ ਉਨ੍ਹਾਂ ਦੀਆਂ ਲਿਖਤਾਂ ਵਿਚੋਂ ਦਰਿਸ਼ਟਮਾਨ ਹੁੰਦੀ ਹੈ।

ਲੇਖਕ ਦੀਆਂ ਪ੍ਰਸਿੱਧ ਕਿਰਤਾਂ ਵਿਚੋਂ ਇਕ 'ਇਸ਼ਕ ਜਿਨ੍ਹਾਂ ਦੀ ਹੱਡੀਂ ਰਚਿਆ' ਹੈ। ਇਹ ਪੁਸਤਕ ਰੂਪ ਵਿੱਚ ਨਿਬੰਧਾਂ ਦੇ ਨਾਲ 'ਜ਼ਿੰਦਗੀ ਦੀ ਕਵਿਤਾ ਤੇ ਕੁਝ ਹੋਰ ਲੇਖ' ਵਿੱਚ ਛਪਿਆ ਸੀ। ਉਸੇ ਸਾਲ, ਭਾਵ 1959 ਵਿੱਚ ਇਹ ਲੇਖ ਇਸੇ ਨਾਂਅ ਦੀ ਪੁਸਤਕ ਵਿੱਚ ਭੂਮਿਕਾ ਵਜੋਂ ਛਾਪਿਆ ਗਿਆ ਸੀ। ਇਹ ਪੁਸਤਕ ਪੰਜਾਬ ਦੇ ਸਭਿਆਚਾਰਕ ਵਿਕਾਸ ਵਿੱਚ ਇਕ ਮੀਲ-ਪੱਥਰ ਦੀ ਹੈਸੀਅਤ ਰਖਦੀ ਹੈ ਕਿਉਂਕਿ ਇਸ ਵਿੱਚ ਸਦੀਆਂ ਤੋਂ ਪ੍ਰਚਲਤ ਰਵਾਇਤੀ ਪ੍ਰੇਮ-ਕਹਾਣੀਆਂ ਨੂੰ ਜਿਨ੍ਹਾਂ ਵਿੱਚ ਹੀਰ ਰਾਂਝਾ, ਸੋਹਣੀ ਮਹੀਂਵਾਲ, ਸੱਸੀ ਪੁਨੂੰ, ਮਿਰਜ਼ਾ ਸਾਹਿਬਾਂ, ਸ਼ੀਰੀਂ ਫਰਹਾਦ ਤੇ ਲੈਲਾ ਮਜਨੂੰ ਸਭੇ ਸ਼ਾਮਲ ਹਨ, ਵਿਗਿਆਨਕ ਯੁੱਗ ਦੇ ਮਨੁੱਖ ਦੀ ਦ੍ਰਿਸ਼ਟੀ ਤੋਂ ਵੇਖਣ ਤੇ ਸਮਝਣ ਦਾ ਜਤਨ ਕੀਤਾ ਗਿਆ ਹੈ। ਲੋਕ ਪ੍ਰੀਯ ਕਹਾਣੀਆਂ ਨੂੰ ਨਵੇਂ ਰੂਪ ਵਿੱਚ ਪੇਸ਼ ਕਰਨ ਲਗਿਆਂ ਕਿਸੇ ਲੇਖਕ ਸਾਹਮਣੇ ਆਉਂਦੀ ਮੁਸ਼ਕਲ ਤਾਂ ਸਪਸ਼ਟ ਹੀ ਹੈ। ਜੇ ਉਹ ਰਵਾਇਤੀ ਕਹਾਣੀ ਨੂੰ ਕੇਵਲ ਦੁਹਰਾ ਹੀ ਦੇਵੇ ਤੇ ਉਸ ਦੀ ਆਪਣੀ ਦੇਣ ਕੇਵਲ ਉਸ ਦੀ ਸ਼ਬਦ-ਚੋਣ ਦੀ ਹੋਵੇ ਤਾਂ

ਇਸ ਜਤਨ ਨੂੰ ਕੋਈ ਮਹੱਤਤਾ ਨਹੀਂ ਦਿੱਤੀ ਜਾ ਸਕਦੀ ਤੇ ਜੇ ਉਹ ਕਹਾਣੀ ਵਿੱਚ ਮਨੋ-ਬਣਾਈਆਂ ਗੱਲਾਂ ਜੋੜ ਦੇਵੇ ਤਾਂ ਮਨ-ਮਰਜ਼ੀ ਨਾਲ ਉਸ ਵਿੱਚੋਂ ਕਾਂਟ-ਛਾਂਟ ਕਰ ਦੇਵੇ ਤਾਂ ਉਸ ਉਤੇ ਵਡਮੁਲੇ ਸਾਹਿਤ ਦੇ ਵਿਸ਼ਿਆਂ ਨੂੰ ਤੋੜਨ-ਮਰੋੜਨ ਦਾ ਦੋਸ਼ ਆ ਸਕਦਾ ਹੈ। ਹਰ ਹਾਲਤ ਵਿੱਚ ਰਵਾਇਤੀ ਕਹਾਣੀ ਨੂੰ ਮੁੜ ਲਿਖਣਾ ਜੋਖਮ ਦਾ ਕੰਮ ਹੈ। ਸ੍ਰ: ਗੁਰਬਖਸ਼ ਸਿੰਘ ਨੇ ਇਨ੍ਹਾਂ ਕਹਾਣੀਆਂ ਦੀ ਮੂਲ ਵਸਤੂ ਨੂੰ ਸ਼ਿੰਗਾਰਿਆ ਸੰਵਾਰਿਆ ਹੈ ਤੇ ਇਉਂ ਕਰਦਿਆਂ ਨਾਇਕਾਂ, ਨਾਇਕਾਵਾਂ ਦੇ ਤੇ ਦੂਜੇ ਪਾਤਰਾਂ ਦੇ ਨੈਣ-ਨਕਸ਼ ਹੋਰ ਵੀ ਉਜਲੇ ਕਰ ਦਿੱਤੇ ਹਨ। ਉਨ੍ਹਾਂ ਨੂੰ ਜ਼ਬਾਨ ਦਿੱਤੀ ਹੈ, ਜੋ ਉਨ੍ਹਾਂ ਸਮਿਆਂ ਤੇ ਉਨ੍ਹਾਂ ਸਥਿਤੀਆਂ ਦੇ ਵਧੇਰੇ ਅਨਕੂਲ ਹੈ ਜਿਨ੍ਹਾਂ ਵਿੱਚ ਉਹ ਵਿਚਰੇ ਸਨ। ਉਪਰੰਤ ਕ੍ਰਿਸਾਕਾਰਾਂ ਵਲੋਂ ਉਨ੍ਹਾਂ ਸਮਿਆਂ ਦੀਆਂ ਕਦਰਾਂ ਕੀਮਤਾਂ ਤੇ ਉਨ੍ਹਾਂ ਸਮਾਜਾਂ ਦੇ ਹਾਵੀ ਵਿਚਾਰਾਂ ਦੀ ਪੇਸ਼ਕਾਰੀ ਨੂੰ ਜਿਉਂ ਦਾ ਤਿਉਂ ਸਵੀਕਾਰ ਨਾ ਕਰਦਿਆਂ ਹੋਇਆਂ ਇਨ੍ਹਾਂ ਕਹਾਣੀਆਂ ਦੇ ਅਸਲ ਇਨਕਲਾਬੀ-ਮਾਨਵਵਾਦੀ ਤੱਤ ਨੂੰ ਨਿਖਾਰਿਆ ਹੈ।

ਇਨ੍ਹਾਂ ਕਹਾਣੀਆਂ ਨੂੰ ਨਵੇਂ ਸਿਰਿਉਂ ਲਿਖਦਿਆਂ ਲੇਖਕ ਨੇ ਰਵਾਇਤੀ ਕਥਾਵਾਂ ਵਿੱਚੋਂ ਉਹ ਸਭ ਕੁਝ ਚੁਣ ਕੇ ਕਢ ਦਿੱਤਾ ਹੈ ਜਿਸ ਨੂੰ ਅਜ ਦਾ ਸੂਝਵਾਨ ਇਨਸਾਨ ਪ੍ਰਵਾਨ ਨਹੀਂ ਕਰ ਸਕਦਾ। ਭੂਮਿਕਾ ਵਿੱਚ ਸੱਸੀ ਪੁਨੂੰ ਦਾ ਜ਼ਿਕਰ ਕਰਦਿਆਂ ਉਨ੍ਹਾਂ ਲਿਖਿਆ ਕਿ ਹਾਸ਼ਮ, ਸੱਸੀ ਨੂੰ ਇੱਕ ਜ਼ਿੱਦੀ ਸ਼ਹਿਜ਼ਾਦੀ ਵਜੋਂ ਪੇਸ਼ ਕਰਦਾ ਹੈ। ਇਹੋ ਜਿਹਾ ਜ਼ਿੱਦੀ ਇਸ਼ਕ ਸੱਸੀ ਵਰਗੀਆਂ ਪ੍ਰੇਮਕਾਵਾਂ ਦਾ ਨਹੀਂ ਹੁੰਦਾ। ਸੋਹਣੀ ਮਹੀਂਵਾਲ ਬਾਰੇ ਉਨ੍ਹਾਂ ਲਿਖਿਆ ਕਿ ਪੱਟ ਵਿਚੋਂ ਮਾਸ ਕਢ ਕੇ ਝਨਾ ਦਰਿਆ ਤਰ ਜਾਣਾ ਨਿਰਾ ਅਣਹੋਣਾ ਹੀ ਨਹੀਂ, ਉਹਨੂੰ ਭੁੰਨ ਕੇ ਆਪਣੀ ਪ੍ਰੇਮਿਕਾ ਨੂੰ ਜਾ ਖੁਆਉਣਾ 'ਆਦਮ ਖੋਰੀ' ਦਿਸਦਾ ਹੈ ਅਤੇ "ਜਿਨ੍ਹਾਂ ਦੀ ਹੱਡੀਂ ਇਸ਼ਕ ਰਚ ਰਚਦਾ ਹੈ ਉਨ੍ਹਾਂ ਦੇ ਜਿਸਮ ਇਕ ਦੂਜੇ ਦੀ ਅਮਾਨਤ ਹੋ ਜਾਂਦੇ ਹਨ। ਮਹੀਂਵਾਲ ਨੂੰ ਆਪਣੇ ਸਰੀਰ ਨਾਲ ਉਹ ਕੁਝ ਕਰਨ ਦਾ ਹੱਕ ਬਿਲਕੁਲ ਨਹੀਂ ਰਹਿ ਜਾਂਦਾ ਜੋ ਸੋਹਣੀ ਨੂੰ ਪਤਾ ਲੱਗਣ ਉਤੇ ਕਦਾਚਿਤ ਪ੍ਰਵਾਨ ਨਾ ਹੋਵੇ। ਸੋਹਣੀ ਭੁੰਨੀ ਮਛੀ ਨੂੰ ਸਹਿਕਦੀ ਨਹੀਂ ਸੀ ਹੁੰਦੀ, ਉਹਦੇ ਲਈ ਮਹੀਂਵਾਲ ਦਾ ਚੰਨ ਵਾਂਗ ਚਮਕਦਾ ਅਰੋਗ ਪਿੰਡਾ ਇਕ ਸਵਰਗੀ ਸੁਪਨਾ ਸੀ।" ਏਸੇ ਤਰ੍ਹਾਂ ਲੈਲਾ ਮਜਨੂੰ ਬਾਰੇ ਲਿਖਿਆ ਕਿ "ਕੈਸ ਪਾਗਲ ਨਹੀਂ ਸੀ ਹੋਇਆ, ਉਹ ਪਿਆਰ ਨਾਲ ਖੁਮਾਰਿਆ ਗਿਆ ਸੀ, ਜਿਵੇਂ ਕੋਈ ਭਗਤ ਆਪਣੇ ਭਗਵਾਨ ਵਿੱਚ ਸਮਾ ਜਾਂਦਾ ਹੈ।" ਮਿਰਜ਼ਾ ਸਾਹਿਬਾਂ ਦੀ ਰਵਾਇਤੀ ਕਹਾਣੀ ਦਾ ਖੰਡਣ ਕਰਦਿਆਂ ਉਨ੍ਹਾਂ ਲਿਖਿਆ: "ਭਾਵੇਂ ਸਾਹਿਬਾਂ ਦੇ ਦਿਲ ਦਾ ਭੇਤ ਕਿਸੇ ਕਿੱਸਾਕਾਰ ਨੇ ਪਾਇਆ ਨਹੀਂ, ਤਾਂ ਵੀ ਬੇਵਫ਼ਾਈ ਦੇ ਦੂਸ਼ਣ ਦੇ ਬਾਵਜੂਦ ਅਜੇ ਤਕ ਉਹਦਾ ਜਿਉਂਦੇ ਰਹਿਣਾ, ਉਹਦੇ ਡੂੰਘੇ ਭੇਤ ਦੀ ਟੋਹ ਦੇਂਦਾ ਹੈ।......ਉਸ ਨੇ ਮਿਰਜ਼ੇ ਦੇ ਤੀਰ ਆਪਣੇ ਭਰਾਵਾਂ ਨੂੰ ਬਚਾਉਣ ਲਈ ਨਹੀਂ ਸਨ ਲੁਕਾਏ, ਸਿਰਫ ਮਿਰਜ਼ਾ-ਸਾਹਿਬਾਂ ਦੇ ਇਸ਼ਕ ਨੂੰ ਬਿਗਾਨੇ ਖੂਨ ਤੋਂ ਬੇਦਾਗ ਰੱਖਣ ਲਈ ਇਉਂ ਕੀਤਾ ਸੀ।"

ਇਸ ਨਿਬੰਧ ਵਿੱਚ ਸ੍ਰ: ਗੁਰਬਖਸ਼ ਸਿੰਘ ਨੇ ਲਿੰਗ ਨੂੰ ਇਸ਼ਕ ਦੀ ਬੁਨਿਆਦ ਸਪਸ਼ਟ ਤੌਰ ਉਤੇ ਪ੍ਰਵਾਨ ਕੀਤਾ ਹੈ। ਪਰ ਨਾਲ ਹੀ ਕਿਹਾ ਹੈ ਕਿ ਪਿਆਰ ਦਾ ਦੇਵਤਾ ਦਿਲਾਂ ਵਿੱਚ ਮੁਆਤੇ ਨਹੀਂ ਲਾਂਦਾ ਫਿਰਦਾ ਸਗੋਂ ਇਹ ਤਾਂ ਇਕ ਅਤਿ ਕੋਮਲ ਹਿਰਦੇ ਵਾਲਾ ਬਾਲ-ਰੂਪ, ਨਿਰਛਲ ਦੇਵਤਾ, ਮਨੁੱਖੀ ਕਲਪਨਾ ਨੇ ਕਿਆਸ ਕੀਤਾ, ਜਿਹੜਾ ਇਸਤਰੀ ਮਰਦ ਨੂੰ, ਮਾਤਾ ਪੁੱਤਰ ਨੂੰ, ਪਿਓ ਧੀ ਨੂੰ, ਸਮਾਜ ਤੇ ਸ਼ਖਸ਼ ਨੂੰ, ਕਾਮੇ ਤੇ ਕੰਮ ਨੂੰ, ਧਰਤੀ ਤੇ ਮਨੁੱਖ ਨੂੰ ਨਿਤ ਨਵੇਂ ਚਾਵਾਂ, ਸੰਬੰਧਾਂ ਤੇ ਪਿਆਰਾਂ ਦੀ ਫੁੱਲ-ਮਾਲਾ ਵਿੱਚ ਜਕੜੀ ਜਾਂਦਾ ਹੈ। ਇਹਦੇ ਜਕੜਬੰਦਾਂ ਦੀ ਪੀੜ ਵਿੱਚ ਉਹ ਮਿਠਾਸ ਹੈ ਕਿ ਸੁਤੰਤਰ ਦਿਲ ਜਕੜੇ ਜਾਣ ਲਈ ਤੜਪਦੇ ਰਹਿੰਦੇ ਹਨ।

ਮਹੱਤਵਪੂਰਨ ਗੱਲ ਇਹ ਹੈ ਕਿ 'ਪਿਆਰ ਕਬਜ਼ਾ ਨਹੀਂ ਪਹਿਚਾਣ ਹੈ' ਦਾ ਲੇਖਕ-ਫਿਲਾਸਫਰ ਇਨ੍ਹਾਂ ਕਹਾਣੀਆਂ ਨੂੰ ਮੁੜ ਲਿਖਦਿਆਂ ਇਨ੍ਹਾਂ ਅੰਦਰਲੀ ਪਿਆਰ ਦੀ ਸ਼ਿੱਦਤ ਵਿੱਚੋਂ ਉਤਪਨ ਹੋਏ ਦੁਖਾਂਤ ਨੂੰ ਮਨੁੱਖ ਦੀ ਆਜ਼ਾਦੀ ਦੇ ਸੰਘਰਸ਼ ਦਾ ਇੱਕ ਅੰਗ ਮੰਨਦਾ ਹੈ। ਪਿਆਰ ਬਾਰੇ ਪਹਿਚਾਣ ਦਾ ਸੰਕਲਪ ਤੇ ਧਰਤੀ ਉਤੇ ਯੂਟੋਪੀਆ ਉਸਾਰਨ ਦਾ ਉਦੇਸ਼, ਜੋ ਇਕੋ ਸਿਧਾਂਤ ਦੇ ਦੋ ਪੱਖ ਪ੍ਰਤੀਤ ਹੁੰਦੇ ਹਨ, ਹੁਣ ਬੀਤੇ ਦੇ ਇਕ ਪੜਾਅ ਦੀ ਗਵਾਹੀ ਹੋ ਕੇ ਰਹਿ ਗਏ ਹਨ ਤੇ ਲੇਖਕ ਦੀਆਂ ਵਧੇਰੇ ਆਸਾਂ ਮਨੁੱਖਤਾ ਦੇ ਉਜਲੇ ਭਵਿੱਖ ਲਈ ਜਨਸਮੂਹਾਂ ਦੇ ਵਿਸ਼ਾਲ ਸੰਘਰਸ਼ ਨਾਲ ਬੱਝ ਗਈਆਂ ਹਨ। ਸਪਸ਼ਟ ਹੈ ਕਿ ਮੋਹ ਦੀਆਂ ਸਿਖਰਾਂ ਨੂੰ ਸਾਕਾਰ ਕਰਦੀਆਂ ਇਹ ਕਹਾਣੀਆਂ ਪਿਆਰ ਨੂੰ ਪਹਿਚਾਣ ਮੰਨ ਲੈਣ ਵਰਗੇ ਕਿਸੇ ਤਰ੍ਹਾਂ ਦੇ ਸਮਝੌਤੇ ਦੀ ਅਸੰਭਵਤਾ ਦੀਆਂ ਲਖਾਇਕ ਹਨ। ਇਨ੍ਹਾਂ ਕਹਾਣੀਆਂ ਦਾ ਲਾਜ਼ਮੀ ਦੁਖਾਂਤ ਤੇ ਪਿਆਰ ਨੂੰ ਪਹਿਚਾਣ ਮੰਨ ਕੇ ਦੁਖਾਂਤ ਤੋਂ ਟਲ ਜਾਣਾ ਪਰ ਇਸ ਜਜ਼ਬੇ ਨੂੰ ਵਰ੍ਹਿਆਂ-ਬੱਧੀ ਸਾਂਭੀ ਤੇ ਪਾਲੀ ਰਖਣ ਦੀ ਵਿਧੀ ਵਿਚਕਾਰ ਅਸਲ ਦਵੰਦ ਦੋ ਜੁਗਾਂ ਵਿਚਕਾਰ ਪਾੜੇ ਨਾਲ ਜੁੜਿਆ ਹੋਇਆ ਹੈ। ਲੈਲਾ ਮਜਨੂੰ ਤੇ ਹੀਰ ਰਾਂਝੇ ਦੇ ਸਮੇਂ ਵਿੱਚ ਵੀ ਲੋਕਾਂ ਨੇ ਪਿਆਰ ਨੂੰ ਪਹਿਚਾਣ ਬਣਾਉਣ ਦਾ ਤਜਰਬਾ ਜ਼ਰੂਰ ਕੀਤਾ ਹੋਵੇਗਾ ਪਰ ਸਾਹਿਤ ਦਾ ਵਿਸ਼ਾ ਇਹ ਨਹੀਂ ਬਣ ਸਕਦੇ ਸਨ ਕਿਉਂਕਿ ਇਤਿਹਾਸ ਦਾ ਤਕਾਜ਼ਾ ਪਹਿਚਾਣ ਦਾ ਨਹੀਂ ਸਗੋਂ ਦੁਖਾਂਤ ਦਾ ਸੀ। ਇਸੇ ਲਈ ਕਵੀਆਂ ਨੇ ਇਨ੍ਹਾਂ ਬਾਰੇ ਲਿਖਿਆ ਤੇ ਲੋਕ-ਚੇਤਨਾ ਨੇ ਇਨ੍ਹਾਂ ਨੂੰ ਸੁੱਚੇ ਮਨੁੱਖੀ ਜਜ਼ਬਿਆਂ ਦੇ ਪ੍ਰਗਟਾਅ ਦੇ ਮਾਧਿਅਮ ਵਜੋਂ ਸੀਨੇ ਨਾਲ ਲਾਈ ਰਖਿਆ।

ਪੰਜਾਬੀ ਨਿੱਕੀ ਕਹਾਣੀ ਦੇ ਖੇਤਰ ਵਿੱਚ ਸ੍ਰ: ਗੁਰਬਖਸ਼ ਸਿੰਘ ਦਾ ਸਥਾਨ ਬਹੁਤ ਉੱਚਾ ਹੈ। ਕੁਝ ਇਕ ਕਹਾਣੀਆਂ ਦੁਨੀਆਂ ਦੀ ਕਿਸੇ ਬੋਲੀ ਵਿੱਚ ਲਿਖੀਆਂ ਗਈਆਂ ਉੱਤਮ ਕਹਾਣੀਆਂ ਦੇ ਮੇਚ ਦੀਆਂ ਹਨ। ਇਸ ਸੰਕਲਨ ਵਿੱਚ ਇਕ ਕਹਾਣੀ 'ਕਿਹਰੂ ਦਸ ਨੰਬਰੀਆ' ਸ਼ਾਮਲ ਕੀਤੀ ਗਈ ਹੈ। ਇਹ ਕਹਾਣੀ ਇਕ ਕਥਿਤ ਬਦਮਾਸ਼ ਕਿਹਰੂ ਦੀ ਮਨੁੱਖਤਾ ਬਾਰੇ ਹੈ। ਪਰ ਨਾਲ ਹੀ ਇਹ ਕਹਾਣੀ ਉਸ ਦੀ ਪਤਨੀ ਬੰਸੋ ਦੀ ਵੀ ਹੈ। ਸਗੋਂ ਕਿਸੇ ਹੱਦ ਤਕ ਇਹ ਕਿਹਰੂ ਨਾਲੋਂ ਬੰਸੋ ਦੀ ਵਧੇਰੇ ਹੈ। ਅਸਲ ਵਿੱਚ ਇਸ ਕਹਾਣੀ ਰਾਹੀਂ ਪੰਜਾਬੀ ਪੇਂਡੂ ਸਮਾਜ ਦੀ ਬਹੁ-ਪੱਖੀ ਤਸਵੀਰ ਮਿਲਦੀ ਹੈ ਤੇ ਨਾਲ ਹੀ ਇਹ ਤੱਥ ਵੀ ਉਭਰ ਕੇ ਆਉਂਦਾ ਹੈ ਕਿ ਕਈ ਵਾਰ ਜਿਹੜੇ ਲੋਕ ਜਵਾਨੀ ਦੀਆਂ ਖਰਮਸਤੀਆਂ ਕਰਦੇ ਬਦਮਾਸ਼ ਤੇ ਕਾਤਿਲ ਹੋ ਨਿਬੜਦੇ ਹਨ, ਇਨਸਾਨੀਅਤ ਉਨ੍ਹਾਂ ਅੰਦਰ ਵੀ ਕਿਤੇ ਨਾ ਕਿਤੇ ਲੁਕੀ ਹੋਈ ਹੁੰਦੀ ਹੈ। ਦੂਜੇ ਪਾਸੇ ਇਨੈਤੀ, ਲੋਹਾਰਾਂ ਦੀ ਧੀ, ਜਿਹੜੀ ਬੰਸੋ ਦੇ ਨਾਂਅ ਨਾਲ ਕਿਹਰੂ ਦਾ ਘਰ ਵਸਾਉਣ ਦਾ ਕਾਰਨ ਬਣੀ, ਮਾਪਿਆਂ ਵਲੋਂ ਦੁਹਾਜੂ ਕੋਲ ਵੇਚੇ ਜਾਣ ਤੋਂ ਬਚਣ ਲਈ ਕੈਲੇ ਨਾਲ ਨਿਕਲ ਚੁੱਕੀ ਹੁੰਦੀ ਹੈ, ਪਰ ਕੈਲਾ, ਭਰਾਵਾਂ ਤੋਂ ਡਰਦਾ ਉਸ ਨੂੰ ਸਾਂਭਣ ਜੋਗਾ ਨਹੀਂ ਤੇ ਕਿਹਰੂ ਕੋਲ, ਜਿਸ ਦੀ ਉਸ ਪਨਾਹ ਲਈ ਹੁੰਦੀ ਹੈ, ਉਸ ਨੂੰ

ਵੇਚਣ ਦਾ ਜਤਨ ਕਰਦਾ ਹੈ। ਪਰ ਕੁਝ ਇਹੋ ਜਿਹੀ ਹੈ ਇਨੈਤੀ ਕਿ ਕਿਹਰੂ ਵਰਗਾ ਖੱਬੀ ਖਾਨ ਜਿਹੜਾ ਫਾਂਸੀ ਦੀ ਸਜ਼ਾ ਤੋਂ ਨਹੀ ਡਰਿਆ ਸੀ, ਉਸ ਵਲ ਅੱਖਾਂ ਭਰ ਕੇ ਵੇਖਣ ਦੀ ਹਿੰਮਤ ਨਹੀਂ ਕਰਦਾ। ਉਸ ਦਾ ਇਸ਼ਕ ਦਾ ਟੀਚਾ ਵੀ ਖੂਬ ਹੈ। ਉਹ ਵੱਸ ਹੀ ਉਸ ਨਾਲ ਸਕਦਾ ਹੈ ਜਿਸ ਦੀਆਂ ਅੱਖਾਂ ਵਿੱਚ ਉਹ ਪਹਿਲੀ ਨਜ਼ਰੇ ਝਾਕ ਨਾ ਸਕੇ। ਅਜਿਹੇ ਕੱਬੇ ਮਰਦ ਲਈ ਹੋਰ ਕੋਈ ਔਰਤ ਰਾਸ ਵੀ ਨਹੀਂ ਆ ਸਕਦੀ ਸੀ। ਕਿਹਰੂ ਬਾਹਰੋਂ ਕੱਬਾ ਤੇ ਅੰਦਰੋਂ ਹੁਸਨ ਤੇ ਜਵਾਨੀ ਦਾ ਪਾਰਖੂ ਤੇ ਘਰ ਵਸਾਉਣ ਜਿੰਨਾ ਸਹਿਨਸ਼ੀਲ, ਇਨੈਤੀ ਬਾਹਰੋਂ ਅਲ੍ਹੜ ਤੇ ਦਿਲੋਂ ਕਿਸੇ ਦੀ ਹੋ ਕੇ ਰਹਿਣ ਵਾਲੀ ਤੇ ਨਜ਼ਰ ਉਸ ਦੀ ਮਰਦਾਂ ਦੀ ਪਾਰਖੂ। ਕਿਹਰੂ ਤੇ ਇਨੈਤੀ ਇਕ ਦੂਜੇ ਲਈ ਬਣੇ ਸਨ। ਕਹਾਣੀ ਸਿਖਰ ਨੂੰ ਉਸ ਸਮੇਂ ਛੁੰਹਦੀ ਹੈ, ਜਦੋਂ ਖੁਸ਼ੀਆਂ ਤੇ ਮਸਤੀਆਂ ਨਾਲ ਭਰਪੂਰ ਉਨ੍ਹਾਂ ਦੇ ਜੀਵਨ ਨੂੰ ਪਾਕਿਸਤਾਨ ਬਣਨ ਨਾਲ ਇਕ ਨਵਾਂ ਚੈਲਿੰਜ ਮਿਲਦਾ ਹੈ। ਕਿਹਰੂ ਦੀ ਮਰਦਾਨਗੀ ਇਸ ਉਤੇ ਵੀ ਕਾਬੂ ਪਾ ਲੈਂਦੀ ਹੈ। ਇਸ ਇਮਤਿਹਾਨ ਵਿਚੋਂ ਲੰਘਣ ਦਾ ਉਸ ਦਾ ਅੰਦਾਜ਼ ਦਸਦਾ ਹੈ ਕਿ ਉਸ ਉਤੇ ਇਨੈਤੀ ਦਾ ਜਾਦੂ ਕਿੰਨਾ ਹੈ।

ਇਹੋ ਕਿਹਰੂ 'ਦਸ ਨੰਬਰੀਆ' ਜਿਸ ਤੋਂ ਸਭ ਡਰਦੇ ਹਨ ਆਪ ਲੇਖਕ ਲਈ ਪਹਿਰੇਦਾਰ ਹੋ ਖਲੋਂਦਾ ਹੈ ਕਿਉਂਕਿ ਉਸ ਦੇ ਆਖੇ ਅਨੁਸਾਰ ਉਹ 'ਦੁਸ਼ਮਣਦਾਰ ਆਦਮੀ' ਹੈ ਤੇ ਇਹ ਉਸ ਤੋਂ ਬਰਦਾਸ਼ਤ ਨਹੀਂ ਹੋ ਸਕਦਾ ਕਿ ਉਸ ਦੇ ਪਰਾਹੁਣਿਆਂ ਨੂੰ ਕੋਈ ਅਜ਼ਾ ਪਹੁੰਚੇ। ਪਰਾਹੁਣੇ ਖ਼ੁਦ ਉਸ ਕੋਲ ਰਾਤ ਬਸਰ ਕਰਨ ਲਈ ਮਜਬੂਰ ਹਨ ਪਰ ਉਨ੍ਹਾਂ ਦਾ ਤੌਖਲਾ ਓਨੀ ਦੇਰ ਬਣਿਆ ਰਹਿੰਦਾ ਹੈ ਜਿੰਨੀ ਦੇਰ ਇਸ ਕਾਤਿਲ ਦੀ ਮਨੁੱਖਤਾ ਦਾ ਪ੍ਰਮਾਣ ਉਹ ਪਰਤੱਖ ਨਹੀਂ ਵੇਖ ਲੈਂਦੇ।

ਸ੍ਰ: ਗੁਰਬਖਸ਼ ਸਿੰਘ ਦੀਆਂ ਜਿਨ੍ਹਾਂ ਕਹਾਣੀਆਂ ਦੀ ਵਧੇਰੇ ਚਰਚਾ ਹੋਈ ਹੈ ਉਨ੍ਹਾਂ ਵਿਚੋਂ 'ਮੇਰਾ ਨਿਸਫਲ ਪਿਆਰ' ਸ਼ਾਮਲ ਹੈ ਜਿਸ ਦੀ ਨਵੇਕਲੀ ਗੱਲ ਇਹ ਹੈ ਕਿ ਲੇਖਕ ਦੀ ਆਤਮ-ਕਥਾ ਦਾ ਬਿਆਨ ਕਿਤੇ ਵੀ ਇਹ ਝਲਕ ਨਹੀਂ ਦੇਂਦਾ ਕਿ 'ਮਖਣੀ' ਨਾਲ ਪਿਆਰ ਸਿਰੇ ਨਾ ਚੜ੍ਹਨ ਕਾਰਨ ਉਸ ਦੀ ਮੌਤ ਤਕ ਦਾ ਬਿਤਾਇਆ ਵੀਹ ਵਰ੍ਹਿਆਂ ਦਾ ਸਮਾਂ ਕਿਸੇ ਤਰ੍ਹਾਂ ਵੀ ਹਾਵਿਆਂ ਤੇ ਹੌਕਿਆਂ ਦਾ ਸਮਾਂ ਸੀ। ਕਹਾਣੀ ਵਿੱਚ ਪਿਆਰ ਦੀ ਸ਼ਿੱਦਤ ਸਿਖਰਾਂ ਦੀ ਹੈ ਪਰ ਇਹ ਉਸ ਤਰ੍ਹਾਂ ਦੀ ਸ਼ਿੱਦਤ ਨਹੀਂ ਕਿ ਨਾਇਕਾ ਨੂੰ ਪ੍ਰਾਪਤ ਨਾ ਕਰ ਸਕਣ ਦੀ ਵਜ੍ਹਾ ਕਰਕੇ ਨਾਇਕ ਗ਼ਮ ਵਿੱਚ ਘੁਲ-ਘੁਲ ਕੇ ਮਰ ਰਿਹਾ ਹੋਵੇ ਜਾਂ ਸ਼ੁਦਾਈਆਂ ਦੀ ਤਰ੍ਹਾਂ ਕੰਧਾਂ ਨਾਲ ਟਕਰਾਂ ਮਾਰਦਾ ਫਿਰੇ। ਏਥੇ ਦੋਵੇਂ ਧਿਰਾਂ ਉਸ ਪਿਆਰ ਦੀ ਸਿੱਕ ਨੂੰ, ਜਿਸ ਬਾਰੇ ਉਹ ਇਕ ਵਾਰ ਵੀ ਰੱਜ ਕੇ ਗੱਲਾਂ ਨਹੀਂ ਕਰ ਸਕੇ, ਜਾਂ ਜਿਸ ਨੂੰ ਪੂਰੀ ਤਰ੍ਹਾਂ ਉਹ ਇਕ ਦੂਜੇ ਕੋਲ ਪ੍ਰਗਟ ਵੀ ਨਹੀਂ ਕਰ ਸਕੇ ਤੇ ਇਉਂ ਇਹ ਇਕ ਯਾਦ ਤੋਂ ਵੱਧ ਕੁਝ ਵੀ ਨਹੀਂ ਰਹਿ ਗਿਆ ਸੀ, ਦਿਲ ਵਿੱਚ ਸਾਂਭੀ ਜਿਉਂ ਰਹੇ ਹਨ। ਦੋਵੇਂ ਵਿਆਹੇ-ਵਰੇ, ਬੱਚਿਆਂ ਵਾਲੇ ਹਨ। ਨਾਇਕਾ ਦੀ ਜ਼ਿੰਦਗੀ ਅਜ਼ਾਬ ਹੈ, ਪਰ ਨਾਇਕ ਦੀ ਸਭਨਾ ਅਰਥਾਂ ਵਿੱਚ ਸਫਲ। ਇਉਂ ਨਾਇਕਾ ਲਈ ਉਸ ਪਲੇਠੀ ਦੇ ਪਿਆਰ ਦੀ ਤੀਬਰਤਾ ਬਣੀ ਰਹਿਣਾ ਬਿਲਕੁਲ ਕੁਦਰਤੀ ਲੱਗਦਾ ਹੈ। ਪਰ ਨਾਇਕ ਵੀ ਇਉਂ ਹੀ ਇਸ ਯਾਦ ਨਾਲ ਉਸੇ ਇਕਾਗਰਤਾ ਨਾਲ ਜੁੜਿਆ ਰਹੇ, ਇਸ ਦਾ ਕੋਈ ਆਧਾਰ ਕਹਾਣੀ ਦੇ ਅੰਦਰ ਮੌਜੂਦ ਨਹੀਂ। ਫੇਰ ਵੀ ਲੇਖਕ ਦੀ ਪੇਸ਼ਕਾਰੀ ਇਸ ਨੂੰ ਇਉਂ ਹੀ ਸਿੱਧ ਕਰ ਦੇਂਦੀ ਹੈ। ਇਹ ਪਿਆਰ ਦਾ ਨਵੇਕਲਾ ਸੰਕਲਪ ਹੈ ਤੇ 'ਕਬਜ਼ਾ ਨਹੀਂ ਪਹਿਚਾਣ' ਦੇ ਸੰਕਲਪ ਦਾ ਹੀ ਇਕ ਰੂਪ ਹੈ। ਵੀਹ ਸਾਲ ਬਾਅਦ ਵੀ ਜਦੋਂ ਇਕ ਖਤ ਆਣ ਪੁਜਦਾ ਹੈ ਤਾਂ ਜਜ਼ਬਿਆਂ ਦੇ ਝੱਖੜ ਉਸੇ ਤਰ੍ਹਾਂ ਹੀ ਝੁੱਲਣੇ ਸ਼ੁਰੂ ਹੋ ਜਾਂਦੇ ਹਨ ਜਿਵੇਂ ਕਿ ਸਭ ਕੁਝ ਸਜਰਾ ਹੈ ਤੇ ਜਿਵੇਂ ਦੋ ਦਹਾਕਿਆਂ ਦਾ ਸਮਾਂ ਕਿਸੇ ਇਕ ਨੁਕਤੇ ਉਤੇ ਅਟਕਿਆ ਰਹਿ ਗਿਆ ਸੀ।

ਵੀਹ ਵਰ੍ਹੇ ਅਪ੍ਰਾਪਤੀ ਦੀ ਧੀਮੀ-ਧੀਮੀ ਕਸਕ ਅਖ਼ੀਰ ਇਕ ਦਰਦਨਾਕ ਦੁਖਾਂਤ ਹੋ ਨਿਬੜਦੀ ਹੈ ਇਉਂ ਜਿਵੇਂ ਕਿ ਇਹ ਅਟੱਲ ਹੋਣੀ ਸੀ। ਇਕ ਕਲਾ ਕ੍ਰਿਤ ਵਜੋਂ ਵੀ ਇਹ ਕਹਾਣੀ ਨਿਪੁੰਨ ਹੈ। 'ਭਾਬੀ ਮੈਨਾ' ਸ੍ਰ: ਗੁਰਬਖਸ਼ ਸਿੰਘ ਦੀਆਂ ਉਨ੍ਹਾਂ ਕਲਾ-ਕ੍ਰਿਤਾਂ ਵਿੱਚੋਂ ਹੈ, ਜਿਹੜੀਆਂ ਸਮਾਂ ਬੀਤਣ ਨਾਲ ਕਦੇ ਪੁਰਾਣੀਆਂ ਨਹੀਂ ਹੋਣਗੀਆਂ। ਭਾਬੀ ਮੈਨਾ ਤੇ 'ਕਾਕਾ' ਇਕ ਗਲੀ ਵਿੱਚ ਆਮ੍ਹਣੇ-ਸਾਹਮਣੇ ਰਹਿੰਦੇ ਹਨ। 'ਕਾਕਾ' ਤੇਰ੍ਹਾਂ ਸਾਲਾਂ ਦਾ ਹੋਣ ਲੱਗਾ ਹੈ ਤੇ ਮੈਨਾ ਪੰਝੀ ਸਾਲਾਂ ਦੀ ਵਿਧਵਾ ਹੈ ਤੇ ਏਸੇ ਕਰਕੇ ਆਪਣੀ ਸੱਸ ਦੀ ਨਿਗਰਾਨੀ ਹੇਠ ਹੈ। ਮੌਤ-ਉਜਾੜੇ ਤੇ ਚਾਅ-ਵਿਹੂਣੇ ਘਰ ਦੀ ਜਵਾਨ ਨੂੰਹ ਕਾਕੇ ਨਾਲ ਮਲੋ-ਮੱਲੀ ਡਾਢਾ ਮੋਹ ਪਾ ਲੈਂਦੀ ਹੈ। ਕਾਕਾ ਬਚਪਨ ਦੀ ਮਾਸੂਮੀਅਤ ਦੀ ਦਹਿਲੀਜ਼ ਅਜੇ ਟਪਿਆ ਨਹੀਂ। ਫੇਰ ਵੀ ਉਸ ਸਮੇਂ ਦੇ ਸਮਾਜ ਦੀਆਂ ਬੰਦਸ਼ਾਂ ਏਨੀਆਂ ਹਨ ਕਿ ਇਸ ਓੜਕਾਂ ਦੇ ਸੂਖਸ਼ਮ ਲਗਾਓ ਨੂੰ ਵੀ ਬਰਦਾਸ਼ਤ ਨਹੀਂ ਕੀਤਾ ਜਾਂਦਾ ਤੇ ਭਾਬੀ ਮੈਨਾ ਪੁਜਾਰਣੀ ਬਣਨ ਲਈ ਮਜਬੂਰ ਕਰ ਦਿੱਤੀ ਜਾਂਦੀ ਹੈ ਜਿਸ ਹੈਸੀਅਤ ਵਿੱਚ ਉਸ ਨੇ ਸੰਤਣੀ ਬਣਕੇ ਸਮਾਜਕ ਜੀਵਨ ਤੋਂ ਵੱਖ ਹੋ ਜਾਣਾ ਹੈ, ਵਾਲ ਕਟਵਾਉਣੇ ਹਨ ਤੇ ਕਿਸੇ ਮਰਦ ਬਾਰੇ ਆਪਣੇ ਦਿਲ ਵਿੱਚ ਖਿਆਲ ਲਿਆਉਣਾ ਵੀ ਉਸ ਲਈ ਵਰਜਿਤ ਹੋ ਜਾਣਾ ਹੈ। ਕਹਾਣੀ ਦੇ ਸਿਖਰ ਤੇ ਪੁਜਦਿਆਂ ਭਾਬੀ ਮੈਨਾ ਵਾਲ ਕਟਵਾਉਣ ਤੋਂ ਨਾਬਰ ਹੋ ਉਠਦੀ ਹੈ ਤੇ ਆਤਮ-ਹੱਤਿਆ ਕਰ ਲੈਂਦੀ ਹੈ। ਵਿਧਵਾ ਦੀ ਹੋਣੀ ਤੇ ਮਾਸੂਮ ਲਗਾਓ ਲਈ ਓੜਕਾਂ ਦੀ ਸਜ਼ਾ ਦੀ ਸ਼ਾਇਦ ਹੀ ਏਨੀ ਸਫ਼ਲ ਕਹਾਣੀ ਕੋਈ ਲਿਖੀ ਗਈ ਹੋਵੇ।

ਸ੍ਰ: ਗੁਰਬਖਸ਼ ਸਿੰਘ ਨੇ ਪੰਜਾਬੀ ਸਾਹਿਤ ਤੇ ਪੰਜਾਬੀ ਸਮਾਜਕ ਜੀਵਨ ਉਤੇ ਆਪਣੀ ਵਿਕੋਲਿੱਤਰੀ ਛਾਪ ਛੱਡੀ ਹੈ। ਪੰਜਾਬੀ ਬੋਲੀ ਦੀ ਨੁਹਾਰ ਤੇ ਇਸ ਦਾ ਮੁਹਾਵਰਾ ਉਹ ਨਹੀਂ ਰਹੇ ਜੋ ਸਰਦਾਰ ਜੀ ਦੇ ਆਗਮਨ ਤੋਂ ਪਹਿਲਾਂ ਸਨ। ਇਹ ਹੁਣ ਭਾਰਤੀ ਬੋਲੀਆਂ ਨਾਲ ਕਦਮ ਮਿਲਾ ਕੇ ਤੁਰਨ ਦੇ ਯੋਗ ਹੋ ਗਈ ਹੈ। ਪੰਜਾਬ ਨੇ ਹਜ਼ਾਰਾਂ ਵਰ੍ਹਿਆਂ ਦੇ ਆਪਣੇ ਇਤਿਹਾਸ ਵਿੱਚ ਅਨੇਕ ਸੰਤਾਪ ਭੋਗੇ ਹਨ। ਭਾਰਤ ਦੇ ਕਿਸੇ ਹੋਰ ਹਿੱਸੇ ਨਾਲੋਂ ਬਦੇਸ਼ੀ ਆਕ੍ਰਮਨ ਏਥੇ ਵਧੇਰੇ ਹੋਏ ਤੇ ਲੋਕਾਂ ਦੀ ਇੱਜ਼ਤ ਤੇ ਜਾਨ-ਮਾਲ ਦੀ ਰਾਖੀ ਲਈ ਪੰਜਾਬੀ ਗਭਰੂਆਂ ਦੀ ਕੁਰਬਾਨੀ ਦੀ ਦਾਸਤਾਨ ਵੀ ਬਹੁਤ ਲੰਮੀ ਹੈ। ਆਜ਼ਾਦੀ ਦੇ ਸੰਗ੍ਰਾਮ ਵਿੱਚ ਪੰਜਾਬੀਆਂ ਦੀ ਦੇਣ ਨੂੰ ਤਾਂ ਸੱਭੇ ਸਵੀਕਾਰ ਕਰਦੇ ਹਨ। ਪਰ ਇਤਿਹਾਸ ਦੇ ਇਨ੍ਹਾਂ ਵਿੰਗ-ਵਲੇਵਿਆਂ ਵਿੱਚ ਪੰਜਾਬੀ ਬੋਲੀ ਨੂੰ ਸਨਮਾਨ ਦਾ ਥਾਂ ਨਹੀਂ ਮਿਲ ਸਕਿਆ ਸੀ। ਹੁਣ ਦੇ ਯੁਗ ਵਿੱਚ ਇਹ ਸਾਰੇ ਘਾਟੇ ਪੂਰੇ ਹੋਣਗੇ ਤੇ ਜਦੋਂ ਕਦੇ ਵੀ ਤੇ ਜਿੱਥੇ ਵੀ ਪੰਜਾਬ ਵਿਚੋਂ ਅਗਿਆਨਤਾ, ਫਿਰਕਾਪ੍ਰਸਤੀ, ਕਟੜਵਾਦ ਤੇ ਸਾਮੰਤੀ ਜ਼ਾਮਨੀਆਂ ਦੀ ਹੋਰ ਰਹਿੰਦ-ਖੂੰਦ ਨੂੰ ਦੂਰ ਕਰਨ ਦੀ ਗੱਲ ਚਲੇਗੀ ਸ੍ਰ: ਗੁਰਬਖਸ਼ ਸਿੰਘ ਦੀਆਂ ਅਨਮੋਲ ਲਿਖਤਾਂ ਦਾ ਹਵਾਲਾ ਜ਼ਰੂਰ ਦਿੱਤਾ ਜਾਏਗਾ। ●





ਪ੍ਰੀਤਲੜੀ ਦਾ ਪਹਿਲਾ ਕਵਰ

ਭਾਬੀ ਮੈਨਾ

ਸ਼ਹਿਰ ਦੀ ਇਕ ਗਲੀ ਦੇ ਦੋ ਆਹਮੋ-ਸਾਹਮਣੇ ਘਰਾਂ ਵਿਚਕਾਰ ਮਸਾਂ ਤਿੰਨ-ਸਾਢੇ ਤਿੰਨ ਗਜ਼ ਦੀ ਵਿਥ ਸੀ। ਦੋ ਬਾਰੀਆਂ ਵੀ ਪਹਿਲੀ ਛੱਤ ਉਤੇ ਆਹਮੋ-ਸਾਹਮਣੇ ਹੀ ਖੁਲ੍ਹਦੀਆਂ ਸਨ। ਇਕ ਵਿਚੋਂ, ਸਾਹਮਣੇ ਕੰਧ ਨਾਲ ਵੱਡਾ ਸ਼ੀਸ਼ਾ ਲਟਕਿਆ ਦਿੱਸਦਾ ਸੀ। ਹੋਰ ਚੀਜ਼ਾਂ ਏਸ ਕਮਰੇ ਵਿੱਚ ਥੋੜੀਆਂ ਹੀ ਸਨ: ਇਕ ਮੰਜੀ, ਇਕ ਪੀੜ੍ਹੀ, ਇਕ ਆਲੇ ਵਿੱਚ ਦੋ-ਚਾਰ ਕਿਤਾਬਾਂ, ਕੰਘੀ, ਤੇਲ ਤੇ ਕੰਧ ਉਤੇ ਇਕ ਦੋ ਤਸਵੀਰਾਂ, ਟੋਕਰੀ ਵਿੱਚ ਦੋ-ਚਾਰ ਕਪੜੇ।

ਇਹ ਛੋਟਾ ਜਿੰਨਾ ਕਮਰਾ ਸੀ, ਤੇ ਇਸ ਵਿੱਚ ਸਿਵਾਏ ਇਕੋ ਇਸਤਰੀ ਦੇ ਕੋਈ ਹੋਰ ਸੂਰਤ ਘੱਟ ਹੀ ਕਦੇ ਵੇਖੀ ਗਈ ਸੀ। ਇਹ ਕਦੇ ਕਸ਼ੀਦਾ ਕੱਢਦੀ, ਕਦੇ ਕਿਤਾਬ ਪੜ੍ਹਦੀ, ਕਦੇ ਊਂਧੀ ਪਾਈ ਬੈਠੀ ਹੁੰਦੀ ਤੇ ਕਦੇ ਸ਼ੀਸ਼ੇ ਸਾਹਮਣੇ ਖਲੋ ਕੇ ਵਾਲਾਂ ਨੂੰ ਕਿੰਨਾ-ਕਿੰਨਾ ਚਿਰ ਕੰਘੀ ਕਰਦੀ ਰਹਿੰਦੀ। ਕੰਘਾ ਇਹ ਕਰਦੀ ਵੀ ਕਈ ਵਾਰੀ ਸੀ ਤੇ ਘਰਦਿਆਂ ਦਾ ਖਿਆਲ ਸੀ ਕਿ ਇਹਨੂੰ ਕੰਘੇ ਦਾ ਝੱਲ ਹੈ।

ਇਹਦੇ ਵਾਲ ਲੰਮੇ ਵੀ ਬੜੇ ਸਨ। ਜਦੋਂ ਇਹ ਉੜਕੇ ਉਹਨਾਂ ਦੀ ਲੰਬਾਈ ਆਪ ਦੇਖਦੀ ਤਾਂ ਗਿੱਟੇ ਛੁਹ ਘੱਤਦੇ ਸਨ, ਤੇ ਜੇ ਕਿਸੇ ਨੇ ਇਹ ਚਾਨਣੇ ਵੇਖੇ ਹੁੰਦੇ, ਤਾਂ ਉਹਨਾਂ ਦੀ ਲਿਸ਼ਕ ਦਾ ਵੀ ਉਹਨੂੰ ਜ਼ਰੂਰ ਪਤਾ ਹੁੰਦਾ, ਪਰ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਹਨੂੰ ਆਪਣੇ ਵਾਲਾਂ ਦਾ ਬੜਾ ਮਾਣ ਸੀ।

ਇਹ ਜਵਾਨ ਸੀ, ਸੁਨਕਸ਼ ਤੇ ਲੰਮੀ। ਇਹਦੀਆਂ ਅੱਖਾਂ ਦਾ ਰੰਗ ਸਾਹਮਣੀ ਬਾਰੀ 'ਚੋਂ ਨਹੀਂ ਸੀ ਦਿੱਸ ਸਕਦਾ, ਪਰ ਦਖ ਬੜੀ ਮਿੱਠੀ ਤੇ ਉਦਾਸ ਸੀ।

ਇਹ ਬਹੁਤਾ ਚਿਰ ਆਪਣੀ ਬਾਰੀ ਦੀ ਰੌਸ ਉਤੇ ਬੈਠੀ ਹੰਝੂ ਕੇਰਦੀ ਰਹਿੰਦੀ ਸੀ, ਕਦੇ ਬਾਰੀ 'ਚੋਂ ਸਿਰ ਲਮਕਾ ਕੇ ਬਾਹਰ ਵੇਖਦੀ ਨੂੰ ਕਿਸੇ ਨਹੀਂ ਸੀ ਤਕਿਆ। ਪਰ ਗਲੀ ਵਾਲਿਆਂ ਨੂੰ ਇਹਦੀ ਬੈਠਕ ਦਾ ਅਹਿਸਾਸ ਜ਼ਰੂਰ ਹੁੰਦਾ ਸੀ, ਤੇ ਕਦੇ ਕੋਈ ਲੰਘਦੀ ਜਾਂਦੀ ਆਵਾਜ਼ ਵੀ ਮਾਰ ਲੈਂਦੀ ਸੀ, ਤੇ ਇਹ ਬੜੇ ਮਿੱਠੇ ਲਹਿਜੇ ਵਿੱਚ ਜ਼ਰਾ ਕੁ ਉੱਲਰ ਕੇ ਜਵਾਬ ਦੇ ਦੇਂਦੀ ਸੀ।

ਜਦੋਂ ਇਹ ਕਮਰੇ ਵਿੱਚ ਨਾ ਹੋਵੇ ਤਾਂ ਬਾਰੀ ਬੰਦ ਹੋ ਜਾਂਦੀ ਸੀ, ਪਰ ਸਿਆਲ ਵਿੱਚ ਲੌਢੇ ਕੁ ਵੇਲੇ, ਤੇ ਗਰਮੀਆਂ ਵਿੱਚ ਬਾਰਾਂ ਕੁ ਵਜੇ ਇਹ ਬਾਰੀ ਜ਼ਰੂਰ ਖੁਲ੍ਹਦੀ ਸੀ, ਤੇ ਇਸ ਬਾਰੀ ਵਿੱਚ ਜ਼ਰਾ ਕੁ ਪਾਸਾ ਪਰਤ ਕੇ ਉਹ ਬੈਠੀ ਹੁੰਦੀ ਸੀ, ਅਤੇ ਕਦੇ-ਕਦੇ ਗਲੀ ਵਲ ਝਾਕ ਲਿਆ ਕਰਦੀ ਸੀ।

ਉਏਂ ਇਕ ਬੱਚਾ ਜਿਹਾ ਲੜਕਾ ਬਸਤਾ ਫੜੀ ਗਲੀ ਦਾ ਮੋੜ ਮੁੜਦਾ ਦਿੱਸ ਪੈਂਦਾ। ਇਹ ਕੰਮ ਛੱਡ ਕੇ ਬਾਰੀ ਦੇ ਜੰਗਲੇ ਦੀਆਂ ਗੁੱਡੀਆਂ ਵਿੱਚੋਂ ਉਧਰ ਤੱਕਦੀ ਰਹਿੰਦੀ। ਉਹ ਲੜਕਾ ਵੀ ਕਦੇ-ਕਦੇ ਉਤਾਂਹ ਤੱਕਦਾ, ਤੇ ਫੇਰ ਆਪਣੇ ਘਰ ਵੜ ਜਾਂਦਾ। ਉਹਦੇ ਪੌੜੀਆਂ ਚੜ੍ਹਨ ਦੀ ਟੁਪ-ਟੁਪ ਇਸਤਰੀ ਦੇ ਕੰਨਾਂ ਵਿੱਚ ਹੁੰਦੀ। ਉਹ ਕਦੇ ਉਸ ਘਰ ਨਹੀਂ ਸੀ ਗਈ, ਪਰ ਉਹਨੂੰ ਉਹਨਾਂ ਦੀ ਪੌੜੀ ਦੇ ਅੱਡਿਆਂ ਦੀ ਗਿਣਤੀ ਯਾਦ ਸੀ, ਹਰ ਅੱਡੇ ਉਤੇ ਪੈਂਦੇ ਪੈਰਾਂ ਨੂੰ ਉਹਨਾਂ ਦੀ ਆਵਾਜ਼ ਦੇ ਨਾਲ ਉਸ ਨੇ ਕਈ ਵਾਰੀ ਆਪਣੀ ਛਾਤੀ ਨਾਲ ਘੁਟਿਆ ਸੀ।

ਦੂਜੇ ਘਰ ਕੋਈ ਬੂਹਾ ਖੁਲ੍ਹਦਾ, ਉਹ ਤੱਕੇ ਬਿਨਾਂ ਹੀ ਮਹਿਸੂਸ ਕਰਦੀ ਕਿ ਸਾਹਮਣੀ ਬੈਠਕ ਵਿੱਚ ਕੋਈ ਵੜਿਆ ਹੈ।

ਬਸਤਾ ਇਕ ਪਾਸੇ ਧਰ ਉਹ ਲੜਕਾ, ਕੁਝ ਚਿਰ ਆਪਣੀ ਬਾਰੀ ਖੋਲ੍ਹ ਕੇ ਸਾਹਮਣੀ ਬਾਰੀ ਵਲ ਵੇਖਦਾ। ਇਸਤਰੀ ਉਧਰ ਨਹੀਂ ਸੀ ਤੱਕਦੀ, ਪਰ ਉਹਨੂੰ ਪਤਾ ਹੁੰਦਾ ਸੀ ਕਿ ਉਹਦੇ ਇਕ ਪਾਸੇ ਉਹ ਅੱਖਾਂ ਲੱਗੀਆਂ ਹੋਈਆਂ ਹਨ, ਜਿਨ੍ਹਾਂ ਦੀ ਰਾਹ ਉਹ ਰੋਜ਼ ਤੱਕਦੀ ਰਹਿੰਦੀ ਸੀ, ਤੇ ਜੇ ਕਿਸੇ ਦਿਨ ਉਹਨੂੰ ਸਕੂਲੋਂ ਆਉਂਦਿਆਂ ਦੇਰ ਹੋ ਜਾਏ ਤਾਂ ਆਉਂਦੇ ਮੁੰਡਿਆਂ ਕੋਲੋਂ ਪੁੱਛਣਾ ਚਾਹੁੰਦੀ ਸੀ —"ਕਾਕਾ ਕਿਉਂ ਨਹੀਂ ਆਇਆ?".......ਪਰ ਪੁੱਛਿਆ ਉਸ ਕਦੇ ਨਹੀਂ ਸੀ।

ਕਾਕਾ ਬੈਠਕ ਦਾ ਬੂਹਾ ਭੀੜ ਕੇ ਕੋਠੇ ਉਤੇ ਚੜ੍ਹ ਜਾਂਦਾ ਸੀ।

ਕਿੰਨਾ ਹੀ ਚਿਰ ਏਸ ਤਰ੍ਹਾਂ ਲੰਘ ਗਿਆ। ਕਾਕਾ ਹੁਣ ਤੇਰ੍ਹਾਂ ਸਾਲਾਂ ਦਾ ਹੋਣ ਲੱਗਾ। ਉਹਦੀ ਦਿਲਚਸਪੀ ਸਾਹਮਣੀ ਬਾਰੀ ਵਿੱਚ ਉਹਨੂੰ ਕੁਝ ਵਧੇਰੇ ਸੁਆਦਲੀ ਮਹਿਸੂਸ ਹੋਣ ਲੱਗ ਪਈ।

ਇਕ ਦਿਨ ਉਸ ਆਪਣੀ ਮਾਂ ਕੋਲੋਂ ਪੁੱਛਿਆ, "ਸਾਡੇ ਘਰ ਸਾਰੇ ਆਉਂਦੇ ਨੇ - ਪਰ ਸਾਹਮਣੇ ਘਰੋਂ ਕਦੇ ਕੋਈ ਕਿਉਂ ਨਹੀਂ ਆਇਆ?"

"ਕਾਕਾ, ਇਹ ਇਕੱਲਾ ਭਾਬੜਿਆਂ ਦਾ ਘਰ ਸਾਡੀ ਗਲੀ ਵਿੱਚ ਏ। ਇਹ ਲੋਕ ਮਾਸ ਤੋਂ ਬੜਾ ਪਰਹੇਜ਼ ਕਰਦੇ ਨੇ। ਇਹ ਏਸ ਲਈ ਸਿੱਖਾਂ ਨਾਲ ਕੋਈ ਵਰਤਣ ਵਿਹਾਰ ਨਹੀਂ ਰਖਦੇ।"

"ਪਰ ਮਾਂ, ਅਸੀਂ ਤੇ ਮਾਸ ਨਹੀਂ ਖਾਂਦੇ।"

"ਇਹ ਸਮਝਦੇ ਨੇ, ਸਾਰੇ ਸਿੱਖ ਮਾਸ ਖਾਂਦੇ ਨੇ।"

"ਤੇ ਕੀ ਇਹ ਘਰੋਂ ਬਾਹਰ ਵੀ ਨਹੀਂ ਨਿਕਲਦੇ?"

"ਨਿਕਲਦੇ ਨੇ ਪਰ ਹੈ ਇਹ ਦੁਖੀ ਜਿਹਾ ਘਰ। ਮੌਤ ਨੇ ਏਸ ਘਰ ਬੜਾ ਉਜਾੜਾ ਪਾਇਆ ਏ। ਇਕੋ ਇਕ ਪੁੱਤਰ ਰਹਿ ਗਿਆ ਸੀ, ਉਹਨੂੰ ਵਿਆਹਿਆ, ਪਰ ਦੋ ਵਰ੍ਹੀਂ ਉਹ ਵੀ ਮਰ ਗਿਆ। ਮੋਏ ਪਿੱਛੋਂ ਇਕ ਬਾਲ ਹੋਇਆ, ਉਹ ਵੀ ਵਰ੍ਹਾ ਜੀਉਂਦਾ ਨਾ ਰਿਹਾ। ਹੁਣ ਤਿੰਨੇ ਰੰਡੀਆਂ ਰੋਣ ਧੋਣ ਨੂੰ ਰਹਿ ਗਈਆਂ।"

"ਉਹ ਬਾਲ ਕਿਦ੍ਹਾ ਸੀ?"

"ਮੈਨਾ ਦਾ, ਜਿਹਨੂੰ ਤੂੰ ਕਈ ਵਾਰੀ ਬਾਰੀ ਵਿੱਚ ਬੈਠਿਆਂ ਵੇਖਿਆ ਹੋਵੇਗਾ।"

"ਉਹ, ਮਾਂ, ਹਰ ਵੇਲੇ ਬਾਰੀ 'ਚ ਕਿਉਂ ਬੈਠੀ ਰਹਿੰਦੀ ਏ?"

"ਇਹ ਲੋਕ ਜਵਾਨ ਰੰਡੀਆਂ ਨੂੰਹਾਂ ਦੀ ਬੜੀ ਰਾਖੀ ਰਖਦੇ ਨੇ ਤੇ ਕੰਮ ਘਰ ਵਿੱਚ ਬਹੁਤ ਹੋਇਆ ਕੋਈ ਨਾ।"

"ਰਾਖੀ ਕਿਉਂ ਰਖਦੇ ਨੇ?"

"ਐਵੇਂ ਕਿਸੇ ਨਾਲ ਕੋਈ ਘਰ ਦੀ ਗੱਲ ਕਰਨਗੀਆਂ, ਖੁਸ਼ ਜੂ ਨਾ ਰਹਿੰਦੀਆਂ ਹੋਈਆਂ।"

''ਮਾਂ, ਜਿੰਨੀਆਂ ਜ਼ਨਾਨੀਆਂ ਸਾਡੇ ਆਉਂਦੀਆਂ ਨੇ, ਕਿਸੇ ਨੂੰ ਤੁਸੀਂ ਕਹਿੰਦੇ ਹੋ ਚਾਚੀ ਆਖਾਂ, ਕਿਸੇ ਨੂੰ ਮਾਸੀ ਭੂਆ ਆਖਾਂ। ਜੇ ਇਹ ਕਦੇ ਮੈਨੂੰ ਮਿਲੇ ਤਾਂ ਮੈਂ ਕੀ ਆਖਾਂ?''

''ਕੌਣ? ਮੈਨਾ?''

''ਹਾਂ ਜੀ, ਜਿਹੜੀ ਬਾਰੀ ਵਿੱਚ ਬੈਠੀ ਰਹਿੰਦੀ ਏ।''

''ਇਹ ਤੇਰੀ ਭਾਬੀ ਏ। ਇਹਦਾ ਘਰ ਵਾਲਾ ਤੇਰੀ ਗਲੀ ਦਾ ਭਰਾ ਹੁੰਦਾ, ਬੜਾ ਚੰਗਾ ਮੁੰਡਾ ਸੀ।''

''ਇਹ ਮੈਨਾ ਕਿਸ ਤਰ੍ਹਾਂ ਦਾ ਨਾਂ ਹੋਇਆ?''

''ਤੈਨੂੰ ਚੰਗਾ ਨਹੀਂ ਲੱਗਾ?''

''ਨਹੀਂ, ਬੜਾ ਚੰਗਾ ਲੱਗਾ ਏ ਪਰ ਮੈਂ ਅਗੇ ਕਦੇ ਇਹੋ ਜਿਹਾ ਨਾਂ ਨਹੀਂ ਸੁਣਿਆਂ। ਮੈਨਾ ਉਹੀ ਹੁੰਦੀ ਏ ਨਾ, ਜਿਹੜੀ ਮਾਮਾ ਜੀ ਦੇ ਘਰ ਪਿੰਜਰੇ 'ਚੋਂ ਬੜੀਆਂ ਪਿਆਰੀਆਂ ਗੱਲਾਂ ਕਰਦੀ ਏ? ਤੋਤਾ ਏਡਾ ਸੁਹਣਾ ਨਹੀਂ ਬੋਲਦਾ।''

''ਹਾਂ ਉਹੋ ਈ!''

''ਮਾਂ, ਮੈਨੂੰ ਇਕ ਮੈਨਾ ਲੈ ਦਿਓਗੇ?''

''ਕਾਕਾ, ਤੂੰ ਆਪਣੇ ਮਾਮੇ ਨੂੰ ਹੀ ਆਖੀਂ!''

ਕੁਝ ਦਿਨਾਂ ਬਾਅਦ ਕਾਕੇ ਦੀ ਬੈਠਕ ਵਿੱਚ ਇਕ ਪਿੰਜਰਾ ਟੰਗਿਆ ਹੋਇਆ ਸੀ। ਇਹ ਪਿੰਜਰਾ ਜੇ ਉਹ ਕਦੇ ਕੋਠੇ ਉਤੇ ਜਾਂਦਾ ਤਾਂ ਉਹ ਨਾਲ ਲੈ ਜਾਂਦਾ।

ਆਪਣੀ ਮੈਨਾ ਨੂੰ ਕਾਕੇ ਨੇ ਸਿਖਾਇਆ: ''ਭਾਬੀ ਮੈਨਾ ਬਾਰੀ 'ਚ ਬੈਠੀ ਏ।'' ਬਾਰੀ ਵਾਲੀ ਮੈਨਾ ਨੇ ਕਾਕੇ ਨਾਲ ਕਦੇ ਗੱਲ ਨਹੀਂ ਸੀ ਕੀਤੀ, ਪਰ ਉਹਨੂੰ ਬੜਾ ਚੰਗਾ ਲੱਗਦਾ ਸੀ, ਮੈਨਾ ਜਦੋਂ ਆਂਹਦੀ ਸੀ: ''ਭਾਬੀ ਮੈਨਾ ਬਾਰੀ 'ਚ ਬੈਠੀ ਏ।''

ਸਿਆਲ ਦੀਆਂ ਰਾਤਾਂ ਵਿੱਚ ਭਾਬੀ ਮੈਨਾ ਆਪਣੇ ਕਮਰੇ ਵਿੱਚ ਸੌਂਦੀ ਸੀ। ਇਮਤਿਹਾਨ ਨੇੜੇ ਆਉਣ ਕਰਕੇ ਕਾਕਾ ਵੀ ਕੁਝ ਦਿਨਾਂ ਤੋਂ ਬੈਠਕ ਵਿੱਚ ਹੀ ਸੌਣ ਲੱਗ ਪਿਆ ਸੀ। ਭਾਬੀ ਮੈਨਾ ਨੂੰ ਕਈ ਵਾਰੀ ਸੁੱਤੇ ਕਾਕੇ ਦੇ ਸਾਹ ਦੀ ਆਵਾਜ਼ ਆਉਂਦੀ ਸੀ। ਉਹ ਕਿੰਨਾ ਚਿਰ ਮੰਜੇ ਉਤੇ ਉਠ ਕੇ ਸੁਣਦੀ ਰਹਿੰਦੀ ਸੀ।

ਉਹਦੀ ਉਮਰ ਹੁਣ ਪੰਝੀਆਂ ਵਰ੍ਹਿਆਂ ਦੀ ਹੋਣ ਲੱਗੀ ਸੀ। ਕਾਕਾ ਤੇਰ੍ਹਾਂ ਦਾ ਪੂਰਾ ਨਹੀਂ ਸੀ ਹੋਇਆ। ਉਹ ਦਿਲ ਵਿੱਚ ਆਂਹਦੀ ਸੀ, ''ਜੇ ਕਦੇ ਮੈਨੂੰ ਏਸ ਬੱਚੇ ਨਾਲ ਬੋਲਣ ਦੀ ਖੁਲ੍ਹ ਹੋਵੇ, ਮੈਂ ਇਹਨੂੰ ਸਕੂਲੋਂ ਆਉਂਦੇ ਨੂੰ ਬਾਰੀ 'ਚੋਂ ਸਿਰ ਕੱਢ ਕੇ ਵੇਖ ਸਕਦੀ ਹੋਵਾਂ, ਮੈਂ ਇਹਦੇ ਨਾਲ ਗੱਲ ਕਰ ਸਕਦੀ ਹੋਵਾਂ, ਤੇ ਜਦੋਂ ਕਦੇ ਇਹ ਬੀਮਾਰ ਹੋਵੇ, ਮੈਂ ਇਹਦੇ ਘਰ ਜਾ ਕੇ ਇਹਦੇ ਮੰਜੇ ਉਤੇ ਬਹਿ ਸਕਾਂ! ਬੀਮਾਰੀ ਵਿੱਚ ਕਿਸੇ ਨੂੰ ਕਿਸੇ ਖ਼ਰਾਬੀ ਦਾ ਕੀ ਡਰ ਹੋ ਸਕਦਾ ਏ!''

ਫੇਰ ਆਪੇ ਹੀ ਕਹਿੰਦੀ, ''ਮੈਨੂੰ ਕਿਸ ਏਨੀ ਖੁਲ੍ਹ ਦੇਣੀ ਏ। ਮੈਂ ਏਸੇ ਈ ਕਮਰੇ ਵਿੱਚ ਬੁੱਢੀ ਹੋ ਜਾਣਾ ਏ। ਮੇਰੇ ਵਾਲ ਮੇਰੀ ਸੱਸ ਦੇ ਵਾਲਾਂ ਵਾਂਗ ਭਰ ਜਾਣਗੇ। ਕਾਕੇ ਦਾ ਵਿਆਹ ਹੋ ਜਾਏਗਾ-ਇਹ ਬਾਰੀ ਫੇਰ ਏਸ ਤਰ੍ਹਾਂ ਖੁਲ੍ਹੀ ਨਹੀਂ ਰਹਿਣੀ। ਫੇਰ ਮੈਂ ਕਿਹੜੀ ਉਡੀਕ ਵਿੱਚ ਏਸ ਹਨ੍ਹੇਰੀ ਜ਼ਿੰਦਗੀ ਦੇ ਲੰਮੇ ਦਿਨ ਤੇ ਲੰਮੀਆਂ ਰਾਤਾਂ ਕਟਿਆ ਕਰਾਂਗੀ।''

ਇਹ ਸੋਚਦਿਆਂ ਉਹਨੂੰ ਗੋਤਾ ਜਿਹਾ ਆਇਆ। ਉਹ ਬਿਸਤਰੇ 'ਚੋਂ ਉਠ ਕੇ ਬਾਰੀ ਵਿੱਚ ਗਈ। ਰਾਤ ਚਾਨਣੀ ਸੀ, ਖੁਲ੍ਹੀ ਬਾਰੀ 'ਚੋਂ ਮਾੜਾ-ਮਾੜਾ ਚਾਨਣ ਕਾਕੇ ਦੇ ਮੂੰਹ ਉਤੇ ਪੈ ਰਿਹਾ ਸੀ। ਕਾਕਾ ਘੂਕ ਸੁੱਤਾ ਸੀ। ਉਹਦਾ ਸਾਹ ਉੱਚਾ ਉੱਚਾ ਆ ਰਿਹਾ ਸੀ। ਮੈਨਾ ਦੇ ਜੀਅ ਵਿੱਚੋਂ ਉਬਾਲ ਜਿਹਾ ਉਠਿਆ, ਉਸ ਨੇ ਦੋ ਘਰਾਂ ਦੀ ਵਿਥ ਜਾਂਚੀ, ਬੜੀ ਥੋੜੀ ਜਾਪੀ, ''ਕਦੇ ਬਾਰੀਆਂ ਦੀਆਂ ਦੋਹਾਂ ਬੰਨੀਆਂ ਉਤੇ ਆਪਣੀ ਮੰਜੀ ਡਾਹ ਕੇ ਪੁੱਲ ਬੰਨ੍ਹ ਲਵਾਂ! ਮੈਂ ਕਾਕੇ ਕੋਲ ਪਹੁੰਚ ਜਾਵਾਂ। ਮੈਂ ਉਹਨੂੰ ਜਗਾਵਾਂਗੀ ਨਹੀਂ, ਉਹਦਾ ਮੂੰਹ ਦੂਰੋਂ ਚੁੰਮ ਕੇ ਆਪਣੇ ਕਮਰੇ ਵਿੱਚ ਆ ਜਾਵਾਂਗੀ।''

ਪਰ ਨਾ ਉਹ ਵਿਥ ਏਨੀ ਥੋੜੀ ਸੀ, ਤੇ ਨਾ ਉਹਦੀ ਰੀਝ ਜਿੰਨੀ ਉਹਦੇ ਵਿੱਚ ਹਿੰਮਤ ਸੀ। ਉਹ ਮੰਜੀ ਉਤੇ ਆ ਲੰਮੀ ਪਈ। ਕੁਝ ਚਿਰ ਬਾਅਦ ਕਾਕੇ ਦੀ ਬੈਠਕ 'ਚੋਂ ਆਵਾਜ਼ ਆਈ : ''ਭਾਬੀ ਮੈਨਾ....।'' ਉਹ ਚੌਂਕ ਕੇ ਫੇਰ ਉਠੀ। ਪਰ ਇਹ ਪਿੰਜਰੇ ਦੀ ਮੈਨਾ ਦੀ ਆਵਾਜ਼ ਸੀ, ਕਾਕਾ ਉਸੇ ਪਾਸੇ ਸੁੱਤਾ ਪਿਆ ਸੀ।

ਉਸੇ ਘੜੀ ਮੈਨਾ ਦੀ ਸੱਸ ਕਿਤੇ ਟੱਟੀ ਪਿਸ਼ਾਬ ਲਈ ਉਠੀ ਸੀ, ਉਸ ਸੁਣਿਆਂ ਮੈਨਾ ਦੇ ਕਮਰੇ ਵਿੱਚ ਕੁਝ ਖੜਾਕ ਹੋਇਆ ਸੀ। ਨਾਲੇ ਉਸ ਨੂੰ ''ਭਾਬੀ ਮੈਨਾ'' ਸੁਣਨ ਦਾ ਵੀ ਭੁਲੇਖਾ ਜਿਹਾ ਸੀ, ਉਸ ਨੇ ਮੈਨਾ ਨੂੰ ਵਾਜ ਦਿੱਤੀ। ਮੈਨਾ ਅੰਦਰੋਂ ਝਟ ਬੋਲ ਪਈ। ਸੱਸ ਦਾ ਸ਼ੱਕ ਪੱਕਾ ਹੋ ਗਿਆ।

''ਤੂੰ ਸੁੱਤੀ ਨਹੀਂ ਸੈਂ ਮੈਨਾ, ਰਾਤ ਤਾਂ ਅੱਧੀ ਲੰਘ ਗਈ ਏ?''

''ਐਵੇਂ ਜਾਗ ਖੁਲ੍ਹ ਗਈ ਸੀ।''

ਸੱਸ ਕਮਰੇ ਵਿੱਚ ਆ ਵੜੀ। ਉਸ ਨੂੰ ਸਾਹਮਣੀ ਬਾਰੀ ਵਿੱਚ ਕੋਈ ਸੁੱਤਾ ਜਾਪਿਆ, ਆਦਮੀ ਦਾ ਮੂੰਹ।

''ਤੂੰ ਕਿਸੇ ਨਾਲ ਗੱਲਾਂ ਪਈ ਕਰਦੀ ਸੈਂ?''

''ਮੈਂ ਕਿਦ੍ਹੇ ਨਾਲ ਗੱਲਾਂ ਕਰਨੀਆਂ ਸਨ!''

ਸੱਸ ਨੇ ਫੇਰ ਸਾਹਮਣੀ ਬਾਰੀ ਵਲ ਤੱਕਿਆ।

''ਉਹ ਤਾਂ ਸਰਦਾਰਾਂ ਦਾ ਕਾਕਾ ਏ, ਘੂਕ ਸੁੱਤਾ ਪਿਆ ਏ।'' ਮੈਨਾ ਨੇ ਆਖਿਆ।

ਸੱਸ ਚਲੀ ਗਈ। ਪਰ ਭਾਵੇਂ ਕਾਕਾ ਬਿਲਕੁਲ ਬੱਚਾ ਸੀ, ਤੇ ਆਪਣੀ ਉਮਰ ਨਾਲੋਂ ਵੀ ਭੋਲਾ ਸੀ, ਤਾਂ ਵੀ ਸੀ ਤਾਂ ਮਰਦ ਮਾਹਨੂੰ। ਵਿਧਵਾਵਾਂ ਦਾ ਕੀ ਕੰਮ ਕਿ ਬੱਚਿਆਂ ਵਲ ਵੀ ਏਸ ਤਰ੍ਹਾਂ ਤੱਕਣ!

ਮੈਨਾ ਸਕੂਲੋਂ ਆਉਂਦੇ ਨੂੰ ਤੱਕਦੀ ਏ। ਕਾਕਾ ਵੀ ਆਉਂਦਾ ਪਹਿਲੋਂ ਬੈਠਕ ਵਿੱਚ ਜਾਂਦਾ ਤੇ ਬਾਰੀ ਖੁਲ੍ਹੀ ਰੱਖਦਾ ਏ। ਉਹ ਪਿਛਲੇ ਸਾਲ ਨਾਲੋਂ ਐਤਕੀ ਵੱਡਾ ਵੀ ਚੰਗਾ ਜਾਪਦਾ ਏ।

ਇਹ ਗੱਲਾਂ ਸ਼ੁੱਟ ਪਾਣ ਵਾਲੀਆਂ ਨਹੀਂ ਸਨ। ਇਹੋ ਨਿੱਕੀਆਂ ਬੱਦਲੀਆਂ ਕਦੇ ਕਾਲੀਆਂ ਘਟਾਂ ਬਣ ਜਾਂਦੀਆਂ ਨੇ।

ਅੱਜ ਜਦੋਂ ਕਾਕਾ ਸਕੂਲੋਂ ਆਇਆ, ਮੈਨਾ ਦੀ ਬਾਰੀ ਬੰਦ ਸੀ। ਰਾਤੀਂ ਵੀ ਉਹ ਬਾਰੀ ਬੰਦ ਰਹਿਣ ਲੱਗ ਪਈ।

ਕਾਕੇ ਦੀ ਜ਼ਿੰਦਗੀ ਦਾ ਵੀ ਇਹ ਬਾਰੀ ਇਕ ਹਿੱਸਾ ਬਣਦੀ ਜਾ ਰਹੀ ਸੀ। ਉਹਦਾ ਹੁਣ ਖੇਡਾਂ ਵਿੱਚ ਏਨਾ ਜੀਅ ਨਹੀਂ ਸੀ

ਲੱਗਦਾ। ਮਾਂ ਕੋਲੋਂ ਪੁੱਛਣ ਦਾ ਕੋਈ ਫ਼ਾਇਦਾ ਨਹੀਂ ਸੀ, ਕਿਉਂਕਿ ਉਸ ਘਰ ਨਾਲ ਕੋਈ ਵਾਹ ਨਹੀਂ ਸੀ ਪੈਂਦਾ। ਕਦੇ ਵਿਆਹ ਢੰਗ ਵੇਲੇ ਭਾਜੀ ਦੇਣ ਦੁਆਣ ਲਈ ਦਲ੍ਹੀਜ਼ਾਂ ਟੱਪੀਆਂ ਜਾਂਦੀਆਂ ਸਨ।

ਅੱਜ ਰਾਤ ਹਨੇਰੀ ਸੀ। ਮੈਨਾ ਦੀ ਬਾਰੀ ਨਾਲ ਘਸਰ-ਮਸਰ ਜਿਹੀ ਹੋਈ, ਜੀਕਰ ਕੋਈ ਕੁੰਜੀਆਂ ਵਟਾ-ਵਟਾ ਕੇ ਜੰਦਰਾ ਖੋਲ੍ਹਦਾ ਹੈ।

ਫੇਰ ਬਾਰੀ ਮਲਕੜੇ ਜਿਹੇ ਖੁਲ੍ਹੀ। ਮੈਨਾ ਨੇ ਉਠ ਕੇ ਬੂਹੇ 'ਚੋਂ ਘਰ ਦਾ ਖੜਾਕ ਲਿਆ। ਫੇਰ ਗਲੀ ਵਿੱਚ ਤੱਕਿਆ। ਫੇਰ ਕਾਕੇ ਦਾ ਸਾਹ ਸੁਣਿਆ, ਕਾਕਾ ਸੁੱਤਾ ਹੋਇਆ ਸੀ। ਹੋਰ ਕਿਸੇ ਨੂੰ ਉਸ ਹਨੇਰੇ ਵਿੱਚ ਕੁਝ ਨਹੀਂ ਸੀ ਦਿੱਸਦਾ, ਪਰ ਮੈਨਾ ਦੀਆਂ ਪਿਆਰ-ਟੋਂਹਦੀਆਂ ਅੱਖਾਂ ਕਾਕੇ ਦਾ ਅੰਗ-ਅੰਗ ਵੇਖ ਰਹੀਆਂ ਸਨ।

ਦੂਜੀ ਘੜੀ ਉਹਨੂੰ ਏਸ ਤਰ੍ਹਾਂ ਮਹਿਸੂਸ ਹੋਇਆ, ਜਿਸ ਤਰ੍ਹਾਂ ਉਹ ਕਾਕੇ ਦੀ ਮੰਜੀ ਉਤੇ ਬੈਠੀ ਸੀ, ਤੇ ਉਹਦੇ ਕੂਲੇ ਵਾਲਾਂ ਵਿੱਚ ਉਂਗਲਾਂ ਫੇਰ ਰਹੀ ਸੀ। ਤੇ ਫੇਰ-ਫੇਰ ਕੇ ਉਹਨੂੰ ਜਗਾ ਰਹੀ ਸੀ। ਮੈਨਾ ਦੇ ਕੰਨੀਂ ਉਹਦੀ ਆਪਣੀ ਵਾਜ ਪਈ: ''ਕਾਕਾ-ਕਾਕਾ-ਕਾਕਾ!''

ਉਹ ਅਜੇ ਵੀ ਸੁੱਤਾ ਹੋਇਆ ਸੀ। ਉਹ ਉਹਨੂੰ ਕਹਿ ਰਹੀ ਸੀ : ''ਕਾਕਾ, ਤੇਰੀ ਭਾਬੀ ਮੈਨਾ, ਇਕ ਘੜੀ ਲਈ ਜਾਗ ਪਓ, ਇਕ ਪਲ ਜਾਗ ਪਓ, ਇਕ ਲਫ਼ਜ਼, ਇਕ ਗੱਲ, ਇਕੋ ਲਫ਼ਜ਼, ਇਕੋ ਗੱਲ, ਫੇਰ ਬਸ......''

ਕਾਕਾ ਉਭੜਵਾਹੇ ਉਠਿਆ।

ਮੈਨਾ ਨੂੰ ਬੜੀ ਸ਼ਰਮ ਆਈ। ਉਹਨੂੰ ਹੁਣ ਪਤਾ ਲੱਗਾ ਕਿ ਉਹ ਆਪਣੇ ਮਨ ਵਿੱਚ ਨਹੀਂ, ਉਹ ਆਪਣੇ ਮੂੰਹ ਨਾਲ ਬੋਲ ਰਹੀ ਸੀ ਤੇ ਕਾਕਾ ਜਾਗ ਪਿਆ ਸੀ। ਜੇ ਕੋਈ ਹੋਰ ਵੀ ਜਾਗ ਪਿਆ ਹੋਵੇ!

ਕਾਕਾ ਆਪਣੀ ਬਾਰੀ ਵਿੱਚ ਆ ਬੈਠਾ। ਉਹਨੂੰ ਵੀ ਬਾਰੀ ਦੇ ਹਨੇਰੇ ਵਿੱਚ ਬੈਠੀ ਭਾਬੀ ਮੈਨਾ ਮਹਿਸੂਸ ਹੋ ਰਹੀ ਸੀ। ਉਹਨੇ ਕਈ ਵਾਰੀ ਭਾਬੀ ਮੈਨਾ ਨੂੰ ਗਲਵੱਕੜੀ ਪਾਣੀ ਚਾਹੀ ਸੀ। ਉਹ ਬੜਾ ਉਦਾਸ ਰਹਿੰਦਾ ਸੀ ਕਿ ਬਾਰੀ ਕਿਉਂ ਬੰਦ ਰਹਿਣ ਲੱਗ ਪਈ ਸੀ।

''ਭਾਬੀ ਮੈਨਾ, ਭਾਬੀ ਮੈਨਾ!''

''ਹਾਂ ਕਾਕਾ, ਮੇਰਾ ਸੁਹਣਾ ਕਾਕਾ, ਪਰ ਜ਼ਰਾ ਹੌਲੀ, ਮੈਂ ਹੌਲੀ ਤੋਂ ਹੌਲੀ ਗੱਲ ਵੀ ਤੇਰੀ ਸੁਣ ਲਾਂਗੀ।''

''ਮੈਨੂੰ ਵੀ ਤੁਹਾਡੀ ਵਾਜ ਸਾਫ਼ ਆ ਰਹੀ ਏ, ਤੁਸੀਂ ਬੜੇ ਹੌਲੀ ਬੋਲਦੇ ਓ?''

''ਹਾਂ, ਮੇਰੇ ਪਿਆਰੇ ਕਾਕੇ।''

''ਤੁਸੀਂ ਏਨੇ ਦਿਨ ਕਿਥੇ ਚਲੇ ਗਏ ਸੌ?''

''ਮੇਰਾ ਕਮਰਾ ਹਵਾਲਾਤ ਬਣਾ ਦਿੱਤਾ ਗਿਆ ਹੈ — ਏਸ ਬਾਰੀ ਨੂੰ ਜੰਦਰਾ ਵਜ ਗਿਆ ਏ।''

''ਉਹ ਕਿਉਂ?''

''ਓਦਣ ਤੇਰੀ ਮੈਨਾ ਨੇ ਮੈਨੂੰ ਵਾਜ ਮਾਰੀ ਸੀ। ਮੈਂ ਉਠੀ ਸਾਂ। ਮੈਂ ਜਾਤਾ ਤੂੰ ਸੈਂ। ਮੇਰੀ ਸੱਸ ਵੀ ਸ਼ਾਮਤ ਨੂੰ ਉਸੇ ਵੇਲੇ ਉਠ ਬੈਠੀ। ਓਸ ਜਾਤਾ ਮੈਂ ਤੇਰੇ ਨਾਲ ਗੱਲਾਂ ਕਰਦੀ ਸਾਂ।''

''ਤਾਂ ਫੇਰ ਕੀ ਹੋਇਆ। ਮਾਂ ਨੇ ਆਖਿਆ ਸੀ ਤੁਸੀਂ ਮੇਰੀ ਭਾਬੀ ਓ।''

''ਕਾਕਾ, ਬਹੁਤ ਕੁਝ ਹੋ ਗਿਆ। ਫਾਟਕਾਂ ਨੂੰ ਤਾਲੇ ਲੱਗ ਗਏ। ਏਸ ਲਈ ਹੁਣ ਮੈਂ ਏਥੋਂ ਚਲੀ ਜਾਣਾ ਏ। ਏਸ ਘਰ ਵਿੱਚ ਮੇਰੀ ਇਹ ਅਖ਼ੀਰਲੀ ਰਾਤ ਏ, ਮੈਂ ਤੈਨੂੰ ਮਿਲ ਕੇ ਜਾਣਾ ਚਾਹੁੰਦੀ ਸਾਂ। ਤੂੰ ਕਿਸੇ ਨੂੰ ਦੱਸੇਂਗਾ ਤਾਂ ਨਹੀਂ?''

''ਮੈਂ ਨਹੀਂ ਦੱਸਾਂਗਾ, ਭਾਬੀ ਮੈਨਾ, ਪਰ ਤੁਸੀਂ ਕਿਉਂ ਜਾਂਦੇ ਹੋ? ਨਾ ਜਾਓ! ਮੈਂ ਵੱਡਾ ਹੋਵਾਂਗਾ। ਮੇਰਾ ਵਿਆਹ ਹੋਵੇਗਾ। ਮੈਂ ਆਪਣੀ ਵਹੁਟੀ ਨੂੰ ਤੁਹਾਡੇ ਘਰ ਘਲਾਂਗਾ। ਉਹ ਤੁਹਾਨੂੰ ਬੁਲਾਏਗੀ। ਤੁਸੀਂ ਉਹਨੂੰ ਮਿਲਣ ਆਉਣਾ। ਫੇਰ ਤਾਂ ਕੋਈ ਕੀ ਆਖੇਗਾ। ਤੁਸੀਂ ਨਾ ਜਾਓ!''

''ਪਰ ਕਾਕਾ, ਤੂੰ ਅਜੇ ਬੜਾ ਛੋਟਾ ਏਂ। ਤੇਰਾ ਵਿਆਹ ਦੂਰ ਏ। ਏਨੇ ਵਰ੍ਹੇ ਏਸ ਕੈਦਖ਼ਾਨੇ ਵਿੱਚ ਕੀਕਰ ਕੱਟੇ ਜਾਣਗੇ, ਜਦੋਂ ਤੇਰੇ ਵਲ ਵੇਖਣਾ ਵੀ ਮੇਰਾ ਬੰਦ ਕੀਤਾ ਗਿਆ ਏ!''

''ਤੁਸੀਂ ਕਿਥੇ ਜਾਓਗੇ? ਮੈਂ ਉਥੇ ਤੁਹਾਨੂੰ ਮਿਲਣ ਆਵਾਂਗਾ।''

''ਨਹੀਂ ਕਾਕਾ, ਜਿਥੇ ਮੈਂ ਚਲੀ ਹਾਂ, ਉਥੇ ਸ਼ਾਹਦੀ ਕੋਈ ਮਰਦ ਦੀ ਜ਼ਾਤ ਮੇਰੇ ਨਾਲ ਗੱਲ ਨਹੀਂ ਕਰ ਸਕੇਗੀ।''

''ਤੁਸੀਂ ਓਥੇ ਨਾ ਜਾਓ।''

''ਮੇਰੇ ਲਈ ਹੋਰ ਕੋਈ ਰਾਹ ਬਾਕੀ ਨਹੀਂ ਰਿਹਾ। ਮੈਂ ਪੂਜਣੀ ਹੋਣ ਦਾ ਫ਼ੈਸਲਾ ਕਰ ਲਿਆ ਏ?''

''ਪੂਜਣੀ ਕੀ ਹੁੰਦੀ ਏ?''

''ਉਹ ਭਾਬੜਿਆਂ ਦੀਆਂ ਸਾਧੂ ਜ਼ਨਾਨੀਆਂ ਜਿਨ੍ਹਾਂ ਦੇ ਸਿਰ ਮੁੰਨੇ ਹੋਏ, ਮੂੰਹਾਂ ਉਤੇ ਪੱਟੀਆਂ ਤੇ ਪੈਰ ਨੰਗੇ ਹੁੰਦੇ ਨੇ।''

''ਨਾ ਭਾਬੀ ਮੈਨਾ, ਤੁਸੀਂ ਕਦੇ ਉਹ ਨਾ ਬਣਨਾ। ਮੈਨੂੰ ਉਹਨਾਂ ਕੋਲੋਂ ਬੜਾ ਡਰ ਲੱਗਦਾ ਏ। ਉਹਨਾਂ ਦੀਆਂ ਪੱਟੀਆਂ ਉਤੇ ਅੱਖਾਂ ਹੋਰ ਈ ਤਰ੍ਹਾਂ ਦੀਆਂ ਲੱਗਦੀਆਂ ਨੇ।''

''ਕਾਕਾ, ਮੇਰੇ ਲਈ ਕੋਈ ਰਾਹ ਨਹੀਂ ਰਿਹਾ.....'' ਤੇ ਉਸ ਨੇ ਇਕ ਖੇਹਨੂੰ ਜਿਹਾ ਕਾਕੇ ਦੀ ਬਾਰੀ ਵਿੱਚੋਂ ਬੈਠਕ ਅੰਦਰ ਸੁੱਟਿਆ। ''ਇਹ ਮੇਰੀ ਨਿਸ਼ਾਨੀ ਰਖੀਂ। ਸਵੇਰੇ ਢੂੰਡ ਲਈਂ, ਹੁਣ ਖੜਾਕ ਨਾਲ ਕੋਈ ਜਾਗ ਨਾ ਪਏ!''

ਤੇ ਮੈਨਾ ਦੀ ਬਾਰੀ ਬੰਦ ਹੋ ਗਈ। ਜੰਦਰੇ ਵਿੱਚ ਕੁੰਜੀ ਫਿਰਦੀ ਕਾਕੇ ਨੇ ਸੁਣੀ। ਬਾਕੀ ਰਾਤ ਉਹ ਸੌਂ ਨਾ ਸਕਿਆ।

ਦੂਜੇ ਦਿਨ ਜਦੋਂ ਸਕੂਲੋਂ ਆਇਆ ਤਾਂ ਉਹਦੀ ਮਾਂ ਨੇ ਉਹਨੂੰ ਦੱਸਿਆ ਕਿ ਮੈਨਾ ਬੜੀ ਦੁਖੀ ਸੀ। ਰੋਜ਼ ਸੱਸ ਲੜਦੀ ਤੇ ਮਿਹਣੇ ਮਾਰਦੀ ਸੀ। ਉਹ ਅੱਕ ਕੇ ਘਰੋਂ ਨਿਕਲ ਗਈ ਏ ਤੇ ਲਿਖ ਕੇ ਛੱਡ ਗਈ ਏ, ਉਹ ਪੂਜਣੀ ਹੋਣ ਚੱਲੀ ਏ।

''ਪਰ ਮਾਂ ਉਹ ਏਥੇ ਪੂਜਣੀ ਨਹੀਂ ਸੀ ਹੋ ਸਕਦੀ?''

''ਨਹੀਂ, ਜਿਸ ਪੂਜਣੀ ਹੋਣਾ ਹੋਵੇ, ਉਹ ਆਪਣਾ ਸ਼ਹਿਰ ਛੱਡ ਕੇ ਕਿਸੇ ਦੂਜੇ ਸ਼ਹਿਰ ਦੇ ਪਾਸਰੇ ਵਿੱਚ ਜਾ ਬਹਿੰਦੀ ਏ। ਉਹ

ਲੋਕ ਉਹਦੀ ਪੁਛ ਪੜਤਾਲ ਕਰਦੇ ਨੇ। ਤੇ ਜੇ ਉਹਦੀ ਨੀਅਤ ਦਾ ਯਕੀਨ ਹੋ ਜਾਏ ਤਾਂ ਉਹਦੀ ਪੂਰੀ ਹਿਫ਼ਾਜ਼ਤ ਕਰਦੇ ਨੇ, ਚੰਗਾ ਖੁਆਂਦੇ, ਚੰਗੇ ਕਪੜੇ ਪੁਆਂਦੇ ਤੇ ਕੁਝ ਦਿਨ ਜੋ ਉਹ ਚਾਹੇ ਕਰਨ ਦੇਂਦੇ ਨੇ। ਫੇਰ ਸਿਰ ਮੁੰਨ ਪੂਜਣੀ ਬਣਾ ਦੇਂਦੇ ਨੇ। ਉਸ ਦੇ ਬਾਅਦ ਨਾ ਉਹ ਚੰਗਾ ਖਾ ਸਕਦੀ, ਨਾ ਪਹਿਨ ਸਕਦੀ ਤੇ ਨਾ ਮਰਦਾਂ ਨਾਲ ਗੱਲਾਂ ਕਰ ਸਕਦੀ ਏ।''

''ਭਾਬੀ ਮੈਨਾ ਗਈ ਕਿਥੇ ਹੋਵੇਗੀ?''

''ਪਤਾ ਲੱਗ ਜਾਏਗਾ।''

''ਜੇ ਨੇੜੇ ਦਾ ਕੋਈ ਸ਼ਹਿਰ ਹੋਇਆ ਤਾਂ ਮੈਨੂੰ ਵਿਖਾ ਲਿਆਓਗੇ?''

''ਪਿੰਡੀ ਇਹਨਾਂ ਦਾ ਤਕੜਾ ਪਾਸਰਾ ਏ। ਉਥੇ ਤੇਰੀ ਮਾਸੀ ਵੀ ਏ। ਜੇ ਉਥੇ ਹੋਇਆ ਤਾਂ ਦੋ ਦਿਨ ਹੋ ਆਵੀਂ। ਤੇਰੀ ਮਾਸੀ ਤੈਨੂੰ ਵਿਖਾ ਦੇਵੇਗੀ। ਜਦੋਂ ਕੋਈ ਪੂਜ ਬਣਦਾ ਏ, ਸਾਰੇ ਸ਼ਹਿਰ ਵਿੱਚ ਬੜੀ ਰੌਣਕ ਹੁੰਦੀ ਏ।''

ਕਾਕੇ ਨੇ ਮਾਸੀ ਨੂੰ ਲਿਖ ਦਿੱਤਾ, ਕਿ ਉਹ ਪਤਾ ਰਖਣ।

ਪਤਾ ਦੋ ਹਫ਼ਤਿਆ ਵਿੱਚ ਸਾਰਿਆਂ ਨੂੰ ਹੋ ਗਿਆ। ਸਾਰੀ ਗਲੀ ਵਿੱਚ ਮੈਨਾ ਦੀਆਂ ਗੱਲਾਂ ਹੁੰਦੀਆਂ ਸਨ। ਬੜੀ ਚੰਗੀ ਜ਼ਨਾਨੀ ਸੀ। ਕਿਸੇ ਨੇ ਉਹਦਾ ਮੱਥਾ ਨਹੀਂ ਸੀ ਵੇਖਿਆ। ਵਾਲ ਕੇਡੇ ਸੁਹਣੇ ਸਾਸੂ! ਰੱਖਦੀ ਵੀ ਜਾਨ ਨਾਲ ਸੀ। ਘੋਨ ਮੋਨ ਕਰ ਦਿੱਤੀ ਜਾਏਗੀ। ਪੋਟਿਆਂ ਨਾਲ ਇਕ ਇਕ ਕਰਕੇ ਸਾਰੇ ਵਾਲ ਪੁੱਟ ਸੁੱਟੇ ਜਾਣਗੇ। ਵਿਚਾਰੀ!

ਕਾਕਾ ਮਾਸੀ ਕੋਲ ਪਹੁੰਚ ਗਿਆ। ਉਹਦੀ ਮਾਸੀ ਅੱਜ ਮੈਨਾ ਨੂੰ ਵੇਖ ਕੇ ਆਈ ਸੀ, ਉਹਨੇ ਬੜੇ ਸੁਹਣੇ ਕਪੜੇ ਪਾਏ ਹੋਏ ਸਨ, ਗਹਿਣੇ ਵੀ। ਇਹ ਗਹਿਣੇ ਲੋਕਾਂ ਮਾਂਗਵੇਂ ਦਿੱਤੇ ਸਨ। ਗੌਣ ਵੀ ਉਹਨਾਂ ਬਿਠਾਇਆ ਸੀ। ਉਹ ਕਾਕੇ ਦੀ ਗਲੀ ਦੀ ਹੋਣ ਕਰਕੇ ਮਾਸੀ ਦੀ ਦਿਲਚਸਪੀ ਵਧ ਗਈ। ਇਹ ਹਰ ਰਸਮ ਉਤੇ ਜਾਂਦੀ ਰਹੀ, ਇਹ ਕਾਕੇ ਨੂੰ ਦੱਸਦੀ ਸੀ ਕਿ ਉਹਨੂੰ ਬੜਾ ਰੂਪ ਚੜ੍ਹਿਆ ਹੋਇਆ ਸੀ ਤੇ ਕਲ੍ਹ ਉਹਨੂੰ ਡੋਲੇ ਵਿੱਚ ਪਾ ਕੇ ਸ਼ਹਿਰ ਵਿੱਚ ਭੁਆਣਗੇ, ਉਤੋਂ ਫੁੱਲ ਸੁਟਣਗੇ, ਗੁਲਾਬ ਛਿਣਕਣਗੇ।

ਕਾਕਾ ਬੜਾ ਬੇਤਾਬ ਸੀ ਆਪਣੀ ਭਾਬੀ ਨੂੰ ਵੇਖਣ ਲਈ। ਉਹਨੂੰ ਉਸ ਨੇ ਇਕੋ ਹੀ ਕਪੜਿਆਂ ਵਿੱਚ ਵੇਖਿਆ ਹੋਇਆ ਸੀ। ਉਹ ਉਹਨਾਂ ਕਪੜਿਆਂ ਵਿੱਚ ਵੀ ਬੜੀ ਚੰਗੀ ਲੱਗਦੀ ਹੁੰਦੀ ਸੀ, ਗਹਿਣੇ ਉਹਨੂੰ ਕਿਹੋ ਜਿਹੇ ਲੱਗਦੇ ਹੋਣਗੇ? ਉਹਨੇ ਉਹਨੂੰ ਹੱਸਦਿਆਂ ਕਦੇ ਨਹੀਂ ਸੀ ਵੇਖਿਆ। ਮਾਸੀ ਉਹਦਾ ਜ਼ਿਕਰ ਕਰਦੀ ਸੀ ਕਿ ਉਹਦੀ ਮੁਸਕਰਾਹਟ ਬੜਿਆਂ ਦਾ ਦਿਲ ਮੋਹਦੀ ਸੀ।

ਉਹਦਾ ਦਿੱਤਾ ਰੁਮਾਲ, ਉਹਦੀ ਨਿਸ਼ਾਨੀ, ਕਾਕੇ ਦੇ ਅੰਦਰਲੇ ਬੋਝੇ ਵਿੱਚ ਸੀ। ਉਹਨੇ ਉਹ ਕਿਸੇ ਨੂੰ ਨਹੀਂ ਸੀ ਦੱਸੀ ਪਰ ਉਹਨੂੰ ਉਹ ਵੇਖਦਾ ਰੋਜ਼ ਸੀ। ਉਹਨੇ ਹਿੰਦੀ ਦੇ ਅੱਖਰ ਸਿਖ ਲਏ ਸਨ, ਕਿਉਂਕਿ ਹਿੰਦੀ ਵਿੱਚ ਉਹਦੇ ਉਤੇ ਕੱਢਿਆ ਹੋਇਆ ਸੀ-''ਬੜੇ ਪਿਆਰੇ ਕਾਕੇ ਨੂੰ, ਉਹਦੀ ਭਾਬੀ ਵਲੋਂ।''

ਉਹਦੀ ਮਾਸੀ ਨੇ ਦੱਸਿਆ ਕਿ ਦੂਜੇ ਦਿਨ ਦੁਪਹਿਰ ਦੇ ਬਾਅਦ ਮੈਨਾ ਦੀ ਡੋਲੀ ਨਿਕਲੇਗੀ। ਇਹ ਸਾਰੇ ਬਜ਼ਾਰਾਂ 'ਚੋਂ ਫਿਰੇਗੀ। ਹਰ ਕੋਈ ਵੇਖ ਸਕਦਾ ਹੈ।

ਕਾਕੇ ਨੇ ਦੂਜੇ ਦਿਨ ਮਾਸੀ ਦੇ ਬਾਗ਼ ਵਿੱਚੋਂ ਕਿੰਨੇ ਸਾਰੇ ਫੁੱਲ ਤੋੜ ਕੇ ਰੁਮਾਲ ਵਿੱਚ ਬੰਨ੍ਹ ਲਏ ਸਨ, ਤੇ ਜਦੋਂ ਉਹਨਾਂ ਦੇ ਚੌਂਕ ਕੋਲੋਂ ਡੋਲੀ ਲੰਘੀ ਤਾਂ ਉਹ ਜਾਣ ਕੇ ਘਰਦਿਆਂ ਨਾਲੋਂ ਵਖਰਾ ਹੋ ਗਿਆ। ਉਹ ਵੇਖ ਕੇ ਮੁੜਨਾ ਨਹੀਂ ਸੀ ਚਾਹੁੰਦਾ, ਉਹ ਸਾਰੀ ਵਾਟ ਭਾਬੀ ਦੀ ਡੋਲੀ ਨਾਲ ਰਹਿਣਾ ਚਾਹੁੰਦਾ ਸੀ।

ਵਰਦੀ ਵਾਲਾ ਵਾਜਾ ਵਜ ਰਿਹਾ ਸੀ, ਜੈਨੀ ਲੋਕ ਸੋਟ ਕਰ ਰਹੇ ਸਨ ਪੈਸਿਆਂ ਰੁਪਈਆਂ ਦੀ। ਡੋਲੀ ਵਿੱਚ ਉਹਦੀ ਭਾਬੀ ਗਹਿਣਿਆਂ ਨਾਲ ਲੱਦੀ ਬੈਠੀ ਸੀ। ਉਹਦਾ ਮੂੰਹ ਭਾਵੇਂ ਹੋਰ ਹੀ ਤਰ੍ਹਾਂ ਦਾ ਦਿੱਸਦਾ ਸੀ, ਪਰ ਉਹਦੇ ਵਿੱਚ ਪਹਿਲੇ ਮੂੰਹ ਦੀ ਝਲਕ ਵੀ ਕਾਫ਼ੀ ਸੀ। ਏਸ ਹੱਸਣੀ ਸੂਰਤ ਨਾਲੋਂ ਉਹਦੀਆਂ ਉਦਾਸ ਅੱਖਾਂ ਕਾਕੇ ਨੂੰ ਕਿਤੇ ਪਿਆਰੀਆਂ ਲੱਗਦੀਆਂ ਸਨ। ਲੋਕ ਕਹਿੰਦੇ ਸਨ ਇਸ ਪੂਜਣੀ ਨੂੰ ਲੋਹੜੇ ਦਾ ਰੂਪ ਚੜ੍ਹਿਆ ਹੈ। ਪਰ ਕਾਕੇ ਨੂੰ ਏਸ ਖਲਾਰੇ ਵਿੱਚੋਂ ਉਹਦੇ ਉਹ ਪਿਆਰੇ ਨਕਸ਼ ਪੂਰੇ ਨਹੀਂ ਸਨ ਦਿੱਸਦੇ।

ਉਹ ਜਦੋਂ ਸਮਝਦਾ ਸੀ ਉਹਦੇ ਵਲ ਭਾਬੀ ਦਾ ਧਿਆਨ ਹੈ, ਉਹ ਫੁੱਲ ਸੁੱਟ ਦੇਂਦਾ ਸੀ, ਉਹ ਹੱਥ ਜੋੜਦੀ ਸੀ। ਪਰ ਉਹ ਹੱਥ ਉਹਦੇ ਲਈ ਨਹੀਂ ਸਨ ਹੁੰਦੇ। ਐਡੀ ਭੀੜ ਵਿੱਚ ਨਿੱਕਾ ਜਿਹਾ ਕਾਕਾ ਉਹਨੂੰ ਕਿਸ ਤਰ੍ਹਾਂ ਦਿੱਸ ਸਕਦਾ ਸੀ, ਉਹ ਸੋਚਦਾ ਸੀ।

ਇਕ ਮੋੜ ਮੁੜਨ ਲੱਗਿਆ ਡੋਲੀ ਅਚਾਨਕ ਉਹਦੇ ਬਹੁਤ ਨੇੜੇ ਆ ਗਈ। ਉਧਰੋਂ ਫੁੱਲਾਂ ਦੀ ਵਰਖਾ ਉਤੇ ਮੈਨਾ ਨੇ ਹੱਥ ਜੋੜੇ। ਕਾਕਾ ਉਦੋਂ ਫੁੱਲ ਸੁੱਟਣ ਲੱਗਾ ਸੀ। ਮੈਨਾ ਨੇ ਪਛਾਣ ਲਿਆ। ਉਹਦੀਆਂ ਅੱਧ-ਮੀਟੀਆਂ ਅੱਖਾਂ ਚੌੜੀਆਂ ਖੁਲ੍ਹ ਗਈਆਂ। ਉਸ ਨੀਝ ਲਾ ਕੇ ਤੱਕਿਆ। ਫੇਰ ਹੌਂਸਲਾ ਕਰ ਕੇ ਉਸ ਨੇ ਆਖਿਆ ਕਿ ਉਹਦੀ ਡੋਲੀ ਖੜੀ ਕੀਤੀ ਜਾਏ।

''ਔਹ ਕਾਕਾ ਸਾਡੀ ਗਲੀ ਦਾ ਏ। ਮੇਰੇ ਉਤੇ ਫੁੱਲ ਸੁੱਟਣਾ ਚਾਹੁੰਦਾ ਏ, ਪਹੁੰਚਦੇ ਨਹੀਂ। ਉਹਨੂੰ ਇਕ ਮਿੰਟ ਲਈ ਮੇਰੇ ਕੋਲ ਲਿਆ ਦਿਓ।''

ਇਹ ਵਤੀਰਾ ਅਨੋਖਾ ਸੀ, ਪਰ ਪੂਜ ਬਣਨ ਵਾਲੇ ਦੀ ਗੱਲ ਮੋੜੀ ਨਹੀਂ ਜਾਂਦੀ।

''ਲਿਆ ਕਾਕਾ। ਇਹ ਤੇਰੇ ਫੁੱਲ ਮੈਂ ਲੈ ਲਵਾਂ। ਤੂੰ ਬੜੀ ਦੂਰੋਂ ਆਇਆ ਏਂ, ਮੇਰੀ ਗਲੀ ਦਾ ਕਾਕਾ।''

ਕਾਕਾ ਬੜਾ ਖੁਸ਼ ਹੋਇਆ। ਮੈਨਾ ਭਾਬੀ ਨੇ ਵੇਖ ਲਿਆ, ਬੁਲਾ ਕੇ ਹੱਥਾਂ ਨਾਲ ਹੱਥ ਲਾ ਕੇ ਫੁੱਲ ਲੈ ਲਏ। ਰੁਮਾਲ ਵੀ ਨਹੀਂ ਮੋੜਿਆ। ਖਿਆਲ ਕੀਤਾ ਭਾਬੀ ਨਿਸ਼ਾਨੀ ਰਖੇਗੀ।

ਜਲੂਸ ਪਾਸਰੇ ਉਤੇ ਪਹੁੰਚ ਗਿਆ। ਲੋਕ ਵਿਦਿਆ ਹੋ ਗਏ। ਮੈਨਾ ਤੇ ਕੁਝ ਇਸਤਰੀਆਂ ਉਹਦੇ ਨਾਲ ਪਾਸਰੇ ਉਤੇ ਚੜ੍ਹ ਗਈਆਂ। ਪੌੜੀ ਉਤੇ ਪੈਰ ਧਰਨ ਤੋਂ ਪਹਿਲਾਂ ਮੈਨਾ ਨੇ ਤੱਕਿਆ, ਕਾਕਾ ਸਾਹਮਣੀ ਹੱਟੀ ਦੇ ਫੱਟੇ ਉਤੇ ਖਲੋਤਾ ਸੀ।

ਪਾਸਰੇ ਉਤੇ ਵੱਡੇ ਪੂਜ ਦੇ ਸਾਹਮਣੇ ਮੈਨਾ ਨੂੰ ਬਿਠਾ ਦਿੱਤਾ ਗਿਆ।

''ਕੀ ਤੂੰ ਆਪਣਾ ਮਨ ਪੂਰਾ ਬਣਾ ਲਿਆ ਹੈ?'' ਵੱਡੇ ਪੂਜ ਨੇ ਪੁੱਛਿਆ।

''ਜੀ ਮਹਾਰਾਜ, ਮੈਂ ਬਣਾ ਲਿਆ ਹੈ।''

''ਕਪੜੇ-ਗਹਿਣੇ ਤੈਨੂੰ ਸਭ ਲਾਹੁਣੇ ਪੈਣਗੇ, ਤੇ ਫੇਰ ਜ਼ਿੰਦਗੀ ਵਿੱਚ ਤੂੰ ਇਹਨਾਂ ਨੂੰ ਅੰਗੀਕਾਰ ਨਹੀਂ ਕਰ ਸਕੇਂਗੀ।''

''ਜੀ ਮਹਾਰਾਜ, ਮੈਨੂੰ ਇਹਨਾਂ ਦੀ ਕੋਈ ਚਾਹ ਨਹੀਂ।''

''ਤੂੰ ਉਹੀ ਕੁਝ ਖਾਏਂ ਪੀਏਂਗੀ ਜੋ ਕੁਝ ਸਾਡੀ ਸ਼੍ਰੇਣੀ ਦੇ ਨਿਯਮ ਅਨੁਸਾਰ ਹੋਵੇਗਾ।''

''ਜੀ-ਮਹਾਰਾਜ, ਮੈਨੂੰ ਚੰਗੇ ਭੋਜਨ ਦੀ ਕੋਈ ਲੋੜ ਨਹੀਂ।''

''ਮਰਦਾਂ ਨੂੰ ਛੁਹਣਾ ਤੇ ਕਿਤੇ ਰਿਹਾ, ਇਹਨਾਂ ਦਾ ਖ਼ਿਆਲ ਵੀ ਉਸ ਧਰਮ ਵਿੱਚ ਵਿਘਨ ਪਾਏਗਾ ਜਿਹੜਾ ਧਰਮ ਤੂੰ ਚੁਣ ਰਹੀ ਹੈਂ।''

ਮੈਨਾ ਨੇ ਲੰਮਾ ਸਾਹ ਲਿਆ। ਉਹਦੀ ਜੇਬ ਵਿੱਚ ਛੁਪਾਇਆ ਕਾਕੇ ਦਾ ਰੁਮਾਲ ਖੁਲ੍ਹਦਾ ਮਹਿਸੂਸ ਹੋਇਆ ਤੇ ਰੁਮਾਲ ਦੇ ਸਿਰੇ ਨਿੱਕੀਆਂ ਬਾਹਾਂ ਬਣ ਕੇ ਉਹਦੀ ਕਮਰ ਦੁਆਲੇ ਲਿਪਟ ਗਈਆਂ।

ਓੜਕ ਕੁਝ ਸੰਭਲ ਕੇ ਉਸ ਉੱਤਰ ਦਿੱਤਾ, ''ਹਾਂ ਮਹਾਰਾਜ, ਇਹ ਵੀ ਮੈਂ ਪ੍ਰਵਾਨ ਕਰ.....।''

''ਹੁਣ ਤੂੰ ਉਸ ਕਮਰੇ ਵਿੱਚ ਜਾ ਕੇ, ਇਹ ਕਪੜੇ ਲਾਹ ਕੇ, ਜਿਹੜੇ ਕਪੜੇ ਤੈਨੂੰ ਦਿੱਤੇ ਜਾਣਗੇ ਪਾ ਲੈ, ਤੇ ਫੇਰ ਤੈਨੂੰ ਇਹ ਕੇਸ ਆਪਣੇ ਕਟਾਣੇ ਹੋਣਗੇ, ਤੇ ਉਸ ਤੋਂ ਬਾਅਦ ਤੈਨੂੰ ਤੇਰੀ ਪੂਜ ਮਾਤਾ ਦੱਸੇਗੀ, ਕਿਸ ਤਰ੍ਹਾਂ ਪੋਟਿਆਂ ਨਾਲ ਹਰ ਇਕ ਵਾਲ ਪੁਟਿਆ ਜਾ ਸਕਦਾ ਹੈ।''

''ਵਾਲਾਂ ਦੇ ਕੱਟਣ-ਪੁੱਟਣ ਦਾ ਜ਼ਿਕਰ ਸੁਣ ਕੇ ਉਹ ਉਠਦਾ ਹਉਕਾ ਨਾ ਰੋਕ ਸਕੀ ਤੇ ਬੜਾ ਹੌਂਸਲਾ ਕਰ ਕੇ ਬੋਲੀ, ''ਪੂਜ ਪਿਤਾ ਜੀ, ਮੈਨੂੰ ਵਾਲ ਰਖਣ ਦੀ ਆਗਿਆ ਨਹੀਂ ਦੇ ਸਕਦੇ?''

''ਇਹ ਕਿਸ ਤਰ੍ਹਾਂ ਹੋ ਸਕਦਾ ਹੈ?'' ਵੱਡਾ ਪੂਜ ਬੜਾ ਹੈਰਾਨ ਹੋ ਕੇ ਬੋਲਿਆ।

''ਮੈਂ ਜਾਣਦੀ ਹਾਂ, ਇਹ ਮੇਰੀ ਮੰਗ ਅਨੋਖੀ ਹੈ।'' ਮੈਨਾ ਨੂੰ ਇਕਦਮ ਅੰਦਰੋਂ ਕੋਈ ਤਾਕਤ ਜਿਹੀ ਆ ਰਹੀ ਸੀ, ''ਪਰ ਜੇ ਤੁਸੀਂ ਮੰਨ ਲਵੋ, ਮੈਂ ਤੁਹਾਨੂੰ ਕਦੇ ਉਲਾਂਭਾ ਨਹੀਂ ਦੁਆਵਾਂਗੀ। ਮੇਰੇ ਅੰਦਰ ਪਤਾ ਨਹੀਂ ਕੀ ਬੱਝਾ ਰੁਕਿਆ ਹੋਇਆ ਹੈ। ਮੈਂ ਤੁਹਾਡੀ ਉਹੋ ਜਿਹੀ ਸੇਵਕ ਬਣਾਂਗੀ ਕਿ ਸਾਰੀ ਕੌਮ ਅਚੰਭਾ ਕਰੇਗੀ। ਮੇਰੇ ਵਾਲ ਨਾ ਕੱਟੇ ਜਾਣ।''

''ਪਰ ਇਹ ਕਦਾਚਿਤ ਹੋਣ ਵਾਲੀ ਗੱਲ ਨਹੀਂ। ਤੈਨੂੰ ਪਤਾ ਨਹੀਂ ਸੀ?''

''ਮੈਨੂੰ ਪਤਾ ਸੀ। ਮੈਂ ਜਾਣਦੀ ਸਾਂ। ਮੈਂ ਵਾਲ ਕਟਾ ਲਵਾਂਗੀ। ਪਰ ਹੁਣ ਕੱਟਣ ਦਾ ਵੇਲਾ ਆਇਆ, ਮੈਨੂੰ ਜਾਪ ਰਿਹਾ ਹੈ ਕਿ ਇਹ ਮੇਰੇ ਵਾਲ ਜੀਉਂਦੇ ਹਨ। ਇਹ ਮੇਰੀ ਜਾਨ ਵਿੱਚੋਂ ਉੱਗੇ ਹੋਏ ਹਨ। ਇਹਨਾਂ ਨੂੰ ਜਦੋਂ ਕੰਘਾ ਵਾਂਹਦੀ ਤੇ ਇਹ ਹਰ ਝਟਕੇ ਨਾਲ ਜਦੋਂ ਮੇਰੀਆਂ ਲੱਤਾ ਨਾਲ ਲੱਗਦੇ ਸਨ, ਇਹਨਾਂ ਵਿੱਚ ਕੋਈ ਜੀਉਂਦੀ ਛੁਹ ਸੀ। ਕਈ ਸਾਲ ਸਿਵਾਏ ਇਹਨਾਂ ਦੇ ਮੈਂ ਕਿਸੇ ਨਾਲ ਗੱਲ ਨਹੀਂ ਕੀਤੀ।'' ਤੇ ਮੱਥਾ ਟੇਕ ਕੇ, ''ਪ੍ਰਮ ਪੂਜ, ਇਕ ਵਾਰੀ ਅਨਹੋਣੀ ਵੀ ਕਰ ਵੇਖੋ। ਤੁਸੀਂ ਆਪਣੇ ਫ਼ੈਸਲੇ ਤੋਂ ਕਦੇ ਨਹੀਂ ਪਛਤਾਓਗੇ।''

ਵੱਡੇ ਪੂਜ ਦਾ ਦਿਲ ਪਸੀਜ ਤਾਂ ਗਿਆ, ਪਰ ਪੂਜ ਇਸਤਰੀ ਦੇ ਵਾਲ ਵੇਖ ਕੇ ਲੋਕ ਕੀ ਆਖਣਗੇ।

''ਨਹੀਂ ਬੀਬੀ, ਇਹ ਗੱਲ ਤੇਰੀ ਮੰਨੀ ਨਹੀਂ ਜਾਣੀ।''

''ਫੇਰ ਹੇ ਪੂਜ ਪਿਤਾ, ਮੈਨੂੰ ਪੰਜ ਮਿੰਟ ਇਕੱਲਿਆਂ ਆਪਣੇ ਮਨ ਨੂੰ ਸਮਝਾ ਲੈਣ ਦਿਓ,'' ਮੈਨਾ ਨੇ ਮਨ ਪੱਕਾ ਕਰ ਕੇ ਆਖਿਆ।

''ਹਾਂ ਜਾਓ, ਸਾਹਮਣੀ ਰੌਸ ਉਤੇ ਬਹਿ ਕੇ ਸੋਚ ਲੌ।''

ਮੈਨਾ ਉਠੀ, ਤੇ ਹੌਲੀ-ਹੌਲੀ ਪਰ ਪੱਕੇ ਪੈਰ ਧਰਦੀ ਸਾਹਮਣੀ ਰੌਸ ਉਤੇ ਜਾ ਬੈਠੀ। ਏਸ ਰੌਸ ਦੇ ਬੰਨਿਓਂ ਹੇਠਾਂ ਬਾਜ਼ਾਰ ਸੀ।

ਕੁਝ ਚਿਰ ਬਾਅਦ ਮੈਨੂੰ ਉਠ ਬੈਠੀ।

''ਇਹ ਇਸਤਰੀ ਹੈ ਕੋਈ ਅਨੋਖੀ। ਮੈਂ ਕਈ ਇਸਤਰੀਆਂ ਦੀ ਇਹ ਰਸਮ ਅਦਾ ਕੀਤੀ ਹੈ, ਪਰ ਇਹਦਾ ਸਭ ਕੁਝ ਸੋਚਾਂ ਵਿੱਚ ਪਾਣ ਵਾਲਾ ਹੈ। ਜੇ ਇਹ ਪੁਜਾਰਣ ਬਣ ਗਈ ਤਾਂ ਬੜੀ ਸ਼ੁਹਰਤ ਹਾਸਲ ਕਰੇਗੀ।''

''ਪਰ ਔਹ, ਉਹ ਰੌਸ ਉਤੇ ਖਲੋ ਕਿਉਂ ਗਈ?'' ਦੂਜੇ ਨੇ ਘਬਰਾ ਕੇ ਆਖਿਆ।

ਵੱਡੇ ਪੂਜ ਨੇ ਵੀ ਤੱਕਿਆ, ਮੈਨਾ ਰੌਸ ਦੇ ਉਤੇ ਖਲੋ ਗਈ ਸੀ। ਉਸ ਨੇ ਆਪਣੀ ਉਂਗਲ ਜੂੜੇ ਵਿੱਚ ਫੇਰੀ, ਜੂੜਾ ਖੁਲ੍ਹ ਗਿਆ, ਵਾਲ ਕਮਰ ਤੋਂ ਹੇਠਾਂ ਲਮਕ ਪਏ। ਨਿੱਕੀ-ਨਿੱਕੀ ਹਵਾ ਵਿੱਚ ਉਹਨਾਂ ਦੀਆਂ ਪਤਲੀਆਂ ਬੂੰਬਲਾਂ ਸਰ-ਸਰ ਉਡ ਰਹੀਆਂ ਸਨ।

''ਕੇਡੇ ਲੰਮੇ.....''

ਔਹ! ਸਾਰੇ ਉਠ ਕੇ ਪੌੜੀਆਂ ਵਲ ਦੌੜੇ। ਰੌਸ ਉਤੇ ਕੋਈ ਇਸਤਰੀ ਨਹੀਂ ਸੀ ਖਲੋਤੀ ਹੋਈ।

ਸਾਰੇ ਥੱਲੇ ਪਹੁੰਚੇ। ਬਾਜ਼ਾਰ ਵਿੱਚ ਹਾ-ਹਾ-ਕਾਰ ਮਚੀ ਹੋਈ ਸੀ। ਇੱਕ ਮੁੰਡਾ ਟੁੱਟੀ ਫਿੱਸੀ ਮੈਨਾ ਦੇ ਸਰਾਹਣੇ ਬੈਠਾ ਸੀ। ਉਸ ਨੇ ਖਿਲਰੇ ਹੋਏ ਵਾਲ ਮੱਥੇ ਤੋਂ ਪਰ੍ਹਾਂ ਹਟਾ ਕੇ ਚੀਰ ਸਿੱਧਾ ਕਰ ਦਿੱਤਾ ਸੀ। ਕਾਲੇ ਕੇਸਾਂ ਵਿੱਚ ਕਿਤੇ-ਕਿਤੇ ਸੰਧੂਰ ਵਾਂਗ ਲਹੂ ਲਿਸ਼ਕ ਰਿਹਾ ਸੀ। ਮੁੰਡੇ ਦੀਆਂ ਅੱਖਾਂ ਵਿੱਚੋਂ ਤਾਰ-ਤਾਰ ਹੰਝੂ ਡਿੱਗ ਰਹੇ ਸਨ ਤੇ ਉਹ ਹੇਠਾਂ ਪਈ ਇਸਤਰੀ ਦੀਆਂ ਅੱਖਾਂ ਵਿੱਚ ਤੱਕ ਰਿਹਾ ਸੀ। ਇਹ ਅੱਖਾਂ ਖੁਲ੍ਹੀਆਂ ਸਨ। ਅਗੇ ਇਹਨਾਂ ਦਾ ਰੰਗ ਕਾਕੇ ਨੇ ਕਦੀ ਨਹੀਂ ਸੀ ਵੇਖਿਆ। ਉਸ ਕਾਲੀ ਰਾਤ ਵਰਗੀਆਂ ਜਿਹੜੀ ਰਾਤ ਅਖ਼ੀਰੀ ਉਹਨੇ ਉਹਨੂੰ ਜਗਾਇਆ ਸੀ। ਪਰ ਉਸ ਰਾਤ ਦੀਆਂ ਡੂੰਘਾਈਆਂ ਵਿੱਚ ਕੋਈ ਸੂਰਜ ਲੁੱਕਿਆ ਹੋਇਆ ਸੀ। ਕਦੇ ਉਹਨੂੰ ਹਨੇਰੇ ਵਿੱਚੋਂ ਵੀ ਉਹ ਰਾਤੀਂ ਲੱਭਦਾ ਸੀ। ਉਹ ਹੁਣ ਵੀ ਓਡੀਆਂ ਕਾਲੀਆਂ ਤੇ ਓਡੀਆਂ ਹੀ ਰੌਸ਼ਨ ਸਨ ਉਹ ਖੁਲ੍ਹੀਆਂ ਹੋਈਆਂ ਸਨ।

ਪਰ ਉਹਨਾਂ ਵਿੱਚ ਇਸ ਵੇਲੇ ਕੋਈ ਸੂਰਜ ਨਹੀਂ ਸੀ!

ਕੰਗਾਲ ਕਵੀਆਂ ਦੀ ਕਲੱਬ

ਪਾਸਪੋਰਟ ਵਾਸਤੇ ਅਣਛੋਹੀ ਫ਼ੋਟੋ ਮੰਗੀ ਜਾਂਦੀ ਹੈ, ਕਿਉਂਕਿ ਪਾਸਪੋਰਟ ਦੇ ਮੰਤਵ ਲਈ ਹੂ-ਬ-ਹੂ ਅਕਸ ਦੀ ਲੋੜ ਹੁੰਦੀ ਹੈ; ਬਨਾਵਟ, ਸਜਾਵਟ, ਭੁਲੇਖਿਆਂ ਦਾ ਕਾਰਨ ਬਣ ਸਕਦੇ ਹਨ। ਓਸੇ ਤਰ੍ਹਾਂ ਕੰਗਾਲ ਕਵੀ ਆਪਣੀ ਕਵਿਤਾ ਦੀ ਅਣਛੋਹੀ ਫ਼ੋਟੋ ਦਾ ਦ੍ਰਿਸ਼ ਹੁੰਦਾ ਹੈ। ਏਸ ਅਣਛੋਹੀ ਫ਼ੋਟੋ ਵਿਚ ਛੁਹ-ਬਣਾਈ ਫ਼ੋਟੋ ਵਰਗੀ ਨਾ ਸਫ਼ੈਦੀ ਹੁੰਦੀ ਹੈ, ਨਾ ਚਿਹਰੇ ਦੇ ਮਹੁਕੇ ਦਾਗ਼ ਹਟਾਏ ਹੁੰਦੇ ਹਨ, ਪਰ ਜਾਨ ਬਹੁਤੀ ਹੁੰਦੀ ਹੈ, ਭਾਵੇਂ ਇਹ ਕਿਤੇ ਖਰ੍ਹਵੀ ਤੇ ਕੁਰੱਖ਼ਤ ਜਾਪੇ, ਪਰ ਇਹਦਾ ਪ੍ਰਭਾਵ ਵਧੇਰੇ ਜੀਊਂਦਾ ਹੁੰਦਾ ਹੈ।

ਫ਼ਰਾਂਸ ਦੀ ਰਾਜਧਾਨੀ, ਪੈਰਿਸ ਵਿਚ ਇਕ ਵਾਰੀ ਮੈਨੂੰ ਨਿਰੋਲ ਕਵੀਆਂ ਦੀ ਮੁਲਾਕਾਤ ਹੋ ਗਈ। ਓਸ ਵੇਲੇ ਤਕ ਕਵੀ ਤੇ ਮੈਂ ਬਹੁਤ ਵੇਖੇ ਹੋਏ ਸਨ। ਪ੍ਰਸਿਧ ਤੇ ਸਫ਼ਲ ਕਵੀਆਂ ਦੇ ਪਤਲੇ ਆਕਾਸ਼ ਵਿਚ ਧੀਮਾ ਸਾਹ ਲੈ ਕੇ ਵੇਖਿਆ ਹੋਇਆ ਸੀ, ਪਰ ਨਿਰੋਲ ਕਵੀ, ਜਿਨ੍ਹਾਂ ਦੇ ਦੁਆਲੇ ਨਾ ਸਫਲਤਾ ਤੇ ਨਾ ਪ੍ਰਸਿੱਧੀ ਹੋਵੇ, ਮੈਂ ਪੈਰਿਸ ਵਿਚ ਹੀ ਵੇਖੇ। ਹੋਣਗੇ ਤੇ ਸਭਨੀ ਥਾਈਂ, ਪਰ ਮੈਨੂੰ ਮਿਲਣ ਦਾ ਅਵਸਰ ਓਥੇ ਹੀ ਹੋਇਆ। ਉਹਨਾਂ ਦੇ ਆਕਾਸ਼ ਵਿਚ ਹਿੱਕ ਭਰ ਕੇ ਸਾਹ ਲਿਆ ਜਾ ਸਕਦਾ ਸੀ।

ਪੈਰਿਸ ਦਾ ਇਕ ਨੌਜਵਾਨ ਮੇਰਾ ਮਿੱਤਰ ਹੋ ਗਿਆ। ਉਹ ਮੇਰੇ ਹੋਟਲ ਵਿਚ ਆ ਕੇ ਮੇਰੀ ਲੇਖਣੀ ਪੜ੍ਹਿਆ ਸੁਣਿਆ ਕਰਦਾ ਸੀ। ਉਹ ਆਪ ਕਵੀ ਤੇ ਨਹੀਂ ਸੀ, ਪਰ ਕਵਿਤਾ ਦਾ ਪਰਮ ਸਨੇਹੀ ਸੀ। ਉਸ ਮੈਨੂੰ ਦਸਿਆ ਕਿ ਉਥੇ ਇਕ ਕੰਗਾਲ ਕਵੀਆਂ ਦੀ ਕਲੱਬ ਹੈ, ਪਰ ਉਥੇ ਉੱਚ ਸ਼੍ਰੇਣੀ ਦੇ ਆਦਮੀ ਇਸਤ੍ਰੀਆਂ ਜਾਣੋਂ ਸੰਗਦੇ ਹਨ, ਕਿਉਂਕਿ ਇਕ ਤੇ ਉਹ ਕਲੱਬ ਬੜੇ ਨਾਮੁਰਾਦ ਜਿਹੇ ਪਾਸੇ ਹੈ, ਦੂਜੇ ਉਸ ਕਲੱਬ ਦੇ ਮੈਂਬਰ ਆਮ ਸਮਾਜਕ ਨਿਯਮਾਂ ਦੇ ਅਨੁਸਾਰੀ ਨਹੀਂ ਹੁੰਦੇ। ਇਹ ਸੁਣ ਜੀਕਰ ਕਿਸੇ ਦੁਰਾਡੇ ਮਨੁੱਖ-ਦੀਪ ਦਾ ਬੇ-ਤਾਰ ਸੁਨੇਹਾ ਮੇਰੇ ਹਿਰਦੇ ਵਿਚੋਂ ਟੁਣਕ ਲੰਘਿਆ। ਨਾਮੁਰਾਦ ਪਾਸੇ ਦੀ ਤੇ ਬੇ-ਨਿਯਮੀ ਦੀ ਉਹਨੂੰ ਕੀ ਰੋਕ ਹੋਣੀ ਸੀ, ਜਿਦ੍ਹੇ ਲਈ ਕੰਜਰਖ਼ਾਨਿਆਂ ਵਿਚ ਮਹਿਲਾਂ ਨਾਲੋਂ ਘਟ ਸਤਿਕਾਰ ਯੋਗ ਮਨੁੱਖ ਨਹੀਂ ਵਸਦੇ; ਜਿਸ ਦੇ ਬਹੁਤੇ ਸੱਜਣ ਤੇ ਸੱਜਣੀਆਂ ਉਸ ਤਬਕੇ ਵਿਚ ਰਹਿੰਦੇ ਹਨ, ਜਿਸ ਨੂੰ ਸਾਊ ਤਬਕਾ ਦੁਰਾਚਾਰੀ ਆਖਦਾ ਹੈ।

ਅਸੀਂ ਕਲੱਬ ਦੇ ਬੂਹੇ ਅਗੇ ਪਹੁੰਚੇ। ਇਕ ਕਈ ਛੱਤੇ ਮਕਾਨ ਦੇ ਤਹਿਖ਼ਾਨੇ ਵਿਚ ਬੂਹਾ ਖੁਲ੍ਹਦਾ ਸੀ। ਸ਼ਾਮ ਦਾ ਸਮਾਂ ਤੇ ਪਾਸਾ ਕੰਗਾਲਾਂ ਦਾ ਹੋਣ ਕਰ ਕੇ ਨਗਰ-ਕਮੇਟੀ ਵਲੋਂ ਵੀ ਰੌਸ਼ਨੀ ਓਨੀ ਨਹੀਂ ਸੀ, ਜਿੰਨੀ ਮੁਰਾਦਾਂ ਵਾਲਿਆਂ ਦੇ ਬਾਜ਼ਾਰਾਂ ਵਿਚ। ਜਿਸ ਪੈਰਿਸ ਵਿਚ ਮੈਂ ਏਨਾ ਚਿਰ ਅੱਜ ਤਕ ਰਿਹਾ ਸਾਂ, ਉਹਦੇ ਨਾਲੋਂ ਪੈਰਿਸ ਦਾ ਇਹ ਪਾਸਾ ਏਡਾ ਵਖਰਾ ਸੀ ਕਿ ਮੈਂ ਉਹਨੂੰ ਕੋਈ ਹੋਰ ਸ਼ਹਿਰ ਸਮਝਦਾ ਸਾਂ।

ਅਸੀਂ ਅੰਦਰ ਵੜੇ, ਅੰਦਰ ਬੜਾ ਨਿੱਘਾ ਸੀ। ਨਿੱਘ ਅੰਗੀਠੀ ਵਿਚ ਬਲਦੀਆਂ ਲੱਕੜਾਂ ਦਾ ਨਹੀਂ, ਮਨੁੱਖਾਂ ਦੀ ਹੱਸਦੀ ਤੇ ਖਿੜਵੀਂ ਭੀੜ ਦਾ ਸੀ। ਅੰਗੀਠੀ ਠੰਢੀ ਠਾਰ ਪਈ ਸੀ। ਜਨਵਰੀ ਦਾ ਮਹੀਨਾ ਹੋਣ ਕਰ ਕੇ ਮੇਰਾ ਸਰੀਰ ਠੰਢਾ ਸੀ, ਤੇ ਪ੍ਰਦੇਸੀ ਹੋਣ ਕਰ ਕੇ ਮੇਰਾ ਦਿਲ ਵੀ ਕਿਸੇ ਸੰਗ ਨਾਲ ਯਖ਼ ਜਾਪਦਾ ਸੀ। ਪਰ ਜਿਉਂ ਹੀ ਮੈਂ ਅੰਦਰ ਵੜਿਆ, ਕਵੀ-ਲੋਚਕਾਂ ਦੀਆਂ ਨਿੱਘੀਆਂ ਨਜ਼ਰਾਂ ਨੇ ਮੇਰੇ ਤਨ ਮਨ ਦੋਵੇਂ ਗਰਮਾ ਦਿਤੇ। ਮੇਰੀ ਦਸਤਾਰ ਤੇ ਓਪਰੀ ਸੂਰਤ ਵੇਖ ਕੇ ਕਈਆਂ ਹੱਥਾਂ ਵਿਚ ਸ਼ਰਾਬ ਦੇ ਗਲਾਸ ਰੁਕ ਗਏ ਤੇ ਕਈਆਂ ਜੋੜਿਆਂ ਨੇ ਆਪਣੇ ਨਾਚ ਥੰਮ੍ਹ ਲਏ। ਬੜਾ ਚੌੜਾ ਤੇ ਲੰਮਾ ਕਮਰਾ ਸੀ। ਕੋਈ ਡੇਢ ਸੌ ਇਸਤ੍ਰੀਆਂ ਮਰਦ ਭਾਂਤ ਭਾਂਤ ਦੀ ਮਸਤੀ ਵਿਚ ਰੁੱਝੇ ਹੋਏ ਸਨ। ਇੱਕੜ ਦੁੱਕੜ ਜੋੜਾ ਕਿਸੇ ਨੁੱਕਰੇ ਬੈਠਾ ਗੱਲਾਂ ਵੀ ਕਰ ਰਿਹਾ ਸੀ। ਏਸ ਕਲੱਬ ਦੇ ਖਾਣ ਪੀਣ ਦਾ ਠੇਕਾ ਇਕ ਇਸਤ੍ਰੀ ਕੋਲ ਸੀ। ਉਹ ਛੇਤੀ ਨਾਲ ਸਾਡੇ ਕੋਲ ਆ ਗਈ। ਮੇਰੇ ਸਾਥੀ ਨੇ ਮੇਰੀ ਵਾਕਫ਼ੀਅਤ ਕਰਾਈ। ਉਹ ਸਾਨੂੰ ਅਗੇਰੇ ਇਕ ਮੇਜ਼ ਉਤੇ ਲੈ ਗਈ। ਉਥੇ ਬੈਠਣ ਦੀ ਢਿੱਲ ਸੀ ਕਿ ਵਾਰੋ-ਵਾਰੀ ਸਾਰੇ ਕਮਰੇ ਦੀ ਵਸੋਂ ਨੇ ਮੇਰੇ ਦੁਆਲੇ ਝੁਰਮਟ ਲਾ ਦਿਤਾ। ਕਿਸੇ ਆਪਣੀ ਜੂਠੀ ਸ਼ਰਾਬ ਪਿਆਰ ਨਾਲ ਅਗਾਂਹ ਕਰ ਦਿਤੀ, ਕਿਸੇ ਘੁੱਟ ਕੇ ਹੱਥ ਮਿਲਾਇਆ, ਕਿਸੇ ਨੇ ਇਕ ਤਾੜ ਮੁਸਕਰਾਂਦੀਆਂ ਅੱਖਾਂ ਵਿਚੋਂ ਮੇਰੇ ਵਲ ਤੱਕਿਆ।

ਹੋਰਨੀਂ ਥਾਈਂ ਵੀ ਮੇਰੀ ਅਨੋਖੀ ਸੂਰਤ ਨੇ ਅੱਖਾਂ ਦੇ ਝੁਰਮਟ ਇਕੱਠੇ ਕੀਤੇ ਸਨ, ਪਰ ਉਹ ਅੱਖਾਂ ਬਹੁਤੀਆਂ ਤਮਾਸ਼ਬੀਨ ਤੇ ਇਖ਼ਲਾਕ ਦੇ ਨਿਯਮਾਂ ਤੋਂ ਡਰ ਕੇ ਚੋਰੀ ਚੋਰੀ ਤੱਕਣ ਵਾਲੀਆਂ ਹੁੰਦੀਆਂ ਸਨ। ਉਹਨਾਂ ਵਿਚੋਂ ਬਹੁਤੀਆਂ ਸਿਰਫ਼ ਵੇਖਣ ਨਾਲ ਹੀ ਸੰਤੁਸ਼ਟ ਹੋ ਜਾਂਦੀਆਂ ਸਨ, ਪਰ ਇਹ ਅੱਖਾਂ ਸਨ ਕਿ ਢਿੱਡ ਵਿਚ ਪਾ ਲੈਣਾ ਚਾਹੁੰਦੀਆਂ ਸਨ। ਮੈਨੂੰ ਫ਼ਰਾਂਸੀਸੀ ਬੋਲੀ ਬਹੁਤੀ ਨਹੀਂ ਸੀ ਆਉਂਦੀ, ਉਹਨਾਂ ਵਿਚੋਂ ਅੰਗਰੇਜ਼ੀ ਬੋਲੀ ਕਿਸੇ ਨੂੰ ਬੋਲਣ ਜਿੰਨੀ ਨਹੀਂ ਸੀ ਆਉਂਦੀ, ਪਰ ਬਿਨ ਬੋਲਿਓਂ ਜਿੰਨੀਆਂ ਗੱਲਾਂ ਮੈਂ ਉਸ ਰਾਤ ਓਸੇ ਕਮਰੇ ਵਿਚ ਕੀਤੀਆਂ, ਓਨੀਆਂ ਮੈਂ ਆਪਣੇ ਦੇਸ ਵਿਚ ਸਾਲ ਭਰ ਵਿਚ ਨਹੀਂ ਸਾਂ ਕਰ ਸਕਦਾ। ਅਜਕਲ ਮੈਨੂੰ ਗੱਲਾਂ ਕਰਨ ਦੀ ਭੁੱਖ ਲਗੀ ਰਹਿੰਦੀ ਹੈ; ਮਹੀਨੇ ਬੀਤ ਜਾਂਦੇ ਹਨ ਜਦੋਂ ਨਾ ਕੋਈ ਗੱਲ ਸੁਣਨ ਵਾਲਾ ਤੇ ਨਾ ਸੁਣਾਨ ਵਾਲਾ ਮਿਲਦਾ ਹੈ। ਇਹਦਾ ਭਾਵ ਇਹ ਨਹੀਂ ਸੀ ਕਿ ਮੈਂ ਕਿਸੇ ਹਿਮਾਲੀਆਂ ਦੀ ਗ਼ਾਰ ਵਿਚ ਵਸਦਾ ਹਾਂ। ਨਹੀਂ ਜੀਭ ਤੇ ਮੇਰੀ ਹਿਲਦੀ ਹੀ ਰਹਿੰਦੀ ਹੈ, ਕੰਨਾਂ ਨੂੰ ਚੁੱਪ ਜਤਨ ਕੀਤਿਆਂ ਵੀ ਨਸੀਬ ਨਹੀਂ ਹੁੰਦੀ, ਪਰ ਉਸ ਦਿਲਾਂ ਦੇ ਰੇਡੀਓ-ਯੰਤਰ ਵਿਚੋਂ, ਉਸ ਕਵੀ-ਕਲੱਬ ਵਿਚੋਂ, ਜਿਹੜਾ ਜ਼ਿਮੀਂ ਆਸਮਾਨ ਦਾ ਰਾਗ ਸੁਣਿਆ ਸੀ, ਉਹ ਦਿਲ ਵਿਚ ਸਦਾ ਚੂੰਢੀਆਂ ਭਰਦਾ ਹੈ; ਜਿਹੜਾ ਤਰਾਨਾ ਉਸ ਰਾਗ ਦੇ ਪ੍ਰਭਾਵ ਹੇਠ ਮੇਰੇ ਅੰਦਰੋਂ ਨੱਚਿਆ ਸੀ, ਉਹ ਆਪ-ਮੁਹਾਰੇ ਮੈਨੂੰ ਪੈਰਸ ਦੀਆਂ ਕੰਗਾਲ ਕੋਠੜੀਆਂ ਵਿਚ ਨਚਾ ਖੜਦਾ ਹੈ।

ਮੇਰੇ ਵਿਚ ਤਰੁੱਟੀਆਂ ਬਹੁਤ ਸਨ, ਪਰ ਉਹਨਾਂ ਰੱਬ ਨਾਲ ਜੁੜਿਆਂ ਨੇ ਕਿਸੇ ਇਕ ਦੀ ਪਰਵਾਹ ਨਾ ਕੀਤੀ, ਮੈਨੂੰ ਇਕਦਮ ਆਪਣਾ ਬਣਾ ਲਿਆ। ਬੋਲੀ ਨਹੀਂ ਸੀ ਆਉਂਦੀ, ਸ਼ਰਾਬ ਪੀਣ

ਦਾ ਹੀਆ ਨਹੀਂ ਸੀ, ਨੱਚਣ ਦੀ ਜਾਚ ਨਹੀਂ ਸੀ, ਮਾਸ ਖਾਣੋਂ ਸੰਕੋਚ ਸੀ, ਤੇ ਕਪੜਿਆਂ ਨੂੰ ਵੀ ਉਹਨਾਂ ਦਿਆਂ ਵਾਂਗ ਟਾਕੀਆਂ ਨਹੀਂ ਸਨ ਲਗੀਆਂ ਹੋਈਆਂ, ਗੰਦੇ ਤਰੁੱਪੇ ਕਪੜੇ ਓਸ ਕਲੱਬ ਦਾ ਮਾਨੋਂ ਬਿੱਲਾ ਸੀ। ਨਾ ਉਹਨਾਂ ਵਰਗੀ ਨਿਯਮਾਂ ਤੋਂ ਸੁਤੰਤਰਤਾ ਮੇਰੇ ਵਿਚ ਸੀ। ਏਨੀਆਂ ਤਰੁੱਟੀਆਂ ਦੀ ਹੋਂਦ ਵਿਚ ਮੇਰੀ ਪਦਵੀ ਉਥੇ ਇਕ ਅਛੂਤ ਦੀ ਹੋਣੀ ਚਾਹੀਦੀ ਸੀ, ਪਰ ਇਕ ਗੱਲ ਵਿਚ ਰੱਤੀ ਮਾਸਾ ਕਮਾਲ ਮੈਨੂੰ ਵੀ ਹਾਸਲ ਸੀ - ਮੈਂ ਇਹੋ ਜਿਹੇ ਵੇਲੇ ਆਪਣਾ ਦਿਲ ਛਾਤੀ 'ਚੋਂ ਕੱਢ ਕੇ ਅੱਖਾਂ ਦੀਆਂ ਪੁਤਲੀਆਂ ਵਿਚ ਧਰ ਸਕਦਾ ਹਾਂ। ਮੇਰੀਆਂ ਬਾਹਾਂ ਵਿਚ ਭਾਵੇਂ ਗਲਵਕੜੀ ਦੀ ਦਲੇਰੀ ਘਟ ਹੈ, ਪਰ ਮੇਰੀਆਂ ਅੱਖਾਂ ਵਿਚ ਇਸ ਹੁਨਰ ਦੀ ਸਿਖਰ ਹੈ - ਇਹ ਪਾਰਲੇ ਮੇਜ਼ ਉਤੇ ਬੈਠੇ ਅੰਗਾਂ ਵਿਚ ਗਲ-ਲਗਣੀ ਦੀ ਕੰਬਣੀ ਛੇੜ ਸਕਦੀਆਂ ਹਨ।

ਅੱਧੀ ਰਾਤ ਲੰਘ ਗਈ। ਮੇਰੇ ਲਈ ਸੱਜਣਾਂ ਨੇ ਉਚੇਚੀਆਂ ਟਮਾਟਰਾਂ ਦੀਆਂ ਸੈਂਡਵਿਚਾਂ ਬਣਵਾਈਆਂ। ਹਰ ਇਕ ਨੇ ਆਪਣੀ ਬੋਲੀ ਵਿਚ ਇਕ ਇਕ ਫ਼ਿਕਰਾ ਆਪਣੇ ਮਨੋਂ ਮੈਨੂੰ ਆਖਿਆ, ਤੇ ਇਕ ਇਕ ਮੈਂ ਪੰਜਾਬੀ ਵਿਚ ਆਖਿਆ। ਮੰਤਵ ਇਹ ਨਹੀਂ ਸੀ ਕਿ ਅਸੀਂ ਇਕ ਦੂਜੇ ਦੇ ਸ਼ਬਦ ਸਮਝ ਸਕੀਏ - ਸਿਰਫ਼ ਦਿਲ ਦੀ ਗੱਲ ਆਖਣ ਦਾ ਸੀ, ਭਾਵ ਆਪੇ ਦਿਲ ਪਏ ਸਮਝਣ। ਹਰ ਇਕ ਨੇ ਆਪਣੀ ਆਪਣੀ ਕਵਿਤਾ ਸੁਣਾਈ, ਮੈਂ ਵੀ ਪੰਜਾਬੀ ਵਿਚ ਕੁਝ ਸੁਣਾਇਆ। ਉਸ ਕਮਰੇ ਵਿਚ ਮੈਂ ਲਗਭਗ ਸਾਰਾ ਸਮਾਂ ਪੰਜਾਬੀ ਹੀ ਬੋਲੀ, ਕਿਉਂਕਿ ਉਥੇ ਅਸੀਂ ਸ਼ਬਦਾਂ ਵਿਚ ਗੱਲਾਂ ਨਹੀਂ ਸਾਂ ਕਰਦੇ, ਚਿੰਨ੍ਹਾਂ ਵਿਚ ਕਰਦੇ ਸਾਂ, ਇਸ ਲਈ ਆਪਣੀ ਬੋਲੀ ਮੈਨੂੰ ਪਰਾਈ ਨਾਲੋਂ ਵਧੇਰੇ ਅਸਲ-ਭਰਪੂਰ ਚਿੰਨ੍ਹ ਭਾਸਦਾ ਸੀ। ਕਈਆਂ ਕੁੜੀਆਂ ਨੇ ਮੇਰੀ ਦਾੜ੍ਹੀ ਵਿਚ ਪਤਲੀਆਂ ਪਤਲੀਆਂ ਉਂਗਲਾਂ ਫੇਰੀਆਂ, ਗਲ ਵਿਚ ਬਾਹਾਂ ਪਾਈਆਂ, ਅੱਖਾਂ ਦੇ ਨੇੜੇ ਮੂੰਹ ਕਰ ਕੇ ਆਪਣੀ ਕਵਿਤਾ ਪੜ੍ਹੀ। ਕਪੜੇ ਵਖ ਵਖ ਸਨ, ਪਰ ਉਥੇ ਇਸਤਰੀ ਮਰਦ ਦੀ ਪਛਾਣ ਨਹੀਂ ਸੀ ਪੈਂਦੀ। ਸਾਰੇ ਕਵਿਤਾ ਦੀ ਇਕੋ-ਲਿੰਗੀ ਆਤਮਾ ਮਾਲੂਮ ਹੁੰਦੇ ਸਨ।

ਇਹ ਉਹ ਰੰਗੀਨ ਕਵੀ ਸਨ, ਜਿਨ੍ਹਾਂ ਦੀਆਂ ਰਚਨਾਵਾਂ ਛਪਦੀਆਂ ਨਹੀਂ, ਕੋਈ ਉਹਨਾਂ ਨੂੰ ਪੜ੍ਹਦਾ ਨਹੀਂ, ਕਿਸੇ ਦੀ ਸਲਾਹੁਤ ਦਾ ਸੁਆਦ ਉਹਨਾਂ ਦਾ ਭਾਗ ਨਹੀਂ ਹੁੰਦਾ। ਇਹ ਉਹ ਕਵੀ ਹਨ, ਜਿਹੜੇ ਬਾਰਾਂ ਬਾਰਾਂ ਘੰਟੇ ਨਿਰਾਸੀਆਂ ਥਾਵਾਂ ਵਿਚ ਕੰਮ ਕਰਦੇ ਹਨ, ਤੇ ਜਿਨ੍ਹਾਂ ਦੀ ਕਵਿਤਾ ਗੰਦੀਆਂ ਪਲੇਟਾਂ ਸਾਫ਼ ਕਰਦਿਆਂ, ਗੰਦੇ ਕਪੜੇ ਧੋਂਦਿਆਂ, ਮੈਲੀਆਂ ਗਲੀਆਂ ਹੂੰਝਦਿਆਂ ਜਿਲਦਾਂ ਬੰਨ੍ਹਦਿਆਂ, ਹੋਟਲਾਂ ਵਿਚ ਆਕੜੀਆਂ ਧੌਣਾਂ ਵਾਲੇ ਮਹਿਮਾਨਾਂ ਨੂੰ ਰੋਟੀਆਂ ਖੁਆਂਦਿਆਂ, ਲੋਕਾਂ ਦੇ ਬੱਚੇ ਖਿਡਾਂਦਿਆਂ ਤੇ ਮਾਣ-ਮੱਤੀਆਂ ਸੁਆਣੀਆਂ ਦੀਆਂ ਝਿੜਕਾਂ ਖਾਂਦਿਆਂ, ਅਪੁੱਛਤਾ ਦੇ ਪਾਲੇ ਨਾਲ ਸੁੰਗੜਦੀਆਂ ਹਿੱਕਾਂ ਵਿਚੋਂ ਉਠਦੀ ਹੈ, ਤੇ ਆਏ ਖ਼ਤਾ ਦੇ ਲਿਫ਼ਾਫ਼ਿਆਂ ਜਾਂ ਖ਼ਤਾਂ ਦੀਆਂ ਕੋਰੀਆਂ ਥਾਵਾਂ ਉਤੇ ਲਿਖੀ ਹੁੰਦੀ ਹੈ। ਇਹ ਕਵੀ ਰਾਤ ਨੂੰ ਇਸ ਠੰਡੀ ਅੰਗੀਠੀ ਸਾਹਮਣੇ ਇਕ ਦੂਜੇ ਉਤੇ ਆਪਣੇ ਗਰਮ ਦਿਲ ਡੋਲ੍ਹ ਕੇ ਨਿਘੇ ਹੋ ਲੈਂਦੇ ਹਨ। ਹਰ ਇਕ ਆਪਣੀ ਕਵਿਤਾ ਪੜ੍ਹਦਾ ਹੈ, ਸਾਰੇ ਸੁਣਦੇ ਤੇ ਸਲਾਹੁੰਦੇ ਜਾਂ ਪੜਚੋਲ ਕਰਦੇ ਹਨ। ਜਿਹੜੇ ਚਾਰ ਪੈਸੇ ਇਹ ਮਜ਼ਦੂਰੀ ਵਿਚੋਂ ਬਚਾਉਂਦੇ ਹਨ, ਉਹ ਇਹ ਇਸ ਕਲੱਬ ਵਿਚ ਪਾਂਦੇ ਹਨ। ਤਦੇ ਇਹਨਾਂ ਦੇ ਬੂਟ ਟੁੱਟੇ ਹੋਏ ਤੇ ਕਪੜੇ ਟਾਕੀਆਂ ਵਾਲੇ ਹੁੰਦੇ ਹਨ। ਪਰ ਉਸ ਕਵੀ-ਕਮਰੇ ਵਿਚ ਹਰ ਇਕ ਮਹਾਨ ਕਵੀ ਜਾਪਦਾ ਸੀ। ਮੂੰਹ ਪ੍ਰਸੰਨ ਤੇ ਅੱਖਾਂ ਲਿਸ਼ਕਦੀਆਂ, ਬਾਹਾਂ ਖੁਲ੍ਹੀਆਂ ਤੇ ਦਿਲ ਨੱਚਦੇ। ਬਾਰ੍ਹਾਂ ਬਾਰ੍ਹਾਂ ਘੰਟੇ ਕੰਮ ਕਰ ਕੇ ਚਾਰ ਚਾਰ ਘੰਟੇ ਸੌਂ ਕੇ, ਇਹ ਸੁਹਣੇ ਹਿਰਦੇ ਇਹਨਾਂ ਚਹੁੰਆਂ ਪਲਾਂ ਦੇ ਖੇੜੇ ਦੇ ਆਸਰੇ ਜੀਵਨ ਦੀ ਮੋਮਬੱਤੀ ਦੋਹੀਂ ਸਿਰੀਂ ਬਾਲਦੇ ਹਨ। ਉਹ ਭਾਵੇਂ ਬੁਝ ਛੇਤੀ ਜਾਂਦੇ ਹਨ, ਪਰ ਉਸ ਕਵੀ-ਕਮਰੇ ਵਿਚ ਕੁਝ ਚਿਰ ਲਈ ਲਟ ਲਟ ਤਾਂ ਕਰ ਜਾਂਦੇ ਹਨ। ●

ਸਮਾਜ (ਭਾਈਚਾਰਾ)

ਜਦ ਤਕ ਕਿਸੇ ਦਾ ਆਲਾ-ਦੁਆਲਾ ਉਹਦੇ ਆਪਣੇ ਨਾਲੋਂ ਬਹੁਤਾ ਵਖਰਾ ਹੈ, ਉਹ ਉਸ ਨਾਲ ਇੱਕ-ਸੁਰ ਨਹੀਂ ਰਹਿ ਸਕੇਗਾ ਤੇ ਉਸ ਦਾ ਜੀਵਨ ਚੰਗੇ ਅਸੂਲਾਂ ਦੇ ਹੁੰਦਿਆਂ ਵੀ ਰੜਕ-ਭਰਪੂਰ ਰਹੇਗਾ।

ਜਿਸ ਭਾਈਚਾਰੇ ਵਿਚ ਮਨੁੱਖ ਹਿਰਦਾ ਸੁਤੰਤਰ ਨਹੀਂ। ਧੜਕ ਸਕਦਾ, ਉਥੇ ਕੋਈ ਚੰਗੀ ਕਵਿਤਾ ਜਾਂ ਕਹਾਣੀ ਨਹੀਂ ਲਿਖੀ ਜਾ ਸਕਦੀ। ਸ਼ਾਨਦਾਰ ਕਹਾਣੀਆਂ ਤੇ ਡਰਾਮੇ ਸੁਤੰਤਰ ਤੇ ਵਧੀਆ ਭਾਈਚਾਰੇ ਵਿਚ ਹੀ ਲਿਖੇ ਜਾ ਸਕਦੇ ਹਨ।

ਜਿਸ ਭਾਈਚਾਰੇ ਜਾਂ ਮੁਲਕ ਵਿੱਚ ਬ੍ਰਿਧ ਲੋਕ ਮੁਸ਼ੱਕਤ ਕਰਦੇ ਹਨ, ਜਾਂ ਆਦਰਾਏ ਨਹੀਂ ਜਾਂਦੇ, ਜਾਂ ਨਾ-ਖ਼ੁਸ਼ ਰਹਿੰਦੇ ਹਨ, ਉਥੇ ਜਵਾਨਾਂ ਵਿਚ ਵੀ ਬਹੁਤੀ ਖ਼ੁਸ਼ੀ ਨਹੀਂ ਵੇਖੀ ਜਾ ਸਕਦੀ।

ਪੂਰਨ ਭਾਈਚਾਰੇ ਦੀ ਸਰਕਾਰ ਹਮੇਸ਼ਾਂ ਆਪਣੀ ਹੁੰਦੀ ਹੈ, ਕਿਉਂਕਿ ਗ਼ੈਰ-ਹਕੂਮਤ ਹੇਠਾਂ ਪੂਰਨ ਭਾਈਚਾਰਾ ਬਣ ਹੀ ਨਹੀਂ ਸਕਦਾ।

ਪੂਰਨ ਜ਼ਿੰਦਗੀ ਦੀ ਸਭ ਤੋਂ ਵੱਡੀ ਲੋੜ ਇਹ ਹੈ ਕਿ ਅਸੀਂ ਜ਼ਾਤੀ ਨੇਕ ਸਿਫ਼ਤਾਂ ਦੀ ਥਾਂ ਭਾਈਚਾਰਕ ਨੇਕ ਸਿਫ਼ਤਾਂ ਉਤੇ ਜ਼ੋਰ ਦੇਈਏ ਤੇ ਆਪਣੇ ਲਈ ਸਦੀਵੀ ਪ੍ਰੇਰਨਾ ਵਾਸਤੇ ਇੱਕ ਸੁੰਦਰ ਭਾਈਚਾਰਾ ਰਚੀਏ।

ਭਾਈਚਾਰੇ ਦੀ ਪੂਰਨਤਾ, ਮਨੁੱਖ ਦੀਆਂ ਖ਼ੁਸ਼ੀਆਂ ਨੂੰ ਸੰਪੂਰਨ ਕਰ ਸਕਦੀ ਹੈ।

ਬਰਾਦਰੀ ਇੱਕ ਸੋਸ਼ਲ ਸਿਫ਼ਤ ਹੈ। ਬਰਾਦਰੀ ਬਿਨਾਂ ਮਨੁੱਖ ਦੀ ਜ਼ਿੰਦਗੀ ਸਾਵੀਂ ਪੱਧਰੀ ਨਹੀਂ ਹੋ ਸਕਦੀ।

(ਸਾਵੀਂ ਪੱਧਰੀ ਜ਼ਿੰਦਗੀ)

ਜ਼ਿੰਦਗੀ ਤੇ ਸਾਹਿਤ

ਸ਼ਕਤੀ ਤੇ ਮਾਦੇ ਦੇ ਵਿਸ਼ਵ ਅੰਦਰ ਹਰ ਪਲ ਦੀ ਕੋਈ ਅਦਲਾ-ਬਦਲੀ ਵਿਚੋਂ, ਕਰੋੜਾਂ ਵਰ੍ਹੇ ਹੋਏ, ਸਾਡੀ ਧਰਤੀ ਦੇ ਸਾਗਰਾਂ ਵਿੱਚ ਇਕ ਅਨੋਖੀ ਅਵੱਸਥਾ ਪੈਦਾ ਹੋਈ, ਜਦੋਂ ਅਨੇਕਾਂ ਥਾਈਂ ਇਕੋ ਵੇਲੇ, ਮਾਦੇ ਦੇ ਕੁਝ ਕਿਣਕੇ ਆਪਣੇ ਵਰਗੇ ਹੋਰ ਕਿਣਕੇ ਅੰਦਰੋਂ ਪੈਦਾ ਕਰਨ ਲਈ ਸਮਰੱਥ ਹੋ ਗਏ। ਇਹੋ ਜਿਹੇ ਸਮਰੱਥ ਹਰ ਕਿਣਕੇ ਵਿੱਚ ਇਕ ਧੜਕਣ ਉਪਜ ਪਈ, ਤੇ ਕਿਣਕੇ ਤੋਂ ਕਿਣਕਾ ਵਧਦਾ ਸਾਗਰ, ਜ਼ਿੰਦਗੀ ਨਾਲ ਕੁਰਬਲ ਕੁਰਬਲ ਕਰਨ ਲੱਗ ਪਿਆ।

ਇਹ ਕਿਣਕੇ ਨਿਰੇ ਜੀਉਂਦੇ ਹੀ ਨਹੀਂ ਸਨ, ਇਹਨਾਂ ਵਿੱਚ ਇਕ ਧੁਨ ਵੀ ਸਰਬ-ਵਿਆਪੀ ਸੀ। ਇਹ ਮਰ ਮੁੱਕ ਭਾਵੇਂ ਛੇਤੀਂ ਹੀ ਜਾਂਦੇ ਸਨ, ਪਰ ਆਪਣੇ ਨਾਲੋਂ ਕਿੰਨੇ ਹੀ ਵਧ ਜੀਵਨ-ਕਿਣਕੇ ਆਪਣੀ ਥਾਂ ਛਡ ਜਾਂਦੇ ਸਨ, ਤੇ ਇਹਨਾਂ ਨਵਿਆਂ ਵਿੱਚ ਉਹ ਬੁਨਿਆਦੀ ਧੁਨ ਪਹਿਲਿਆਂ ਨਾਲੋਂ ਵੀ ਪਰਬਲ ਹੋ ਗਈ ਹੁੰਦੀ ਸੀ। ਪਰਬਲ ਹੁੰਦੀ ਜਾਂਦੀ ਏਸ ਧੁਨ ਦੇ ਅਧੀਨ ਸਾਦੇ ਜਿਹੇ ਕਿਣਕਿਆਂ ਨੇ ਆਪਸ ਵਿੱਚ ਜੁੜ ਮਿਲ ਕੇ ਕਈ ਨਵੀਆਂ ਸ਼ਕਲਾਂ ਤੇ ਤਾਕਤਾਂ ਨੂੰ ਹੋਂਦ ਦਿੱਤੀ; ਕੰਨ, ਨੱਕ, ਅੱਖਾਂ, ਫੇਫੜਾ ਬਣਾ ਲਏ। ਇਹਨਾਂ ਮਿਲਵੀਆਂ ਹਸਤੀਆਂ ਦੀ ਉਮਰ ਲੰਮੀ, ਤੇ ਇਹਨਾਂ ਵਿਚਲੀ ਧੁਨ ਬਲਵਾਨ ਹੁੰਦੀ ਗਈ, ਜਿਦ੍ਹੇ ਲਈ ਸਮੁੰਦਰਾਂ ਦੀ ਵਿਸ਼ਾਲਤਾ ਵੀ ਸੌੜੀ ਹੋ ਗਈ। ਕੰਢਿਆਂ ਤੋਂ ਉਛਲ ਕੇ ਜ਼ਿੰਦਗੀ ਖੁਸ਼ਕੀ ਦੀਆਂ ਸੰਭਾਵਨਾਵਾਂ ਜਾਚਣ ਲੱਗ ਪਈ। ਪਹਿਲਾਂ ਪਹਿਲਾਂ ਪੜਤਾਲੀਆ ਦੌਰਿਆਂ ਬਾਅਦ ਇਹ ਪਾਣੀਆਂ ਵਿੱਚ ਮੁੜ ਆਉਂਦੀ, ਪਰ ਫੇਰ ਏਸ ਫੇਫੜੇ ਸੰਪੂਰਨ ਕਰਕੇ ਹਮੇਸ਼ਾਂ ਖੁਸ਼ਕੀ ਉਤੇ ਰਹਿਣ ਦੀ ਜਾਚ ਸਿੱਖ ਲਈ।

ਹੁਣ ਜੰਗਲ ਸ਼ਹਿਰ ਵੀ ਇਹਦੀ ਮਿਲਖ ਬਣ ਗਏ। ਬ੍ਰਿਛਾਂ ਦੀ ਨਿੱਘੀ ਤੇ ਹਰੀ ਹਿਫਾਜ਼ਤ ਵਿੱਚ ਏਸ ਨੇ ਬੇ-ਸ਼ੁਮਾਰ ਸਬਕ ਸਿਖੇ, ਜਿਨ੍ਹਾਂ ਨਾਲ ਇਹਦੇ ਵਿਚ ਸ੍ਵੈ-ਭਰੋਸਾ ਇੰਨਾ ਵਧਿਆ ਕਿ ਇਹ ਬ੍ਰਿਛਾਂ ਤੋਂ ਹੇਠਾਂ ਉਤਰ ਆਪਣੀ ਅਮੀਰ ਧਰਤੀ ਦਾ ਚੱਪਾ-ਚੱਪਾ ਫੋਲਣ ਲਗ ਪਈ।

ਇਹ ਯੋਗਤਾ ਜ਼ਿੰਦਗੀ ਨੇ ਲੱਖਾਂ ਨਹੀਂ, ਕਰੋੜਾਂ ਵਰ੍ਹਿਆਂ ਦੇ ਤਜਰਬਿਆਂ ਵਿੱਚੋਂ ਨਚੋੜੀ ਤੇ ਓੜਕ ਸਾਦਾ ਜਿਹਾ ਬੁਨਿਆਦੀ ਜੀਵਨ-ਕਿਣਕਾ ਮਨੁੱਖ-ਸਰੀਰ ਦੇ ਕਰਿਸ਼ਮੇ ਤਕ ਪਹੁੰਚ ਗਿਆ, ਜਿਸ ਸਰੀਰ ਦਾ ਇੱਕ-ਇੱਕ ਇੰਚ ਕਰੋੜਾਂ ਖ਼ੁਦ-ਮੁਖ਼ਤਾਰ ਜੀਉਂਦੇ ਕਿਣਕਿਆਂ ਦੀ ਬਣਤਰ ਹੈ। ਹਰ ਕਿਣਕੇ ਦਾ ਆਪਣਾ ਦਿਮਾਗ਼ ਤੇ ਤੰਤੂਆਂ ਦੀ ਆਪਣੀ ਪ੍ਰਣਾਲੀ ਹੈ। ਹਰ ਕਿਣਕਾ ਆਪਣੇ ਵਰਗੇ ਕਿਣਕੇ ਪੈਦਾ ਕਰਦਾ ਤੇ ਮਰ ਵੀ ਜਾਂਦਾ ਹੈ, ਪਰ ਲੱਖਾਂ ਕਿਣਕਿਆਂ ਦੀ ਰੋਜ਼ਾਨਾ ਮੌਤ ਦੇ ਬਾਵਜੂਦ ਮਨੁੱਖ ਜੀਉਂਦਾ ਤੇ ਵਿਕਾਸ ਕਰਦਾ ਰਹਿੰਦਾ ਹੈ।

ਮਨੁੱਖ-ਸਰੀਰ ਜ਼ਿੰਦਗੀ ਦਾ ਬੜਾ ਵੱਡਾ ਕਰਿਸ਼ਮਾ ਹੈ, ਪਰ ਏਸ ਨਾਲੋਂ ਵੀ ਵਡੇਰਾ ਕਰਿਸ਼ਮਾ ਮਨੁੱਖੀ ਦਿਮਾਗ ਹੈ, ਜਿਹਦੇ ਵਿਕਾਸ ਦਾ ਕੋਈ ਪਾਰਾਵਾਰ ਨਹੀਂ। ਇਹ 'ਅਕਸੀਏ ਸ਼ੀਸ਼ੇ' ਵਿੱਚੋਂ ਫ਼ੋਕਸ ਕੀਤੇ ਸੂਰਜ ਦੇ ਅਕਸ ਵਰਗਾ, ਸਿਰਜਣਹਾਰ ਸ਼ਕਤੀ ਦਾ ਕਿਣਕੇ ਮਾਤਰ ਢਾਂਚਾ ਹੈ। 'ਅਕਸੀਏ ਸ਼ੀਸ਼ੇ' ਵਿੱਚੋਂ ਫ਼ੋਕਸ ਕੀਤੇ ਸੂਰਜ ਦੇ ਅਕਸ ਵਿੱਚ ਛੋਟੇ ਪੈਮਾਨੇ ਉਤੇ ਸੂਰਜ ਦੀਆਂ ਕੁਝ ਸਿਫ਼ਤਾਂ ਹੁੰਦੀਆਂ ਹਨ, ਪਰ ਮਨੁੱਖੀ ਦਿਮਾਗ ਅਕਸ ਦੀ ਥਾਂ 'ਨਮੂਨਾ' ਹੋਣ ਕਰਕੇ ਇਹਦੇ ਵਿੱਚ ਛੋਟੇ ਪੈਮਾਨੇ ਉਤੇ ਸਿਰਜਣਹਾਰ ਸ਼ਕਤੀ ਦੀਆਂ ਸਾਰੀਆਂ ਸਿਫਤਾਂ ਹੁੰਦੀਆਂ ਹਨ। ਇਹ ਕੀ ਨਹੀਂ ਸੋਚ ਸਕਦਾ ਤੇ ਆਪਣੀ ਹਰ ਸੋਚ ਨੂੰ ਰੂਪਮਾਨ ਕਰਨ ਲਈ ਇਹ ਕਿਹੜੇ ਜੋੜ-ਤੋੜ ਨਹੀਂ ਕਰ ਸਕਦਾ! ਇਹਦਾ ਸਦਕਾ ਜ਼ਿੰਦਗੀ ਦੇ ਵਿਕਾਸ ਦੀ ਚਾਲ ਬਹੁਤ ਤਿੱਖੀ ਹੋ ਗਈ, ਤੇ ਮਨੁੱਖੀ ਦਿਮਾਗ ਦਾ ਨਿੱਕਾ ਜਿੰਨਾ ਵਿਕਾਸ ਵੀ ਸਮੁੱਚੀ ਜ਼ਿੰਦਗੀ ਵਿੱਚ ਇਨਕਲਾਬੀ ਤਬਦੀਲੀਆਂ ਲਿਆਉਣ ਲੱਗ ਪਿਆ।

ਜ਼ਿੰਦਗੀ ਦਾ ਮੁਤਾਲਿਆ ਦੋ ਗੱਲਾਂ ਸਾਫ ਕਰਦਾ ਹੈ: ਇਕ, ਕਿ ਜ਼ਿੰਦਗੀ ਦੇ ਅਨੇਕਾਂ ਭਾਗ ਜੰਮਦੇ ਤੇ ਮਰਦੇ ਰਹਿੰਦੇ ਹਨ, ਪਰ ਹਰ ਜੰਮਣੀ ਤੇ ਹਰ ਮਰਨੀ ਬੁਨਿਆਦੀ ਧੁਨ ਨੂੰ ਮਜ਼ਬੂਤ ਕਰਦੀ ਚਲੀ ਜਾਂਦੀ ਹੈ – ਨਵਿਆਂ ਹੋਣ ਤੇ ਅਗਾਂਹ ਵਧਦੇ ਜਾਣ ਦੀ ਧੁਨ ਨੂੰ। ਦੂਜੀ ਗੱਲ ਇਹ ਕਿ ਮਨੁੱਖ ਪੱਧਰ ਤੇ ਪਹੁੰਚਣ ਤੋਂ ਪਹਿਲਾਂ ਜ਼ਿੰਦਗੀ ਦਾ ਦਾਈਆ ਆਪਣੀਆਂ ਵਿਕਾਸ-ਪੱਧਰਾਂ ਨੂੰ ਇਕ ਸੁੱਚਜੇ ਕੇਂਦਰ ਵਿੱਚ ਇਕੱਠਿਆਂ ਕਰਨਾ ਸੀ। ਮਨੁੱਖ ਤੋਂ ਪਹਿਲਾਂ ਜ਼ਿੰਦਗੀ ਦੀ ਹਰ ਕੋਸ਼ਿਸ਼ ਮਨੁੱਖ-ਬਣਤਰ ਵਲ ਝੁਕੀ ਰਹਿੰਦੀ ਸੀ, ਤੇ ਮਨੁੱਖ ਬਣਨ ਦੀ ਦਿਲ ਸੀ ਕਿ ਜ਼ਿੰਦਗੀ ਨੇ ਕੁਦਰਤ ਦੀਆਂ ਤਾਕਤਾਂ ਉਤੇ ਕਾਬੂ ਪਾਣ ਦੀ ਜੱਦੋ-ਜਹਿਦ ਸ਼ੁਰੂ ਕਰ ਦਿੱਤੀ। ਚੌਹ ਪੈਰਾਂ ਵਿੱਚੋਂ ਦੋਂਹ ਨੂੰ ਏਸ ਨੇ ਹੱਥ ਬਣਾ ਲਿਆ, ਆਪਣੀ ਜੀਭ ਦੀਆਂ ਆਵਾਜ਼ਾਂ ਦੀ ਬਰੀਕੀ ਤੇ ਮੋਟਾਈ ਵਿੱਚੋਂ ਹਜ਼ਾਰਾਂ ਲਫਜ਼ ਬੁਲਾ ਲਏ, ਬੱਦਲਾਂ ਦੀ ਬਿਜਲੀ ਵਿੱਚੋਂ ਏਸ ਨੇ ਅੱਗ ਲੱਭ ਲਈ, ਮਕਾਨ ਬਣਾ ਲਏ, ਪਸ਼ੂ ਸਿਧਾ ਲਏ, ਰੇਗਿਸਤਾਨ ਸਾਵੇ ਕਰ ਲਏ, ਧਰਤ ਵਿਚੋਂ ਅਨਾਜ ਉਗਾ ਲਿਆ, ਦਰਿਆਵਾਂ ਦੇ ਕੰਢਿਆਂ ਉਤੇ ਸ਼ਹਿਰ ਵਸਾ ਲਏ, ਸਫ਼ਰ ਲਈ ਬੇੜੀਆਂ ਤਾਰ ਲਈਆਂ, ਪਹਾੜਾਂ 'ਚੋਂ ਧਾਤਾਂ ਪੁੱਟ ਲਈਆਂ, ਹਥਿਆਰ ਘੜ ਲਏ, ਆਪਣੀ ਧਰਤੀ ਦੇ ਬੇਡੌਲ ਜਿਹੇ ਟੋਇਆਂ ਟਿੱਬਿਆਂ ਨੂੰ ਨੈਣਾਂ ਨਕਸ਼ਾਂ ਨਾਲ ਸੁੱਚਿਤਰ ਕਰ ਦਿੱਤਾ।

ਮਨੁੱਖੀ ਦਿਮਾਗ਼ ਵਿੱਚ ਜ਼ਿੰਦਗੀ ਦੀਆਂ ਸੰਭਾਵਨਾਵਾਂ ਦੀ ਹਰ ਟੋਹ ਕੁਦਰਤ ਨੇ ਲੁਕਾਈ ਜਾਪਦੀ ਹੈ। ਮਨੁੱਖੀ ਦਿਮਾਗ਼ ਦੀ ਪੱਧਰ ਹੀ ਜ਼ਿੰਦਗੀ ਦੀ ਅਧੂਰਤਾ ਜਾਂ ਪੂਰਨਤਾ, ਕੋਹਜ ਜਾਂ ਖ਼ੂਬਸੂਰਤੀ, ਸੌੜ ਜਾਂ ਚੌੜ ਪੱਧਰ ਹੈ। ਅਗਾਂਹ ਵਧੇ ਜਾਣ ਤੇ ਨਵਿਆਂ ਹੁੰਦੇ ਰਹਿਣ ਦੀ ਬੁਨਿਆਦੀ ਧੁਨ ਨੇ ਜਿੰਨੀ ਤਰੱਕੀ ਮਨੁੱਖੀ ਦਿਮਾਗ਼ ਰਾਹੀਂ ਪੰਜਾਹ ਸਾਲਾਂ ਵਿੱਚ ਕੀਤੀ ਹੈ, ਏਨੀ ਏਸ ਤੋਂ ਬਿਨਾਂ ਇਸ ਨੇ ਪੰਜਾਹ ਕਰੋੜ ਸਾਲਾਂ ਵਿੱਚ ਵੀ ਨਹੀਂ ਸੀ ਕੀਤੀ।

ਏਸ ਤੋਂ ਇਕ ਬੜੀ ਵੱਡੀ ਹਕੀਕਤ ਉਜਲੀ ਹੋ ਜਾਂਦੀ ਹੈ। ਜਿਹੜਾ ਢੰਗ ਮਨੁੱਖੀ ਦਿਮਾਗ਼ ਵਿੱਚ ਅਗਾਂਹ ਵਧਣ ਤੇ ਨਵਿਆਂ ਹੋਣ ਦੀ ਧੁਨ ਵਧੇਰੇ ਚਮਕਾ ਸਕਦਾ ਹੈ, ਉਹ ਢੰਗ ਜ਼ਿੰਦਗੀ ਦਾ ਅਤਿ ਚਾਹਿਆ ਢੰਗ ਹੋਵੇਗਾ।

ਏਸ ਕਸੌਟੀ ਉਤੇ ਜ਼ਿੰਦਗੀ ਦੇ ਸਾਰੇ ਢੰਗਾਂ, ਇਹਦੀਆਂ ਸਾਰੀਆਂ ਜਾਚਾਂ ਨੂੰ ਅਸੀਂ ਪਰਖ ਸਕਦੇ ਹਾਂ। ਸਾਇੰਸ, ਸਿਆਸਤ ਤੇ ਸਾਹਿਤ ਜ਼ਿੰਦਗੀ ਦੀਆਂ ਤਿੰਨ ਮੁੱਖ ਜਾਚਾਂ ਹਨ। ਇਤਿਹਾਸ,

ਸੰਗੀਤ, ਚਿੱਤਰਕਾਰੀ, ਸ਼ਿਲਪਕਾਰੀ ਆਦਿ ਉਪਰਲੀਆਂ ਜਾਚਾਂ ਦੇ ਵੱਡਮੁੱਲੇ ਅਮਲ ਹਨ।

ਸਾਇੰਸ ਕੁਦਰਤ ਦਾ ਗਿਆਨ ਹੈ। ਪੌਣ, ਪਾਣੀ, ਧਰਤ, ਆਕਾਸ਼ ਵਿੱਚ ਅਣਗਿਣਤ ਸੰਭਾਵਨਾਵਾਂ ਹਨ, ਜਿਹੜੀਆਂ ਜ਼ਿੰਦਗੀ ਨੂੰ ਨਵੀਆਂ ਸਿਖਰਾਂ ਤੇ ਚਾੜ੍ਹ ਸਕਦੀਆਂ ਹਨ। ਪਰ ਇਹ ਓਨੀ ਹੱਦ ਤਕ ਹੀ ਲੱਭ ਸਕਦੀਆਂ ਹਨ, ਜਿੰਨੀ ਹੱਦ ਤਕ ਮਨੁੱਖੀ ਮਨ ਵਿੱਚ ਇਹਨਾਂ ਦੀ ਲੋੜ ਪਹਿਲੋਂ ਜਾਗ ਪਈ ਹੋਵੇ। ਜੇ ਮਨੁੱਖੀ ਮਨ ਵਿੱਚ ਉਡ ਕੇ ਆਪਣੇ ਪਿਆਰਿਆਂ ਕੋਲ ਛੇਤੀਂ ਪਹੁੰਚਣ ਤੇ ਮੁਲਕ ਮੁਲਕ ਵੇਖਣ ਦੀ ਚਾਹ ਅਜੇ ਉਪਜੀ ਨਹੀਂ, ਤਾਂ ਹਵਾਈ ਜਹਾਜ਼ ਦੇ ਭੇਤ ਉਹਦੀਆਂ ਅੱਖਾਂ ਅਗੇ ਪਏ ਵੀ ਉਹਨੂੰ ਲੱਭ ਨਹੀਂ ਸਕਣਗੇ। ਜੇ ਉਹਨੂੰ ਛਿੱਲਣ ਘੜਨ ਦੀ ਕੋਈ ਲੋੜ ਨਹੀਂ ਪਈ, ਆਪਣੇ ਲਾਭਾਂ ਨੂੰ ਦੁਸ਼ਮਣ ਕੋਲੋਂ ਸਾਂਭਣ ਦੀ ਚਿੰਤਾ ਨਹੀਂ ਉਠੀ ਤਾਂ ਉਹ ਹਥਿਆਰ ਨਹੀਂ ਬਣਾ ਸਕੇਗਾ; ਜੇ ਉਹਦੇ ਅੰਦਰ ਦੋਸਤੀ ਦੀ ਤ੍ਰਿਸ਼ਨਾ ਦਾ ਹੜ੍ਹ ਨਹੀਂ ਆਇਆ, ਤਾਂ ਉਹ ਸਾਰੀ ਮਨੁੱਖ-ਜਾਤੀ ਨਾਲ ਇਕ ਹੋ ਜਾਣ ਲਈ ਤਾਂਘ ਨਹੀਂ ਸਕਦਾ, ਤੇ ਨਾ ਜੰਗ ਦੀ ਸ੍ਵੈ-ਘਾਤਕ ਸੰਸਥਾ ਦੀ ਮਨਸੂਖੀ ਦਾ ਫ਼ੈਸਲਾ ਸੁਣ ਕੇ ਸਾਰੀ ਦੁਨੀਆਂ ਨੂੰ ਸਾਂਝੀ 'ਪ੍ਰੀਤ-ਲੜੀ' ਵਿੱਚ ਪਰੁਤਿਆਂ ਵੇਖਣ ਦਾ ਸੁਪਨਾ ਲੈ ਸਕਦਾ ਹੈ।

ਪਿਆਰਿਆਂ ਕੋਲ ਪਹੁੰਚਣ, ਮੁਲਕ ਵੇਖਣ, ਭੰਨਣ, ਘੜਨ ਤੇ ਸਾਂਭਣ, ਅਤੇ ਦੋਸਤੀ ਦੀ ਤ੍ਰਿਸ਼ਨਾ ਹੀ ਮਨੁੱਖੀ ਦਿਮਾਗ ਵਿੱਚ ਸਾਇੰਸ ਲਈ ਟੋਹਾਂ ਧੜਕਾਂਦੀ ਹੈ। ਸਾਇੰਸੀ ਖੋਜ ਦੀ ਹੱਦ ਮਨੁੱਖੀ ਲੋੜਾਂ ਤੇ ਕਲਪਨਾਵਾਂ ਦੀ ਹੱਦ ਹੈ। ਏਸ ਲਈ ਇਹਨਾਂ ਲੋੜਾਂ ਤੇ ਕਲਪਨਾਵਾਂ ਉਤੇ ਹਾਵੀ ਹੋ ਸਕਣ ਵਾਲਾ ਢੰਗ ਸ਼ਰੋਮਣੀ ਆਖਿਆ ਜਾ ਸਕਦਾ ਹੈ।

ਇਤਿਹਾਸ ਮਨੁੱਖੀ ਕਾਰਨਾਮਿਆਂ ਦਾ ਚਿੱਠਾ ਹੈ। ਚਿੱਤਰਕਾਰੀ, ਸ਼ਿਲਪਕਾਰੀ, ਸੰਗੀਤ ਮਨੁੱਖੀ ਰੀਝਾਂ ਦੇ ਪ੍ਰਗਟਾਵੇ ਹਨ। ਸਿਆਸਤ ਇਹਨਾਂ ਰੀਝਾਂ ਦੀ ਪ੍ਰਾਪਤੀ ਦਾ ਸਾਧਨ ਹੈ, ਤੇ ਇਹ ਸਾਧਨ ਓਡਾ ਹੀ ਸੁੱਚਜਾ ਤੇ ਓਡਾ ਹੀ ਇਨਸਾਫ਼ ਭਰਿਆ ਹੋ ਸਕਦਾ ਹੈ, ਜੇਡਾ ਸੁੱਚਜਾ ਤੇ ਜੇਡਾ ਇਨਸਾਫ਼ ਮਨੁੱਖ ਦੀ ਕਲਪਨਾ ਵਿੱਚ ਆ ਚੁੱਕਿਆ ਹੋਵੇ।

ਕਲਪਨਾਵਾਂ ਪ੍ਰੇਰਨ ਦੀ ਸਮਰੱਥਾ ਸਾਹਿਤ ਵਿੱਚ ਹੀ ਹੈ। ਸਾਹਿਤ ਰੀਝਾਂ ਉਕਸਾ ਸਕਦਾ ਹੈ; ਰੀਝਾਂ ਦੇ ਉਤਾਰ ਚੜ੍ਹਾਵਾਂ ਦੇ ਸ਼ਬਦ-ਚਿੱਤਰ ਖਿੱਚ ਕੇ, ਮਨੁੱਖੀ ਦਿਲ ਦੇ ਅਰਮਾਨਾਂ ਨੂੰ ਉਹਦੇ ਸਮਝਣ ਲਈ ਸਾਹਮਣੇ ਲਿਆ ਧਰਦਾ ਹੈ, ਉਹਦੇ ਸੁਪਨਿਆਂ ਨੂੰ ਪੂਰਨਤਾ ਦੀ ਸ਼ਕਲ ਦੇ ਕੇ ਅੰਤਮ ਜਿੱਤ ਲਈ ਭਰੋਸਾ ਕਾਇਮ ਰੱਖ ਸਕਦਾ ਹੈ।

ਸਾਹਿਤ ਹੋਣੀ ਦਾ ਨਿਰਾ ਇਤਿਹਾਸ ਨਹੀਂ, ਹੋਣੀ ਦਾ ਪੂਰਨਾ ਹੈ। ਜ਼ਿੰਦਗੀ ਦੇ ਸ਼ਾਹਕਾਰ, ਮਨੁੱਖ, ਦੀ ਨਵੀਨਤਾ ਤੇ ਅਗਾਂਹ ਵਧਣ ਲਈ ਜਦੋ-ਜਹਿਦ ਦੀ ਉਹ ਹੁਨਰਮੰਦ ਕਹਾਣੀ ਹੈ, ਜਿਹੜੀ ਘੰਟਿਆਂ ਦੀ ਪੜ੍ਹਾਈ ਵਿੱਚ ਬੀਤੀਆਂ ਸਦੀਆਂ ਦਾ ਜੀਵਨ ਸਾਡੇ ਸਾਹਮਣੇ ਰੱਖ ਕੇ ਨਿਤ ਨਵੀਆਂ ਸੇਧਾਂ ਸਾਨੂੰ ਦੇ ਸਕਦੀ ਹੈ। ਜ਼ਿੰਦਗੀ ਇੱਕ ਅਟੁਟ ਲੜੀ ਹੈ, ਜਿਹੜੀ ਬੇ-ਸ਼ੁਮਾਰ ਸਦੀਆਂ ਤੋਂ ਸਾਹਿਤ ਦੇ ਸੂਖਮ ਧਾਗੇ ਵਿੱਚ ਪ੍ਰੋਤੀ ਚਲੀ ਆ ਰਹੀ ਹੈ। ਇਹ ਧਾਗਾ ਬੇ-ਹਰਕਤ ਜਿਹੀ ਤੰਦ ਵੀ ਨਹੀਂ, ਜਿਹੜੀ ਸਿਰਫ ਜ਼ਿੰਦਗੀ ਦੇ ਮਣਕਿਆਂ ਨੂੰ ਮਸ਼ੀਨ ਵਾਂਗ ਪ੍ਰੋਂਦੀ ਜਾਂਦੀ ਹੋਵੇ, ਸਗੋਂ ਇਹਦੇ ਵਿੱਚ ਬਿਜਲੀ ਵਰਗੀ ਕੋਈ ਰੌ ਮਚਲ ਰਹੀ ਹੈ, ਜਿਹੜੀ ਮਣਕਿਆਂ ਨੂੰ ਵੰਨ-ਸੁਵੰਨੀਆਂ ਸ਼ਕਲਾਂ ਦੇਂਦੀ ਤੇ ਉਹਨਾਂ ਦੇ ਦਿਲ ਰਾਂਗਲੇ ਫਲੂਸਾਂ ਵਾਂਗ ਰੌਸ਼ਨ ਕਰਦੀ ਹੈ।

ਜ਼ਿੰਦਗੀ ਦੇ ਹਰ ਭਾਗ ਵਿੱਚ ਸਵੈ-ਪੂਰਨਤਾ ਤੇ ਆਜ਼ਾਦੀ ਦੀ ਲਗਨ ਹੈ, ਸਾਰੇ ਬ੍ਰਹਿਮੰਡ ਨੂੰ ਆਪਣੀ ਖੁਸ਼ੀ ਤੇ ਆਪਣੇ ਪਿਆਰ ਵਿੱਚ ਸਮੋ ਲੈਣ ਦੀ ਧੂ ਹੈ। ਇਹ ਲਗਨ ਤੇ ਧੂ ਹਰ ਜੀਵਨ-ਕਿਣਕੇ ਦੀ ਧੜਕਣ ਹਨ, ਪਰ ਮਨੁੱਖੀ ਰੂਪ ਵਿੱਚ ਇਹ ਸਿਖਰਾਂ ਛੁੰਹਦੀਆਂ ਹਨ। ਸਵੈ-ਪੂਰਨਤਾ, ਖ਼ੁਸ਼ੀ ਤੇ ਖ਼ੁਦ-ਮੁਖਤਾਰੀ ਦੀ ਤੜਫਣੀ ਨੂੰ ਚੰਗੀਆਂ ਸੇਧਾਂ ਵਿੱਚ ਪਾਣਾ ਸਾਹਿਤ ਦਾ ਕਰੱਤਵ ਹੈ। ਉਤਸੁਕਤਾ-ਭਰੇ ਹਾਦਸਿਆਂ ਦੀ ਲੜੀ ਨਾਲ ਮਨੁੱਖ ਦੀਆਂ ਅਕੇਵੇਂ-ਭਰੀਆਂ ਘੜੀਆਂ ਨੂੰ ਭਰਮਾਣਾ, ਇਹਦਾ ਮੂਲ ਮਨੋਰਥ ਨਹੀਂ।

ਸਾਹਿਤ ਦਾ ਮੁੱਖ ਕਰੱਤਵ ਪੂਰਿਆਂ ਕਰਨ ਦੇ ਯੋਗ ਹੋਣ ਲਈ ਸਾਹਿਤਕਾਰ ਨੂੰ ਜ਼ਿੰਦਗੀ ਤੇ ਜ਼ਬਾਨ ਦਾ ਗਿਆਨ, ਤੇ ਅਤਿ ਕੋਮਲ ਸੂਝ ਸੁਰਤੀਆਂ ਦੇ ਪ੍ਰਗਟਾਵੇ ਦਾ ਹੁਨਰ ਲੋੜੀਂਦੇ ਹਨ, ਤਾਂ ਜੋ ਉਹ ਆਪਣੇ ਸਮਕਾਲੀਆਂ ਦੀਆਂ ਸਾਧਾਰਨ ਖਾਹਿਸ਼ਾਂ ਵਿੱਚੋਂ ਅਗਾਂਹ ਵਧਣ ਦੀ ਜੀਵਨ-ਧੁਨ ਨਖੇੜ ਕੇ ਦਰਸਾ ਸਕੇ। ਸਾਧਾਰਨ ਮਨੁੱਖ ਦਾ ਅੰਦਰਲਾ ਜੀਵਨ ਜਿਹੜਾ ਕਦੇ ਰੂਪਮਾਨ ਨਹੀਂ ਹੁੰਦਾ, ਉਹਦੇ ਉਹ ਜਜ਼ਬੇ ਜਿਹੜੇ ਨਿਕਾਸ ਦੀ ਥੁੜੋਂ ਉਹਨੂੰ ਵਿਆਕੁਲ ਕਰੀ ਰਖਦੇ ਹਨ; ਖੁਸ਼ੀ ਲਈ ਉਹਦੀ ਨਿਸਫਲ ਭਟਕਣੀ, ਇਹਨਾਂ ਸਾਰਿਆਂ ਨੂੰ ਚਿੱਤਰ-ਖਿੱਚਦੇ ਸ਼ਬਦਾਂ ਵਿੱਚ ਉਹਦੇ ਸਾਹਮਣੇ ਲਿਆ ਧਰਨਾ ਮਨੁੱਖ ਨੂੰ ਇਕ ਅਨੋਖੀ ਤੱਸਲੀ ਦੇਂਦਾ ਤੇ ਜ਼ਿੰਦਗੀ ਨੂੰ ਕਦੇ ਬੇ-ਅਰਥ ਜਾਪਣ ਨਹੀਂ ਦੇਂਦਾ।

ਸਾਹਿਤ ਆਹਾਂ-ਅਰਮਾਨਾਂ, ਮੇਲ-ਵਿਛੋੜਿਆਂ; ਟੁਟੀਆਂ ਜਾਂ ਨੇਪਰੇ ਚੜ੍ਹੀਆਂ ਆਸਾਂ ਦੀ ਸੁੱਚਜੀ ਆਖੀ ਕਹਾਣੀ ਹੀ ਨਹੀਂ, ਅਰਮਾਨਾਂ ਵਿੱਚੋਂ ਨਵੀਆਂ ਆਸਾਂ, ਵਿਛੋੜਿਆਂ ਵਿੱਚੋਂ ਨਵੇਂ ਵਸਲਾਂ, ਹਾਰਾਂ ਵਿਚੋਂ ਨਵੀਆਂ ਜਿੱਤਾਂ, ਘਾਟਿਆਂ ਵਿੱਚੋਂ ਨਵੇਂ ਲਾਭਾਂ ਦਾ ਛੇੜੂ ਵੀ ਹੈ। ਅਜ ਦਾ ਸਾਹਿਤ ਕਲ੍ਹ ਦੇ ਭਵਿਖ ਦਾ ਪੂਰਨਾ ਤੇ ਸਾਹਿਤਕਾਰ ਏਸ ਭਵਿਖ ਦਾ ਉਸਰਈਆ ਹੈ।

ਸਾਹਿਤਕਾਰ ਦਾ ਫਰਜ਼ ਇੰਜੀਨੀਅਰ, ਸਾਇੰਸਦਾਨ ਤੇ ਸਿਆਸਤਦਾਨ, ਸਭ ਨਾਲੋਂ ਵੱਡਾ ਹੈ। ਸਰਮਾਏ ਦੇ ਯੁੱਗ ਵਿੱਚ ਸਾਹਿਤਕਾਰ ਦੀ ਕਦਰ ਭਾਵੇਂ ਨਹੀਂ ਪਈ, ਪਰ ਜ਼ਿੰਦਗੀ ਦੇ ਸਵਾਮੀਆਂ ਵਿੱਚ ਇਹ ਤਾਂ ਵੀ ਗਿਣਿਆਂ ਜਾਂਦਾ ਰਿਹਾ ਹੈ। ਆਉਣ ਵਾਲੀ ਜ਼ਿੰਦਗੀ ਦੇ ਹਰ ਨਕਸ਼ ਉਤੇ ਅਜ ਦੇ ਸਾਹਿਤਕਾਰ ਦੀ ਛਾਪ ਹੋਵੇਗੀ। ਸਦੀਆਂ ਦੇ ਪਿਆਰਾਂ, ਸਦੀਆਂ ਦੀਆਂ ਵਫ਼ਾਵਾਂ, ਸਦੀਆਂ ਦੀਆਂ ਅਕਲਾਂ, ਤੇ ਸਦੀਆਂ ਦੀ ਪੁਰਾਤਨਤਾ ਨਾਲ ਨਵੀਨਤਾ ਦੇ ਘੋਲਾਂ ਨੂੰ ਸਾਹਿਤਕਾਰ ਦੇ ਕਮਾਲ ਨੇ ਹੀ ਸਾਂਭ ਕੇ ਮਨੁੱਖਤਾ ਦਾ ਭੰਡਾਰ ਭਰਿਆ ਹੋਇਆ ਹੈ।

ਸਾਹਿਤਕਾਰ ਮਨੁੱਖਤਾ ਦਾ ਮਨ, ਮਨੁੱਖਤਾ ਦੀਆਂ ਅੱਖਾਂ ਹੁੰਦੇ ਹਨ। ਜੋ ਇਹ ਅਜ ਵੇਖਦੇ ਤੇ ਪਿਆਰਦੇ ਹਨ, ਉਹ ਕਲ੍ਹ ਮਨੁੱਖੀ ਨਸਲਾਂ ਦਾ ਜੀਵਨ ਬਣ ਜਾਂਦਾ ਹੈ। ਸਾਹਿਤਕਾਰ ਦੀਆਂ ਸੁਰਤੀਆਂ ਜਨ-ਸਾਧਾਰਨ ਨਾਲੋਂ ਵਧੇਰੇ ਕੋਮਲ ਹੁੰਦੀਆਂ ਹਨ, ਮਨੁੱਖੀ ਅਣਖ ਦਾ ਅਹਿਸਾਸ ਵੀ ਇਹਦੇ ਵਿੱਚ ਡੂੰਘੇਰਾ ਹੁੰਦਾ ਹੈ। ਜਿਹੜੀ ਵੀ

ਘਟਨਾ, ਜਿਹੜਾ ਵੀ ਪਰਚਾਰ, ਜਿਹੜਾ ਵੀ ਮਜ਼ਬ ਮਨੁੱਖ ਨੂੰ ਨੀਵਿਆਂ ਵਿਖਾ ਕੇ ਉਹਦੇ ਹੌਂਸਲੇ ਘਟਾਂਦਾ ਹੈ, ਉਹਦੇ ਖਿਲਾਫ਼ ਚਾਰੇ ਖੁਰ ਚੁੱਕ ਕੇ ਪੈ ਜਾਣਾ ਸਾਹਿਤਕਾਰ ਲਈ ਸੁਭਾਵਕ ਹੁੰਦਾ ਹੈ। ਕਿਸੇ ਵੀ ਲੇਖਣੀ ਦਾ ਉਹ ਭਾਗ ਭਾਵੇਂ ਹੁਨਰ ਦੇ ਨੁਕਤੇ ਤੋਂ ਉਹ ਅੰਤਮ ਸ਼ਬਦ ਵੀ ਹੋਵੇ - ਜਿਹੜਾ ਮਨੁੱਖ ਦੀ ਬੇ-ਰਸੀ ਤੇ ਨਾਚੀਜ਼ਤਾ ਜਾਂ ਉਹਦੇ ਗੁਨਾਹ ਦਾ ਪੁਤਲਾ ਹੋਣ ਦਾ ਯਕੀਨ ਪਕਾਣਾ ਚਾਹੁੰਦਾ ਹੈ - ਉਹ ਸਾਹਿਤ ਹਰਗਿਜ਼ ਨਹੀਂ, ਕਿਸੇ ਸਾਹਿਤਕਾਰ ਦੀਆਂ ਕਮਜ਼ੋਰ ਘੜੀਆਂ ਦੀ ਵਿਸ਼ਵਾਸ-ਹੀਨ ਕਲਪਨਾ ਹੈ, ਜਿਹੜੀ ਅਵੇਰੇ ਜਾਂ ਸਵੇਰੇ ਅਮਰ ਸਾਹਿਤ ਵਿੱਚੋਂ ਕੱਢ ਦਿੱਤੀ ਜਾਏਗੀ।

ਅਮਰ ਸਾਹਿਤ ਬੇ-ਬਸੀ ਦਾ ਹਾਵਾ ਨਹੀਂ, ਨਾ ਨਿਰਪੱਖ ਜਿਹਾ ਇਤਿਹਾਸਕ ਬਿਆਨ ਹੈ। ਅਮਰ ਸਾਹਿਤ ਮਨੁੱਖ ਦੀ ਹਰ ਜੱਦੋ-ਜਹਿਦ ਦਾ ਹਮਦਰਦ ਸਾਥੀ ਹੈ। ਕੀ ਗੁਣਾਂ ਤੇ ਕੀ ਗੁਨਾਹਾਂ ਵਿਚ, ਕੀ ਪਿਆਰਾਂ ਤੇ ਕੀ ਨਫਰਤਾਂ ਵਿੱਚ, ਕੀ ਜਿੱਤਾਂ ਤੇ ਕੀ ਹਾਰਾਂ ਵਿੱਚ, ਕੀ ਸਖਾਵਤਾਂ ਤੇ ਕੀ ਈਰਖਾਵਾਂ ਵਿੱਚ ਮਨੁੱਖ ਹੀ ਸਾਹਿਤ ਦਾ ਸ਼ਹਿਜ਼ਾਦਾ ਹੈ, ਤੇ ਏਸ ਸ਼ਹਿਜ਼ਾਦੇ ਨੂੰ ਜ਼ਿੰਦਗੀ ਦੇ ਰਣ-ਖੇਤਰ ਵਿੱਚ ਚੜ੍ਹੇ, ਪੀੜੇ ਰਖਣਾ; ਇਹਦੀਆਂ ਅਖ਼ਲਾਕੀ ਕੀਮਤਾਂ, ਇਹਦੇ ਸੁਆਦਾਂ, ਪਿਆਰ ਤੇ ਖ਼ੂਬਸੂਰਤੀ ਲਈ ਇਹਦੀਆਂ ਲੋਚਾਂ ਨੂੰ ਉਚਿਆਂਦੇ ਰਹਿਣਾ, ਸਾਹਿਤ ਦਾ ਸੰਦੇਸ਼ ਤੇ ਹੁਨਰ ਹੈ। ਮਨੁੱਖ ਦੀ ਅੰਤਮ ਜਿੱਤ ਇਹਦੇ ਹਰ ਗੀਤ ਦੀ ਸਮੱਸਿਆ ਹੈ।

ਜ਼ਿੰਦਗੀ ਦੇ ਸਿਪਾਹੀ ਮਨੁੱਖ ਦੀ ਨੌਜਵਾਨ ਨਸਲ ਹਨ। ਏਸ ਨਸਲ ਦੀ ਚੜ੍ਹਦੀ ਜਵਾਨੀ ਨੂੰ ਇਸ਼ਕ ਤੇ ਬੀਰਤਾ ਦੀ ਚੇਟਕ ਲਾ ਕੇ ਉੱਚੀਆਂ ਕੀਮਤਾਂ ਤੇ ਚਟਾਨੀ ਰਾਹਾਂ ਉਤੇ ਚਾੜ੍ਹ ਖੜਨਾ ਸਾਹਿਤਕਾਰ ਦਾ ਡੂੰਘਾ ਮੁਤਾਲਿਆ ਹੁੰਦਾ ਹੈ। ਨਵੇਂ ਜਵਾਨ ਦਿਲਾਂ ਦੇ ਲਸ਼ਕਰਾਂ ਦੇ ਲਸ਼ਕਰ ਇਹਦੀ ਸ਼ਬਦ-ਜਾਦੂਗਰੀ ਹੇਠਾਂ ਆਉਣੋਂ ਰਹਿ ਨਹੀਂ ਸਕਦੇ ਤੇ ਮਸਤਾਨੀਆਂ ਹਿੱਕਾਂ ਵਿੱਚ ਇਹੋ ਜਿਹੇ ਕੋਮਲ ਸੁਪਨੇ ਇਹ ਮਲਕੜੇ ਹੀ ਟਿਕਾ ਜਾਂਦਾ ਹੈ। ਨੌਜਵਾਨਾਂ ਦੇ ਵਿਗਾੜ ਜਾਂ ਸੁਧਾਰ ਦਾ ਬਹੁਤਾ ਨਿਰਭਰ ਮੁਲਕ ਦੇ ਪ੍ਰਚੱਲਤ ਸਾਹਿਤ ਉਤੇ ਹੁੰਦਾ ਹੈ ਤੇ ਕਿਸੇ ਕੌਮ ਦੇ ਭਵਿਖ ਦਾ ਨਿਰਭਰ ਉਹਦੇ ਜਾਵਾਨਾਂ ਦੇ ਚਰਿਤ੍ਰ ਉਤੇ ਹੁੰਦਾ ਹੈ।

ਸਾਹਿਤ ਲੱਖਾਂ ਕਰੋੜਾਂ ਮਨੁੱਖਾਂ ਨੂੰ ਜ਼ਿੰਦਗੀ ਦੀ ਬੁਨਿਆਦੀ ਧ੍ਰੂ ਤੋਂ ਸੁਚੇਤ ਕਰਦਾ ਹੈ, ਉਹਨਾਂ ਉਤੇ ਜ਼ਿੰਦਗੀ ਦੀ ਅਸਲੀਅਤ ਨੂੰ ਰੌਸ਼ਨ ਕਰ ਕੇ ਉਹਨਾਂ ਦੀ ਰੋਜ਼ਾਨਾਂ ਜ਼ਿੰਦਗੀ ਦੀ ਬੇ-ਸੁਆਦੀ ਨੂੰ ਅਰਥ-ਭਰਭੂਰ ਦਰਸਾਂਦਾ ਹੈ, ਜ਼ਿੰਦਗੀ ਦੇ ਵਾਧੇ ਲਈ ਮੁਸ਼ਕਲਾਂ ਦੀ ਮਹੱਤਤਾ ਸਮਝ ਕੇ ਸਮੇਂ ਨੂੰ ਜੀਉਣ-ਯੋਗ ਬਣਾਂਦਾ ਹੈ, ਤੇ ਜਿੱਤ ਦੀ ਮੰਜ਼ਲ ਨੂੰ ਕਿਸੇ ਲਈ ਵੀ ਸਦਾ ਅਪਹੁੰਚ ਦਿਸਦੀ ਨਹੀਂ ਰਹਿਣ ਦੇਂਦਾ।

ਜ਼ਿੰਦਗੀ ਦਾ ਕੋਈ ਹੁਨਰ ਸਾਹਿਤ ਵਰਗੀ ਅਕਲ ਤੇ ਦੂਰ-ਦਰਿਸ਼ਟੀ ਦਾ ਮਾਲਕ ਨਹੀਂ। ਸਾਹਿਤਕ ਕੀਮਤਾਂ ਜੇਡੀਆਂ ਚਿਰੰਜੀਵ ਕੀਮਤਾਂ ਵੀ ਹੋਰ ਕੋਈ ਨਹੀਂ। ਸਾਹਿਤਕਾਰ ਨੇ ਹਰ ਸਮੇਂ ਜਿਸ ਸਿਖਰ ਨੂੰ ਛੁਹਿਆ, ਉਹ ਸਿਖਰ ਅਜੇ ਵੀ ਅਛੁਹ ਦਿੱਸਦੀ ਹੈ। ਕਾਲੀਦਾਸ, ਸ਼ੈਕਸਪੀਅਰ, ਗੇਟੇ, ਦਾਂਤੇ, ਵਿਟਮੈਨ, ਗੋਰਕੀ ਤੇ ਟੈਗੋਰ ਹਰ ਯੁੱਗ ਵਿੱਚ ਮਨੁੱਖੀ ਦਿਲ ਦੇ ਹੁਨਰ ਦੇ ਸਵਾਮੀ ਹੀ ਮੰਨੇ ਜਾਣਗੇ। ਕਾਰਨ ਇਹਦਾ ਇਹ ਹੈ ਕਿ ਸਾਹਿਤਕਾਰ ਮਨੁੱਖਤਾ ਦੀਆਂ ਅਮਰ ਕੀਮਤਾਂ ਦਾ ਪਾਰਖੂ ਤੇ ਸ਼ਬਦਾਂ ਦਾ ਜਾਦੂਗਰ ਹੁੰਦਾ ਹੈ। ਅਮਰ ਕੀਮਤਾਂ ਬਦਲਦੀਆਂ ਨਹੀਂ, ਤੇ ਸ਼ਬਦ-ਚਿੱਤਰ ਲਾਸਾਨੀ ਹੁੰਦੇ ਹਨ। ਮਨੁੱਖੀ ਮਨ ਦੀ ਮਹਾਨਤਾ, ਸਦਾ ਨਵੇਂ ਰਹਿਣ ਦੀ ਉਛਲੀ ਸਿੱਕ, ਪੁਰਾਤਨਤਾ ਨਾਲ ਅਮੁਕ ਸੰਗ੍ਰਾਮ, ਅਗਾਂਹ ਵਧਣ ਦੀ ਲਾਲਸਾ, ਰੁਕਾਵਟਾਂ ਨਾਲ ਅੜ ਖਲੋਣਾ, ਦਿਲ ਜਿੱਤਣ ਦੀ ਤਮੰਨਾ, ਖ਼ੂਬਸੂਰਤੀ ਨਾਲ ਇਸ਼ਕ, ਪੂਰਨ ਹੋਣ ਤੇ ਫਤਹਿ ਪਾਣ ਵਿੱਚ ਅਖ਼ੀਰ ਦਮ ਤਕ ਭਰੋਸਾ, ਬੇ-ਬਦਲ ਰਹੀਆਂ, ਤੇ ਸਦਾ ਬੇ-ਬਦਲ ਹੀ ਰਹਿਣਗੀਆਂ ਇਹ ਮਨੁੱਖੀ ਕੀਮਤਾਂ, ਤੇ ਅਮਰ ਰਹੇਗਾ ਇਹਨਾਂ ਦਾ ਵਣਜਾਰਾ-ਸਾਹਿਤ!

ਸਮਕਾਲੀਆਂ ਦੀਆਂ ਵਾਧੇ ਲਈ ਰੀਝਾਂ ਨੂੰ ਪਰਬਲ ਕਰ ਸਕਣਾ, ਉਹਨਾਂ ਦਾ ਆਪਾ ਭਰਨ ਲਈ ਜੱਦੋ-ਜਹਿਦ ਨੂੰ ਇਨਬਿਨ ਚਿੱਤਰ ਸਕਣਾ, ਉਹਨਾਂ ਦੀਆਂ ਰੁਕਾਵਟਾਂ ਉਤੇ ਰੌਸ਼ਨੀ ਪਾ ਕੇ ਉਹਨਾਂ ਦੀ ਯੋਗਤਾ ਵਧਾਣਾ, ਉਹਨਾਂ ਦੇ ਸੁਆਦ ਤਿੱਖੇ ਕਰਨਾ, ਜ਼ਿੰਦਗੀ ਦੇ ਮਾਣਨ ਦੇ ਨਵੇਂ ਰੂਪ ਉਲੀਕਣਾ, ਸਾਹਿਤ ਦਾ ਮੁੱਖ ਕਰੱਤਵ ਹੈ। ਤੇ ਏਸ ਆਪਣੇ ਕਰੱਤਵ ਦੀ ਪੂਰਤੀ ਲਈ ਸਾਹਿਤ ਮਨੁੱਖੀ ਮਨ ਦੇ ਵਿਕਾਸ ਦੇ ਨਾਲ-ਨਾਲ ਨਵੀਆਂ ਜਾਚਾਂ ਤੇ ਨਵੇਂ ਹੁਨਰ ਹੋਂਦ ਵਿੱਚ ਲਿਆਉਂਦਾ ਹੈ। ਮਨੁੱਖਾਂ ਨਾਲ ਪਿਆਰ, ਉਹਨਾਂ ਦੀਆਂ ਘਾਲਾਂ ਨਾਲ ਹਮਦਰਦੀ, ਉਹਨਾਂ ਦੀਆਂ ਹਾਰਾਂ ਵਿੱਚ ਭਿਆਲੀ, ਉਹਨਾਂ ਦੀ ਜ਼ਬਾਨ ਦਾ ਗਿਆਨ ਸਾਹਿਤਕਾਰ ਦੀ ਕਸਬੀ ਪੂੰਜੀ ਹੈ, ਤੇ ਇਹੋ ਜਿਹੇ ਸ਼ਬਦ-ਚਿੱਤਰ ਖਿੱਚ ਸਕਣ ਦੀ ਯੋਗਤਾ ਜਿਹੜੇ ਚਿੱਤਰ ਸਾਧਾਰਨ ਮਨੁੱਖ ਦੀ ਬੇ-ਰੰਗੀ ਜਿਹੀ ਜੀਵਨੀ ਨੂੰ ਮਨੁੱਖਤਾ ਦੇ ਸਮੁੱਚੇ ਜੀਵਨ ਦੀ ਸਤਰੰਗੀ ਪੀਂਘ ਦਾ ਘੁਲ-ਮਿਲਿਆ ਅੰਗ ਵਿਖਾ ਸਕਣ, ਉਹਦਾ ਤਲਿਸਮੀ ਹੁਨਰ ਹੈ। ●

ਗਿਆਨ ਹੀ ਪਰਮ ਆਨੰਦ ਹੈ।

ਗਿਆਨ ਰੌਸ਼ਨੀ ਹੈ, ਮੁਕਤੀ ਹੈ, ਪਰਮ ਆਨੰਦ ਹੈ। ਗਿਆਨ ਤੋਂ ਭਾਵ ਕਿਸੇ ਆਤਮਕ ਰਹੱਸ ਦੀ ਇਹੋ ਜਿਹੀ ਕੁੰਜੀ ਨਹੀਂ, ਜਿਹੜੀ ਸਮਾਧੀ, ਸਿਮਰਨ ਜਾਂ ਪੂਜਾ ਨਾਲ ਕਿਸੇ ਅਲੌਕਿਕ ਹਸਤੀ ਕੋਲੋਂ ਵਰ ਦੀ ਸ਼ਕਲ ਵਿਚ ਕਿਸੇ ਵਿਅਕਤੀ ਨੂੰ, ਉਹਦੇ ਨਿੱਜੀ ਆਨੰਦ ਲਈ ਮਿਲਦੀ ਹੈ, ਸਗੋਂ ਉਹ ਸਰਬ-ਸਹਾਇਕ ਚਾਨਣ ਹੈ, ਜਿਹੜਾ ਹਰ ਮਨੁੱਖੀ ਨਸਲ ਦੀ ਖੋਜ, ਮਨੁੱਖੀ ਅਭਿਆਸ, ਤਜਰਬੇ ਤੇ ਦ੍ਰਿਸ਼ਟੀ ਨਾਲ ਬ੍ਰਹਮੰਡ ਦੀ ਸਮੁੱਚੀ ਅਸਲੀਅਤ ਬਾਰੇ ਇਕੱਠਾ ਹੁੰਦਾ ਤੇ ਵਧਦਾ ਰਹਿੰਦਾ ਹੈ। ਗੁਰਬਖ਼ਸ਼ ਸਿੰਘ

ਕਿਉਂ ਪਓ ਉਲਝਣਾਂ ਵਿਚ

ਇੱਕ ਸੱਜਣ ਆਪਣੀ ਕੋਠੀ ਦੇ ਸਾਹਮਣੇ ਬਾਗ਼ ਵਿੱਚ ਟਹਿਲ ਰਹੇ ਸਨ। ਉਨ੍ਹਾਂ ਕਿਸੇ ਨੂੰ ਆਪਣੇ ਵਲ ਆਉਂਦਿਆਂ ਵੇਖਿਆ। ਝਟ ਉਹ ਕੋਠੀ ਦੇ ਪਿੱਛਲੇ ਪਾਸੇ ਚਲੇ ਗਏ। ਆਪਣੇ ਨੌਕਰ ਨੂੰ ਉਨ੍ਹਾਂ ਆਖਿਆ ਕਿ ਆਉਣ ਵਾਲੇ ਨੂੰ ਮਿਲੇ ਤੇ ਉਸ ਦਾ ਉਨ੍ਹਾਂ ਨੂੰ ਪਤਾ ਦੇਵੇ। ਆਪ ਉਹ ਆਪਣੇ ਬੈਠਣ ਵਾਲੇ ਕਮਰੇ ਵਿੱਚ ਜਾ ਕੇ, ਸੋਫ਼ੇ ਉਤੇ ਬਹਿ ਗਏ।

ਨੌਕਰ ਨੇ ਬਾਕਾਇਦਾ ਕਾਰਡ ਲਿਆਂਦਾ, ਉਨ੍ਹਾਂ ਨੇ ਆਗਿਆ ਦਿੱਤੀ ਤੇ ਪ੍ਰਾਹੁਣਾ ਅੰਦਰ ਆਇਆ। ਇਸ ਪ੍ਰਾਹੁਣੇ ਨੇ ਮੁਲਾਕਾਤ ਲਈ ਵਕਤ ਮੰਗਿਆ ਹੋਇਆ ਸੀ।

ਕਿਸੇ ਦੂਜੇ ਦਿਨ, ਇਹੀ ਆਇਆ ਪ੍ਰਾਹੁਣਾ ਆਪਣੀ ਕੋਠੀ ਦੇ ਸਾਹਮਣੇ ਬਾਗ਼ ਵਿੱਚ ਟਹਿਲ ਰਿਹਾ ਸੀ। ਇਸ ਨੇ ਵੀ ਕਿਸੇ ਨੂੰ ਆਪਣੀ ਕੋਠੀ ਵਲ ਆਉਂਦਿਆਂ ਵੇਖਿਆ। ਹੋਰ ਅਗੇਰੇ ਹੋ ਕੇ ਯਕੀਨ ਪੱਕਾ ਕਰ ਲਿਆ ਕਿ ਉਹ ਆ ਰਿਹਾ ਉਹਦੇ ਵਲ ਹੀ ਸੀ, ਭਾਵੇਂ ਵਾਕਫ਼ ਨਹੀਂ ਸੀ। ਜਦੋਂ ਆਉਣ ਵਾਲਾ ਫਾਟਕ ਅੰਦਰ ਮੁੜ ਹੀ ਪਿਆ ਤਾਂ ਇਸ ਆਦਮੀ ਨੇ ਅਗਾਂਹ ਹੋ ਕੇ ਉਸ ਦਾ ਸਵਾਗਤ ਕੀਤਾ। ਆਪਣਾ ਨਾਂ ਪਹਿਲੇ ਫ਼ਿਕਰੇ ਵਿੱਚ ਹੀ ਦੱਸ ਦਿੱਤਾ ਤੇ ਮਨੋਰਥ ਤੋਂ ਜਾਣੂ ਹੋ ਕੇ ਪ੍ਰਾਹੁਣੇ ਨੂੰ ਆਪਣੀ ਮੁਸਕਰਾਹਟ ਤੇ ਵਤੀਰੇ ਦੀ ਆਸਾਨੀ ਨਾਲ ਉਸੇ ਘੜੀ ਤੇ ਉਸੇ ਥਾਂ ਅਪਣਤ ਮਹਿਸੂਸ ਕਰਾ ਦਿੱਤੀ।

ਨਾ ਨੌਕਰ ਦੀ ਸਹਾਇਤਾ, ਨਾ ਉਡੀਕ ਵਿੱਚ ਘੜੀਆਂ ਗੁਆਈਆਂ, ਨਾ ਦੋਹਾਂ ਦਿਲਾਂ ਨੂੰ ਉਪਰਾਣ ਦੀ ਬੇ-ਆਰਾਮੀ ਵਿੱਚ ਪਾਇਆ।

ਉਪਰ ਦ੍ਰਿਸ਼ਟਾਏ ਇਹਨਾਂ ਦੋਹਾਂ ਸੱਜਣਾਂ ਦੇ ਪ੍ਰਾਹੁਣੇ ਦਾ ਸਵਾਗਤ ਕਰਨ ਦੇ ਵਤੀਰੇ ਵਿੱਚ ਜ਼ਿੰਦਗੀ ਦੀ ਇਕ ਬੜੀ ਕੀਮਤੀ ਸਿਖਿਆ ਹੈ: "ਕਿਉਂ ਪਓ ਉਲਝਣਾਂ ਵਿਚ?" ਤੇ ਇਸ ਸਿਖਿਆ ਨੂੰ ਜੇ ਅਸੀਂ ਰੋਜ਼ਾਨਾ ਜ਼ਿੰਦਗੀ ਦੀ ਕਸੌਟੀ ਬਣਾ ਕੇ, ਇਸ ਉਤੇ ਆਪਣੇ ਕਾਰ-ਵਿਹਾਰ, ਅਕੀਦੇ, ਰਿਸ਼ਤੇ ਪਰਖ ਲਿਆ ਕਰੀਏ, ਤਾਂ ਸਾਡਾ ਜੀਵਨ ਇਕ ਅਲਚੇ-ਪਲਚੇ ਧਾਗੇ ਦਾ ਢੇਰ ਹੋਣ ਦੀ ਥਾਂ ਸਾਫ਼ ਤੇ ਬੇ-ਗੰਢ ਡੋਰ ਦਾ ਚੰਗੀ ਤਰ੍ਹਾਂ ਵਲ੍ਹੇਟਿਆ ਪਿੰਨਾ ਬਣ ਸਕਦਾ ਹੈ, ਜਿਸ ਡੋਰ ਦਾ ਹਰ ਇਕ ਗਜ਼ ਸਾਡੀ ਆਤਮਾ ਦੀ ਉਤਾਂਹ ਚੜ੍ਹਦੀ ਪਤੰਗ ਨੂੰ ਉਚੇਰੇ ਤੇ ਵਧੇਰੇ ਨਿਰਮਲ ਆਕਾਸ਼ ਵਿੱਚ ਲੈ ਜਾਂਦਾ ਮਹਿਸੂਸ ਹੋਵੇਗਾ।

ਸਾਡੀ ਜ਼ਿੰਦਗੀ ਹੇਠ ਲਿਖੇ ਮੋਟੇ-ਮੋਟੇ ਵੀਹ ਜਜ਼ਬਿਆਂ, ਅਕੀਦਿਆਂ ਤੇ ਸੰਬੰਧਾਂ ਦੀ ਬਣਤਰ ਆਖੀ ਜਾ ਸਕਦੀ ਹੈ :-

1. ਰੱਬ; 2. ਮਨੁੱਖ; 3. ਪੂਜਾ-ਪਾਠ; 4. ਮਜ਼੍ਹਬ; 5. ਜੰਮਣੋਂ ਪਹਿਲਾਂ; 6. ਮੌਤੋਂ ਬਾਅਦ; 7. ਤਕਦੀਰ; 8. ਨਬੀ ਅਵਤਾਰ; 9. ਸੱਚਾਈ; 10. ਪ੍ਰੇਮ; 11. ਲਿੰਗ; 12. ਖ਼ੁਸ਼ੀ; 13. ਅਹਿੰਸਾ; 14. ਸੁਤੰਤਰਤਾ; 15. ਰਸਮ; 16. ਜਾਇਦਾਦ; 17. ਸੰਤਾਨ; 18. ਦੇਸ਼-ਪਿਆਰ; 19. ਨਜ਼ਾਮ ਜਾਂ ਸਰਕਾਰ; 20 ਆਦਰਸ਼ ਜੀਵਨ।

ਇਹਨਾਂ ਵੀਹਾਂ ਉਤੇ ਇਕਾਂਤ ਵਿੱਚ ਆਪਣੇ ਖਿਆਲਾਂ ਦੀ ਪੜਤਾਲ ਕੀਤਿਆਂ, ਹਰ ਕਿਸੇ ਦੀਆਂ ਉਲਝਣਾਂ ਸਾਫ ਹੋ ਸਕਦੀਆਂ ਹਨ, ਤੇ ਪੜਤਾਲ ਕਰਨ ਵਾਲੇ ਨੂੰ ਇਸ ਤਰ੍ਹਾਂ ਮਹਿਸੂਸ ਹੋਵੇਗਾ ਜਿਸ ਤਰ੍ਹਾਂ ਇਕ ਦਿਨ ਆਪਣੇ ਲਿਖਣ-ਮੇਜ਼ ਉਤੇ ਇਕੱਠੇ ਹੋ ਗਏ ਕਾਗਜ਼ਾਂ ਦੀ ਪੜਤਾਲ ਕਰਨ ਬਾਅਦ ਕਈ ਬੇਲੋੜੇ ਕਾਗਜ਼ ਰੱਦੀ ਦੀ ਟੋਕਰੀ ਵਿੱਚ ਸੁੱਟ ਦਿੱਤੇ ਹਨ, ਕਈਆਂ ਨੂੰ ਫ਼ਾਈਲਾਂ ਵਿੱਚ ਸਾਂਭ ਦਿੱਤਾ ਹੈ ਤੇ ਬਾਕੀਆਂ ਨੂੰ ਚੁਣ ਛਾਂਟ ਕੇ ਖਾਨੇਵਾਰ ਤਰਤੀਬ ਵਿੱਚ ਰਖ ਲਿਆ ਹੈ। ਉਸ ਦਿਨ ਕੰਮ ਏਡਾ ਭਾਰਾ ਨਹੀਂ ਜਾਪੇਗਾ, ਤੇ ਦਿਨ ਦਾ ਪ੍ਰੋਗਰਾਮ ਸਾਫ਼ ਹੋ ਗਿਆ ਭਾਸੇਗਾ।

ਇਸ ਪੜਤਾਲ ਨਾਲ ਸਾਡੇ ਵਿੱਚੋਂ ਕਈ ਹੈਰਾਨ ਹੋ ਜਾਣਗੇ, ਕਿ ਬਾਵਜੂਦ ਉੱਚੀ ਵਿਦਿਆ ਤੇ ਲੰਮੇ ਤਜਰਬੇ ਦੇ, ਸਾਡੇ ਖ਼ਿਆਲਾਂ ਵਿੱਚ ਕਈ ਅਖੁਲ੍ਹ ਉਲਝਣਾਂ ਹਨ, ਜਿਨ੍ਹਾਂ ਦਾ ਸਾਨੂੰ ਗਿਆਨ ਤਕ ਵੀ ਨਹੀਂ, ਪਰ ਜਿਹੜੀਆਂ ਸਾਡੇ ਰੋਜ਼ਾਨਾਂ ਅਮਲਾਂ ਤੇ ਫ਼ੈਸਲਿਆਂ ਉਤੇ ਡੂੰਘਾ ਅਸਰ ਪਾ ਰਹੀਆਂ ਹਨ, ਤੇ ਜਿਨ੍ਹਾਂ ਕਰਕੇ ਸਾਡੀ ਜ਼ਿੰਦਗੀ ਦਾ ਨਤੀਜਾ ਸਾਡੀਆਂ ਆਸਾਂ ਅਨੁਸਾਰ ਨਹੀਂ ਨਿਕਲ ਰਿਹਾ।

ਆਪਣੇ ਸਾਥੀਆਂ ਨੂੰ ਉਹਨਾਂ ਦੇ ਅਭਿਆਸ ਲਈ ਇਸ਼ਾਰੇ ਦੇਣ ਲਈ ਆਪਣੀ ਪੜਤਾਲ ਦੇ ਸੰਖੇਪ ਨੋਟ ਪੇਸ਼ ਕਰਦਾ ਹਾਂ ਤੇ ਸਿਫ਼ਾਰਸ਼ ਕਰਦਾ ਹਾਂ ਕਿ ਆਪਣੇ ਨੋਟ ਉਹ ਆਪਣੇ ਲਈ ਆਪਣੀ ਡਾਇਰੀ ਜਾਂ ਪ੍ਰਣ-ਪੁਸਤਕ ਵਿੱਚ ਲਿਖ ਛੱਡਣ ਤੇ ਹਰ ਸਾਲ ਉਹਨਾਂ ਉਤੇ ਨਜ਼ਰ ਮਾਰ ਕੇ ਅਦਲਾ-ਬਦਲੀ ਕਰਦੇ ਰਿਹਾ ਕਰਨ।

ਰੱਬ:

ਰੱਬ ਤੇ ਦੁਨੀਆਂ ਇਉਂ ਨਹੀਂ ਹੋ ਸਕਦੇ ਜਿਉਂ ਤਰਖਾਣ ਤੇ ਉਸ ਦਾ ਬਣਾਇਆ ਮੇਜ਼। ਤਰਖਾਣ ਮੇਜ਼ ਤੋਂ ਬਾਹਰ ਰਹਿ ਸਕਦਾ ਹੈ, ਮੇਜ਼ ਵਿਕ ਜਾਣ ਬਾਅਦ ਤਰਖਾਣ ਤੋਂ ਅਛੋਹ ਰਹਿ ਸਕਦਾ ਹੈ। ਰੱਬ ਤੇ ਦੁਨੀਆ ਇਉਂ ਹਨ ਜਿਉਂ ਮੇਰੀ ਆਤਮਾ ਤੇ ਮੇਰਾ ਸਰੀਰ। ਮੇਰਾ ਸੁਭਾਅ ਤੇ ਮੇਰਾ ਦਿਮਾਗ਼ ਮੇਰੀ ਆਤਮਾ ਦੇ ਨਮੂਨੇ ਉਤੇ ਉਸਰਦੀ ਇਕ ਸ਼ਖ਼ਸੀਅਤ ਹਨ। ਇਹ ਮੇਰੀ ਆਤਮਾ ਦੀ ਕਿਰਤ ਆਖੀ ਜਾ ਸਕਦੀ ਹੈ, ਆਤਮਾ ਤੋਂ ਅਛੋਹ ਨਹੀਂ ਰਹਿ ਸਕਦੀ। ਮੈਂ ਤੇ ਮੇਰੀ ਆਤਮਾ ਭਾਵੇਂ ਦੋ ਹਸਤੀਆਂ ਹੋਣ, ਪਰ ਹਮੇਸ਼ਾਂ ਏਕਤਾ ਵਿੱਚ ਹੀ ਪ੍ਰਗਟ ਹੁੰਦੀਆਂ ਹਨ। ਰੱਬ ਤੇ ਦੁਨੀਆਂ ਏਸੇ ਤਰ੍ਹਾਂ ਦੀ ਏਕਤਾ ਹੈ। ਮਾਦਾ ਅਚੇਤ ਤੇ ਸ਼ਕਤੀ ਸੁਚੇਤ ਰੱਬ ਹੈ।

ਔਹ ਮੇਰੇ ਸਾਹਮਣੇ ਇਕ ਬੋੜ੍ਹ ਲਹਿਲਹਾ ਰਿਹਾ ਹੈ। ਇਸ ਦੇ ਅੰਦਰ ਇਕ ਸ਼ਕਤੀ ਹੈ। ਇਹ ਸ਼ਕਤੀ, ਪੱਤਿਆਂ, ਕਰੂੰਬਲਾਂ, ਟਹਿਣੀਆਂ, ਦਾੜ੍ਹੀਆਂ ਵਿੱਚ ਰੂਪਮਾਨ ਹੋ ਰਹੀ ਹੈ। ਪਰ ਇਸ ਸ਼ਕਤੀ ਦਾ ਕਿਆਸ ਇਸ ਬੋੜ੍ਹ ਦੇ ਵਜੂਦ ਨਾਲੋਂ ਵੱਖਰਾ ਨਹੀਂ

ਕੀਤਾ ਜਾ ਸਕਦਾ।

ਤਰਖਾਣ ਆਪਦੇ ਮੇਜ਼ ਤੋਂ ਤੇ ਲਿਖਾਰੀ ਆਪਣੀ ਪੁਸਤਕ ਤੋਂ ਬਾਹਰ ਰਹਿ ਸਕਦੇ ਹਨ, ਪਰ ਰੱਬ ਮੇਰੇ ਤੋਂ ਬਾਹਰ ਨਹੀਂ ਰਹਿ ਸਕਦਾ।

ਮਨੁੱਖ ਜਾਂ ਮੈਂ:

ਮੇਰਾ ਸਰੀਰ ਤੇ ਮੇਰੀ ਆਤਮਾ ਰੱਬ ਦੇ ਹੀ ਨਿੱਕੇ ਜਿਹੇ ਦੋ ਭਾਗ ਹਨ। ਸਮੁੰਦਰ ਦੇ ਇਕ ਕਤਰੇ ਜਾਂ ਰੇਗਿਸਤਾਨ ਦੇ ਇਕ ਕਿਣਕੇ ਨਾਲੋਂ ਵੀ ਇਹਨਾਂ ਦੀ ਨਿਸਬਤ ਭਾਵੇਂ ਛੋਟੀ ਹੋਵੇ ਪਰ ਇਹ ਹੈਨ ਰੱਬ ਦਾ ਭਾਗ ਹੀ, ਹੋਰ ਕੁਝ ਨਹੀਂ। ਰੱਬੀ ਬਿਜਲੀ ਦੀ ਅਖੁੱਟ ਰੌ ਉਤੇ ਮੈਂ ਇਕ ਛੋਹ-ਬਿੰਦੂ ਹਾਂ। ਮੇਰੀ ਜੋਤੀ ਇਕ ਰੌਸ਼ਨ ਟਿਮਕਣਾ ਹੈ, ਪਰ ਹੋਰ ਕਾਸੇ ਦਾ ਨਹੀਂ, ਰੱਬੀ ਬਿਜਲੀ ਦਾ ਹੀ ਹੈ। ਇਹ ਮੇਰਾ ਛੋਹ-ਬਿੰਦੂ ਸਦੀਵੀ ਨਹੀਂ, ਜੀਕਰ ਸਮੁੰਦਰ ਉਤੇ ਲਹਿਰਾਂ ਸਦੀਵੀ ਨਹੀਂ। ਮੇਰਾ ਛੋਹ-ਬਿੰਦੂ ਸਾਂਭ ਕੇ ਚੋਖਾ ਚਿਰ ਵੀ ਰੱਖਿਆ ਜਾ ਸਕਦਾ ਹੈ, ਹਾਦਸੇ ਨਾਲ ਛੇਤੀ ਟੁੱਟ ਵੀ ਸਕਦਾ ਹੈ, ਅੰਦਰੋਂ ਫਿਊਜ਼ ਵੀ ਹੋ ਸਕਦਾ ਹੈ, ਵਰਤ-ਵਰਤ ਕੇ ਘਸ ਵੀ ਸਕਦਾ ਹੈ। ਇਕ ਸਮੇਂ ਬਾਅਦ ਇਹ ਜ਼ਰੂਰ ਮੁੱਕ ਜਾਏਗਾ। ਬਿਜਲੀ ਵਿੱਚ ਕੋਈ ਘਾਟ ਨਹੀਂ ਆਵੇਗੀ, ਸਿਰਫ਼ ਮੇਰਾ ਇਹ ਵਿਸ਼ੇਸ਼ ਛੋਹ-ਬਿੰਦੂ ਖ਼ਤਮ ਹੋ ਗਿਆ ਹੋਵੇਗਾ। ਅਨੇਕਾਂ ਹੋਰ ਛੋਹ-ਬਿੰਦੂ ਇਸ ਅਖੁੱਟ ਰੌ ਉਤੇ ਲੱਗਦੇ ਤੇ ਅਲੋਪ ਹੁੰਦੇ ਰਹਿਣਗੇ।

ਸਮੁੰਦਰ ਦੀ ਹਿੱਕ ਉਤੇ ਕੁਦਰਤੀ ਹਵਾਵਾਂ ਦੇ ਅਸਰ ਹੇਠਾਂ ਲਹਿਰ ਉੱਠੀ — ਇਹ ਮੇਰਾ ਜਨਮ ਸੀ। ਕਿਸੇ ਰੁਕਾਵਟ ਨਾਲ ਟਕਰਾ ਕੇ ਇਹ ਲਹਿਰ ਖਿੱਲਰ ਗਈ, ਜਾਂ ਹਵਾਵਾਂ ਦੇ ਅਮਨ ਵਿੱਚ ਮੁੱਕ ਗਈ, ਜਾਂ ਕਿਸੇ ਕੰਢੇ ਪਹੁੰਚ ਕੇ ਅਲੋਪ ਹੋ ਗਈ — ਇਹ ਮੇਰੀ ਮੌਤ ਹੈ।

ਜੰਮਣੋਂ ਪਹਿਲਾਂ:

ਲਹਿਰ ਉੱਠਣ ਤੋਂ ਪਹਿਲਾਂ ਸਿਰਫ਼ ਸਾਗਰ ਵਿੱਚ ਅਡੋਲਤਾ ਸੀ। ਲਹਿਰ ਦੀ ਕੋਈ ਹੋਂਦ ਨਹੀਂ ਸੀ। ਅਨੇਕਾਂ ਲਹਿਰਾਂ ਦੀ ਸੰਭਾਵਨਾ ਸਮੁੰਦਰ ਦੀ ਛਾਤੀ ਵਿੱਚ ਹੈ, ਪਰ ਇਹਦੇ ਛਲਕਣ ਉਤੇ ਲਹਿਰਾਂ ਉੱਠਦੀਆਂ ਤੇ ਇਹਦੇ ਅਡੋਲ ਹੋਣ ਉਤੇ ਇਸੇ ਵਿੱਚ ਸਮਾ ਜਾਂਦੀਆਂ ਹਨ। ਲਹਿਰ ਉੱਠਣ ਤੋਂ ਪਹਿਲਾਂ ਲਹਿਰ ਦੀ ਸੰਭਾਵਨਾ ਹੈ, ਇਹਦੀ ਵਿਸ਼ੇਸ਼ ਹਸਤੀ ਕੋਈ ਨਹੀਂ।

ਪਾਣੀ ਧਰਤੀ ਦੇ ਹੇਠਾਂ ਹਰ ਥਾਂ ਵਗ ਰਿਹਾ ਹੈ। ਅਸੀਂ ਇਕ ਥਾਂ ਪੁੱਟਦੇ ਹਾਂ, ਪਾਣੀ ਨੂੰ ਛੁਹ ਲੈਂਦੇ ਹਾਂ, ਇਹ ਖੂਹ ਬਣ ਜਾਂਦਾ ਹੈ। ਇਸ ਦਾ ਅਸੀਂ ਨਾਂ ਰੱਖ ਦੇਂਦੇ ਹਾਂ: ਮਾਈ ਵੀਰੋ ਦਾ ਖੂਹ। ਸਮਾਂ ਪਾ ਕੇ ਇਹ ਟੁੱਟ ਜਾਂਦਾ ਹੈ। ਅਸੀਂ ਇਸ ਨੂੰ ਭਰ ਦੇਂਦੇ ਹਾਂ। ਇਸ ਉਤੇ ਮਕਾਨ ਬਣਾ ਲੈਂਦੇ ਹਾਂ। ਖੂਹ ਹੈ ਸੀ, ਹੁਣ ਖੂਹ ਹੈ ਨਹੀਂ। ਪਰ ਨਾ ਇਹ ਖੂਹ ਹਕੀਕਤ ਵਿੱਚ ਜੰਮਿਆ ਸੀ, ਨਾ ਮੋਇਆ ਸੀ। ਪਾਣੀ ਅੱਗੇ ਵੀ ਸੀ, ਹੁਣ ਵੀ ਹੈ, ਸਿਰਫ਼ ਇਕ ਵਿਸ਼ੇਸ਼ ਥਾਂ ਉਤੇ ਉਸ ਦਾ ਵਿਖਾਲਾ ਅਲੋਪ ਹੋ ਗਿਆ ਹੈ।

ਮੌਤੋਂ ਬਾਅਦ:

ਮੌਤ ਸਿਰਫ਼ ਖੂਹ ਦਾ ਪੂਰਿਆ ਜਾਣਾ ਹੈ, ਛੁਹ-ਬਿੰਦੂ ਦਾ ਟੁੱਟ ਜਾਣਾ ਹੈ। ਨਾ ਜੰਮਣ ਤੋਂ ਪਹਿਲਾਂ ਸ਼ਖ਼ਸੀਅਤ ਹੈ ਸੀ, ਨਾ ਮਰਨ ਤੋਂ ਪਿੱਛੋਂ ਸ਼ਖ਼ਸੀਅਤ ਰਹੇਗੀ। ਇਸ 'ਮੈਂ' ਦੇ ਅਚੇਤ ਤੇ ਸੁਚੇਤ ਦੋਵੇਂ ਭਾਗ ਪਹਿਲਾਂ ਵੀ ਸਨ, ਫੇਰ ਵੀ ਰਹਿਣਗੇ, ਕੁਝ ਵੀ ਜ਼ਾਇਆ ਨਹੀਂ ਹੋ ਸਕਦਾ। ਪਰ ਇਹ 'ਮੈਂ' ਮੇਰੀ ਇਸ ਵਿਸ਼ੇਸ਼ ਸ਼ਖ਼ਸੀਅਤ ਦਾ 'ਨਾਂ' ਹੈ। ਇਹ ਸ਼ਖ਼ਸੀਅਤ ਨਾ ਪਹਿਲੋਂ ਸੀ, ਨਾ ਫੇਰ ਰਹੇਗੀ। ਮੌਤੋਂ ਬਾਅਦ ਮੇਰੀ ਸ਼ਖ਼ਸੀਅਤ ਦਾ ਸਾਰਾ ਇਕੱਠ ਖਿੱਲਰ ਜਾਣਾ ਜ਼ਰੂਰੀ ਹੈ। ਮੇਰੇ ਸੁਖ-ਦੁਖ, ਮੇਰੇ ਚੰਗ-ਭੈੜ, ਮੇਰੀਆਂ ਉਮੈਦਾਂ, ਮੇਰੇ ਡਰ ਸਭ ਮੇਰੀ ਸ਼ਖ਼ਸੀਅਤ ਨਾਲ ਸੰਬੰਧਤ ਹਨ, ਇਹਨਾਂ ਦਾ ਅਸਲੇ ਨਾਲ ਉਹ ਰਿਸ਼ਤਾ ਹੈ ਜਿਹੜਾ ਖੂਹ ਦਾ ਪਤਾਲੀ ਪਾਣੀਆਂ ਨਾਲ। ਖੂਹ ਮੁੱਕਾ, ਸਾਰਾ ਝਗੜਾ ਚੁੱਕਾ। ਮੌਤ ਮੇਰੀ ਸ਼ਤਰੰਜ ਦੀ ਬਸਾਤ ਵਲ੍ਹੇਟੇ ਜਾਣਾ ਹੈ। ਮੁਹਰੇ ਵੀ ਰਹਿਣਗੇ, ਬਸਾਤ ਵੀ ਹੋਵੇਗੀ, ਪਰ ਮੇਰੀ ਬਾਜ਼ੀ ਮੁੱਕ ਗਈ ਹੋਵੇਗੀ, ਬਾਜ਼ੀ ਦੇ ਉਤਾਰ ਤੇ ਚੜ੍ਹਾਅ, ਉਮੈਦਾਂ ਤੇ ਸਹਿਮ ਮੁੱਕ ਗਏ ਹੋਣਗੇ।

ਮੌਤੋਂ ਬਾਅਦ ਦਾ ਮੈਨੂੰ ਕੋਈ ਸਹਿਮ ਨਹੀਂ। ਬਾਜ਼ੀ ਖੇਡਣ ਦਾ ਮੈਨੂੰ ਸ਼ੌਕ ਹੈ, ਪਰ ਬਾਜ਼ੀ ਦੇ ਮੁੱਕਣ ਵਿੱਚ ਮੈਨੂੰ ਕੋਈ ਘੱਟ ਤਸੱਲੀ ਨਹੀਂ। ਹਾਰ ਜਾਂ ਜਿੱਤ, ਸਭ ਕੁਝ ਅਖ਼ੀਰਲੀ ਚਾਲ ਤਕ ਮੈਨੂੰ ਔਖਿਆਂ ਸੌਖਿਆਂ ਕਰ ਸਕਦੇ ਹਨ। ਬਸਾਤ ਵਲ੍ਹੇਟੀ ਗਈ, ਮੇਰੀਆਂ ਹਾਰਾਂ ਵੀ ਵਲ੍ਹੇਟੀਆਂ ਗਈਆਂ, ਮੈਨੂੰ ਫੇਰ ਕੋਈ ਹੋਰ ਚਾਲ ਸੋਚਣ ਦੀ ਮਜਬੂਰੀ ਨਹੀਂ ਹੋਵੇਗੀ।

ਮੌਤ ਨੂੰ ਮੈਂ ਆਪਣੀ ਜੀਵਨ-ਨਦੀ ਦਾ ਸਾਗਰ ਵਿੱਚ ਰਲ ਜਾਣਾ ਸਮਝਦਾ ਹਾਂ। ਫੇਰ ਮੈਂ ਨਹੀਂ, ਸਦਾ ਉਹੀ ਸਾਗਰ ਹੋਵੇਗਾ।

ਮੈਨੂੰ ਨਾ ਕਿਸੇ ਨਰਕ ਦਾ ਡਰ ਹੈ, ਨਾ ਕਿਸੇ ਸਵਰਗ ਦੀ ਆਸ ਹੈ, ਨਾ ਕਿਸੇ ਧਰਮਰਾਜ ਦੇ ਨਿਰਣੇ ਦਾ ਸਹਿਮ ਹੈ ਕਿਉਂਕਿ ਮੈਂ ਸਮਝਦਾ ਹਾਂ, ਰੋਜ਼ਾਨਾ ਮੇਰਾ ਨਿਰਣਾ ਹੁੰਦਾ ਜਾ ਰਿਹਾ ਹੈ, ਮੇਰੀ ਹਰ ਚਾਲ ਮੇਰਾ ਜੀਵਨ-ਜਲ ਘਟਾ ਜਾਂ ਵਧਾ ਰਹੀ ਹੈ ਤੇ ਓੜਕ ਜਿੰਨਾ ਜੀਵਨ-ਜਲ ਮੈਂ ਆਪਣੇ ਦੋ ਕੰਢਿਆਂ ਵਿੱਚ ਇਕੱਠਾ ਕੀਤਾ ਹੋਵੇਗਾ, ਓਨੇ ਨੂੰ ਨਾਲ ਲੈ ਕੇ ਮੈਂ ਮਹਾਂ-ਸਾਗਰ ਵਿੱਚ ਮਿਲ ਜਾਣਾ ਹੈ।

'ਮੈਂ' ਥੋੜਾ ਚਿਰ - 'ਉਹ' ਸਦੀਵੀ ਹੈ।

ਤਕਦੀਰ:

ਜਿਹੜੀਆਂ ਅਵਸਥਾਵਾਂ ਨੇ ਮੈਨੂੰ ਪੈਦਾਇਸ਼ ਦਿੱਤੀ ਹੈ, ਉਹ ਮੇਰੀ ਤਕਦੀਰ ਦਾ ਉਹ ਭਾਗ ਹਨ, ਜਿਨ੍ਹਾਂ ਉਤੇ ਮੇਰਾ ਵੱਸ ਨਹੀਂ ਤੇ ਨਾ ਮੈਨੂੰ ਇਹਨਾਂ ਦਾ ਕੋਈ ਗਿਲਾ ਹੈ। ਹਵਾਵਾਂ ਵਿੱਚ ਜ਼ੋਰ ਸੀ, ਲਹਿਰ ਜ਼ੋਰਦਾਰ ਉੱਠੀ। ਹਵਾਵਾਂ ਵਿੱਚ ਕਿਉਂ ਜ਼ੋਰ ਹੈ ਸੀ ਤੇ ਕਿਉਂ ਨਹੀਂ ਸੀ, ਇਹ ਮੇਰਾ ਸਰੋਕਾਰ ਨਹੀਂ।

ਪਰ ਤਕਦੀਰ ਦਾ ਬਹੁਤਾ ਭਾਗ ਮੇਰੀ ਜੀਵਨ-ਜਾਚ ਹੈ। ਮੈਂ ਉਲਝਣਾਂ ਵਿੱਚ ਨਹੀਂ ਪੈਂਦਾ, ਮੈਂ ਆਪਣੇ ਅਕੀਦੇ ਸਾਫ਼ ਤੇ ਸੁਖਾਲੇ ਰੱਖਣ ਦਾ ਜਤਨ ਕਰਦਾ ਹਾਂ, ਮੈਂ ਅਣਹੋਣੀਆਂ ਆਸਾਂ ਨਹੀਂ ਬਣਾਂਦਾ। ਮੈਂ ਜ਼ਿੰਦਗੀ ਦੇ ਕਾਨੂੰਨਾਂ ਨੂੰ ਸਮਝਣ ਦਾ ਜਤਨ ਕਰਦਾ ਹਾਂ, ਮੈਂ ਕੋਈ ਰਿਆਇਤ ਨਹੀਂ ਮੰਗਦਾ, ਮੈਂ ਕਿਸੇ ਕਸੂਰ ਤੋਂ ਸਜ਼ਾ ਭੁਗਤੇ ਬਿਨਾਂ ਖ਼ਲਾਸੀ ਨਹੀਂ ਚਾਹੁੰਦਾ, ਮੈਨੂੰ ਅਣਕਮਾਏ ਧਨ ਜਾਂ ਲੱਭੀਆਂ ਜਾਇਦਾਦਾਂ ਤਸੱਲੀ ਨਹੀਂ ਦੇ ਸਕਦੀਆਂ।

ਮੈਨੂੰ ਕਿਸੇ ਨਿਸਚਿਤ ਤਕਦੀਰ ਵਿੱਚ ਭਰੋਸਾ ਨਹੀਂ, ਕਿਉਂਕਿ ਇਹ ਭਰੋਸਾ ਮੇਰੀ ਜੀਵਨ-ਖੇਡ ਵਿੱਚੋਂ ਸਾਰਾ ਉਤਸ਼ਾਹ ਕੱਢ ਲੈਂਦਾ ਹੈ। ਜੇ ਤਕਦੀਰ ਉਤੇ ਮੇਰਾ ਜ਼ਰਾ ਵੀ ਵੱਸ ਨਹੀਂ, ਤੇ ਜੇ ਇਹ ਨੀਅਤ ਹੋ ਚੁੱਕੀ, ਅਬਦਲ, ਕੋਈ ਬਾਹਰਲੀ ਇੱਛਾ ਹੈ, ਤਾਂ ਮੇਰੀ ਸਾਰੀ ਖੇਡ ਮੁੱਕ ਜਾਂਦੀ ਹੈ। ਕਠਪੁਤਲੀ ਬਣ ਕੇ ਚੰਗੇ ਮੰਦੇ ਨਾਚ ਦੇ ਅਰਥ ਮੇਰੇ ਲਈ ਕੋਈ ਰਹਿ ਨਹੀਂ ਜਾਂਦੇ।

ਤਕਦੀਰਾਂ ਭੁਗਤਣਾਂ ਨਹੀਂ, ਤਕਦੀਰਾਂ ਬਣਾਨਾ ਹੀ ਜ਼ਿੰਦਗੀ ਦੀ ਸਾਰੀ ਖੇਡ ਹੈ।

ਮਜ਼ਬ:

ਚੰਗੀਆਂ ਰੁਚੀਆਂ ਨੂੰ ਮੈਂ ਮਜ਼ਬੀ ਰੁਚੀਆਂ ਸਮਝਦਾ ਹਾਂ। ਜਦੋਂ ਵੀ ਕਿਸੇ ਦੀ ਅਕਲ ਲਤੀਫ਼ ਹੁੰਦੀ ਜਾਂਦੀ ਤੇ ਉਸ ਦਾ ਕੇਂਦਰ ਆਪੇ ਚੋਂ ਬਾਹਰ ਬ੍ਰਹਮੰਡ ਦੇ ਕੇਂਦਰ ਦੇ ਨੇੜੇ ਹੁੰਦਾ ਜਾਂਦਾ ਹੈ, ਮੈਂ ਸਮਝਦਾ ਹਾਂ ਉਹ ਮਜ਼ਬੀ ਹੁੰਦਾ ਜਾਂਦਾ ਹੈ। ਬ੍ਰਹਮੰਡ ਨਾਲ ਵਧਦੀ ਏਕਤਾ ਦਾ ਅਹਿਸਾਸ ਮਜ਼ਬ ਹੈ। ਵਖੇਵਿਆਂ ਦਾ ਅਹਿਸਾਸ ਮਜ਼ਬ ਦਾ ਉਲਟ ਹੈ। ਜਿਹੜਾ ਮਜ਼ਬ ਮਨੁੱਖ ਦੀ ਮਨੁੱਖ ਨਾਲ ਅਜੋੜਤਾ ਪੈਦਾ ਕਰਦਾ ਹੈ, ਭਾਵੇਂ ਉਹ ਆਪਣੇ ਫ਼ਿਰਕੇ ਵਿੱਚ ਹਮ-ਮਜ਼ਬਾਂ ਨੂੰ ਜੋੜਦਾ ਹੀ ਹੋਵੇ, ਉਹ ਗੁੰਮਰਾਹ ਕਰਨ ਵਾਲਾ ਮਜ਼ਬ ਹੈ।

ਫ਼ਿਰਕੇ ਸਿਰਫ਼ ਮਨੁੱਖ ਦਾ ਸਮੁੱਚਾ ਅਭਿਮਾਨ ਹਨ, ਉਹ ਮਜ਼ਬ ਤੋਂ ਬਿਲਕੁਲ ਕੋਰੇ ਹੁੰਦੇ ਹਨ।

ਗੁੱਝੀਆਂ ਤਾਕਤਾਂ ਲਈ ਸਮਾਧੀ, ਮੰਤਰਾਂ ਦਾ ਪਾਠ, ਜਾਂ ਇਕਾਗਰਤਾ ਦੇ ਅਭਿਆਸ ਵਿੱਚੋਂ ਵਿਸਮਾਦ ਆਦਿ ਸਿਰਫ਼ ਮਜ਼ਬੀ ਜਾਦੂਗਰੀ ਹਨ, ਮਜ਼ਬ ਨਹੀਂ।

ਮਜ਼ਬ ਮਨੁੱਖ ਦੀਆਂ ਸਾਫ਼ ਹੋਈਆਂ ਨਿਰ-ਉਲਝਣ ਰੁਚੀਆਂ ਦਾ ਧਾਰਮਿਕ ਨਾਂ ਹੈ। ਇਹਨਾਂ ਰੁਚੀਆਂ ਦਾ ਕੋਈ ਚਿੰਨ੍ਹ ਨਹੀਂ, ਇਹਨਾਂ ਦਾ ਕੋਈ ਸਿਧਾਂਤ ਨਹੀਂ, ਨਾ ਇਹਨਾਂ ਦਾ ਕੋਈ ਖਾਸ ਬੁੱਤ ਤੇ ਖਾਸ ਗ੍ਰੰਥ ਹੈ। ਨਾ ਚੜ੍ਹਾਵਿਆਂ, ਨਾ ਪ੍ਰਸ਼ਾਦਾਂ, ਨਾ ਸੁੱਖਣਾਂ ਨਾਲ ਇਹਨਾਂ ਦਾ ਕੋਈ ਸੰਬੰਧ ਹੈ।

ਪੂਜਾ-ਪਾਠ:

ਪੂਜਾ-ਪਾਠ ਜੇ ਸ੍ਵੈ-ਸੰਕੇਤ ਨਹੀਂ ਤਾਂ ਨਿਸਫਲ ਹਨ, ਕੋਈ ਰੱਬ ਸਾਥੋਂ ਬਾਹਰ ਨਹੀਂ, ਜਿਹੜਾ ਖੁਸ਼ ਹੋ ਕੇ ਫਲ ਦੇਂਦਾ ਹੈ। ਕਿਸ ਦੀ ਉਪਮਾ ਕੀਤੀ ਜਾਏ, ਕਿਸ ਕੋਲੋਂ ਕੁਝ ਮੰਗਿਆ ਜਾਏ, ਜਦ ਉਹ ਘਟ-ਘਟ ਦੀ ਸਮਝਣ ਵਾਲਾ ਹਰ ਕਿਸੇ ਦੇ ਭਲੇ-ਬੁਰੇ ਨੂੰ ਸਾਡੇ ਨਾਲੋਂ ਚੰਗੀ ਤਰ੍ਹਾਂ ਸਮਝਦਾ ਹੈ? ਅਸੀਂ ਗ਼ਲਤ ਮੰਗ ਸਕਦੇ ਹਾਂ, ਪਰ ਉਹ ਗ਼ਲਤ ਨਹੀਂ ਦੇਵੇਗਾ। ਫੇਰ ਉਸੇ ਦੀ ਅਪਹੁੰਚ ਅਕਲ ਉਤੇ ਕਿਉਂ ਨਾ ਸਭ ਕੁਝ ਛੱਡਿਆ ਜਾਏ?

ਪੂਜਾ-ਪਾਠ ਤੋਂ ਭਾਵ ਭਗਵਾਨ ਨੂੰ ਖੁਸ਼ ਕਰਨਾ ਨਹੀਂ ਹੋਣਾ ਚਾਹੀਦਾ, ਸਗੋਂ ਇਹ ਕਿ ਰੋਜ਼ਾਨਾ ਕੰਮਾਂ ਦੀ ਘੁੰਮਣ-ਘੇਰੀ ਤੋਂ ਕੁਝ ਚਿਰ ਲਈ ਇਕ ਪਾਸੇ ਹੋ ਕੇ, ਜ਼ਿੰਦਗੀ ਦਾ ਗਿਆਨ ਪ੍ਰਾਪਤ ਕਰਨਾ ਹੋਵੇ, ਬੰਦੇ ਤੇ ਰੱਬ ਦਾ ਰਿਸ਼ਤਾ ਵਿਚਾਰ ਕੇ ਸਪੱਸ਼ਟ ਕਰ ਲਿਆ ਜਾਏ, ਬੇਲੋੜੀਆਂ ਉਲਝਣਾਂ ਖੋਲ੍ਹੀਆਂ ਜਾਣ ਤੇ ਜ਼ਿੰਦਗੀ ਨੂੰ ਸੁਖਾਵੀਂ ਤੇ ਸੁਧਰੀ ਬਣਾਇਆ ਜਾਏ।

ਸਾਡੇ ਸ਼ਬਦ ਸੁਣ ਕੇ ਕੋਈ ਭਗਵਾਨ ਰੀਝ ਨਹੀਂ ਸਕਦਾ ਪਰ ਸਾਡੇ ਸ਼ਬਦ ਜੇ ਕਿਸੇ ਦੀ ਗਹਿਰੀ ਸੋਚ ਦਾ ਨਤੀਜਾ ਹਨ, ਤਾਂ ਉਹ ਸਾਡੇ ਅਕੀਦਿਆਂ ਨੂੰ ਸਾਫ਼ ਤੇ ਦ੍ਰਿੜ੍ਹ ਕਰ ਸਕਦੇ ਹਨ ਤੇ ਸਾਡੀ ਖੁਸ਼ੀ ਤੇ ਯੋਗਤਾ ਵਧਾ ਸਕਦੇ ਹਨ।

ਰੱਬ ਪੂਜਾ ਨਹੀਂ ਮੰਗਦਾ। ਉਹ ਬੇਲੋੜ, ਪੂਰਨ ਤੇ ਅਪਾਰ ਹੈ। ਉਸ ਦਾ ਗਿਆਨ ਜਜ਼ਬਾਤੀ ਮਸਤੀ ਨਹੀਂ; ਤਜਰਬੇ, ਪੜਤਾਲ ਤੇ ਨਿਰਣੇ ਦਾ ਨਚੋੜ ਹੋ ਸਕਦਾ ਹੈ।

ਨਬੀ ਅਵਤਾਰ:

ਮੇਰੀ ਰੌਸ਼ਨੀ ਅਨੁਸਾਰ ਕੋਈ ਨਬੀ ਅਵਤਾਰ ਰੱਬ ਦਾ ਖ਼ਾਸ ਪੁੱਤਰ, ਭਰਾ ਜਾਂ ਦੋਸਤ ਨਹੀਂ ਹੁੰਦਾ, ਨਾ ਰੱਬ ਦਾ ਚੋਣਵਾਂ ਹੁੰਦਾ ਹੈ। ਇਹਨਾਂ ਵਿੱਚ ਤੇ ਹੋਰਨਾਂ ਵਿੱਚ ਓਨਾ ਹੀ ਫ਼ਰਕ ਹੁੰਦਾ ਹੈ ਜਿੰਨਾ ਨਦੀ-ਨਾਲਿਆਂ ਤੇ ਦਰਿਆਵਾਂ ਵਿਚ। ਦਰਿਆਵਾਂ ਤੇ ਨਾਲਿਆਂ ਵਿੱਚ ਇਕੋ ਆਕਾਸ਼ੀ ਪਾਣੀ ਹੁੰਦਾ ਹੈ – ਇਕ ਵਿੱਚ ਬਹੁਤਾ, ਦੂਜੇ ਵਿੱਚ ਥੋੜ੍ਹਾ। ਦੋਹਾਂ ਨੂੰ ਸਾਗਰ ਦੀ ਭਟਕ ਹੁੰਦੀ ਹੈ। ਕੋਈ ਜ਼ਰਖ਼ੇਜ਼ ਇਲਾਕੇ ਵਿੱਚੋਂ ਲੰਘਦਾ ਹੈ, ਕੋਈ ਰੇਗਿਸਤਾਨ ਵਿਚੋਂ। ਦੋਹਾਂ ਕੋਲੋਂ ਸਾਗਰ ਅਲੋਪ ਹੁੰਦਾ ਹੈ। ਦੋਹਾਂ ਦਾ ਰਾਹ ਸਿੱਧਾ ਨਹੀਂ ਹੁੰਦਾ, ਦੋਹਾਂ ਨੂੰ ਟੋਇਆਂ-ਟਿੱਬਿਆਂ ਵਿੱਚੋਂ ਤੇ ਉਹਨਾਂ ਦੇ ਦੁਆਲਿਓਂ ਭੌਣਾ ਪੈਂਦਾ ਹੈ। ਸਭ ਦੀ ਮੰਜ਼ਲ ਨੀਲਾ ਸਾਗਰ ਹੈ। ਵੱਡੇ ਦਰਿਆ ਨਦੀ-ਨਾਲਿਆਂ ਨੂੰ ਆਪਣੇ ਵਿੱਚ ਰਲਾਂਦੇ ਹਨ, ਪਰ ਇਹਨਾਂ ਦੀ ਵਡਿੱਤਣ ਛੋਟਿਆਂ ਦੀ ਰਲ-ਮਿਲਣੀ ਨਾਲ ਹੀ ਬਣਦੀ ਹੈ। ਵੱਡੇ ਤੋਂ ਵੱਡੇ ਦਰਿਆ ਨੇ ਵੀ ਸਾਗਰ ਨੂੰ ਵੇਖਿਆ ਨਹੀਂ ਹੁੰਦਾ। ਜਿਹੜਾ ਅਜੇ ਦਰਿਆ ਹੈ, ਉਹ ਸਾਗਰ ਦਾ ਸਿਰਫ ਅਨੁਮਾਨ ਹੀ ਲਾ ਸਕਦਾ ਹੈ। ਇਹ ਅਨੁਮਾਨ ਬਹੁਤਾ ਸਮੇਂ ਤੇ ਸਥਾਨ ਦੀ ਰੌਸ਼ਨੀ ਦੇ ਅਧੀਨ ਹੁੰਦਾ ਹੈ। ਜਿਹੜਾ ਦਰਿਆ ਸਾਗਰ ਵਿੱਚ ਅੱਪੜ ਗਿਆ, ਉਹ ਫੇਰ ਹੋਰ ਨਦੀ ਨਾਲਿਆਂ ਨਾਲ ਰਲ ਨਹੀਂ ਸਕਦਾ।

ਸੱਚਾਈ:

ਸੱਚਾਈ ਬ੍ਰਹਮੰਡ ਦੀ ਸਮੁੱਚੀ ਅਸਲੀਅਤ ਹੈ। ਇਹ ਸਾਰੀ ਮਨੁੱਖ ਦੇ ਗਿਆਨ ਵਿੱਚ ਨਹੀਂ ਆ ਸਕਦੀ। ਹਰੇਕ ਮਨੁੱਖ ਜੇ ਚਾਹੇ ਤਾਂ ਆਪਣੇ ਸੀਮਿਤ ਆਲੇ-ਦੁਆਲੇ ਦੀ ਸੱਚਾਈ ਲੱਭ ਸਕਦਾ ਤੇ ਮਨੁੱਖ ਦੀ ਵਿਰਾਸਤ ਵਿੱਚ ਸ਼ਾਮਲ ਕਰ ਸਕਦਾ ਹੈ। ਕਿਸੇ ਯੋਗ ਤੋਂ ਯੋਗ ਆਦਮੀ ਦੀ ਢੂੰਡ ਵੀ ਸੱਚਾਈ ਦਾ ਅੰਤਮ ਸ਼ਬਦ ਨਹੀਂ ਆਖੀ ਜਾ ਸਕਦੀ। ਜੋ ਲੱਭ ਚੁੱਕਾ ਹੈ, ਉਹ ਸੱਚਾਈ ਦਾ ਥੋੜ੍ਹਾ ਜਿੰਨਾ ਭਾਗ ਹੈ, ਇਸ ਦਾ ਬਹੁਤ ਵੱਡਾ ਭਾਗ ਅਜੇ ਲੱਭਣ ਵਾਲਾ ਹੈ। ਬੜੇ ਵੱਡੇ ਆਦਮੀ ਦੁਨੀਆਂ ਵਿੱਚ ਪੈਦਾ ਹੋ ਚੁੱਕੇ ਹਨ, ਇਹਨਾਂ ਵੱਡੇ ਆਦਮੀਆਂ ਦੀਆਂ ਢੂੰਡਾਂ ਵਡੇਰੇ ਆਦਮੀਆਂ ਦੀ ਸੰਭਾਵਨਾ ਪੈਦਾ ਕਰਦੀਆਂ ਹਨ। ਹਰੇਕ ਯੁਗ ਵਡੇਰੀਆਂ ਹਸਤੀਆਂ ਪੈਦਾ ਕਰ ਰਿਹਾ ਹੈ।

ਜਿੰਨੀ ਸੱਚਾਈ ਦਾ ਗਿਆਨ ਅੱਜ ਮਨੁੱਖ ਕੋਲ ਹੈ, ਏਨਾ ਪਹਿਲੋਂ ਨਹੀ ਸੀ, ਤੇ ਹੋਰ ਹਜ਼ਾਰ ਸਾਲ ਬਾਅਦ ਦੀ ਦੁਨੀਆਂ ਦੇ ਰੂ-ਬ-ਰੂ ਅੱਜ ਦੀ ਦੁਨੀਆਂ ਜਾਹਿਲ ਜਿਹੀ ਜਾਪੇਗੀ।

ਪ੍ਰੇਮ:

ਪ੍ਰੇਮ, ਜਜ਼ਬਿਆਂ ਦੀਆਂ ਕੋਮਲ ਤੰਦਾਂ ਨਾਲ ਟਟੋਲ ਟਟੋਲ ਕੇ ਦੂਜੇ ਦੀ ਆਤਮਾ ਨੂੰ ਆਪਣੇ ਨਾਲ ਰਲਾਣ ਦਾ ਅਮਲ ਹੈ। ਇਸ ਦਾ ਅਸਰ ਏਓਂ ਹੁੰਦਾ ਹੈ, ਜਿਵੇਂ ਦੋ ਵੱਖ ਭਟਕਦੀਆਂ ਨਦੀਆਂ ਦਾ ਇੱਕ ਹੋ ਕੇ ਵਗਣਾ। ਦੋ ਨਦੀਆਂ ਦੇ ਇਕੱਠੇ ਹੋਣ ਵਿੱਚ ਬਲ ਤੇ ਗਹਿਰ ਗੰਭੀਰਤਾ ਹੁੰਦੀ ਹੈ। ਸਭ ਨਦੀਆਂ, ਨਾਲਿਆ, ਦਰਿਆਵਾਂ ਦੇ ਮੇਲ ਨੂੰ ਸਾਗਰ ਆਖਦੇ ਹਨ। ਹਰ ਨਦੀ ਨਾਲੇ ਦਾ ਅੰਤ ਸਾਗਰ ਹੈ। ਪ੍ਰੇਮ ਦਾ ਅੰਤ ਬ੍ਰਹਮੰਡ ਦੀ ਏਕਤਾ ਦਾ ਅਹਿਸਾਸ ਹੈ, ਏਸੇ ਲਈ ਪ੍ਰੇਮ ਨੂੰ ਪ੍ਰਭੂ ਆਖਿਆ ਗਿਆ ਹੈ।

ਵਧੀਆ ਆਤਮਾਵਾਂ ਵਿੱਚ ਉਮਰ ਨਾਲ ਪ੍ਰੇਮ ਵਧਦਾ ਹੈ। ਇਹ ਸ਼ੁਰੂ ਭਾਵੇਂ ਲਿੰਗ-ਖਿੱਚ, ਮਮਤਾ ਜਾਂ ਸੂਖਮ ਜਿਹੀ ਗਰਜ਼ ਤੋਂ ਹੋਵੇ, ਇਸ ਦੀ ਪੂਰਨਤਾ ਬ੍ਰਹਮੰਡ ਦੇ ਹਰ ਭਾਗ ਨਾਲ ਹਮਦਰਦੀ ਵਿੱਚ ਹੁੰਦੀ ਹੈ। ਪੂਰਨਤਾ ਤੋਂ ਉਰ੍ਹਾਂ ਵੀ ਪ੍ਰੇਮ ਇਕ ਸੁਆਦਲੀ ਅਵਸੱਥਾ ਹੈ। ਪ੍ਰੇਮ ਦੀ ਹੋਂਦ ਜ਼ਿੰਦਗੀ ਦੀ ਚੜ੍ਹਾਈ ਦਾ ਸਬੂਤ ਹੈ। ਇਹ ਹਰ ਉਮਰ ਵਿੱਚ ਕੀਤਾ ਜਾ ਸਕਦਾ ਹੈ। ਘਟਦਾ ਪ੍ਰੇਮ ਵਧਦੇ ਬੁਢਾਪੇ ਦੀ ਨਿਸ਼ਾਨੀ ਹੈ।

ਜ਼ਿੰਦਗੀ ਦੀ ਸਭ ਤੋਂ ਸੁਹਾਵਣੀ ਅਵਸਥਾ ਪ੍ਰੇਮ ਵਿੱਚ ਹੋਣਾ ਹੈ। ਜ਼ਿੰਦਗੀ ਦੀ ਸਭ ਤੋਂ ਮਿੱਠੀ ਯਾਦ ਆਪਣੀ ਪ੍ਰੇਮ-ਕਹਾਣੀ ਹੈ। ਹੋਰ ਸਭ ਯਾਦਾਂ ਇਸ ਇਕ ਯਾਦ ਸਾਹਮਣੇ ਤੁੱਛ ਜਾਪਦੀਆਂ ਹਨ।

ਲਿੰਗ:

ਇਕ ਬੜੇ ਸਿਆਣੇ ਫ਼ਲਸਫ਼ਾਦਾਨ ਕੋਲ ਕੋਈ ਆਪਣੀਆਂ ਮੁਸ਼ਕਲਾਂ ਦਾ ਹੱਲ ਲੱਭਣ ਲਈ ਗਿਆ। ਉਸ ਨੇ ਸਾਰੀ ਕਹਾਣੀ ਸੁਣੀ ਤੇ ਇਹ ਉੱਤਰ ਦਿੱਤਾ :-

''ਮੇਰੀ ਸਿਫਾਰਸ਼ ਹੈ ਕਿ ਸਭ ਤੋਂ ਪਹਿਲਾਂ ਤੁਸੀਂ ਆਪਣੀਆਂ ਲਿੰਗ-ਰੁਚੀਆਂ ਸਾਂਵੀਆਂ ਰੱਖੋ, ਆਪਣੀਆਂ ਲਿੰਗ-ਲੋੜਾਂ ਨਾਲ ਜੋ ਸਮਝੌਤਾ ਹੋ ਸਕਦਾ ਹੈ, ਉਹ ਕਰੋ ਤੇ ਫੇਰ ਦੂਜਿਆਂ ਕੋਲੋਂ ਬਹੁਤੀਆਂ ਆਸਾਂ ਨਾ ਰੱਖੋ।''

ਲਿੰਗ ਜ਼ਿੰਦਗੀ ਦਾ ਸਰਬ-ਵਿਆਪਕ ਤੇ ਅਤਿ ਜ਼ਰੂਰੀ ਜਜ਼ਬਾ ਹੈ। ਇਸ ਉਤੇ ਸ੍ਰਿਸ਼ਟੀ ਦੀ ਰਚਨਾ ਦਾ ਨਿਰਭਰ ਹੈ। ਮਨੁੱਖੀ ਦੁਨੀਆਂ ਵਿੱਚ ਬਹੁਤੇ ਦੁੱਖ ਇਸ ਜਜ਼ਬੇ ਨਾਲ ਸੰਬੰਧਤ ਹਨ। ਇਸ ਸੰਬੰਧੀ ਸਾਡੀਆਂ ਸਮਾਜਕ ਰਸਮਾਂ ਬਹੁਤ ਗੁੰਝਲਦਾਰ ਹਨ। ਬਿਲਕੁਲ ਗ਼ਲਤ ਕੀਮਤਾਂ ਦੇ ਅਧੀਨ ਮਨੁੱਖ ਦਾ ਲਿੰਗ-ਜੀਵਨ ਕੱਸਿਆ ਗਿਆ ਹੈ: ਬਦਹੋਸ਼ੀ, ਬਦਚਲਣੀ, ਪਾਗਲਪਨ ਆਦਿ ਲਗਭਗ ਸਭ ਲਿੰਗ-ਖਿੱਚੋਤਾਣ ਦੀ ਕਿਰਤ ਹਨ।

ਚੌੜੀਆਂ ਨੀਹਾਂ ਉਤੇ ਰੱਖੇ ਸਦਾਚਾਰ ਦੀ ਹਿਫ਼ਾਜ਼ਤ ਹੇਠਾਂ ਇਸਤਰੀਆਂ ਤੇ ਮਰਦਾਂ ਦਾ ਕੁਦਰਤੀ ਮੇਲ-ਜੋਲ ਹੀ ਦੁਨੀਆਂ ਦੇ ਵੱਡੇ ਰੋਗਾਂ ਦਾ ਇਲਾਜ ਹੈ। ਇਸ ਵਿਸ਼ੇ ਉਤੇ ਪ੍ਰਚਲਤ ਕੀਮਤਾਂ ਦੀ ਪੜਤਾਲ ਬੜੀ ਜ਼ਰੂਰੀ ਹੈ।

ਪਰਦਾ, ਇਸਤਰੀ ਪੁਰਸ਼ ਦਾ ਵਖਰਾ ਜੀਵਨ, ਪੁਰਾਣੀਆਂ ਕੀਮਤਾਂ ਉਤੇ ਜ਼ੋਰ, ਲਿੰਗ ਸੰਕੋਚ, ਲਿੰਗ ਸੰਬੰਧਤ ਗ਼ਲਤੀਆਂ ਉਤੇ ਬੇ-ਮੇਚੀ ਕਰੋਪੀ, ਲਿੰਗ ਦਾ ਪਾਪ ਨਾਲ ਬਹੁਤਾ ਸੰਬੰਧ ਸਮਝਣਾ – ਇਹ ਸਾਡੀ ਵਰਤਮਾਨ ਅਯੋਗਤਾ ਦੇ ਕੁਝ ਇਕ ਕਾਰਨ ਹਨ। ਇਹਨਾਂ ਉਤੇ ਨਿਰਪੱਖ ਵਿਚਾਰ ਕੀਤੀ ਜਾਏ ਤੇ ਆਪਣੇ ਖਿਆਲਾਂ ਦਾ ਵਟਾਂਦਰਾ ਕੀਤਾ ਜਾਏ।

ਲਿੰਗ ਦਾ ਹਊਆ ਇਸ ਮਹਾਨ ਜਜ਼ਬੇ ਉਤੇ ਕੋਈ ਲੋੜੀਂਦੀ ਪੜਤਾਲ ਨਹੀਂ ਹੋਣ ਦੇਂਦਾ।

ਜ਼ਿੰਦਗੀ ਸੱਚਮੁੱਚ ਕੋਈ ਪੀਚਵੀਂ ਗੰਢ ਨਹੀਂ। ਕਾਮਯਾਬ ਜ਼ਿੰਦਗੀ ਲਈ ਨਾ ਔਖੇ ਮਸਲਿਆਂ ਦਾ ਗਿਆਨ ਲੋੜੀਂਦਾ ਹੈ, ਨਾ ਕੋਈ ਰਹੱਸਮਈ ਜੁਗਤੀ, ਨਾ ਪ੍ਰਲੋਕ ਦੀ ਵਾਕਫ਼ੀਅਤ। ਸਾਵੇਂ ਪੱਧਰੇ ਜਜ਼ਬੇ ਤੇ ਸੁਖਾਵੀਂ ਸੁਧਰੀ ਸ਼ਖ਼ਸੀਅਤ ਲੋੜੀਂਦੇ ਹਨ।

ਖੁਸ਼ੀ:

ਖੁਸ਼ੀ ਦੀ ਤਾਂਘ ਹਰ ਦਿਲ ਵਿੱਚ ਹੋਣੀ ਕੁਦਰਤੀ ਹੈ, ਪਰ ਓਕਰ ਜੀਕਰ ਹਿਸਾਬ ਦੇ ਸਵਾਲ ਕੱਢਣ ਵਾਲੇ ਨੂੰ ਕਿਤਾਬ ਦੇ ਪਿੱਛੇ ਦਿੱਤੇ ਹੋਏ ਜਵਾਬ ਵੇਖਣ ਦੀ। ਜਿਹੜਾ ਕੋਈ ਸਵਾਲ ਕੱਢੇ ਬਿਨਾਂ ਜਵਾਬੀ ਹਿੱਸੇ ਦੇ ਵਰਕੇ ਫੋਲਦਾ ਰਹਿੰਦਾ ਹੈ, ਉਹ ਕਦੇ ਆਪਣੇ ਸਵਾਲ ਦਾ ਸਹੀ ਜਵਾਬ ਨਹੀਂ ਕੱਢ ਸਕਦਾ।

ਇਹੀ ਕਾਰਨ ਹੈ, ਬਹੁਤੀ ਦੁਨੀਆਂ ਕੋਲ ਖੁਸ਼ੀ ਨਹੀਂ। ਖੁਸ਼ੀ ਦੀ ਤਾਂਘ ਦੀ ਸਰਬ-ਵਿਆਪਕ ਪ੍ਰਬਲਤਾ ਇਸ ਦੀ ਅਣਹੋਂਦ ਦਾ ਇਸ਼ਾਰਾ ਹੈ। ਹੁਸ਼ਿਆਰੀ ਨਾਲ ਆਪਣੇ ਸਵਾਲ ਕੱਢ ਸਕਣ ਵਾਲੇ ਲੋਕ ਜਵਾਬਾਂ ਦੇ ਵਰਕੇ ਬਹੁਤੇ ਨਹੀਂ ਫਰੋਲਦੇ। ਲੋਕਾਂ ਨੇ ਖੁਸ਼ੀ ਨੂੰ ਮਨੋਰਥ ਸਮਝ ਲਿਆ ਹੈ। ਅਸਲ ਵਿੱਚ ਖੁਸ਼ੀ ਮਨੋਰਥ ਨਹੀਂ, ਸਿਰਫ਼ ਠੀਕ ਮਨੋਰਥ ਦੇ ਸਵਾਲ ਦਾ ਠੀਕ ਜਵਾਬ ਹੈ। ਸਵਾਲ ਕੱਢੇ ਬਿਨਾਂ ਸਹੀ ਜਵਾਬ ਦਾ ਕੋਈ ਅਰਥ ਨਹੀਂ, ਸਹੀ ਮਨੋਰਥ ਬਿਨਾਂ ਖੁਸ਼ੀ ਉਤੇ ਕਿਸੇ ਤਰ੍ਹਾਂ ਕੋਈ ਹੱਕ ਨਹੀਂ ਬਣ ਸਕਦਾ। ਏਸ ਇਕ ਬੁਨਿਆਦੀ ਸੱਚਾਈ ਤੋਂ ਅਣਜਾਣ ਹੋਣਾ ਹੀ ਦੁਨੀਆਂ ਦੀਆਂ ਨਾ-ਖੁਸ਼ੀਆਂ ਦਾ ਵੱਡਾ ਕਾਰਣ ਹੈ।

ਲੋਕ ਖੁਸ਼ੀਆਂ ਲਈ ਪ੍ਰਾਰਥਨਾ ਕਰਦੇ ਹਨ, ਜੋਤਸ਼ੀਆਂ ਕੋਲੋਂ ਪੁੱਛਦੇ ਹਨ, ਸੰਤਾਂ ਦੀ ਕਿਰਪਾ ਲਈ ਮਿੰਨਤਾਂ ਕਰਦੇ ਹਨ। ਉਹ ਸਮਝਦੇ ਹਨ, ਖੁਸ਼ੀ ਕੋਈ ਦਾਤ ਜਾਂ ਮਲਕੀਅਤ ਹੈ ਜਿਹੜੀ ਮੰਗੀ, ਖ਼ਰੀਦੀ ਜਾਂ ਬਖ਼ਸ਼ੀ ਜਾ ਸਕਦੀ ਹੈ। ਇਹ ਉਸੇ ਤਰ੍ਹਾਂ ਹੈ ਜਿਸ ਤਰ੍ਹਾਂ ਕੋਈ ਵਿਦਿਆਰਥੀ ਆਪਣੇ ਸਵਾਲ ਕੱਢਣ ਦੀ ਥਾਂ ਉਹਨਾਂ ਦੇ ਉੱਤਰ ਪੁੱਛਦਾ ਤੇ ਯਾਦ ਕਰਦਾ ਰਹੇ।

ਖੁਸ਼ੀ ਚੀਜ਼ਾਂ ਵਿੱਚ ਨਹੀਂ, ਤੁਹਾਡੇ ਉਸ ਸੁਆਦ ਵਿੱਚ ਹੈ ਜਿਹੜਾ ਤੁਸਾਂ ਤਜਰਬੇ ਨਾਲ ਉਹਨਾਂ ਚੀਜ਼ਾਂ ਵਿੱਚ ਪੈਦਾ ਕਰ ਲਿਆ ਹੈ। ਖੁਸ਼ੀ ਉਹ ਤਜਰਬਾ ਹੈ ਜਿਹੜਾ ਸੁਆਦ ਪੈਦਾ ਕਰਦਾ ਹੈ। ਖੁਸ਼ੀ ਸਿਹਤ ਹੈ, ਅਮਨ ਹੈ, ਸੁਚੱਜਤਾ ਹੈ। ਇਹ ਤਿੰਨੇ, ਚੀਜ਼ਾਂ ਨਹੀਂ, ਅਵਸਥਾਵਾਂ ਹਨ। ਸਿਹਤ ਕਿਸੇ ਸਵਾਲ ਦਾ ਸੰਖੇਪ ਜਿਹਾ ਜਵਾਬ ਨਹੀਂ, ਇਕ ਲੰਮਾ ਅਮਲ ਹੈ, ਚੰਗੇ ਉੱਦਮ, ਚੰਗੀ ਆਦਤ, ਚੰਗੇ ਸ੍ਵੈ-ਕਾਬੂ ਦਾ ਨਤੀਜਾ ਹੈ। ਅਮਨ ਅਨੇਕਾਂ ਬਦ-ਅਮਨੀਆਂ ਦਾ ਕਟ-ਕਟਾ ਤੇ ਜਮ੍ਹਾਂ ਤਫ਼ਰੀਕ ਹੈ। ਸੁਚੱਜਤਾ ਅਨੇਕਾਂ ਕਠਨਾਈਆਂ ਛਿਲ ਤ੍ਰਾਸ਼ ਕੇ ਰੰਦੀ ਸਵਾਰੀ ਸੁਖੈਨਤਾ ਹੈ। ਇਹਨਾਂ ਸਵਾਲਾਂ ਦਾ ਸਹੀ ਜਵਾਬ ਪੂਰੀ ਖੁਸ਼ੀ ਹੈ। ਜੇ ਤੁਹਾਡਾ ਜਵਾਬ ਵੱਧ ਘੱਟ ਹੈ, ਬਟਿਆਂ ਵਿੱਚ ਹੈ, ਤਾਂ ਆਪਣੇ ਅਮਲ

ਉਤੇ ਫੇਰ ਗ਼ੌਰ ਕਰੋ, ਕੋਈ ਗ਼ਲਤ ਜ਼ਰਬ, ਤਕਸੀਮ ਜਾਂ ਹਾਸਲ ਲੱਭ ਪਏਗਾ। ਜੇ ਗੌਰ ਕੀਤਿਆਂ ਵੀ ਗ਼ਲਤੀ ਨਹੀਂ ਲੱਭਦੀ, ਤਾਂ ਸਵਾਲ ਮੁੜ ਕੇ ਸਾਫ਼ ਤਰ੍ਹਾਂ ਕੱਢੋ, ਸਹੀ ਜਵਾਬ ਖੁਸ਼ੀ ਹੀ ਹੈ। ਜਿਹੜਾ ਖੁਸ਼ ਨਹੀਂ, ਉਹ ਠੀਕ ਨਹੀਂ।

ਇਹ ਜਵਾਬ ਓਨਾ ਚਿਰ ਪੂਰਾ ਨਹੀਂ ਨਿਕਲੇਗਾ, ਜਿੰਨਾ ਚਿਰ ਸਾਡੇ ਅਮਲ ਦਾ ਹਰ ਭਾਗ ਸਹੀ ਨਹੀਂ, ਤੇ ਹਰ ਥਾਂ 'ਦੋ ਤੇ ਦੋ ਚਾਰ' ਨਹੀਂ ਹੁੰਦੇ, ਅਰਥਾਤ ਜੇ ਸਾਡੇ ਅਮਲ ਦੀ ਬੁਨਿਆਦ ਸੱਚਾਈ ਨਹੀਂ। ਸੱਚਾਈ ਸਭ ਤੋਂ ਲਾਜ਼ਮੀ ਹੈ।

ਖ਼ੁਸ਼ੀ ਬਾਬਤ ਪ੍ਰਸਿੱਧ ਅੰਗ੍ਰੇਜ਼ ਕਵੀ ਬਾਇਰਨ ਨੇ ਇਕ ਬੜੀ ਸਿਆਣੀ ਮਿਸਾਲ ਦਿੱਤੀ ਹੈ: "ਖ਼ੁਸ਼ੀ ਇਕੱਲੀ ਨਹੀਂ, ਜੋੜਿਆਂ ਵਿੱਚ ਜੰਮਦੀ ਹੈ। ਜੋੜੇ ਵੀ ਉਹ ਜਿਨ੍ਹਾਂ ਦੇ ਸਰੀਰ ਆਪਸ ਵਿੱਚ ਜੁੜੇ ਹੁੰਦੇ ਹਨ। ਇਕ ਕਦੇ ਖੁਸ਼ ਨਹੀਂ ਰਹਿ ਸਕਦਾ ਜੇ ਦੂਜਾ ਖੁਸ਼ ਨਹੀਂ। ਇਕ ਦੀ ਬੀਮਾਰੀ ਦੂਜੇ ਦੀ ਬੀਮਾਰੀ ਹੈ। ਖੁਸ਼ੀ ਸਾਂਝੀਵਾਲਤਾ ਹੈ। ਕੋਈ ਖੁਸ਼ੀ ਖੁਸ਼ੀ ਨਹੀਂ, ਜੇ ਕਿਸੇ ਨਾਲ ਵੰਡੀ ਨਾ ਜਾਏ।"

ਉਪਰਲੇ ਖ਼ਿਆਲਾਂ ਦਾ ਨਚੋੜ ਇਹ ਆਖਿਆ ਜਾ ਸਕਦਾ ਹੈ ਕਿ ਖੁਸ਼ੀ ਨੂੰ ਖ਼ੁਸ਼ੀ ਦੀ ਖ਼ਾਤਰ ਢੂੰਡਣ ਵਾਲੇ ਖੁਸ਼ੀ ਨਹੀਂ ਲੱਭ ਸਕਦੇ। ਖ਼ੁਸ਼ੀ ਸੱਚਾਈ, ਸਿਹਤ, ਅਮਨ ਤੇ ਸੁਚੱਜਤਾ ਦੀ ਇੱਕ ਅਵਸਥਾ ਹੈ। ਇਹ ਇਕੱਲੀ ਨਹੀਂ ਜੀਉਂ ਸਕਦੀ, ਇਹ ਦੂਜੇ ਨਾਲ ਸਾਂਝ ਬਣਿਆਂ ਹੀ ਰੂਪ ਵਿੱਚ ਆਉਂਦੀ ਹੈ। ਪੂਰਨ ਖ਼ੁਸ਼ੀ ਸਾਰੀ ਹਸਤੀ ਨਾਲ ਸਾਂਝੇ ਹੋ ਸਕਣਾ ਹੈ।

ਖ਼ੁਸ਼ੀ ਚੀਜ਼ਾਂ ਵਿੱਚ ਨਹੀਂ, ਸੁਆਦ ਵਿੱਚ ਹੈ; ਮਲਕੀਅਤ ਵਿੱਚ ਨਹੀਂ, ਮਾਣ ਸਕਣ ਵਿੱਚ ਹੈ; ਚੰਗੇ ਹਾਦਸਿਆਂ ਵਿੱਚ ਨਹੀਂ, ਉਹਨਾਂ ਦੇ ਸਾਡੇ ਉਤੇ ਪ੍ਰਤਿਕਰਮ ਵਿੱਚ ਹੈ।

ਨਿੱਕਾ ਵੱਡਾ, ਹੌਲਾ ਭਾਰਾ, ਗ਼ਰੀਬ ਅਮੀਰ, ਹਰ ਕੋਈ ਖੁਸ਼ ਰਹਿ ਸਕਦਾ ਹੈ, ਜੇ ਉਹ ਆਪਣੀ ਜ਼ਿੰਦਗੀ ਦੇ ਸਵਾਲ ਦੇ ਅਮਲ ਨੂੰ ਸਾਫ਼ ਤੇ ਨਿਰ-ਉਲਝਣ ਰਖਦਾ ਹੈ, ਤੇ ਸਹੀ ਜ਼ਰਬਾਂ ਦੇਂਦਾ, ਤਕਸੀਮਾਂ ਕਰਦਾ, ਜੋੜਦਾ ਤੇ ਬਾਕੀ ਕੱਢਦਾ ਹੈ। ਝੂਠ ਦੀ ਮਦਦ ਨਾਲ ਕਦੇ ਸੱਚਾ ਜਵਾਬ ਨਹੀਂ ਨਿਕਲ ਸਕਦਾ। ਆਪਣੇ ਅਮਲ ਨੂੰ ਮੁੜ ਕੇ ਵੇਖੋ, ਮਤੇ ਕੋਈ ਪਹਾੜਾ ਗ਼ਲਤ ਪੜ੍ਹਿਆ ਗਿਆ ਹੋਵੇ।

ਭਾਵੇਂ ਕਿਸੇ ਦੀ ਜ਼ਿੰਦਗੀ ਦਾ ਸਵਾਲ ਛੋਟਾ ਹੈ ਤੇ ਭਾਵੇ ਵੱਡਾ, ਜੇ ਉਸ ਦਾ ਜਵਾਬ ਸਹੀ ਹੈ, ਤਾਂ ਉਸ ਦੀ ਖੁਸ਼ੀ ਕਿਸੇ ਨਾਲੋਂ ਘੱਟ ਨਹੀਂ ਹੋਵੇਗੀ।

ਅਹਿੰਸਾ:

ਅਹਿੰਸਾ ਸੁਖਾਵੀਂ ਸੁਧਰੀ ਜ਼ਿੰਦਗੀ ਦੀ ਨਾ ਸਿਰਫ਼ ਨਿਸ਼ਾਨੀ ਹੈ, ਸਗੋਂ ਆਦਰਸ਼ ਵੀ ਹੈ। ਸੁਖਾਵੀਂ ਸੁਧਰੀ ਜ਼ਿੰਦਗੀ ਸਿਰਫ਼ ਆਪਣੀ ਅਹਿੰਸਾ ਨਾਲ ਸੰਤੁਸ਼ਟ ਨਹੀਂ ਹੋ ਜਾਂਦੀ, ਸਗੋਂ ਇਹ ਉਹੋ ਜਿਹੇ ਮੰਡਲ ਦੇ ਪੈਦਾ ਕਰਨ ਲਈ ਆਪਣੀ ਪ੍ਰਕਿਰਤੀ ਤੋਂ ਮਜਬੂਰ ਹੋ ਜਾਂਦੀ ਹੈ, ਜਿਸ ਵਿੱਚ ਕੋਈ ਕਿਸੇ ਉਤੇ ਹਿੰਸਾ ਨਾ ਕਰ ਸਕੇ। ਹਿੰਸਾ ਦੀ ਇੱਛਾ ਨੂੰ ਨਿਸਫਲ ਕਰਨਾ ਤੇ ਹਿੰਸਾ ਦੇ ਵਸੀਲਿਆਂ ਨੂੰ ਬੇਕਾਰ ਕਰ ਦੇਣ ਲਈ ਸਾਰਾ ਜ਼ੋਰ ਲਾ ਦੇਣਾ ਇਸ ਦੀ ਕੁਦਰਤੀ ਅਵੱਸ਼ਕਤਾ ਹੁੰਦੀ ਹੈ।

ਹਿੰਸਾ ਸਿਰਫ਼ ਸਰੀਰਕ ਤਸ਼ੱਦਦ ਦਾ ਨਾਂ ਹੀ ਨਹੀਂ, ਹਿੰਸਾ ਖ਼ਿਆਲਾਂ ਨਾਲ ਅਮਲਾਂ ਨਾਲੋਂ ਵੀ ਵਧੇਰੇ ਕੀਤੀ ਜਾ ਸਕਦੀ ਹੈ। ਜਦ ਤਕ ਮਨੋਰਥ 'ਅਹਿੰਸਾ' ਹੋਵੇ, ਸਾਧਨਾਂ ਦਾ ਹਿੰਸਾ-ਹੀਨ ਜਾਂ ਹਿੰਸਾ-ਭਰਪੂਰ ਹੋਣਾ ਕੋਈ ਫ਼ਰਕ ਨਹੀਂ ਰਖਦਾ। ਕਿਸੇ ਉਤੇ ਹਿੰਸਾ ਹੁੰਦੀ ਵੇਖ ਕੇ ਆਪ ਅਹਿੰਸਾ ਭਰਪੂਰ ਰਹਿਣਾ ਬੜਾ ਭਾਰੀ ਹਿੰਸਾ ਦੇ ਬਰਾਬਰ ਹੈ। ਹਿੰਸਾ ਨੂੰ ਅਹਿੰਸਾ ਦੇ ਅਧੀਨ ਲਿਆਉਣ ਲਈ ਕੀਤੀ ਹਿੰਸਾ ਅਹਿੰਸਾ ਹੈ।

ਓਦੋਂ ਤਕ ਅਹਿੰਸਾ ਇਕ ਦੁਰਾਡਾ ਆਦਰਸ਼ ਹੀ ਰਹੇਗਾ, ਜਦੋਂ ਤਕ ਮਜ਼ਬੂਤ ਇਰਾਦੇ ਵਾਲੇ ਸਾਵੇਂ ਸੁਧਰੇ ਮਨੁੱਖ ਇਹ ਧਾਰਨਾ ਨਹੀਂ ਧਾਰ ਲੈਂਦੇ, ਕਿ ਜਿਥੇ ਕਿਤੇ ਹਿੰਸਾ ਦਿੱਸੇਗੀ, ਉਸ ਨੂੰ ਕੁਚਲ ਦਿੱਤਾ ਜਾਏਗਾ – ਕੀ ਖ਼ਿਆਲ ਦੀ ਹਿੰਸਾ ਤੇ ਕੀ ਅਮਲ ਦੀ ਹਿੰਸਾ। ਜੱਥੇਬੰਦ ਹਿੰਸਾ ਦੇ ਮੁਕਾਬਲੇ ਲਈ ਆਪਣੀ ਸਾਰੀ ਅਹਿੰਸਾ ਨੂੰ ਜੱਥੇਬੰਦ ਕੀਤਾ ਜਾਏਗਾ, ਤੇ ਹਰ ਹਥਿਆਰ ਨਾਲ ਹਿੰਸਾ ਦੀਆਂ ਜੜ੍ਹਾਂ ਪੁੱਟੀਆਂ ਜਾਣਗੀਆਂ। ਅਹਿੰਸਾ ਦੇ ਹੱਥ ਵਿੱਚ ਹਿੰਸਾ ਡਾਕਟਰ ਦੇ ਹੱਥ ਵਿੱਚ ਛੁਰੀ ਹੈ, ਡਾਕੂ ਦੇ ਹੱਥ ਵਿੱਚ ਚਾਕੂ ਨਹੀਂ।

ਹਿੰਸਾ ਦੇ ਖ਼ਿਲਾਫ਼ ਮਨੁੱਖੀ ਆਤਮਾ ਵਿੱਚ ਜਜ਼ਬੇ ਮਜ਼ਬੂਤ ਹੋ ਰਹੇ ਹਨ। ਸੰਸਾਰ ਵਿੱਚ ਲੜਾਈਆਂ ਭਾਵੇਂ ਲਹੂ ਨਾਲ ਤ੍ਰਿਪ-ਤ੍ਰਿਪ ਕਰ ਰਹੀਆਂ ਹਨ, ਚੌਤਰਫ਼ੀ ਹਿੰਸਾ ਗੱਜ ਗੜ੍ਹਕ ਰਹੀ ਹੈ, ਪਰ ਅਸਲ ਵਿੱਚ ਇਹ ਵੀ ਬੇ-ਸੋਚੀ ਹਿੰਸਾ-ਲਗਨ ਦਾ ਮੂਰਖ ਜਿਹਾ ਜਤਨ ਹੈ। ਇਹ ਜਤਨ ਸਮਾਂ ਪਾ ਕੇ ਸਿਆਣਾ ਹੋ ਜਾਵੇਗਾ, ਤੇ ਅਹਿੰਸਾ ਮਨੁੱਖੀ ਦੁਨੀਆਂ ਦੀ ਇਕ ਵੱਡੀ ਸੜਕ ਬਣ ਜਾਏਗੀ।

ਪਰ ਓਨਾ ਚਿਰ ਨਹੀਂ ਜਿੰਨਾ ਚਿਰ ਅਸੀਂ ਹਿੰਸਾ ਨਾਲ ਟੱਕਰ ਲੈਣੋਂ ਸੰਕੋਚ ਕਰਦੇ ਹਾਂ, ਜਾਂ ਹਿੰਸਾ ਦਾ ਲਹੂ ਵਗਦਿਆਂ ਵੇਖ ਕੇ ਅਸੀਂ ਚਿੰਤਾਤੁਰ ਹੋ ਸਕਦੇ ਹਾਂ। ਇਸ ਕਿਸਮ ਦੀ ਚਿੰਤਾ ਨੂੰ ਭਾਵਕਤਾ ਆਖਦੇ ਹਨ, ਤੇ ਇਹ ਕਈ ਮਜ਼ਬੂਤ ਅਮਲਾਂ ਤੇ ਇਰਾਦਿਆਂ ਦੀ ਘਾਤਕ ਬਣ ਜਾਂਦੀ ਹੈ।

ਅਹਿੰਸਾ ਵੀ ਜੇ ਅਹਿਲ ਮਜ਼ਬੂਤੀ ਦੀ ਮਾਲਕ ਨਹੀਂ ਤਾਂ ਦੱਬ-ਘੁੱਟ ਰੱਖੀ ਹਿੰਸਾ ਕਦੇ ਇਸ ਨੂੰ ਵੀ ਆਪਣਾ ਹੀ ਰੂਪ ਬਣਾ ਲਵੇਗੀ।

ਸੁਤੰਤਰਤਾ:

ਸੁਤੰਤਰਤਾ ਮਨੁੱਖੀ ਆਤਮਾ ਲਈ ਉਹ ਵਾਯੂ-ਮੰਡਲ ਤੇ ਆਕਾਸ਼ ਹੈ, ਜਿਸ ਦੀ ਅਮੁੱਕਤਾ ਵਿੱਚੋਂ ਪੂਰੀ ਖ਼ੁਰਾਕ ਹਾਸਲ ਕਰ ਕੇ ਇਹ ਪੂਰਨ ਪ੍ਰਫੁਲਤਾ ਪ੍ਰਾਪਤ ਕਰ ਸਕਦੀ ਹੈ। ਇਸ ਬਿਨਾਂ ਨਾ ਇਹ ਖਿੱਲਰਦੀ, ਨਾ ਬਹੁਤੀ ਉੱਚੀ ਹੁੰਦੀ, ਤੇ ਨਾ ਇਸ ਦੇ ਫੁੱਲਾਂ ਪੱਤਿਆਂ ਉਤੇ ਰੌਣਕ ਆਉਂਦੀ ਹੈ।

ਸੁਤੰਤਰਤਾ ਦੇ ਤਿੰਨ ਵੱਡੇ ਭਾਗ ਹਨ: ਭਾਈਚਾਰਕ, ਆਰਥਿਕ ਤੇ ਸਿਆਸੀ।

(ੳ) ਭਾਈਚਾਰਕ : ਭਾਈਚਾਰੇ ਦਾ ਭਾਵ ਇਹ ਨਹੀਂ ਕਿ ਰਲ ਮਿਲ ਕੇ ਵਿਅਕਤੀ ਦੀਆਂ ਅਜ਼ਾਦੀਆਂ ਉਤੇ ਪਹਿਰਾ ਰੱਖਿਆ ਜਾਏ। ਵਿਅਕਤੀ ਨੇ ਭਾਈਚਾਰੇ ਵਿੱਚ ਸ਼ਾਮਲ ਹੋਣਾ ਏਸੇ ਲਈ ਮਨਜ਼ੂਰ ਕੀਤਾ ਸੀ ਕਿ ਉਸ ਨੂੰ ਆਪਣੀ ਪ੍ਰਕਿਰਤੀ ਅਨੁਸਾਰ ਏਨਾ ਕੁ ਜੀਉਣ ਦੀ ਜ਼ਾਮਨੀ ਮਿਲ ਜਾਵੇ, ਜਿੰਨਾ ਉਹ

ਦੂਜਿਆਂ ਨੂੰ ਉਹਨਾਂ ਦੀ ਪ੍ਰਕਿਰਤੀ ਅਨੁਸਾਰ ਜੀਉਣ ਦਾ ਹੱਕ ਦੇਣ ਲਈ ਤਿਆਰ ਹੈ। ਆਪਣੀਆਂ ਬੁਨਿਆਦੀ ਆਜ਼ਾਦੀਆਂ ਦਾ ਭਾਈਚਾਰੇ ਕੋਲੋਂ ਬੀਮਾ ਕਰਾਣ ਲਈ ਉਸ ਨੇ ਕੁਝ ਜ਼ਾਤੀ ਪਾਬੰਦੀਆਂ ਦੀ ਬੀਮਾ-ਕਿਸ਼ਤ ਦਿੱਤੀ ਸੀ। ਇਹ ਪਾਬੰਦੀਆਂ ਵੀ ਸਿਰਫ਼ ਇਸ ਲਈ ਮਨਜ਼ੂਰ ਹਨ ਕਿ ਭਾਈਚਾਰਾ ਸਾਡੀਆਂ ਬੁਨਿਆਦੀ ਆਜ਼ਾਦੀਆਂ ਨੂੰ ਧਿੰਗੋਜ਼ੋਰੀ ਤੋਂ ਮਹਿਫੂਜ਼ ਰੱਖੇਗਾ।

ਉਹ ਭਾਈਚਾਰਾ ਪੂਰਨ ਹੈ, ਜਿਸ ਵਿੱਚ ਵਿਅਕਤੀਆਂ ਉਤੇ ਸਿਰਫ਼ ਇਸ ਮਨੋਰਥ ਲਈ ਪਾਬੰਦੀਆਂ ਲਾਈਆਂ ਜਾਂਦੀਆਂ ਹਨ ਕਿ ਉਹ ਦੂਜਿਆਂ ਦੀ ਜਾਇਜ਼ ਪ੍ਰਫੁਲਤਾ ਨੂੰ ਰੋਕ ਨਾ ਸਕਣ।

ਚੰਗੇ ਭਾਈਚਾਰੇ ਵਿੱਚ ਦਗੇਬਾਜ਼ੀ, ਬੇ-ਵਫ਼ਾਈ, ਬੇ-ਇਨਸਾਫ਼ੀ, ਝੂਠ, ਫ਼ਰੇਬ, ਰਿਸ਼ਵਤ, ਦਿਲ-ਆਜ਼ਾਰੀ, ਤਸ਼ੱਦਦ ਨੂੰ ਸਾਂਝੇ ਰਸੂਖ ਤੇ ਸਾਂਝੀ ਰਾਇ ਨਾਲ ਰੋਕਿਆ ਜਾਂਦਾ ਹੈ ਤਾਂ ਕਿ ਮੈਂਬਰ ਆਪਣੀ ਪ੍ਰਕਿਰਤੀ ਅਨੁਸਾਰ ਪਿਆਰ ਕਰ ਸਕਣ, ਮਿੱਤਰ ਬਣਾ ਸਕਣ, ਸਾਥੀ ਢੂੰਡ ਸਕਣ, ਆਪਣੀ ਮੌਲਿਕਤਾ ਨੂੰ ਵਧਾ ਖਲਾਰ ਸਕਣ, ਰਾਇ ਦੇ ਸਕਣ, ਖ਼ਿਆਲਾਂ ਦਾ ਪਸਾਰ ਕਰ ਸਕਣ।

ਜਿਥੇ ਏਨੀ ਸੁਤੰਤਰਤਾ ਨਹੀਂ, ਓਥੇ ਆਤਮਾ ਸੁੰਗੜ ਜਾਏਗੀ, ਇਸ ਦੇ ਪੱਤਿਆਂ ਤੋਂ ਚਮਕ ਉੱਡ ਜਾਏਗੀ, ਇਸ ਦੇ ਫਲਾਂ ਵਿੱਚ ਪੂਰਾ ਰਸ ਨਹੀਂ ਭਰੇਗਾ, ਇਸ ਦਾ ਜੀਵਨ-ਬ੍ਰਿਛ, ਸਿੱਧਾ, ਮਜ਼ਬੂਤ ਤੇ ਉੱਚ ਨਹੀਂ ਹੋ ਸਕੇਗਾ।

(ਅ) ਆਰਥਿਕ : ਭਾਈਚਾਰੇ ਕੋਲੋਂ ਹਿਫ਼ਾਜ਼ਤ ਦੀ ਜ਼ਾਮਨੀ ਤੇ ਵਧਣ ਫੁਲਣ ਲਈ ਖੁਲ੍ਹਾ ਆਕਾਸ਼ ਚਾਹੀਦਾ ਹੈ। ਉਸ ਦੇ ਬਾਅਦ ਜਿਹੜਾ ਕੋਈ ਆਰਥਿਕ ਤੌਰ ਉਤੇ ਸੁਤੰਤਰਤਾ ਪ੍ਰਾਪਤ ਨਹੀਂ ਕਰਦਾ, ਉਹ ਵੀ ਪੂਰਾ ਸੁਤੰਤਰ ਨਹੀਂ ਰਹਿ ਸਕਦਾ।

ਜਿਹੜਾ ਕੋਈ ਸੁਤੰਤਰ ਹੋਣਾ ਚਾਹੁੰਦਾ ਹੈ, ਕੋਈ ਹੁਨਰ ਸਿੱਖੇ। ਹਰ ਥਾਂ, ਹਰ ਮੌਕੇ ਉਹ ਆਪਣੀਆਂ ਜੀਵਨ-ਲੋੜਾਂ ਪੂਰੀਆਂ ਕਰ ਸਕਣ ਦੇ ਸਮਰੱਥ ਹੋਵੇ। ਉਸ ਦੀਆਂ ਬਾਹਵਾਂ ਵਿੱਚ ਲੋੜੀਂਦਾ ਜ਼ੋਰ ਹੋਵੇ, ਤੇ ਉਸ ਦੇ ਖ਼ਿਆਲ ਵਿੱਚ ਲੋੜੀਂਦੀ ਅਕਲ ਹੋਵੇ, ਤਾਂਕਿ ਉਸ ਨੂੰ ਆਰਥਿਕ ਮੁਥਾਜੀ ਨਾ ਹੋਵੇ। ਆਰਥਿਕ ਮੁਥਾਜੀ ਸਾਰੇ ਜੀਵਨ ਦੀ ਰੌਣਕ ਚੁਰਾ ਲੈਂਦੀ ਹੈ।

ਸਿਰਫ਼ ਇਕੋ ਹੁਨਰ ਕਾਫ਼ੀ ਨਹੀਂ। ਇਕ ਹੁਨਰ ਵਿੱਚ ਮਾਹਿਰ ਹੋ ਕੇ, ਇਕ ਦੋ ਹੋਰ ਹੁਨਰਾਂ ਦਾ ਚੋਖਾ ਅਭਿਆਸ ਹੋਵੇ। ਤਾਕਿ ਕਿਸੇ ਔਖੇ ਸਮੇਂ ਵੀ ਆਰਥਿਕ ਚਿੰਤਾ ਸਾਡਾ ਅਮਨ ਖ਼ਰਾਬ ਨਾ ਕਰ ਸਕੇ।

(ੲ) ਸਿਆਸੀ : ਸਿਆਸੀ ਸੁਤੰਤਰਤਾ ਦੋਹਾਂ ਸੁਤੰਤਰਤਾਵਾਂ ਦਾ ਸਹੀ ਜਵਾਬ ਹੈ। ਸ਼ਬਦ-ਅੜਾਉਣੀਆਂ ਵਿੱਚ ਇਕ ਪਾਸਿਓਂ ਇਕ ਸ਼ਬਦ ਬਣਦਾ ਹੈ, ਦੂਜੇ ਪਾਸਿਓਂ ਦੂਜਾ ਤੇ ਤੀਜੇ ਪਾਸਿਓਂ ਇਕ ਹੋਰ, ਤੇ ਕਈ ਵਾਰ ਇਹ ਤੀਜਾ ਸ਼ਬਦ ਪਹਿਲੇ ਦੋਹਾਂ ਦੇ ਠੀਕ ਹੋਣ ਦਾ ਸਬੂਤ ਹੁੰਦਾ ਹੈ।

ਏਸੇ ਤਰ੍ਹਾਂ ਸਿਆਸੀ ਸੁਤੰਤਰਤਾ ਹੈ। ਜਿਥੇ ਇਹ ਨਹੀਂ, ਉਥੇ ਸਮਝੋ ਪਹਿਲੀਆਂ ਦੋਵੇਂ ਵੀ ਨਹੀਂ। ਜਿਥੇ ਭਾਈਚਾਰਕ ਆਜ਼ਾਦੀ ਨਹੀਂ, ਓਥੋਂ ਆਰਥਿਕ ਗ਼ੁਲਾਮੀ ਜ਼ਰੂਰੀ ਨਤੀਜਾ ਹੈ, ਤੇ ਇਹ ਦੋਵੇਂ ਰਲ ਕੇ ਸਿਆਸੀ ਗ਼ੁਲਾਮੀ ਦੀਆਂ ਜ਼ੰਜੀਰਾਂ ਘੜਦੀਆਂ ਹਨ।

ਸਿਆਸੀ ਗ਼ੁਲਾਮੀ ਉਹ ਬੀਮਾਰ ਅਵਸਥਾ ਹੈ, ਜਿਸ ਵਿੱਚ ਚੰਗੀ ਖ਼ੁਰਾਕ ਵੀ ਕਈ ਵਾਰੀ ਜ਼ਹਿਰ ਬਣ ਜਾਂਦੀ ਹੈ। ਇਸ ਹਾਲਤ ਵਿੱਚ ਕਿਸੇ ਉਸ ਚੀਜ਼ ਦਾ ਸੁਆਦ ਜਾਂ ਲਾਭ ਨਹੀਂ ਲਿਆ ਜਾਂਦਾ ਜਿਸ ਨੂੰ ਤੰਦਰੁਸਤ ਲੋਕ ਬਿਨਾਂ ਰੋਕ-ਟੋਕ ਖਾਂਦੇ ਵਰਤਦੇ ਰਹਿੰਦੇ ਹਨ।

ਸਿਆਸੀ ਗ਼ੁਲਾਮੀ ਇਸ ਗੱਲ ਦੀ ਸੂਚਕ ਹੈ ਕਿ ਸਾਡਾ ਕੁਝ ਵੀ ਠੀਕ ਨਹੀਂ।

ਸਿਆਸੀ ਸੁਤੰਤਰਤਾ ਭਾਈਚਾਰਕ ਤੇ ਆਰਥਿਕ ਸੁਤੰਤਰਤਾਵਾਂ ਦੇ ਸੰਬੰਧ ਵਿੱਚ ਮਨੁੱਖੀ ਆਤਮਾ ਦੀ ਉਹ ਹਾਲਤ ਆਖੀ ਜਾ ਸਕਦੀ ਹੈ, ਜਿਹੜੀ ਤਿੰਨਾਂ ਨਦੀਆਂ ਦੇ ਇਕੱਠੇ ਹੋਣ ਉਤੇ ਬਣਦੀ ਹੈ। ਇਕੱਲੀ-ਇਕੱਲੀ ਨਦੀ ਵਿੱਚ ਮਸਾਂ ਕਿਸ਼ਤੀਆਂ, ਅਗਨਬੋਟ ਹੀ ਚਲ ਸਕਦੇ ਹਨ; ਪਰ ਤ੍ਰੈ-ਵਹਿਣੀ ਵਿੱਚ ਵੱਡੇ-ਵੱਡੇ ਅਗਨਬੋਟ ਤੇ ਅਗਨ-ਜਹਾਜ਼ ਚਲ ਸਕਦੇ ਹਨ। ਤ੍ਰੈ-ਵਹਿਣੀ ਹੀ ਸਮਝੋ ਉੱਨਤੀ ਦੀ ਸ਼ਾਹ-ਰਾਹ ਹੈ। ਇਸ ਤੋਂ ਪਹਿਲਾਂ ਤੰਗ ਕੰਦੇ ਤੇ ਤੰਗ ਹੀ ਤਿਜਾਰਤ।

ਸਿਆਸੀ ਸੁਤੰਤਰਤਾ ਤੋਂ ਬਿਨਾਂ ਕੋਈ ਕੌਮ ਆਪਣੀ ਅੰਤਮ ਹੋਣੀ ਨੂੰ ਪ੍ਰਾਪਤ ਨਹੀਂ ਕਰ ਸਕਦੀ। ਜਿਸ ਮੁਲਕ ਵਿੱਚ ਇਹ ਸੁਤੰਤਰਤਾ ਨਹੀਂ, ਉਥੇ ਕੁਝ ਸਮੇਂ ਬਾਅਦ ਉੱਨਤੀ ਦੀ ਘੜੀ ਪਿਛਾਂਹ ਤੁਰਨ ਲੱਗ ਪੈਂਦੀ ਹੈ। ਬੀਮਾਰੀ ਤਾਕਤਵਰ ਖ਼ੁਰਾਕ ਖਾਣ ਨਹੀਂ ਦੇਂਦੀ, ਤਾਕਤ ਵਧੀ ਨਹੀਂ, ਅਮਲ ਘਟਦਾ ਜਾਂਦਾ ਹੈ। ਖੀਣਤਾ ਵਧਦੀ ਜਾਂਦੀ ਹੈ, ਤੇ ਓੜਕ ਬੇ-ਹਰਕਤੀ ਦੀ ਨੌਬਤ ਆ ਜਾਂਦੀ ਹੈ।

ਕੋਈ ਜਾਗਦੀ, ਹੋਣਹਾਰ, ਆਦਰਸ਼ਾਂ ਵਾਲੀ ਕੌਮ ਸਿਆਸੀ ਗ਼ੁਲਾਮੀ ਨੂੰ ਦੇਰ ਤਕ ਪ੍ਰਵਾਨ ਨਹੀਂ ਕਰੀ ਰੱਖ ਸਕਦੀ। ਜਿਹੜੀਆਂ ਤਾਕਤਾਂ ਕਿਸੇ ਕੌਮ ਨੂੰ ਗ਼ੁਲਾਮ ਬਣਾਂਦੀਆਂ ਹਨ, ਉਹਨਾਂ ਨਾਲ ਵਫ਼ਾ ਕੌਮ ਨਾਲ ਬੇ-ਵਫ਼ਾਈ ਹੈ। ਜਿਹੜਾ ਸੱਯਾਦ (ਸ਼ਿਕਾਰੀ) ਦੇ ਪਿੰਜਰੇ ਵਿੱਚ ਗੌਂ ਸਕਦਾ ਹੈ, ਉਹ ਅਸਮਾਨੇ ਉੱਡਣ ਵਾਲਾ ਉਕਾਬ ਨਹੀਂ, ਉਹ ਧਰਤੀ ਦੇ ਨੇੜੇ ਹੀ ਫੁਦਕੀਆਂ ਮਾਰਨ ਵਾਲੀ ਕੋਈ ਤੋਤਾ ਮੈਨਾ ਹੈ।

ਰਸਮ:

ਜਦੋਂ ਕੋਈ ਇਕ ਆਦਮੀ ਕਿਸੇ ਕੰਮ ਨੂੰ ਬਹੁਤ ਵਾਰੀ ਕਰਦਾ ਹੈ, ਇਹ ਉਸ ਦੀ ਆਦਤ ਬਣ ਜਾਂਦਾ ਹੈ, ਤੇ ਜਦੋਂ ਕਈ ਆਦਮੀ ਇਕ ਕੰਮ ਨੂੰ ਕਰਦੇ ਹਨ ਤਾਂ ਉਹ ਭਾਈਚਾਰੇ ਦੀ ਰਸਮ ਬਣ ਜਾਂਦਾ ਹੈ। ਜਿਸ ਤਰ੍ਹਾਂ ਆਦਤ ਨਾਲ ਮਾੜੇ ਜਾਂ ਚੰਗੇ ਕੰਮ ਸੁਖਾਲੇ ਹੋ ਜਾਂਦੇ ਹਨ, ਉਸੇ ਤਰ੍ਹਾਂ ਰਸਮ ਨਾਲ ਮਾੜੇ ਜਾਂ ਚੰਗੇ ਕੰਮ ਸੁਖਾਲੇ ਹੋ ਜਾਂਦੇ ਹਨ। ਹਰ ਕਿਸੇ ਨੂੰ ਸੋਚਣਾ ਨਹੀਂ ਪੈਂਦਾ ਕਿ ਕੀਤਾ ਕੀ ਜਾਏ। ਰਸਮ ਪੁੱਛੀ ਤੇ ਅਮਲ ਕਰ ਦਿੱਤਾ।

ਚੰਗੀਆਂ ਰਸਮਾਂ ਸੰਜਮ ਪੈਦਾ ਕਰਦੀਆਂ ਹਨ — ਖ਼ਿਆਲ, ਵਕਤ ਤੇ ਧਨ ਦੀ ਫ਼ਜ਼ੂਲੀ-ਖ਼ਰਚੀ ਤੋਂ ਬਚਾਂਦੀਆਂ ਹਨ। ਮੁਕਾਬਲੇ ਦੀ ਖਿੱਚੋਤਾਣ ਘਟਾਂਦੀਆਂ ਹਨ। ਚੰਗੀ ਰਸਮ ਦੀ ਅਣਹੋਂਦ ਵਿੱਚ ਕੋਈ ਵਿਖਾਲਾ-ਪਸੰਦ ਲੋਕ ਏਨੀਆਂ ਅੱਡੀਆਂ ਚੁੱਕ ਕੇ ਤੁਰਨ ਲੱਗ ਪੈਂਦੇ ਹਨ, ਕਿ ਸਾਰੇ ਭਾਈਚਾਰੇ ਦੀ ਚਾਲ ਖ਼ਰਾਬ ਹੋ ਜਾਣ ਦਾ ਡਰ ਹੁੰਦਾ ਹੈ।

ਚੰਗੀਆਂ ਤੇ ਸਹਾਇਕ ਰਸਮਾਂ ਪਾਣਾ ਜ਼ਾਤੀ ਉਤੇ ਅਹਿਸਾਨ

ਕਰਨਾ ਹੈ। ਰਸਮ ਦਾ ਅਸਲੀ ਅਰਥ ਭਾਈਚਾਰੇ ਵਿੱਚ ਵਿਖਾਲੇ ਦੀ ਰੁਚੀ ਘਟਾਣਾ ਤੇ ਭਾਈਚਾਰਕ ਜੀਵਨ ਨੂੰ ਆਸਾਨ ਕਰਨਾ ਹੈ। ਪਰ ਜੇ ਸਾਡੀਆਂ ਰਸਮਾਂ ਵਿਖਾਲੇ ਦੀ ਰੁਚੀ ਨੂੰ ਵਧਾਂਦੀਆਂ ਤੇ ਜੀਵਨ ਨੂੰ ਔਖਾ ਬਣਾਂਦੀਆਂ ਹਨ, ਘੱਟ ਆਮਦਨ ਵਾਲਿਆਂ ਉਤੇ ਵਾਧੂ ਮਜਬੂਰੀਆਂ ਲਾਂਦੀਆਂ ਹੋਣ, ਤਾਂ ਉਹ ਆਪਣੇ ਅਰਥ ਦੇ ਉਲਟ ਹਨ, ਉਹਨਾਂ ਨੂੰ ਹਟਾਣਾ ਭਾਈਚਾਰੇ ਨੂੰ ਕਿਰਤਾਰਥ ਕਰਨਾ ਹੈ।

ਰਸਮ ਦਾ ਭਾਵ ਭਾਈਚਾਰੇ ਦੇ ਛੋਟੇ ਤੋਂ ਛੋਟੇ ਮੈਂਬਰਾਂ ਲਈ ਸੁਖੈਨਤਾ ਪੈਦਾ ਕਰਨਾ ਹੈ ਤਾਕਿ ਉਹਨਾਂ ਦੀ ਆਤਮਾ ਅਮੀਰ ਮੈਂਬਰਾਂ ਦੇ ਵਿਖਾਲੇ ਨਾਲ ਛੁਟਿਆਈ ਨਾ ਜਾ ਸਕੇ। ਇਸ ਲਈ ਰਸਮਾਂ ਵਿੱਚ ਸਾਦਗੀ ਲਿਆਉਣ ਵਾਲਾ ਭਾਈਚਾਰੇ ਦਾ ਸਹਾਇਕ ਸਨੇਹੀ ਹੈ, ਤੇ ਰਸਮਾਂ ਨੂੰ ਗੁੰਝਲਦਾਰ ਬਣਾਨ ਵਾਲਾ ਭਾਈਚਾਰੇ ਨੂੰ ਹਾਨੀ ਦੇਣ ਵਾਲਾ ਹੈ।

ਰਸਮ ਜ਼ਿੰਦਗੀ ਨੂੰ ਗ਼ੈਰ-ਜ਼ਰੂਰੀ ਚਿੰਤਾਵਾਂ ਤੇ ਸੋਚਾਂ ਤੋਂ ਆਜ਼ਾਦ ਰੱਖਣ ਲਈ ਹੁੰਦੀ ਹੈ, ਫਿਕਰਮੰਦ ਬਣਾਨ ਲਈ ਨਹੀਂ ਹੁੰਦੀ। ਜਿਹੜੀ ਰਸਮ ਆਜ਼ਾਦ ਕਰਨ ਦੀ ਥਾਂ ਗੁਲਾਮ ਬਣਾਂਦੀ ਹੈ, ਉਹ ਤੋੜਨ ਯੋਗ ਹੈ।

ਰਸਮਾਂ ਜ਼ਿੰਦਗੀ ਦੀ ਰਫ਼ਤਾਰ ਨਾਲ ਬਦਲਣੀਆਂ ਜ਼ਰੂਰੀ ਹਨ। ਅਗਾਂਹ-ਵਧੂ ਭਾਈਚਾਰੇ ਵਿੱਚ ਕੋਈ ਰਸਮ ਇਕ ਨਸਲ ਤੋਂ ਵਧ ਕਾਇਮ ਨਹੀਂ ਰਹਿ ਸਕਦੀ। ਪੁੱਤਰਾਂ ਦੇ ਸਮੇਂ ਦੀਆਂ ਰਸਮਾਂ ਜੇ ਪਿਓ ਦੇ ਸਮੇਂ ਨਾਲੋਂ ਵੱਖਰੀਆਂ ਨਹੀਂ ਤਾਂ ਉਹ ਭਾਈਚਾਰਾ ਬੜੀ ਹੌਲੀ ਤੁਰ ਰਿਹਾ ਹੈ। ਰਸਮਾਂ ਬਦਲਣ ਉਤੇ ਦਿਲ ਤੋੜਨ ਦੀ ਲੋੜ ਨਹੀਂ, ਸਗੋਂ ਦਿਲਚਸਪੀ ਨਾਲ ਜ਼ਿੰਦਗੀ ਦਾ ਪਿੱਛਾ ਵਿਚਾਰ ਕੇ ਸੁਆਦ ਲਿਆਂਦਾ ਜਾ ਸਕਦਾ ਹੈ।

ਵਿਆਹ, ਕੁੜਮਾਈ, ਮਕਾਨ ਦੀ ਚੱਠ, ਨਾਮ-ਸੰਸਕਾਰ, ਮਰਨੇ ਆਦਿ ਉਤੇ ਜੋ ਵੀ ਕੁਝ ਕੀਤਾ ਜਾਏ, ਉਸ ਸੰਬੰਧੀ ਇਹ ਵਿਚਾਰ ਜ਼ਰੂਰੀ ਹੈ ਕਿ ਸਾਡੀ ਕਰਨੀ ਦਾ ਭਾਈਚਾਰਕ ਜੀਵਨ ਉਤੇ ਕੀ ਅਸਰ ਪਵੇਗਾ। ਜੇ ਸਾਡੀ ਕਰਨੀ ਬਹੁਤਿਆਂ ਨੂੰ ਖੇਚਲ ਦੇਂਦੀ ਹੈ, ਜਿਸ ਤਰ੍ਹਾਂ ਜੰਝ ਮੇਲ ਆਦਿ, ਤਾਂ ਇਹ ਚੰਗੀ ਕਰਨੀ ਨਹੀਂ। ਜੇ ਇਹ ਖੇਚਲ ਨਹੀਂ ਦੇਂਦੀ, ਪਰ ਲੋਕਾਂ ਵਿੱਚ ਰੀਸ ਪੈਦਾ ਕਰ ਕੇ ਉਹਨਾਂ ਦੀ ਫਜ਼ੂਲ-ਖਰਚੀ ਵਿੱਚ ਵਾਧਾ ਕਰਦੀ ਹੈ, ਤਾਂ ਵੀ ਇਹ ਚੰਗੀ ਨਹੀਂ। ਭਾਵੇਂ ਹਰ ਕਿਸੇ ਨੂੰ ਆਪਣੀ ਕਰਨੀ ਲਈ ਆਜ਼ਾਦੀ ਹੈ। ਪਰ ਆਦਮੀ ਇਕ ਸਮਾਜੀ ਵਿਅਕਤੀ ਹੈ, ਇਸ ਲਈ ਇਹਦਾ ਭਾਈਚਾਰੇ ਉਤੇ ਆਪਣੇ ਹਰ ਕੰਮ ਦੇ ਅਸਰ ਦਾ ਵਿਚਾਰ ਕਰਨਾ ਅਤਿ ਜ਼ਰੂਰੀ ਹੈ।

ਪਰ ਜਿੱਥੇ ਤੁਸੀਂ ਵੇਖੋ ਕਿ ਰਸਮ ਦੀ ਪਾਲਣਾ ਤੁਹਾਨੂੰ ਪੁੱਜਤ ਨਾਲੋਂ ਵੱਧ ਖ਼ਰਚ ਕਰਨ ਲਈ ਮਜਬੂਰ ਕਰਦੀ ਹੈ, ਜਾਂ ਬੇ-ਅਰਥ ਸਮਾਂ ਖ਼ਰਚ ਕਰਾਂਦੀ ਹੈ, ਜਾਂ ਦੂਜਿਆਂ ਦੀ ਹੋਣੀ ਵਿੱਚ ਰੁਕਾਵਟ ਪੈਦਾ ਕਰਦੀ ਹੈ, ਜਿਸ ਤਰ੍ਹਾਂ ਵਿਧਵਾ ਸੰਸਥਾ ਆਦਿ, ਤਾਂ ਇਹੋ ਜਿਹੀ ਰਸਮ ਦਾ ਪਾਲਣ ਕਰਨਾ ਨਾ ਸਿਰਫ਼ ਕਮਜ਼ੋਰੀ ਹੈ, ਸਗੋਂ ਗੁਨਾਹ ਹੈ।

ਭੈੜੀਆਂ, ਮਰ ਚੁੱਕੀਆਂ, ਕੋਝੀਆਂ, ਫਜ਼ੂਲ-ਖਰਚੀ ਕਰਾਣ ਵਾਲੀਆਂ ਰਸਮਾਂ ਨੂੰ ਤੋੜਨ ਦੀ ਦਲੇਰੀ ਪੈਦਾ ਕਰਨਾ ਇਕ ਭਾਰੀ ਭਾਈਚਾਰਕ ਖ਼ੂਬੀ ਹੈ। ਹਰੇਕ ਰਸਮ ਸਮਾਂ ਪਾ ਕੇ ਮਰ ਜਾਂਦੀ ਹੈ। ਮੋਈਆਂ ਰਸਮਾਂ ਨੂੰ ਜ਼ਿੰਦਗੀ ਦਾ ਭਾਗ ਬਣਾਈ ਰੱਖਣਾ ਸੜ੍ਹਿਆਂਦ ਪੈਦਾ ਕਰਦਾ ਹੈ। ਜਿਹੜੀ ਰਸਮ ਅੱਜ ਚੰਗੀ ਹੈ, ਉਹ ਕੁਝ ਸਮੇਂ ਬਾਅਦ ਬੋਝਲ ਤੇ ਕੋਝੀ ਹੋ ਜਾਂਦੀ ਹੈ। ਰਸਮ ਨੂੰ ਰਸਮ ਦੀ ਖ਼ਾਤਰ ਪਾਲਣਾ ਆਤਮਕ ਕਮਜ਼ੋਰੀ ਦੀ ਸੂਚਨਾ ਹੈ।

ਜੀਵਨ-ਜਾਚ ਵਿੱਚੋਂ ਸਿਆਣਪ ਦਾ ਵਾਧਾ ਕਰਦਿਆਂ ਰਹਿਣ ਲਈ ਜ਼ਰੂਰੀ ਹੈ ਕਿ ਰਸਮਾਂ ਦੀ ਕਾਂਟ-ਛਾਂਟ ਖੁਲ੍ਹੀ ਤਰ੍ਹਾਂ ਹੁੰਦੀ ਰਹੇ।

ਰਸਮਾਂ ਦਾ ਸੰਬੰਧ ਸਿਰਫ਼ ਜ਼ਿੰਦਗੀ ਦੇ ਵਤੀਰੇ ਨਾਲ ਹੈ, ਜਜ਼ਬਿਆਂ ਤੇ ਅਕੀਦਿਆਂ ਨਾਲ ਇਸ ਦਾ ਵਾਸਤਾ ਨਹੀਂ ਹੋਣਾ ਚਾਹੀਦਾ। ਪੁਸ਼ਾਕ ਤੇ ਖ਼ੁਰਾਕ ਰਸਮੀ ਹੋ ਸਕਦੇ ਹਨ, ਫ਼ਲਸਫ਼ਾ ਰਸਮੀ ਨਹੀਂ ਹੋ ਸਕਦਾ। ਜਦੋਂ ਲੋਕ ਮਜ਼੍ਹਬ, ਪਿਆਰ ਤੇ ਫ਼ਲਸਫ਼ੇ ਨੂੰ ਵੀ ਰਸਮ ਦੇ ਅਧੀਨ ਕਰ ਲੈਂਦੇ ਹਨ, ਓਦੋਂ ਨਾ ਸਿਰਫ਼ ਉਹਨਾਂ ਦੀ ਆਤਮਕ ਰਵਾਨੀ ਹੀ ਰੁਕ ਜਾਂਦੀ ਹੈ, ਸਗੋਂ ਜੀਵਨ-ਜਲ ਰੁਕ ਜਾਣ ਕਰ ਕੇ ਕੰਢਿਆਂ ਵਿੱਚ ਸਮਾ ਨਹੀਂ ਸਕਦਾ ਤੇ ਕਈ ਥਾਵਾਂ ਤੋਂ ਕੰਢੇ ਰੁੜ੍ਹ ਜਾਂਦੇ ਹਨ।

ਜਜ਼ਬੇ ਤੇ ਅਕੀਦੇ ਰਸਮ ਦੇ ਘੇਰੇ ਤੋਂ ਬਾਹਰ ਰਖਿਆਂ ਹੀ ਚੌੜੇ ਤੇ ਉਚੇ ਹੋ ਸਕਦੇ ਹਨ, ਕਿਉਂਕਿ ਇਹਨਾਂ ਦੀ ਪ੍ਰਕਿਰਤੀ ਹੀ ਹੱਦਾਂ ਟੱਪਣਾ ਤੇ ਵਿਸ਼ਾਲ ਹੋਣਾ ਹੈ।

ਜਾਇਦਾਦ

ਜਾਇਦਾਦ ਦੀ ਸੰਸਥਾ ਮਨੁੱਖੀ ਜੀਵਨ ਦੀ ਉੱਨਤੀ ਦੀ ਇਕ ਮੰਜ਼ਿਲ ਹੈ। ਇਸ ਨੇ ਮਨੁੱਖ ਵਿੱਚ ਸੰਜਮ ਦੀ ਸਿਫ਼ਤ ਪੈਦਾ ਕੀਤੀ, ਵਡੇਰੇ ਕੰਮਾਂ ਲਈ ਸ਼ਰਮਾਇਆ ਪੈਦਾ ਕੀਤਾ ਹੈ। ਪਰ ਜਿਸ ਤਰ੍ਹਾਂ ਹੋਣਹਾਰ ਵਿਦਿਆਰਥੀ ਕਿਤਾਬਾਂ ਪੜ੍ਹਦਾ, ਮੁਕਾਂਦਾ ਤੇ ਨਵੀਆਂ ਛੁੰਹਦਾ ਜਾਂਦਾ ਹੈ, ਉਸੇ ਤਰ੍ਹਾਂ ਅਗਾਂਹ ਵਧਦੀ ਮਨੁੱਖ-ਜਾਤੀ ਵੀ ਸੰਸਥਾਵਾਂ ਬਣਾਂਦੀ, ਤਿਆਗਦੀ ਤੇ ਨਵੀਆਂ ਦਾ ਅਰੰਭ ਕਰਦੀ ਰਹਿੰਦੀ ਹੈ। ਜਿਹੜਾ ਵਿਦਿਆਰਥੀ ਇਕੋ ਕਿਤਾਬ ਉਤੇ ਅਟਕਿਆ ਰਹਿੰਦਾ ਹੈ, ਉਹ ਜਮਾਤਾਂ ਨਹੀਂ ਚੜ੍ਹਦਾ।

ਜਾਇਦਾਦ ਦੀ ਸੰਸਥਾ ਨੇ ਜੋ ਕੁਝ ਮਨੁੱਖ ਨੂੰ ਦੇਣਾ ਸੀ, ਉਹ ਦੇਰ ਦਾ ਦੇ ਚੁੱਕੀ ਹੋਈ ਹੈ, ਹੁਣ ਇਸ ਤੋਂ ਉਚੇਰੀ ਕਿਸੇ ਸੰਸਥਾ ਦਾ ਧਿਆਨ ਕਰਨਾ ਚਾਹੀਦਾ ਹੈ। ਸ਼ਖ਼ਸੀ ਜਾਇਦਾਦ ਤੋਂ ਉਚੇਰੀ ਅਵਸਥਾ ਸਾਂਝਾ ਸੰਸਾਰ-ਪ੍ਰੀਤ-ਮੰਡਲ ਹੈ, ਜਿਸ ਵਿੱਚ ਸਾਰੀ ਦੁਨੀਆਂ ਮਨੁੱਖ ਦੀ ਸਾਂਝੀ ਜਾਇਦਾਦ ਹੋਵੇਗੀ।

ਸ਼ਖ਼ਸੀ ਜਾਇਦਾਦ ਨੂੰ ਰੱਦ ਕਰਨ ਤੋਂ ਇਹ ਭਾਵ ਨਹੀਂ ਕਿ ਕਿਸੇ ਨੂੰ ਸੰਜਮ ਦੀ ਪ੍ਰੇਰਨਾ ਹੀ ਨਾ ਹੋਵੇ। ਦੋ ਆਦਮੀ ਇਕੋ ਜਿੰਨੀ ਤਨਖ਼ਾਹ ਲੈਂਦੇ ਹਨ। ਇਕ ਆਦਮੀ ਜ਼ਰੂਰਤ ਨਾਲੋਂ ਵਧ ਖਾਂਦਾ ਹੈ, ਵਧ ਖਾਣ ਕਰਕੇ ਬਹੁਤ ਬੀਮਾਰ ਹੁੰਦਾ ਹੈ, ਬਹੁਤ ਬੀਮਾਰ ਹੋਣ ਕਰਕੇ ਕੰਮ ਘਟ ਕਰਦਾ ਹੈ, ਖ਼ਰਚ ਵਲੋਂ ਤੰਗ ਰਹਿੰਦਾ ਹੈ, ਤੇ ਕਦੇ ਕਰਜ਼ਾਈ ਵੀ ਹੋ ਜਾਂਦਾ ਹੈ। ਦੂਜਾ ਆਦਮੀ ਸੰਜਮ ਨਾਲ ਖਾਂਦਾ ਹੈ, ਵਰਜ਼ਿਸ਼ ਤੇ ਜੀਵਨ ਦੀ ਬਾਕਾਇਦਗੀ ਨਾਲ ਸਿਹਤ ਚੰਗੀ ਰੱਖਦਾ ਹੈ, ਬਹੁਤ ਕੰਮ ਕਰਦਾ ਤੇ ਬਹੁਤ ਮਜ਼ਦੂਰੀ ਕਮਾਂਦਾ ਹੈ, ਉਹ ਯੋਗ ਮਿਆਰ ਕਾਇਮ ਰੱਖ ਕੇ ਵੀ ਕੁਝ ਬਚਾਂਦਾ ਹੈ। ਇਹ ਬੱਚਤ ਕੁਝ ਸਾਲਾਂ ਵਿੱਚ ਚੌਖੀ ਰਕਮ ਬਣ ਜਾਂਦੀ ਹੈ। ਇਸ ਰਕਮ ਨਾਲ ਉਹ ਇਕ ਸੁੱਚਜਾ ਜਿਹਾ ਘਰ

ਬਣਾਂਦਾ ਹੈ, ਜਾਂ ਦੁਨੀਆਂ ਦੀ ਸੈਰ ਕਰਦਾ ਹੈ, ਜਾਂ ਇਕ ਸੋਹਣੀ ਜਿਹੀ ਲਾਇਬ੍ਰੇਰੀ ਖ਼ਰੀਦਦਾ ਹੈ। ਕੀ ਇਹ ਵੀ ਜਾਇਦਾਦ ਸਮਝੀ ਜਾਏਗੀ? ਕੀ ਇਸ ਉਤੇ ਉਸ ਦਾ ਹੱਕ ਨਹੀਂ ਹੋਣਾ ਚਾਹੀਦਾ?

ਜ਼ਰੂਰ ਹੋਣਾ ਚਾਹੀਦਾ ਹੈ। ਜਾਇਦਾਦ ਉਸੇ ਵੇਲੇ ਹਾਨੀਕਾਰਕ ਹੋ ਜਾਂਦੀ ਹੈ, ਜਦੋਂ ਉਹ ਜ਼ਾਤੀ ਹੱਕਾਂ ਤੋਂ ਬਿਨਾਂ ਸੰਤਾਨ ਵਿੱਚ ਵੰਡੀ ਜਾ ਸਕੇ। ਹਰ ਕੋਈ ਆਪਣੀ ਬੱਚਤ, ਆਪਣੇ ਮਕਾਨ-ਬਾਗ਼ ਆਦਿ ਨੂੰ ਆਪਣੀ ਜ਼ਿੰਦਗੀ ਤਕ ਹੀ ਵਰਤ ਸਕੇ। ਉਸ ਦੀ ਜ਼ਿੰਦਗੀ ਦੇ ਬਾਅਦ ਉਹ ਜਾਇਦਾਦ ਕੌਮ ਦੀ ਮਲਕੀਅਤ ਹੋਵੇ। ਜਿਹੜਾ ਕੋਈ ਜ਼ਮੀਨ ਵਾਹੁੰਦਾ ਹੈ, ਉਸੇ ਦੀ ਜ਼ਮੀਨ ਹੋਵੇ, ਦੂਜੇ ਕਿਸੇ ਨੂੰ ਜ਼ਮੀਨ ਦੇ ਮਾਲਕ ਹੋਣ ਦਾ ਹੱਕ ਨਾ ਦਿੱਤਾ ਜਾਏ।

ਹਰ ਜ਼ਾਤੀ ਯੋਗਤਾ ਤੇ ਸੰਜਮ ਦੇ ਆਧਾਰ ਉਤੇ ਹਰ ਕਿਸੇ ਨੂੰ ਸੇਵਾ, ਵਿਕਾਸ ਤੇ ਜ਼ਿੰਦਗੀ ਮਾਣਨ ਦੇ ਅਵਸਰ ਦਿੱਤੇ ਜਾਣ। ਚੰਗਾ ਮਕਾਨ, ਚੰਗੀ ਸਵਾਰੀ, ਦੁਨੀਆਂ ਦਾ ਚੰਗਾ ਸਫ਼ਰ, ਚੰਗਾ ਸੰਗੀਤ ਤੇ ਚੰਗੇ ਬੱਚੇ ਪਾਲਣ, ਬੁਢਾਪੇ ਵਿੱਚ ਆਰਾਮ ਦੇ ਨਿਸ਼ਚਿੰਤਤਾ ਆਦਿ ਦੇ ਵਸੀਲਿਆਂ ਉਤੇ ਉਸ ਦਾ ਹੱਕ ਹੈ ਜਿਸ ਨੇ ਬੜੀ ਯੋਗਤਾ ਨਾਲ ਜੀਵਨ ਬਤੀਤ ਕੀਤਾ ਤੇ ਸੰਜਮ ਨਾਲ ਆਪਣੀ ਆਮਦਨ ਨੂੰ ਵਰਤਿਆ ਹੈ।

ਪਰ ਜਦੋਂ ਉਹ ਮਰ ਜਾਏ, ਓਦੋਂ ਉਸ ਦੀ ਸੰਤਾਨ ਦਾ ਉਸ ਜਾਇਦਾਦ ਉਤੇ ਸਿਵਾਏ ਵਿਦਿਆ ਤੇ ਪਰਵਰਿਸ਼ ਦੇ, ਹੋਰ ਕੋਈ ਹੱਕ ਨਾ ਹੋਵੇ। ਇਹ ਜਾਇਦਾਦ ਸਿਰਫ਼ ਜ਼ਾਤੀ ਸੇਵਾ ਦੇ ਇਵਜ਼ ਵਿੱਚ ਜ਼ਾਤੀ ਨਿਆਸ ਸੀ। ਸੰਤਾਨ ਆਪਣੇ ਹੱਕ ਜ਼ਾਤੀ ਸੇਵਾ ਨਾਲ ਬਣਾਏ। ਚੰਗੀ ਵਿਦਿਆ ਤੇ ਚੰਗੀ ਪਰਵਰਿਸ਼ ਲੈਣਾ ਹਰੇਕ ਚੰਗੇ ਬੱਚੇ ਦਾ ਹੱਕ ਹੈ, ਭਾਵੇਂ ਉਹ ਅਮੀਰ ਦੇ ਘਰ ਤੇ ਭਾਵੇਂ ਗ਼ਰੀਬਾਂ ਦੇ ਜੰਮਿਆ ਹੋਵੇ। ਇਸ ਗੱਲ ਦੀ ਜ਼ਿੰਮੇਵਾਰੀ ਕੌਮ ਦੇ ਸਿਰ ਹੈ।

ਬੱਚਿਆਂ ਲਈ ਜਾਇਦਾਦ ਛੱਡਣਾ ਕਾਨੂੰਨੀ ਤੌਰ ਉਤੇ ਮਨ੍ਹਾ ਕੀਤਾ ਜਾਏ, ਕਿਉਂਕਿ ਇਸ ਜਾਇਦਾਦ ਨੇ ਅਨੇਕਾਂ ਹੋਣਹਾਰ ਬੱਚੇ ਬਰਬਾਦ ਕੀਤੇ ਹਨ। ਅੱਜ ਤਕ ਅਮਰੀਕਾ ਵਿੱਚ ਕਿਸੇ ਪ੍ਰਧਾਨ ਦਾ ਪੁੱਤਰ ਅਮਰੀਕਾ ਦਾ ਪ੍ਰਧਾਨ ਨਹੀਂ ਬਣਿਆ। ਇਸ ਕਰਕੇ ਕਿ ਸਿਰਫ਼ ਉਸੇ ਅਮੀਰੀ ਵਿੱਚੋਂ ਵਡਿੱਤਣ ਪੈਦਾ ਹੋ ਸਕਦੀ ਹੈ ਜਿਹੜੀ ਜ਼ਾਤੀ ਕੋਸ਼ਿਸ਼ ਨਾਲ ਪੈਦਾ ਕੀਤੀ ਜਾਏ। ਕਮਾਈ ਹੋਈ ਜਾਇਦਾਦ ਜ਼ਹਿਰ ਦਾ ਕੁਸ਼ਤਾ ਹੈ, ਜਿਹੜਾ ਸੰਜਮ ਨਾਲ ਵਰਤਿਆਂ ਸਰੀਰ ਨੂੰ ਮਜ਼ਬੂਤ ਕਰਦਾ ਹੈ; ਅਣਕਮਾਈ ਹੋਈ ਜਾਇਦਾਦ ਇਕ ਸਾਬਤ ਜ਼ਹਿਰ ਹੈ ਜਿਹੜਾ ਆਤਮਕ ਮੌਤ ਦਾ ਕਾਰਨ ਬਣਦਾ ਹੈ।

ਯੋਗਤਾ ਅਨੁਸਾਰ ਤਨਖ਼ਾਹਾਂ ਹੋਣ ਤੇ ਬੱਚਤ ਅਨੁਸਾਰ ਜ਼ਿੰਦਗੀ ਮਾਣਨ ਦੇ ਵਸੀਲੇ ਦਿੱਤੇ ਜਾਣ, ਪਰ ਇਹ ਸਭ ਵਸੀਲੇ ਜ਼ਾਤੀ ਨਿਆਸ ਸਮਝੇ ਜਾਣ ਤੇ ਮੌਤੋਂ ਬਾਅਦ ਕੌਮੀ ਖਜ਼ਾਨੇ ਵਿੱਚ ਵਾਪਸ ਕੀਤੇ ਜਾਣ। ਕਿਸੇ ਨੂੰ ਸਿਵਾਏ ਸਾਦੀ ਖ਼ੁਰਾਕ, ਪੁਸ਼ਾਕ ਤੇ ਰਿਹਾਇਸ਼ ਦੇ ਕੋਈ ਹੋਰ ਚੀਜ਼ ਬਿਨ-ਕਮਾਏ ਨਾ ਦਿੱਤੀ ਜਾਏ। ਜਿਸ ਤਰ੍ਹਾਂ ਪਿੰਨਸ਼ਨ ਚੰਗੇ ਸੇਵਕ ਨੂੰ ਉਹਦੇ ਜੀਵਨ ਤੇ ਆਰਾਮ ਲਈ ਦਿੱਤੀ ਜਾਂਦੀ ਹੈ, ਤੇ ਮਰਦਿਆਂ ਸਾਰ ਖ਼ਤਮ ਸਮਝੀ ਜਾਂਦੀ ਹੈ, ਉਸੇ ਤਰ੍ਹਾਂ ਕਮਾਈ ਦੀ ਬੱਚਤ ਨਾਲ ਬਣਾਈ ਜਾਇਦਾਦ ਵੀ ਮੌਤ ਦੇ ਨਾਲ ਖ਼ਤਮ ਸਮਝੀ ਜਾਣੀ ਚਾਹੀਦੀ ਹੈ।

ਇਸ ਤਰ੍ਹਾਂ ਬੱਚਿਆਂ ਦੀ ਪਰਵਰਿਸ਼ ਵਲ ਜ਼ਿਆਦਾ ਜ਼ੋਰ ਦਿੱਤਾ ਜਾਏਗਾ; ਗਹਿਣੇ, ਮਕਾਨ ਤੇ ਜ਼ਮੀਨਾਂ ਖ਼ਰੀਦ-ਖ਼ਰੀਦ ਜਮ੍ਹਾ ਕਰਨ ਦਾ ਖ਼ਿਆਲ ਬੇਲੋੜਾ ਸਮਝਿਆ ਜਾਏਗਾ। ਅਨੇਕਾਂ ਪਿਓ ਇਹੋ ਜਿਹੇ ਵੇਖੇ ਜਾਂਦੇ ਹਨ, ਜਿਨ੍ਹਾਂ ਨੇ ਸ਼ਹਿਰ ਵਿੱਚ ਦਸ-ਦਸ ਮਕਾਨ ਖ਼ਰੀਦੇ ਹੋਏ ਹਨ, ਪਰ ਉਹਨਾਂ ਦੇ ਬੱਚੇ ਨਾਲਾਇਕ ਹਨ, ਔਸਤ ਆਦਮੀ ਦੀ ਸੰਤਾਨ ਜਿੰਨੀ ਵਿਦਿਆ ਵੀ ਉਹਨਾਂ ਨੂੰ ਨਹੀਂ ਦਿੱਤੀ ਗਈ ਤੇ ਉਹਨਾਂ ਦੇ ਘਰਾਂ ਵਿੱਚ ਝਗੜਾ-ਫ਼ਸਾਦ ਸਦੀਵੀ ਰਹਿੰਦਾ ਹੈ।

ਇਹ ਬੁਰਾਈ ਜਾਇਦਾਦ ਦੀ ਬੇ-ਮੇਚੀ ਕੀਮਤ ਕਰਕੇ ਹੈ। ਭਾਈਚਾਰਾ ਜਾਇਦਾਦ ਵਾਲੇ ਆਦਮੀ ਦੀ ਬੇ-ਹੱਕੀ ਕਦਰ ਕਰਦਾ ਹੈ। ਅਸਲ ਵਿੱਚ ਕਦਰ ਦੇ ਯੋਗ ਉਹੀ ਹੈ, ਜਿਹੜਾ ਕੋਈ ਲਾਭਦਾਇਕ ਸੇਵਾ ਵਿੱਚ ਲੱਗਾ ਹੋਇਆ ਹੈ, ਚੰਗਾ ਮਿਆਰ ਬਣਾਂਦਾ ਹੈ, ਸਾਫ਼ ਘਰ ਵਿੱਚ ਰਹਿੰਦਾ ਹੈ, ਚੰਗੇ ਬੱਚੇ ਪੈਦਾ ਕਰਦਾ ਹੈ, ਆਲੇ-ਦੁਆਲੇ ਦੀ ਖ਼ੂਬਸੂਰਤੀ ਵਧਾਂਦਾ ਤੇ ਭਾਈਚਾਰੇ ਦਾ ਮਾਨਯੋਗ ਮੈਂਬਰ ਹੈ।

ਸੰਤਾਨ:

ਸੰਤਾਨ ਇਕ ਵਿਅਕਤੀ ਦੀ ਸ਼ਖ਼ਸੀਅਤ ਦਾ ਵਧਾਅ ਹੈ।

ਕੋਈ ਮਨੁੱਖ ਆਪਣੀ ਸੰਤਾਨ ਦੇ ਚੰਗੇ ਮੰਦੇ ਹੋਣ ਦੀ ਜ਼ਿੰਮੇਵਾਰੀ ਤੋਂ ਸੁਤੰਤਰ ਨਹੀਂ ਕੀਤਾ ਜਾ ਸਕਦਾ। ਜੇ ਕਿਸੇ ਦੇ ਦੋ ਬੱਚੇ ਹਨ ਪਰ ਇਕ ਨਾਲਾਇਕ ਹੈ, ਤਾਂ ਇਹ ਉਸੇ ਤਰ੍ਹਾਂ ਹੈ, ਜੀਕਰ ਕਿਸੇ ਦਰਖ਼ਤ ਦੇ ਦੋ ਟਾਹਣ ਬੜੇ ਹਰੇ ਭਰੇ ਹੋਣ ਤੇ ਇਕ ਟਾਹਣ ਵਿੰਗ ਤੜਿੰਗਾ, ਅਧ-ਮਰੇ ਪੱਤਿਆਂ ਵਾਲਾ ਹੋਵੇ। ਜੇ ਇਹ ਟਾਹਣ ਰਹਿਣ ਦਿੱਤਾ ਜਾਵੇ, ਤਾਂ ਉਹ ਬਿਲਕੁਲ ਉਲਾਰ ਜਿਹਾ ਤੇ ਬੇਕਾਇਦਾ ਦਿੱਸਦਾ ਹੈ।

ਸੰਤਾਨ ਤੁਹਾਡੀ ਨਿਸ਼ਾਨੀ ਨਹੀਂ, ਨਾ ਬੁਢਾਪੇ ਵਿੱਚ ਮਦਦ ਦੇਣ ਦਾ ਕੋਈ ਬਾਹਰਲਾ ਵਸੀਲਾ ਹੈ। ਇਹ ਤੁਸੀਂ ਆਪ ਹੋ। ਜਿਹੜੇ ਖ਼ਿਆਲ ਤੁਹਾਡੇ ਬੱਚਿਆਂ ਦੇ ਦਿਲਾਂ ਵਿੱਚ ਪੈਦਾ ਹੁੰਦੇ ਹਨ, ਜਿਹੜੀ ਆਜ਼ਾਦੀ ਦੀ ਮੰਗ ਉਹਨਾਂ ਦੇ ਦਿਲਾਂ ਵਿੱਚੋਂ ਉਠਦੀ ਹੈ, ਇਹ ਸਭ ਕੁਝ ਤੁਹਾਡੀ ਆਪਣੀ ਹੀ ਆਤਮਾ ਦਾ ਵਿਕਾਸ ਹੈ। ਇਸ ਨੂੰ ਬਾਹਰਲਾ ਕੁਝ ਸਮਝ ਕੇ ਰੋਕਣ ਵਰਜਣ ਦਾ ਜਤਨ ਨਾ ਕਰੋ — ਇਹ ਸਭ ਤੁਹਾਡਾ ਹੀ ਪਸਾਰਾ ਹੈ, ਇਸ ਨੂੰ ਉਸੇ ਤਰ੍ਹਾਂ ਸਿਧਾਓ ਜੀਕਰ ਤੁਸੀਂ ਆਪਣੇ ਜਜ਼ਬਿਆਂ ਨੂੰ ਸਿਧਾਂਦੇ ਤੋਂ ਸ੍ਵੈ-ਕਾਬੂ ਵਿੱਚ ਲਿਆਉਂਦੇ ਹੋ।

ਕੋਈ ਬ੍ਰਿਛ ਆਪਣੀਆਂ ਟਹਿਣੀਆਂ ਦੇ ਖਿਲਾਰ ਨੂੰ ਰੋਕ ਨਹੀਂ ਸਕਦਾ। ਜੇ ਜੜ੍ਹਾਂ ਅਮੀਰ ਧਰਤੀ ਵਿੱਚ ਹਨ ਤੇ ਜਲ-ਵਾਯੂ ਚੰਗਾ ਹੈ ਤੇ ਖਿੜਰਨ ਦੀ ਥਾਂ ਵੀ ਖੁਲ੍ਹੀ ਹੈ, ਤਾਂ ਕੋਈ ਮਨਾਹੀ ਟਹਿਣੀਆਂ ਦੇ ਵਧਾਅ ਨੂੰ ਰੋਕ ਨਹੀਂ ਸਕਦੀ।

ਬੱਚਿਆਂ ਲਈ ਆਪਣੇ ਆਪ ਨੂੰ ਕਦੇ ਨਮੂਨਾ ਨਾ ਬਣਾਓ। ਨਵੀਆਂ ਆਜ਼ਾਦੀਆਂ ਤੇ ਨਵੇਂ ਮਨੋਰਥਾਂ ਦੇ ਅਵਸਰ ਬੱਚਿਆਂ ਲਈ ਪੈਦਾ ਕਰੋ। ਜਿਸ ਬੱਚੇ ਦੀ ਹੋਣੀ ਆਪਣੇ ਮਾਪਿਆਂ ਨਾਲੋਂ ਵੱਖਰੀ ਨਹੀਂ, ਉਹ ਨਾ-ਕਾਮਯਾਬ ਤਜਰਬਾ ਹੈ।

ਸੰਤਾਨ ਨੂੰ ਆਪਣੀ ਮੁਕਤੀ ਦਾ ਵਸੀਲਾ ਸਮਝ ਲੈਣਾ ਖ਼ੁਦਗ਼ਰਜ਼ੀ ਹੈ। ਕਈ ਮਨੁੱਖ ਝੂਰਦੇ ਹਨ ਕਿ ਉਹਨਾਂ ਦੀ ਸੰਤਾਨ

ਨਹੀਂ, ਕੌਣ ਉਹਨਾਂ ਦੀ ਅੰਤਮ ਕਿਰਿਆ ਕਰੇਗਾ; ਕੌਣ ਉਹਨਾਂ ਦੇ ਪਿੰਡ ਭਰਾਏਗਾ ਤੇ ਕੌਣ ਉਹਨਾਂ ਦੇ ਸਰਾਧ ਖੁਆਏਗਾ।

ਸੰਤਾਨ ਵਰਤਮਾਨ ਨਸਲ ਦੀ ਚੰਗੇਰੀ ਦੁਨੀਆਂ ਪੈਦਾ ਕਰਨ ਦੀ ਪ੍ਰਾਕਿਰਤਿਕ ਕੋਸ਼ਿਸ਼ ਹੈ। ਜਿਹੜਾ ਬੱਚਾ ਚੰਗਾ ਨਹੀਂ ਉਹ ਗ਼ਲਤ ਬਣ ਗਈ ਕੋਈ ਚੀਜ਼ ਹੈ, ਉਸ ਨੂੰ ਕੁਦਰਤੀ ਤਾਕਤਾਂ ਨੇਸਤ ਕਰਨ ਦੇ ਜਤਨ ਵਿੱਚ ਲੱਗ ਜਾਣਗੀਆਂ।

ਕਈ ਮਨੁੱਖ ਆਪਣਾ ਵਿਹਾਰ ਜਾਂ ਦਫ਼ਤਰੀ ਕੰਮ ਬੜੀ ਯੋਗਤਾ ਨਾਲ ਕਰਦੇ ਹਨ, ਪਰ ਸੰਤਾਨ ਵਲ ਖ਼ਿਆਲ ਨਹੀਂ ਦੇਂਦੇ। ਇਹ ਉਸੇ ਤਰ੍ਹਾਂ ਹਨ, ਜਿਸ ਤਰ੍ਹਾਂ ਇਕ ਕਿਸਾਨ ਪੈਲੀ ਨੂੰ ਚੰਗੀ ਤਰ੍ਹਾਂ ਵਾਹੁੰਦਾ, ਸੁਆਰਦਾ ਤੇ ਬੀਜਦਾ ਹੈ, ਪਰ ਆਪਣੇ ਵੱਛਿਆਂ ਕੱਟਿਆਂ ਦਾ ਧਿਆਨ ਨਹੀ ਰੱਖਦਾ, ਜਿਹੜੇ ਸਾਰੀ ਉਗੀ ਫ਼ਸਲ ਬਰਬਾਦ ਕਰ ਆਉਂਦੇ ਹਨ।

ਸਾਡਾ ਚੰਗਾ ਕੰਮ, ਸਾਡੀ ਦਿਆਨਤਦਾਰੀ ਕਿਸੇ ਅਰਥ ਨਹੀਂ, ਜੇ ਸਾਡੀ ਅਣਗਹਿਲੀ ਅੱਧੀ ਦਰਜਨ ਬਦ-ਦਿਆਨਤ ਤੇ ਨਿਕੰਮੇ ਬੱਚੇ ਪੈਦਾ ਕਰ ਦੇਂਦੀ ਹੈ। ਅਸਾਂ ਆਪਣੇ ਚੰਗੇ ਕੰਮ ਨਾਲ ਦੁਨੀਆਂ ਦਾ ਜੀਵਨ-ਮਿਆਰ ਏਡਾ ਉੱਚਾ ਨਹੀ ਕੀਤਾ ਹੁੰਦਾ ਜੇਡਾ ਸਾਡੀ ਮਾੜੀ ਸੰਤਾਨ ਨੀਵਾਂ ਕਰ ਦੇਂਦੀ ਹੈ।

ਕਿਸੇ ਮਰਦ ਜਾਂ ਇਸਤਰੀ ਨੂੰ ਮਾੜੇ ਬੱਚੇ ਪੈਦਾ ਕਰਨ ਦਾ ਹੱਕ ਨਹੀਂ ਮਿਲਣਾ ਚਾਹੀਦਾ। ਪੂਰਣ ਭਾਈਚਾਰੇ ਵਿੱਚ ਸਿਰਫ਼ ਚੰਗੇ ਮਾਪਿਆਂ ਨੂੰ ਸੰਤਾਨ ਪੈਦਾ ਕਰਨ ਦਾ ਹੱਕ ਦਿੱਤਾ ਜਾਇਗਾ, ਤੇ ਸਿਰਫ਼ ਸੁੱਚਜੇ ਮਾਪਿਆਂ ਨੂੰ ਬੱਚੇ ਪਾਲਣ ਦੀ ਜ਼ਿੰਮੇਵਾਰੀ ਦਿੱਤੀ ਜਾਇਗੀ। ਜਿਹੜੇ ਮਾਪੇ ਬੇ-ਪਰਵਾਹ ਸਾਬਤ ਹੋਣਗੇ ਉਹਨਾਂ ਕੋਲੋਂ ਉਹਨਾਂ ਦੇ ਬੱਚੇ ਲੈ ਕੇ ਕੌਮੀ ਨਿਗਰਾਨੀ ਹੇਠਾਂ ਰੱਖੇ ਜਾਣਗੇ।

ਹਰ ਪਾਸਿਓਂ ਸੰਜਮ ਕਰ ਕੇ, ਹਰ ਸ੍ਵੈ-ਕਾਬੂ ਦੀ ਸਹਾਇਤਾ ਨਾਲ ਬੱਚਿਆਂ ਦੀ ਪਰਵਰਿਸ਼ ਕੀਤੀ ਜਾਏ। ਬੱਚਿਆਂ ਨਾਲ ਦੁਨੀਆਂ ਦੇ ਮਾਲਕਾਂ, ਰਾਜਕੁਮਾਰਾਂ ਤੇ ਰਾਜਕੁਮਾਰੀਆਂ ਵਰਗਾ ਸਲੂਕ ਕੀਤਾ ਜਾਏ। ਜਿਥੇ ਵਰਜਣਾ ਜ਼ਰੂਰੀ ਹੋਵੇ, ਉਥੇ ਸਤਿਕਾਰ ਨਾਲ ਵਰਜਿਆ ਜਾਏ, ਇਹਨਾਂ ਦਾ ਅਦਬ ਕੀਤਾ ਜਾਏ, ਇਹਨਾਂ ਨੂੰ ਆਪਣੇ ਸਿੱਟੇ ਸਮਝ ਕੇ ਸਾਂਭਿਆ ਜਾਏ। ਸਿੱਟੇ ਮੋਟੇ ਤੇ ਸੁਨਹਿਰੀ ਕਰਨ ਲਈ ਆਪਣੇ ਆਪ ਨੂੰ ਪਾਣੀ ਦਿੱਤਾ ਜਾਏ। ਖ਼ਿਆਲ ਸਦਾ ਸਿੱਟਿਆਂ ਦਾ ਹੀ ਹੋਵੇ।

ਬੱਚਿਆਂ ਦਾ ਨਿਰਾਦਰ ਕਰਨਾ, ਇਹਨਾਂ ਨਾਲ ਸਖਤ ਬੋਲਣਾ, ਇਹਨਾਂ ਨੂੰ ਸਹਿਮ ਵਿੱਚ ਰੱਖਣਾ, ਇਹਨਾਂ ਨੂੰ ਪੁੱਜਤ ਹੁੰਦਿਆਂ ਮੈਲਿਆਂ ਤੇ ਅੱਧ-ਨੰਗੇ ਰੱਖਣਾ ਨਾ ਸਿਰਫ਼ ਆਪਣੇ ਆਪ ਨਾਲ ਬੇ-ਇਨਸਾਫ਼ੀ ਕਰਨਾ ਹੈ, ਸਗੋਂ ਸਿਰਜਣਹਾਰ ਸ਼ਕਤੀ ਦੀ ਗੁਸਤਾਖ਼ੀ ਕਰਨਾ ਹੈ। ਜਿਥੇ ਬੱਚਿਆਂ ਨੂੰ ਮਾਰ ਪੈਂਦੀ, ਝਿੜਕਾਂ ਮਿਲਦੀਆਂ ਤੇ ਡਰਾਵੇ ਦਿੱਤੇ ਜਾਂਦੇ ਹਨ, ਉਥੋਂ ਚੰਗੀ ਤਕਦੀਰ ਕੂਚ ਕਰ ਜਾਂਦੀ ਹੈ।

ਪਰ ਜਿਸ ਦੀ ਸੰਤਾਨ ਨਹੀਂ, ਉਹ ਚਾਹੇ ਤਾਂ ਊਣਾ ਨਹੀਂ ਰਹਿ ਸਕਦਾ। ਸੰਤਾਨ ਚੰਗੇਰੀ ਦੁਨੀਆਂ ਬਣਾਨ ਦਾ ਪ੍ਰਾਕਿਰਤਕ ਜਤਨ ਹੈ। ਜਿਹੜਾ ਕੋਈ ਕੰਮਾਂ ਨਾਲ, ਖ਼ਿਆਲਾਂ ਨਾਲ, ਪ੍ਰਭਾਵ ਨਾਲ, ਪਿਆਰ ਨਾਲ ਦੁਨੀਆਂ ਨੂੰ ਚੰਗੇਰੀ ਬਣਾਂਦਾ ਹੈ, ਉਹ ਚੰਗੇਰੀ ਸੰਤਾਨ ਪੈਦਾ ਕਰਨ ਜਿੰਨਾ ਰਸ ਮਾਣ ਸਕਦਾ ਹੈ, ਉਹ ਅਨੇਕਾਂ ਬੱਚਿਆਂ ਨੂੰ ਆਪਣੀ ਸੰਤਾਨ ਬਣਾ ਸਕਦਾ ਹੈ। ਮੇਰਾ ਜ਼ਾਤੀ ਤਜਰਬਾ ਹੈ ਕਿ ਜਿਸ ਬੱਚੇ ਨੂੰ ਚੰਗਿਆਂ ਬਣਾਨ ਵਿੱਚ ਮੈਂ ਜਤਨ ਕਰਦਾ ਹਾਂ, ਉਹ ਮੈਨੂੰ ਆਪਣੇ ਬੱਚੇ ਵਰਗਾ ਹੀ ਪਿਆਰਾ ਲੱਗਣ ਲੱਗ ਪੈਂਦਾ ਹੈ। ਕੁਝ ਸਾਲਾਂ ਵਿੱਚ ਉਸ ਬੱਚੇ ਬਾਬਤ ਮੇਰੇ ਤਜਰਬੇ ਲਗਭਗ ਉਹੋ ਜਿਹੇ ਹੀ ਹੋ ਜਾਂਦੇ ਹਨ, ਜਿਹੋ ਜਿਹੇ ਆਪਣੇ ਬੱਚੇ ਬਾਬਤ।

ਜਿਸ ਨੂੰ ਨਿਜ-ਸੰਤਾਨ ਦੀ ਖੁਸ਼ੀ ਪ੍ਰਾਪਤ ਨਹੀਂ, ਉਹ ਜਿਸ ਨੂੰ ਪਿਆਰ ਕਰ ਕੇ ਚੰਗਿਆਂ ਬਣਾਨ ਦੇ ਆਹਰ ਵਿੱਚ ਲੱਗ ਜਾਇਗਾ; ਉਹੀ ਉਸ ਨੂੰ ਸੰਤਾਨ ਦਾ ਰਸ ਦੇਣ ਲੱਗ ਪਵੇਗਾ, ਉਸੇ ਵਿੱਚ ਉਸ ਦੀ ਸ਼ਖ਼ਸੀਅਤ ਰੂਪਮਾਨ ਹੋਣ ਲੱਗ ਪਵੇਗੀ।

ਸੰਤਾਨ ਸਿਰਫ਼ ਆਪਣੇ ਤੁਖ਼ਮ ਕਰਕੇ ਪਿਆਰੀ ਨਹੀਂ ਹੁੰਦੀ, ਸਗੋਂ ਉਸ ਸੇਵਾ ਕਰਕੇ ਜਿਹੜੀ ਅਸੀਂ ਸੰਤਾਨ ਲਈ ਕਰਦੇ ਹਾਂ, ਤੇ ਉਹਨਾਂ ਰੀਝਾਂ ਕਰਕੇ ਜਿਹੜੀਆਂ ਅਸੀਂ ਉਹਨਾਂ ਲਈ ਬਣਾਂਦੇ ਹਾਂ। ਜਿਸ ਬੱਚੇ ਦੀ ਮਾਪਿਆਂ ਨੇ ਸੇਵਾ ਕੋਈ ਨਹੀਂ ਕੀਤੀ, ਤੇ ਨਾ ਜਿਸ ਸੰਬੰਧੀ ਕੋਈ ਰੀਝਾਂ ਬਣਾਈਆਂ ਹਨ, ਉਹ ਮਾਪਿਆਂ ਵਿੱਚ ਕੋਈ ਜਜ਼ਬੇ ਪੈਦਾ ਨਹੀਂ ਕਰਦਾ।

ਸੇਵਾ ਤੇ ਰੀਝ ਹਰ ਕਿਸੇ ਨੂੰ ਅਪਣਾ ਸਕਦੀਆਂ ਹਨ। ਇਸ ਲਈ ਬੇ-ਸੰਤਾਨ ਜੋੜੇ ਨੂੰ ਨਿਰਾਸ ਹੋਣ ਦੀ ਕੋਈ ਲੋੜ ਨਹੀਂ। ਉਹ ਸੇਵਾ ਤੇ ਰੀਝ ਨਾਲ ਇਕ ਜਾਂ ਇਕ ਤੋਂ ਵਧੀਕ ਬੱਚੇ ਅਪਣੇ ਬਣਾ ਸਕਦੇ ਹਨ, ਉਹਨਾਂ ਕੋਲੋਂ ਉਹ ਜਜ਼ਬਾਤੀ ਤਸੱਲੀ ਵਸੂਲ ਕਰ ਸਕਦੇ ਹਨ, ਜਿਹੜੀ ਆਪਣੇ ਲਹੂ ਨਾਲ ਬਣੀ ਸੰਤਾਨ ਕੋਲੋਂ ਮਾਪੇ ਆਸ ਰਖਦੇ ਹਨ।

ਦੇਸ਼-ਪਿਆਰ:

ਆਪਣੇ ਪਰਵਾਰ ਨਾਲ ਪਿਆਰ ਹੈਵਾਨਾਂ ਵਿੱਚ ਵੀ ਹੁੰਦਾ ਹੈ। ਕਬੀਲੇ, ਕੌਮ ਤੇ ਪਿੰਡ ਜਾਂ ਸ਼ਹਿਰ ਨਾਲ ਪਿਆਰ ਉੱਨਤ ਹੁੰਦੇ ਭਾਈਚਾਰੇ ਦੀਆਂ ਨਿਸ਼ਾਨੀਆਂ ਹਨ। ਪਰ ਜਦੋਂ ਇਕ ਕੌਮ ਨੂੰ ਆਪਣਾ ਦੇਸ਼ ਪਿਆਰਾ ਲੱਗਣ ਲੱਗ ਪਵੇ, ਉਹ ਸਭਿਅਤਾ ਦੇ ਮੰਡਲ ਵਿੱਚ ਦਾਖ਼ਲ ਹੋ ਗਈ ਹੁੰਦੀ ਹੈ। ਦੇਸ਼ ਤਾਂ ਹੀ ਪਿਆਰਾ ਲੱਗ ਸਕਦਾ ਹੈ, ਜੇ ਉਸ ਵਿੱਚ ਰਹਿਣ ਵਾਲਿਆਂ ਨੇ ਕੋਈ ਪਿਆਰੀਆਂ ਮਲਕੀਅਤਾਂ ਪੈਦਾ ਕਰ ਲਈਆਂ ਹੋਣ। ਮਾਦੀ ਮਲਕੀਅਤਾਂ ਨਾਲੋਂ ਰੂਹਾਨੀ ਮਲਕੀਅਤਾਂ ਬਹੁਤੀਆਂ ਅਜ਼ੀਜ਼ ਤੇ ਕੁਰਬਾਨੀ ਕਰ ਕੇ ਸਾਂਭਣ ਵਾਲੀਆਂ ਹੁੰਦੀਆਂ ਹਨ। ਜਿਸ ਕੌਮ ਨੇ ਆਜ਼ਾਦੀ, ਇਨਸਾਫ਼, ਸ਼ਖ਼ਸੀਅਤ ਵਰਗੀਆਂ ਲਾਸਾਨੀ ਸੰਸਥਾਵਾਂ ਅਸਥਾਪਨ ਕਰ ਲਈਆਂ ਹੋਣ, ਉਸ ਵਿੱਚ ਆਪਣੇ ਦੇਸ਼ ਦਾ ਪਿਆਰ ਪ੍ਰਬਲ ਹੋ ਜਾਂਦਾ ਹੈ, ਕਿਉਂਕਿ ਗ਼ੈਰ-ਹਕੂਮਤ ਹੇਠਾਂ ਉਹ ਇਹਨਾਂ ਨੂੰ ਕਾਇਮ ਨਹੀਂ ਰੱਖ ਸਕੇਗੀ ਤੇ ਇਹਨਾਂ ਬਿਨਾਂ ਉਹ ਜ਼ਿੰਦਾ ਨਹੀਂ ਰਹਿ ਸਕਦੀ।

ਜਿਨ੍ਹਾਂ ਕੌਮਾਂ ਨੇ ਕੋਈ ਕੀਮਤੀ ਸਾਂਝੀ ਮਲਕੀਅਤ ਪੈਦਾ ਨਹੀਂ ਕੀਤੀ ਹੁੰਦੀ, ਉਹਨਾਂ ਵਿੱਚ ਦੇਸ਼-ਪਿਆਰ ਖ਼ੁਦਗ਼ਰਜ਼ੀ ਦੀ ਸਤਹ ਤੋਂ ਉੱਚਾ ਨਹੀਂ ਚੜ੍ਹਿਆ ਹੁੰਦਾ ਤੇ ਉਹ ਸਮਾਂ ਆਉਣ ਉਤੇ ਗ਼ੁਲਾਮ ਹੋ ਜਾਂਦੀਆਂ ਹਨ।

ਪਰ ਮਨੁੱਖ ਦੀ ਉੱਨਤੀ ਦੀ ਕੋਈ ਹੱਦ ਨਹੀਂ। ਜਦੋਂ ਕੋਈ ਸਭਿਅਤਾ ਮਾਦੇ ਦੀ ਅਸਲੀਅਤ ਨੂੰ ਸਮਝ ਕੇ, ਉਸ ਨੂੰ ਆਪਣੀ

ਸੇਵਾ ਵਿੱਚ ਲਿਆ ਕੇ, ਕਈ ਰੂਹਾਨੀ ਸੱਚਾਈਆਂ ਲੱਭ ਲੈਂਦੀ ਹੈ, ਤਾਂ ਉਸ ਲਈ ਦੇਸ ਦੀਆਂ ਹੱਦਾਂ ਵੀ ਮੁੱਕ ਜਾਂਦੀਆਂ ਹਨ। ਉਸ ਨੂੰ ਸਮਝ ਆ ਜਾਂਦੀ ਹੈ ਕਿ ਜਦ ਤਕ ਸਾਰੀ ਦੁਨੀਆਂ ਉਤੇ ਮਨੁੱਖ ਆਜ਼ਾਦੀ, ਇਨਸਾਫ਼ ਤੇ ਸ਼ਖ਼ਸੀਅਤ ਦੇ ਆਦਰਸ਼ਾਂ ਨਾਲ ਪ੍ਰਭਾਵਿਤ ਨਹੀਂ ਹੋ ਜਾਂਦਾ, ਉਹ ਗੁਆਂਢੀਆਂ ਦੇ ਅਮਨ ਲਈ ਖ਼ਤਰਾ ਹੀ ਬਣਿਆ ਰਹੇਗਾ। ਗੁਆਂਢੀਆਂ ਦੀਆਂ ਬੀਮਾਰੀਆਂ ਉੱਡ ਕੇ ਆ ਲੱਗਦੀਆਂ ਹਨ, ਗੁਆਂਢੀ ਦੀ ਬਦ-ਅਖ਼ਲਾਕੀ ਦੇ ਅਸਰ ਤੋਂ ਕੋਈ ਨਹੀਂ ਬਚ ਸਕਦਾ। ਲੜਾਈ ਆਪਣੇ ਦਿਲੋਂ ਕੱਢਿਆਂ ਹੀ ਨਿਕਲ ਨਹੀਂ ਜਾਂਦੀ, ਦੂਜੇ ਦੇ ਦਿਲਾਂ ਵਿੱਚੋਂ ਵੀ ਇਹ ਜ਼ਹਿਰ ਕੱਢਣਾ ਜ਼ਰੂਰੀ ਹੈ, ਤੇ ਇਹ ਨਿਕਲ ਉਸੇ ਤਰ੍ਹਾਂ ਹੀ ਸਕਦਾ ਹੈ, ਜਿਸ ਤਰ੍ਹਾਂ ਆਪਣੇ ਦਿਲ ਵਿੱਚੋਂ ਨਿਕਲਿਆ ਹੈ। ਸਿਰਫ਼ ਅਮਨ-ਪਸੰਦ ਅਕੀਦੇ ਹੀ ਲੜਾਈ ਕੱਢ ਸਕਦੇ ਹਨ। ਤੇ ਅਮਨ ਦਾ ਅਕੀਦਾ ਸਿਰਫ਼ ਖ਼ੁਸ਼ਹਾਲੀ, ਅਰੋਗਤਾ, ਗਿਆਨ ਵਿੱਚੋਂ ਹੀ ਬਣ ਸਕਦਾ ਹੈ। ਜਿਥੇ ਇਹਨਾਂ ਤਿੰਨਾਂ ਵਿੱਚੋਂ ਇਕ ਵੀ ਅਲੋਪ ਹੈ, ਉਥੋਂ ਦਾ ਅਮਨ ਉਲਾਰ ਰਹੇਗਾ।

ਇਸ ਅਵੱਸਥਾ ਵਿੱਚੋਂ ਇਹ ਗਿਆਨ ਪੈਦਾ ਹੁੰਦਾ ਹੈ ਕਿ ਸਭ ਤੋਂ ਚੰਗਾ ਦੇਸ - ਸਨੇਹ ਪ੍ਰਦੇਸਾਂ ਨਾਲ ਹਮਦਰਦੀ ਹੈ। ਜਿਹੜਾ ਕੋਈ ਆਪਣੀ ਮਾਤਾ ਨੂੰ ਗਾਲ੍ਹ ਨਹੀਂ ਦੁਆਣਾ ਚਾਹੁੰਦਾ, ਉਹ ਕਿਸੇ ਦੀ ਮਾਤਾ ਨੂੰ ਗਾਲ੍ਹ ਨਹੀਂ ਦੇਂਦਾ। ਪ੍ਰਦੇਸਾਂ ਨੂੰ ਘਿਰਣਾ ਕਰਨ ਵਾਲਾ ਦੇਸਾਂ-ਸਨੇਹੀ ਨਹੀਂ। ਦੇਸਾਂ ਉਤੇ ਮੁਸੀਬਤ ਲਿਆਉਣ ਦੇ ਵੱਡੇ ਵਸੀਲੇ ਕਈ ਵਾਰ ਦੇਸ-ਪਿਆਰ ਦੀ ਸ਼ੁਹਰਤ ਰੱਖਣ ਵਾਲੇ ਲੋਕ ਹੁੰਦੇ ਹਨ। ਇਹ ਪ੍ਰਦੇਸ਼ ਦੀ ਅਮੀਰੀ ਖੋਹ ਕੇ ਆਪਣੇ ਦੇਸ ਨੂੰ ਅਮੀਰ ਬਣਾਨ ਦਾ ਫ਼ਖ਼ਰ ਕਰਦੇ ਹਨ, ਪਰ ਇਹਨਾਂ ਦੇ ਅਮਲ ਰੂਹਾਨੀ ਜਵਾਲਾ-ਮੁਖੀ ਪੈਦਾ ਕਰਦੇ ਰਹਿੰਦੇ ਹਨ, ਤੇ ਇਕ ਦਿਨ ਖ਼ੂਨ-ਖ਼ਰਾਬਾ ਤੇ ਤਬਾਹੀ ਦਾ ਮੂੰਹ ਵਿਖਾਂਦੇ ਹਨ।

ਦੇਸ-ਸਨੇਹ ਬੜਾ ਕੁਦਰਤੀ ਤੇ ਵਧੀਆ ਜਜ਼ਬਾ ਹੈ। ਇਹ ਜ਼ਿੰਦਗੀ ਦੇ ਕੰਮਾਂ ਵਿੱਚ ਉਤਸ਼ਾਹ ਪੈਦਾ ਕਰਦਾ ਹੈ, ਤੇ ਦੁਨੀਆਂ ਦੇ ਬਾਗ਼ ਨੂੰ ਕਿਆਰੀਆਂ ਵਿੱਚ ਵੰਡਣ ਦੀ ਸਿਆਣਪ ਹੈ।

ਪਰ ਆਮ ਗ਼ਲਤੀ ਇਹ ਕੀਤੀ ਜਾਂਦੀ ਹੈ ਕਿ ਕਈ ਇਹੋ ਜਿਹੇ ਅਮਲਾਂ ਨੂੰ ਵੀ ਦੇਸ-ਪਿਆਰ ਗਿਣਿਆ ਜਾਂਦਾ ਹੈ, ਜਿਹੜੇ ਵਾਸਤਵ ਵਿੱਚ ਵਤਨ ਨਾਲ ਵੈਰ ਕਮਾਣਾ ਹੁੰਦੇ ਹਨ। ਗੁਆਂਢੀ ਮੁਲਕਾਂ ਨੂੰ ਈਰਖਾ ਵਿੱਚ ਪਾਣਾ, ਜਾਂ ਉਹਨਾਂ ਉਤੇ ਬੇ-ਇਨਸਾਫ਼ੀ ਕਰਨਾ, ਜਾਂ ਉਹਨਾਂ ਨੂੰ ਛੁਟਿਆਣਾ, ਜਾਂ ਉਹਨਾਂ ਦੀ ਤਰੱਕੀ ਰੋਕਣਾ — ਇਹ ਸਭ ਆਪਣੇ ਦੇਸ ਨਾਲ ਧ੍ਰੋਹ ਕਰਨਾ ਹੈ, ਕਿਉਂਕਿ ਇਹ ਕੰਮ ਉਸ ਜਵਾਲਾ-ਮੁਖੀ ਦਾ ਮੂੰਹ ਚੌੜਾ ਕਰ ਰਹੇ ਹਨ, ਜਿਸ ਵਿੱਚੋਂ ਕਿਸੇ ਦਿਨ ਲਾਵਾ ਉੱਡ ਕੇ ਉਹਨਾਂ ਦੇ ਮੰਡਪ ਮਾੜੀਆਂ ਨੂੰ ਕਬਰਾਂ ਬਣਾ ਦੇਵੇਗਾ।

ਬਸ, ਇਸ ਸੱਚਾਈ ਨੂੰ ਚੰਗੀ ਤਰ੍ਹਾਂ ਸਮਝ ਲਿਆ ਜਾਏ, ਤੇ ਕਦੇ ਗ਼ੈਰ-ਮੁਲਕਾਂ ਨਾਲ ਹੇਠੀ ਕਰਨ ਵਾਲਾ ਮੁਕਾਬਲਾ ਨਾ ਕੀਤਾ ਜਾਏ, ਸਿਰਫ਼ ਹਮਦਰਦੀ ਤੇ ਪ੍ਰਸੰਸਾ ਗੁਆਂਢੀ ਮੁਲਕਾਂ ਨੂੰ ਆਪਣੇ ਲਈ ਬੇ-ਖ਼ਤਰ ਬਣਾ ਸਕਦੀਆਂ ਹਨ, ਤੇ ਉਹਨਾਂ ਦੇਸ਼ਾਂ ਨੂੰ ਆਪਣੀ ਪੱਧਰ ਤਕ ਲੈ ਆਉਣਾ, ਆਪਣੀ ਦੁਨੀਆਂ ਚੰਗੀ ਬਣਾਨਾ ਤੇ ਆਪਣੇ ਆਪ ਨੂੰ ਚੰਗੇ ਸਾਥ ਦੀ ਖ਼ੁਸ਼ੀ ਦੇਣਾ ਹੈ।

ਉਹੀ ਸਿਆਸੀ ਅਕੀਦਾ ਦਰੁਸਤ ਹੈ ਜਿਹੜਾ ਸਾਰੀ ਖ਼ਲਕਤ ਨੂੰ ਇਕੋ ਜਿਹੇ ਜੀਵਨ-ਹੱਕ ਦੇ ਕੇ ਆਪਣੇ ਘੇਰੇ ਵਿੱਚ ਵੱਧ ਤੋਂ ਵੱਧ ਤਰੱਕੀ ਪ੍ਰਾਪਤ ਕਰਨ ਲਈ ਪ੍ਰੇਰਦਾ ਹੈ।

ਆਪਣੇ ਦੇਸ ਦਾ ਮਾਣ ਉਸੇ ਹੱਦ ਤਕ ਜਾਇਜ਼ ਹੈ, ਜਿਸ ਹੱਦ ਤਕ ਉਹਨਾਂ ਕਾਮਿਆਂ ਦਾ ਮਾਣ ਜਾਇਜ਼ ਹੈ, ਜਿਨ੍ਹਾਂ ਨੇ ਇਕ ਬਾਗ਼ ਨੂੰ ਆਪਣੀ ਮਿਹਨਤ ਨਾਲ ਪ੍ਰਫੁਲਤ ਕੀਤਾ ਹੈ। ਤੇ ਜਿਸ ਆਦਮੀ ਨੇ ਉਸ ਬਾਗ਼ ਲਈ ਕੋਈ ਕੰਮ ਨਹੀਂ ਕੀਤਾ, ਤੇ ਜਿਸ ਦਾ ਰਿਸ਼ਤਾ ਉਸ ਨਾਲ ਸਿਰਫ਼ ਏਨਾ ਹੀ ਹੈ ਕਿ ਉਸ ਨੇ ਲੋੜ ਪਈ ਉਤੇ ਫਲ ਤੇ ਫੁੱਲ ਤੋੜੇ ਹਨ, ਉਸ ਨੂੰ ਕਿਸੇ ਮਾਣ ਦਾ ਹੱਕ ਨਹੀਂ ਹੋ ਸਕਦਾ।

ਸਾਡਾ ਦੇਸ ਦੁਨੀਆਂ ਵਿੱਚ ਇਸ ਤਰ੍ਹਾਂ ਦਾ ਹੈ, ਜਿਸ ਤਰ੍ਹਾਂ ਕਿਸੇ ਵੱਡੇ ਬਾਗ਼ ਵਿੱਚ ਉਹਦਾ ਇਕ ਕਿੱਤਾ। ਸਾਡਾ ਕਿੱਤਾ ਹਰਾ-ਭਰਾ ਕਿਸ ਕੰਮ ਜੇ ਸਾਡੇ ਨਾਲ ਦੇ ਕਿੱਤਿਆਂ ਵਿੱਚ ਸਦਾ ਪਤਝੜ ਹੀ ਖੜ-ਖੜ ਕਰਦੀ ਰਹਿੰਦੀ ਹੈ, ਉਹਨਾਂ ਦੇ ਸੁੱਕੇ ਪੱਤੇ ਸਾਥੋਂ ਹੁੰਝੇ ਵੀ ਨਹੀਂ ਜਾਇਆ ਕਰਨਗੇ — ਉਹ ਇਕ ਦਿਨ ਸਾਡੀ ਸਾਰੀ ਹਰਿਆਵਲ ਨੂੰ ਕੱਜ ਲਕੋ ਲੈਣਗੇ।

ਨਜ਼ਾਮ ਜਾਂ ਸਰਕਾਰ:

ਜੇ ਕਿਸੇ ਥਾਂ ਕੋਈ ਭਾਈਚਾਰਾ ਏਡਾ ਉੱਨਤ ਹੋ ਜਾਏ ਕਿ ਉਸ ਦੇ ਮੈਂਬਰ ਹਰ ਮੌਕੇ ਉਤੇ ਹਰ ਕਿਸੇ ਨਾਲ ਇਨਸਾਫ਼ ਕਰ ਸਕਣ, ਹਰ ਕਿਸੇ ਦੀ ਸ਼ਖ਼ਸੀ ਆਜ਼ਾਦੀ ਨੂੰ ਮਹਿਫ਼ੂਜ਼ ਰਖ ਸਕਣ, ਕਿਸੇ ਉਤੇ ਧੱਕਾ ਨਾ ਹੋਣ ਦੇਣ, ਤੇ ਹਰ ਕੋਈ ਬਿਨਾਂ ਰੁਕ ਰੁਕਾ ਆਪਣੀ ਪ੍ਰਾਕ੍ਰਿਤਿਕ ਉੱਨਤੀ ਕਰ ਸਕੇ, ਤਾਂ ਓਥੇ ਕਿਸੇ ਸਰਕਾਰ ਦੀ ਲੋੜ ਨਹੀਂ। ਓਥੇ ਸਰਕਾਰ ਹਰ ਕਿਸੇ ਦੇ ਰਾਹ ਵਿੱਚ ਇਕ ਗ਼ੈਰ-ਜ਼ਰੂਰੀ ਰੁਕਾਵਟ ਸਾਬਤ ਹੋਵੇਗੀ।

ਇਸ ਦਾ ਅਰਥ ਇਹ ਹੈ ਕਿ ਇਨਸਾਫ਼, ਸ਼ਖ਼ਸੀ ਆਜ਼ਾਦੀ ਤੇ ਪ੍ਰਾਕ੍ਰਿਤਿਕ ਉੱਨਤੀ ਦੀ ਭਾਈਚਾਰਕ ਹਿਫ਼ਾਜ਼ਤ ਲਈ ਸਰਕਾਰ ਦੀ ਸੰਸਥਾ ਮਨੁੱਖ ਨੇ ਪੈਦਾ ਕੀਤੀ ਹੈ। ਜਿਸ ਥਾਂ ਇਨਸਾਫ਼ ਦੁਰਲਭ, ਸ਼ਖ਼ਸੀ ਆਜ਼ਾਦੀ ਘੱਟ ਤੋਂ ਘੱਟ ਤੇ ਪ੍ਰਾਕ੍ਰਿਤਿਕ ਉੱਨਤੀ ਦੇ ਰਾਹ ਵਿੱਚ ਅਨੇਕਾਂ ਕਾਨੂੰਨੀ, ਮਜ਼ਬੀ ਤੇ ਰਵਾਇਤੀ ਰੁਕਾਵਟਾਂ ਹੋਣ, ਓਥੋਂ ਦੀ ਸਰਕਾਰ ਸਮਝੋ ਨਸ਼ੇ-ਵਿਰੋਧੀ ਕੇਂਦਰ ਉਤੇ ਸ਼ਰਾਬੀ ਦੀ ਸਰਬਰਾਹੀ ਹੈ।

ਸਰਕਾਰਾਂ ਕਾਇਮ ਨਹੀਂ ਕੀਤੀਆਂ ਜਾਂਦੀਆ, ਸਰਕਾਰਾਂ ਜਨਤਾ ਦੇ ਅੰਦਰੋਂ ਉੱਗਦੀਆਂ ਤੇ ਵੱਡੀਆਂ ਹੁੰਦੀਆਂ ਹਨ। ਜਿਹੜੀ ਸਰਕਾਰ ਕਿਸੇ ਹੋਰ ਤਰ੍ਹਾਂ ਕਾਇਮ ਕੀਤੀ ਗਈ ਹੈ, ਲੋਕਾਂ ਨਾਲੋਂ ਉੱਚੀ ਜਾਂ ਨੀਵੀਂ ਹੈ, ਭਾਵੇਂ ਉਹ ਦੇਸੀ ਤੇ ਭਾਵੇਂ ਪ੍ਰਦੇਸੀ ਹੋਵੇ, ਉਹ ਤਾਰੂ ਦਾ ਭਾਰ ਚੁੱਕਣ ਵਾਲੀ ਜੀਵਨ-ਪੇਟੀ ਨਹੀਂ, ਹੱਥੋ-ਹੱਥ ਭਾਰਾ ਹੋ ਜਾਣ ਵਾਲਾ ਸਪੰਜੀ ਕੋਟ ਹੈ, ਜਿਹੜਾ ਉਹਦੇ ਹੱਥ ਪੈਰ ਫੁਲਾ ਦੇਂਦਾ ਤੇ ਸਾਹ ਤੋੜ ਦੇਂਦਾ ਹੈ।

ਚੰਗੀ ਸਰਕਾਰ ਆਜ਼ਾਦੀ ਦੀ ਲਗਨ ਵਿੱਚੋਂ ਨਿਕਲਦੀ ਹੈ। ਕਿਸੇ ਜ਼ੋਰਦਾਰ ਦਾ ਤਲਵਾਰ ਦੇ ਜ਼ੋਰ ਨਾਲ ਹਾਕਮ ਹੋ ਜਾਣਾ 'ਸਰਕਾਰ' ਨਹੀਂ, ਸਾਧਾਰਨ ਧਿੰਗੋਜ਼ੋਰੀ ਹੈ। 'ਸਰਕਾਰ' ਉਹ ਸਾਂਝਾ ਜਤਨ ਹੈ ਜਿਸ ਨਾਲ ਬੁਰਾਈ ਕਰ ਸਕਣਾ ਮੁਸ਼ਕਲ ਤੇ ਨੇਕੀ ਕਰ ਸਕਣਾ ਆਸਾਨ ਬਣਾਇਆ ਜਾ ਸਕੇ। ਚੰਗੀ ਸਰਕਾਰ ਦਾ

ਨਿਰਭਰ ਲੋਕ-ਰਾਇ ਉਤੇ ਹੁੰਦਾ ਹੈ। ਸਿਆਣੀ ਲੋਕ-ਰਾਇ ਬਿਨਾਂ ਸਿਆਣੀ ਸਰਕਾਰ ਨਹੀਂ ਬਣ ਸਕਦੀ। ਭੈੜੇ ਆਦਮੀਆਂ ਲਈ ਚੰਗੇ ਕਾਨੂੰਨ ਨਹੀਂ ਬਣਾਏ ਜਾ ਸਕਦੇ। ਸਿਰਫ਼ ਚੰਗੇ ਲੋਕ ਹੀ ਆਪਣੇ ਲਈ ਚੰਗੇ ਕਾਨੂੰਨ ਬਣਾ ਸਕਦੇ ਹਨ। ਚੰਗੇ ਕਾਨੂੰਨ ਤੋਂ ਪਹਿਲਾਂ ਲੋਕਾਂ ਦਾ ਚੰਗੇ ਹੋਣਾ ਜ਼ਰੂਰੀ ਹੈ।

ਹਰ ਕਿਸੇ ਨੂੰ ਆਪਣੀ ਮਿਹਨਤ ਦੇ ਫਲ ਉਤੇ ਹੱਕ ਹੋਵੇ, ਹਰ ਕਿਸੇ ਨੂੰ ਮਿਹਨਤ ਕਰਨ ਦਾ ਮੌਕਾ ਹੋਵੇ ਤੇ ਹਰ ਕਿਸੇ ਨੂੰ ਉਮੀਦਾਂ ਰੱਖਣ ਦੀ ਗੁੰਜਾਇਸ਼ ਹੋਵੇ — ਇਹ ਚੰਗੀ ਸਰਕਾਰ ਦੀਆਂ ਨਿਸ਼ਾਨੀਆਂ ਹਨ।

ਚੰਗੀ ਸਰਕਾਰ ਦੇ ਅਫ਼ਸਰ ਰਿਆਇਆ ਦੇ ਮੁਲਾਜ਼ਮ ਹੁੰਦੇ ਹਨ, ਉਹਨਾਂ ਦੀ ਜ਼ਬਾਨ ਤੇ ਉਹਨਾਂ ਦੇ ਵਤੀਰੇ ਵਿੱਚ ਅਦਬ ਹੁੰਦਾ ਹੈ। ਚੰਗੀ ਸਰਕਾਰ ਦਾ ਸਭ ਤੋਂ ਪ੍ਰਗਟ ਅਸਰ ਲੋਕ-ਜੀਵਨ ਵਿੱਚ ਸੁਸ਼ੀਲਤਾ ਹੈ — ਦੁਕਾਨਦਾਰ-ਗਾਹਕ, ਮਾਲਕ-ਨੌਕਰ, ਉਸਤਾਦ-ਸ਼ਾਗਿਰਦ, ਮੁਨਸਫ਼-ਮੁਜਰਿਮ, ਸਭ ਦਾ ਵਤੀਰਾ ਸੁਸ਼ੀਲ ਹੁੰਦਾ ਹੈ। ਸਖ਼ਤ ਜ਼ਬਾਨੀ ਬੜਾ ਕੋਝਾ ਅਖ਼ਲਾਕੀ ਗੁਨਾਹ ਹੈ। ਜਿਸ ਤਰ੍ਹਾਂ ਖੱਟੇ ਡਕਾਰ ਮਿਅਦੇ ਦੀ ਗੰਦੀ ਅਵਸਥਾ ਦੀ ਸੂਚਨਾ ਹਨ, ਉਸੇ ਤਰ੍ਹਾਂ ਸਖ਼ਤ ਜ਼ਬਾਨ ਆਤਮਾ ਦੇ ਕਿਸੇ ਗੰਦੇ ਭਾਗ ਦਾ ਪਤਾ ਦੇਂਦੀ ਹੈ। ਗੁਸਖ਼ਸ਼, ਕੌੜਾ, ਮੂੰਹ-ਫੱਟ ਆਦਮੀ ਜ਼ਿੰਦਗੀ ਦਾ ਉਹ ਭਾਗ ਹੈ, ਜਿਹੜਾ ਆਪਣੇ ਥਾਓਂ ਉਖੜਨ ਜਾਂ ਢਿੱਲਾ ਹੋਣ ਕਰਕੇ ਖੜ-ਖੜ ਕਰ ਰਿਹਾ ਹੈ। ਨਾਭੀ ਨਾਲ ਚੰਗੀ ਤਰ੍ਹਾਂ ਕੱਸੀਆਂ ਹੋਈਆਂ ਤਾਰਾਂ ਜ਼ਰਾ ਖੜਾਕ ਨਹੀਂ ਕਰਦੀਆਂ। ਉਹਨਾਂ ਦੀ ਰਫ਼ਤਾਰ ਦੀ ਸਾਂ-ਸਾਂ ਤਾਲ ਪੈਦਾ ਕਰਦੀ ਹੈ।

ਚੰਗੀ ਸਰਕਾਰ ਦੀ ਪਰਖ ਕਰਨੀ ਹੋਵੇ, ਤਾਂ ਉਸ ਦੀਆਂ ਚਿੱਠੀਆਂ ਦੀ ਜ਼ਬਾਨ ਜਾਚੀ ਜਾਏ, ਮੁਲਾਜ਼ਮਾਂ ਨਾਲ ਵਤੀਰਾ ਵੇਖਿਆ ਜਾਵੇ, ਤੇ ਲੋਕਾਂ ਉਤੇ ਉਸ ਦਾ ਪ੍ਰਤਿਕਰਮ ਤੋਲਿਆ ਜਾਏ।

ਚੰਗੀ ਸਰਕਾਰ ਲੋਕਾਂ ਦਾ ਅਖ਼ਲਾਕੀ ਪੱਧਰ ਕਾਇਮ ਰੱਖਣ ਲਈ ਝੂਠੇ ਬਿਆਨ ਪ੍ਰਕਾਸ਼ਿਤ ਨਹੀਂ ਕਰਦੀ। ਚੰਗੀ ਸਰਕਾਰ ਦੀ ਬੁਨਿਆਦ ਸਰਵਜਨਕ ਚਾਲਚਲਣ ਦੀ ਉਚਾਈ ਉਤੇ ਰੱਖੀ ਜਾਂਦੀ ਹੈ। ਛੋਟੇ ਤੋਂ ਛੋਟੇ ਆਦਮੀ ਦੀ ਆਜ਼ਾਦੀ ਉਤੇ ਧੱਕਾ, ਸਰਕਾਰ ਉਤੇ ਧੱਕਾ ਗਿਣਿਆ ਜਾਂਦਾ ਹੈ। ਸਰਕਾਰ ਦੀਆਂ ਨਜ਼ਰਾਂ ਵਿਚ ਹਰ ਸ਼ਖ਼ਸੀਅਤ ਪਵਿੱਤਰ ਹੁੰਦੀ ਹੈ, ਕਿਉਂਕਿ ਸ਼ਖ਼ਸੀਅਤ ਦਾ ਅਪਮਾਨ ਸਰਕਾਰ ਦਾ ਅਪਮਾਨ ਹੈ।

ਚੰਗੀ ਸਰਕਾਰ ਉਚੇ ਕਾਨੂੰਨ ਨਹੀਂ ਬਣਾਂਦੀ, ਸਿਰਫ਼ ਉਚੇ ਮਿਆਰ ਕਾਇਮ ਕਰਦੀ ਹੈ। ਜਿੰਨੇ ਉੱਚੇ ਕਿਸੇ ਕੌਮ ਦੇ ਮਿਆਰ ਹੋਣਗੇ, ਓਨੇ ਥੋੜ੍ਹੇ ਓਥੇ ਕਾਨੂੰਨ ਹੋਣਗੇ। ਜਿੰਨੀ ਜੁਰਮ-ਰੁਚਿਤ ਰਿਆਇਆ ਹੋਵੇਗੀ, ਓਨੀ ਲੰਮੀ ਉਸ ਦੀ ਡੰਡਾਵਲੀ ਹੋਵੇਗੀ।

ਕੋਈ ਕੌਮ ਆਪਣੇ ਨਾਲੋਂ ਚੰਗੇ ਕਾਨੂੰਨ ਨਹੀਂ ਬਣਾ ਸਕਦੀ, ਨਾ ਆਪਣੇ ਨਾਲੋਂ ਚੰਗੀ ਸਰਕਾਰ ਕਾਇਮ ਕਰ ਸਕਦੀ ਹੈ। ਲੋਕਾਂ ਨੂੰ ਜਿੰਨਾ ਚਿਰ ਆਪਣੇ ਫਰਜ਼ਾਂ ਤੇ ਹੱਕਾਂ ਦਾ ਗਿਆਨ ਨਹੀਂ ਹੋਵੇਗਾ, ਓਨਾ ਚਿਰ ਉਹ ਕੋਈ ਚੰਗੀ ਹਕੂਮਤ ਨਹੀਂ ਘੜ ਸਕਣਗੇ। ਗ਼ੈਰ-ਹਕੂਮਤ ਕਦੇ ਚੰਗੀ ਸਰਕਾਰ ਨਹੀਂ ਹੋ ਸਕਦੀ, ਕਿਉਂਕਿ ਇਸ ਦੀ ਹੋਂਦ ਹੀ ਲੋਕ-ਰੂਹ ਦੀ ਅਣਹੋਂਦ ਹੈ। ਗ਼ੈਰ-ਹਕੂਮਤ ਨੂੰ ਦਿਲ ਦੇਣਾ ਆਪਣੀ ਹੋਣੀ ਨਾਲ ਬੇਵਫ਼ਾਈ ਹੈ। ਗ਼ੈਰ-ਹਕੂਮਤ ਦੇ ਖ਼ਿਤਾਬ ਮਾਨਯੋਗ ਨਹੀਂ ਹੋ ਸਕਦੇ।

ਜਿਹੜੇ ਮੁਲਕ ਦੁਨੀਆਂ ਵਿੱਚ ਗ਼ੈਰ-ਹਕੂਮਤ ਦੀ ਸੰਸਥਾ ਨੂੰ ਕਾਇਮ ਰੱਖਣ ਵਿੱਚ ਮਦਦ ਦੇ ਰਹੇ ਹਨ, ਉਹਨਾਂ ਚੰਗੇਰੀ ਦੁਨੀਆਂ ਦਾ ਸੁਪਨਾ ਕਦੇ ਵੇਖਿਆ ਹੀ ਨਹੀਂ — ਉਹ ਲੜਾਈਆਂ ਦੇ ਕਰਤਾ ਹਨ, ਉਹ ਪਰਸਪਰ ਤਬਾਹੀ ਦੇ ਜ਼ਿੰਮੇਵਾਰ ਹਨ; ਜਦ ਤਕ ਇਕ ਮੁਲਕ ਵੀ ਗ਼ੁਲਾਮ ਹੈ, ਕਿਸੇ ਮੁਲਕ ਨੂੰ ਆਪਣੀ ਆਜ਼ਾਦੀ ਦਾ ਯਕੀਨ ਪੱਕਾ ਨਹੀਂ ਹੋ ਸਕਦਾ।

ਹਿੰਦੁਸਤਾਨ ਇਕ ਮੁਲਕ ਹੈ। ਕਈ ਇਸ ਦੇ ਸੂਬੇ ਹਨ, ਹਰ ਸੂਬੇ ਦੀ ਆਪਣੀ ਹਕੂਮਤ ਹੈ, ਆਪਣੇ ਰਿਵਾਜ ਤੇ ਕਾਨੂੰਨ ਹਨ, ਆਪਣੀ ਹੀ ਅਮੀਰੀ ਤੇ ਗ਼ਰੀਬੀ ਹੈ। ਗਵਰਨਰ ਵੀ ਵੱਖਰੇ ਹਨ, ਵਿਧਾਨ ਸਭਾਵਾਂ ਵੀ ਵੱਖਰੀਆਂ ਹਨ। ਪਰ ਕੋਈ ਸੂਬਾ ਦੂਜੇ ਦੇ ਖ਼ਿਲਾਫ਼ ਨਹੀਂ ਹੁੰਦਾ, ਹਰ ਸੂਬਾ ਦੂਜੇ ਕੋਲੋਂ ਮਿਲਵਰਤਣ ਦੀ ਆਸ ਰੱਖ ਸਕਦਾ ਹੈ। ਇਕ ਸੂਬੇ ਦਾ ਮੁਜਰਮ ਦੂਜੇ ਸੂਬੇ ਵਿੱਚ ਜਾ ਕੇ ਬੇ-ਡਰ ਨਹੀਂ ਹੋ ਸਕਦਾ। ਦੋਹਾਂ ਦੀ ਪੁਲੀਸ ਵੱਖਰੀ ਹੁੰਦਿਆਂ ਹੋਇਆਂ ਵੀ ਉਹਨਾਂ ਵਿੱਚ ਮਿਲਵਰਤਣ ਹੈ।

ਏਸੇ ਤਰ੍ਹਾਂ ਹੀ ਦੁਨੀਆਂ ਦਾ ਨਜ਼ਾਮ ਹੋਣਾ ਚਾਹੀਦਾ ਹੈ। ਹਰ ਮੁਲਕ ਆਜ਼ਾਦ ਹੋਵੇ, ਪਰ ਸੰਸਾਰ-ਨਜ਼ਾਮ ਦਾ ਭਾਗ ਹੋਵੇ, ਤੇ ਹਰ ਭਾਗ ਵਿੱਚ ਅਪਣੱਤ ਦਾ ਅਹਿਸਾਸ ਤੇ ਮਿਲਵਰਤਣ ਹੋਵੇ। ਜਦ ਤਕ ਸਾਰੇ ਮੁਲਕ ਖ਼ੁਦ-ਮੁਖ਼ਤਾਰ ਹੋ ਕੇ ਇਕ ਸਾਂਝੇ ਪ੍ਰੀਤ-ਮੰਡਲ ਵਿੱਚ ਪ੍ਰੋਏ ਜਾਣਾ ਮਨਜ਼ੂਰ ਨਹੀਂ ਕਰਦੇ, ਉਦੋਂ ਤਕ ਮਨੁੱਖਤਾ ਉੱਨਤੀ ਦੇ ਨਵੇਂ ਯੁੱਗ ਵਿੱਚ ਦਾਖ਼ਲ ਨਹੀਂ ਹੋ ਸਕਦੀ। ਜਦੋਂ ਇਹ ਯੁੱਗ ਆਵੇਗਾ ਉਦੋਂ ਕੌਮਾਂ ਵਿੱਚ ਕੋਈ ਘਿਰਣਾ ਨਹੀਂ ਹੋਵੇਗੀ, ਲੜਾਈ ਦਾ ਸਾਮਾਨ ਬਣਾਨ ਵਿੱਚ ਦੁਨੀਆਂ ਦੀ ਅੱਧੀ ਮਿਹਨਤ ਜ਼ਾਇਆ ਨਹੀਂ ਹੋਵੇਗੀ, ਕਿਲੇਬੰਦੀਆਂ ਅਲੋਪ ਹੋ ਜਾਣਗੀਆਂ।

ਸਰਕਾਰ, ਮਨੁੱਖਤਾ ਦੇ ਵਧੀਆ ਭਾਗ ਦਾ ਘਟੀਆ ਭਾਗ ਲਈ ਇਨਸਾਫ਼ ਤੇ ਉੱਨਤੀ ਦੇ ਮੌਕੇ ਪ੍ਰਾਪਤ ਰੱਖਣ ਦਾ ਜਤਨ ਹੈ। ਸਰਕਾਰ ਦਾ ਅਸਲੀ ਮਨੋਰਥ ਤਾਕਤਵਰ ਜਾਂ ਦੌਲਤਮੰਦ ਦੀ ਤਾਕਤ ਜਾਂ ਦੌਲਤ ਮਹਿਫ਼ੂਜ਼ ਰੱਖਣਾ ਨਹੀਂ, ਸਗੋਂ ਕਮਜ਼ੋਰ ਤੇ ਗ਼ਰੀਬ ਨੂੰ ਤਾਕਤਵਰ ਤੇ ਦੌਲਤਮੰਦ ਹੋਣ ਦਾ ਮੌਕਾ ਦੇਣਾ ਹੈ। ਸਰਕਾਰ ਦੀ ਜ਼ਰੂਰਤ ਹੀ ਓਨਾ ਚਿਰ ਹੈ, ਜਿੰਨਾ ਚਿਰ ਕਮਜ਼ੋਰੀ ਤੇ ਗ਼ਰੀਬੀ ਹੈ, ਤਾਕਤ ਤੇ ਦੌਲਤ ਕੋਈ ਖ਼ਤਰਾ ਨਹੀਂ ਜੇ ਸਭ ਵਿੱਚ ਵੰਡੀਆਂ ਜਾਣ।

ਸਰਕਾਰ ਰਿਆਇਆ ਦਾ ਸਹਿਮ ਨਹੀਂ, ਓਟ ਹੋਣੀ ਚਾਹੀਦੀ ਹੈ। ਸਰਕਾਰੀ ਰਿਆਇਤਾਂ ਦੌਲਤਮੰਦਾਂ ਲਈ ਨਹੀਂ, ਸਗੋਂ ਗ਼ਰੀਬਾਂ ਲਈ ਹੋਣੀਆਂ ਚਾਹੀਦੀਆਂ ਹਨ।

ਚੰਗੀ ਸਰਕਾਰ ਉਹ ਹੈ, ਜਿਹੜੀ ਚੰਗੀ ਮਸ਼ੀਨ ਵਾਂਗ ਤੁਰਦੀ ਮਲੂਮ ਹੀ ਨਾ ਹੋਵੇ, ਖੜਾਕ ਤਕ ਨਾ ਆਵੇ। ਕਦੇ ਕਿਸੇ ਸਾਧਾਰਣ ਮਨੁੱਖ ਨੂੰ ਸਰਕਾਰ ਨਾਲ ਟੱਕਰ ਨਾ ਲੱਗੇ।

ਜਿਥੇ ਹਰ ਮੌਕੇ ਉਤੇ ਸਰਕਾਰ ਦਾ ਚੇਤਾ ਰਹੇ — ਆਹ ਗੱਲ ਲਿਖਣੀ ਜਾਂ ਬੋਲਣੀ ਹੈ ਕਿ ਨਹੀਂ; ਆਹ ਰਾਇ ਪ੍ਰਗਟ ਕਰਨੀ ਜਾਂ ਰੋਕਣੀ ਹੈ; ਤਹਿਸੀਲਦਾਰ ਕੋਲੋਂ ਦੀ ਲੰਘ ਰਿਹਾ ਹੈ, ਇਹਨੂੰ ਬਿਨਾਂ ਲੋੜ ਵੀ ਮਿਲਣਾ ਫ਼ਰਜ਼ ਹੈ ਜਾਂ ਨਹੀਂ; ਜਿਥੇ ਰੇਲ, ਸਿਨੇਮਾ,

ਮੰਦਰ, ਮੇਲੇ, ਨੁਮਾਇਸ਼, ਸਭ ਥਾਂ ਸਿਪਾਹੀ ਮੌਜੂਦ ਹੁੰਦਾ ਹੋਵੇ, ਉਥੇ ਸਮਝੋ ਨਾ ਰਿਆਇਆ ਤੇ ਨਾ ਸਰਕਾਰ ਹੈ, ਸਿਰਫ਼ ਮੁਜਰਿਮ ਤੇ ਪਹਿਰੇਦਾਰ ਹਨ।

ਆਦਰਸ਼–ਜੀਵਨ:

ਆਪਣਾ ਆਦਰਸ਼ ਆਪ ਹੀ ਬਣਾਇਆ ਜਾ ਸਕਦਾ ਹੈ। ਪਰ ਇਹ ਰੂਹਾਨੀ ਤੇ ਮਾਦੀ ਕੁਦਰਤ ਦਾ ਕਾਨੂੰਨ ਜਾਪਦਾ ਹੈ ਕਿ ਜੋ ਕੋਈ ਦਲੇਰ ਹੋ ਕੇ ਮੰਗ ਸਕਦਾ ਹੈ ਤੇ ਆਪਣੀ ਮੰਗ ਨੂੰ ਆਪਣੇ ਜੀਵਨ ਦੀ ਲੋੜ ਬਣਾ ਸਕਦਾ ਹੈ, ਉਸ ਦੀ ਮੰਗ ਸਵੇਰੇ ਜਾਂ ਅਵੇਰੇ ਪੂਰੀ ਹੁੰਦੀ ਹੈ।

ਇਸ ਲਈ ਆਦਰਸ਼ ਬੜੀ ਦਲੇਰੀ ਨਾਲ ਉੱਚਾ ਬਣਾਇਆ ਜਾਏ। ਉਸ ਗਿਰਜੇ, ਧਰਮਸਾਲਾ ਜਾਂ ਮਸਜਿਦ ਵਿੱਚ ਜਾਣਾ ਆਪਣੇ ਆਪ ਨਾਲ ਦੁਸ਼ਮਣੀ ਕਰਨਾ ਹੈ ਜਿਥੇ ਇਹ ਸਿਖਾਇਆ ਜਾਂਦਾ ਹੈ, ਕਿ ਤੁਸੀਂ ਮਿੱਟੀ ਵਿੱਚ ਰੁਲਣ ਵਾਲੇ ਕੋਈ ਨਿਗੂਣੇ ਕੀਟ ਹੋ। ਫ਼ੌਰਨ ਐਸੀ ਥਾਂ ਤੋਂ ਉੱਠ ਆਓ। ਅਸਾਂ ਕਈਆਂ ਨੂੰ ਇਹ ਕਹਿੰਦਿਆਂ ਵੀ ਸੁਣਿਆ ਹੈ ਕਿ ਮਨੁੱਖ ਰੱਬ ਦਾ ਅਕਸ ਹੈ; ਇਸ ਨੂੰ ਮੰਨਣ ਵਿੱਚ ਸੰਕੋਚ ਨਾ ਕਰੋ ਤੇ ਇਹੋ ਜਿਹੀਆਂ ਖ਼ਾਹਿਸ਼ਾਂ ਬਣਾਓ ਜਿਹੜੀਆਂ ਸਰਬ-ਸਮਰੱਥ ਦੀ ਸ਼ਾਨ ਦੇ ਅਨੁਕੂਲ ਹੋਣ।

ਬੜਾ ਉੱਚਾ ਆਦਰਸ਼ ਬਣੇ, ਤੇ ਇਸ ਦੀ ਦਿਮਾਗ਼ੀ ਤਸਵੀਰ ਆਪਣੀਆਂ ਅੱਖਾਂ ਵਿੱਚ ਭਰੀ ਜਾਏ। ਰੋਜ਼-ਬ-ਰੋਜ਼ ਆਪਣੀ ਤੀਬਰ ਇੱਛਾ ਦੇ ਬੁਰਸ਼ ਨਾਲ ਇਸ ਵਿੱਚ ਰੰਗ ਭਰੇ ਜਾਣ। ਇਸ ਤਸਵੀਰ ਦੇ ਦੁਆਲੇ ਮਜ਼੍ਹਬੀ ਵਾਯੂ-ਮੰਡਲ ਹੋਣਾ ਬਿਲਕੁਲ ਜ਼ਰੂਰੀ ਨਹੀਂ। ਯਕੀਨ ਰੱਖੋ, ਇਹ ਤਸਵੀਰ ਮੰਤਰਾਂ ਨਾਲ ਸੁਰਜੀਤ ਨਹੀਂ ਕੀਤੀ ਜਾ ਸਕਦੀ। ਇਸ ਦੇ ਵਿੱਚ ਜਾਨ ਪਾਣ ਲਈ ਉਸ ਵਿਸ਼ਵਾਸ ਦੀ ਲੋੜ ਹੈ ਜਿਹੜਾ ਹਰ ਘੜੀ ਅਮਲ ਲਈ ਪ੍ਰੇਰਿਆ ਜਾਂਦਾ ਹੈ।

ਤੁਸੀਂ ਆਪਣੇ ਆਪ ਨੂੰ ਮਹਾਨ ਈਸ਼ਵਰ-ਇੱਛਾ ਦਾ ਇੱਕ ਸੁਤੰਤਰ ਟੁੱਕੜਾ ਖ਼ਿਆਲ ਕਰੋ। ਆਪਣੀ ਜੀਵਨ-ਕਿਸ਼ਤੀ ਦੇ ਖਵਈਆ ਤੁਸੀਂ ਆਪ ਹੀ ਹੋ; ਖ਼ਾਹਿਸ਼, ਇਕਾਗਰਤਾ, ਤੇ ਪੁਰਸ਼ਾਰਥ ਤੁਹਾਡੇ ਚੱਪੂ ਹਨ; ਤੁਹਾਡੀ ਕੋਈ ਹੱਦ ਨਹੀਂ; ਸਾਗਰ ਬੇ-ਕਿਨਾਰ ਹੈ, ਇਸ ਵਿੱਚ ਸ਼ਾਨਦਾਰ ਜਜ਼ੀਰੇ ਅਣਗਿਣਤ ਹਨ। ਤੁਹਾਡੇ ਸਾਹਮਣੇ ਕੋਈ ਕੰਢਾ ਨਹੀਂ ਆਵੇਗਾ, ਜਿਥੇ ਚਾਹੋ ਤੁਸੀਂ ਪਹੁੰਚ ਸਕਦੇ ਹੋ।

ਭੈੜੇ ਖ਼ਿਆਲ ਤੇ ਨਿਰਾਸ਼ਾ ਜ਼ਿੰਦਗੀ ਦੀ ਸਭ ਤੋਂ ਵੱਡੀ ਮੁਸੀਬਤ ਹਨ। ਦੁਨੀਆਂ ਪਈ ਵੱਸੇ–ਕੋਈ ਤੁਹਾਡੇ ਨਾਲ ਟਕਰਾ ਵੀ ਜਾਏ, ਕੋਈ ਸਦਾ ਉਹਨਾਂ ਕੰਮਾਂ ਵਿੱਚ ਰੁੱਝਾ ਦਿੱਸੇ ਜਿਹੜੇ ਤੁਹਾਨੂੰ ਨਾ-ਪਸੰਦ ਹਨ, ਪਰ ਤੁਸੀਂ ਜੇ ਆਪਣੇ ਆਦਰਸ਼ ਦੀ ਖ਼ੁਸ਼ੀ ਲੈਣਾ ਚਾਹੁੰਦੇ ਹੋ, ਤਾਂ ਕਦੇ ਮਾੜੇ ਖ਼ਿਆਲ ਨਾ ਚਿਤਵੋ। ਕਾਮਯਾਬੀ ਤੁਹਾਡਾ ਹੱਕ ਹੈ, ਇਸ ਨੂੰ ਚਾਹੋ, ਇਸ ਲਈ ਉੱਦਮ ਕਰੋ ਪਰ ਤੁਹਾਡੀ ਕਾਮਯਾਬੀ ਦੂਜੇ ਨੂੰ ਨੁਕਸਾਨ ਪਹੁੰਚਾ ਕੇ ਹਾਸਲ ਹੋਣ ਵਾਲੀ ਨਾ ਹੋਵੇ, ਇਨਸਾਫ਼ ਨਾਲ ਪ੍ਰਾਪਤ ਹੋਵੇ। ਤੁਸੀਂ ਆਪਣੇ ਮੁਖ਼ਾਲਿਫ਼ਾਂ ਦਾ ਰਾਹ ਭਾਵੇਂ ਛੱਡ ਦਿਓ, ਪਰ ਉਹਨਾਂ ਨੂੰ ਨੁਕਸਾਨ ਪਹੁੰਚਾਣ ਦੀ ਜ਼ਹਿਮਤ ਦਿਲ ਵਿੱਚ ਨਾ ਵੜਨ ਦਿਓ, ਖ਼ੁਸ਼ੀ ਲਈ ਬਹੁਤੇ ਧਨ ਤੇ ਬਹੁਤੀ ਤਾਕਤ ਦੀ ਲੋੜ ਨਹੀਂ। ਆਪਣੀਆਂ ਲੋੜਾਂ ਚੰਗੀ ਤਰ੍ਹਾਂ ਪੂਰੀਆਂ ਕਰਨ ਦੀ ਯੋਗਤਾ ਹਾਸਲ ਹੋਵੇ। ਸਿਹਤ ਬੇ-ਨੁਕਸ ਹੋਵੇ, ਬੀਮਾਰੀ ਤੋਂ ਪੂਰਨ ਖ਼ਲਾਸੀ ਹੋਵੇ, ਆਪਣੇ ਕੰਮ ਵਿੱਚ ਮਹਾਰਤ ਹੋਵੇ, ਦਿਲ ਵਿੱਚ ਉਮਰ ਦੇ ਬਾਵਜੂਦ ਜਵਾਨੀ ਹੋਵੇ, ਪਿਆਰ ਦੀ ਰੁਚੀ ਤੇ ਸਮਰੱਥਾ ਹੋਵੇ, ਸੁਰਤੀਆਂ ਉਤੇ ਪੂਰਨ ਕਾਬੂ ਹੋਵੇ, ਜ਼ਬਾਨ ਮਿੱਠੀ ਹੋਵੇ, ਤਬੀਅਤ ਵਿੱਚ ਹਾਸ-ਰਸ ਹੋਵੇ, ਸ਼ਿਕਾਇਤ ਕਮਜ਼ੋਰੀ ਜਾਪੇ, ਖ਼ੁਸ਼ ਕਰਨ ਦੀ ਖ਼ਾਹਿਸ਼ ਪ੍ਰਬਲ ਹੋਵੇ।

ਜੋੜਨਾ ਮੱਲਣਾ ਭਰੋਸੇ ਦੀ ਕਮਜ਼ੋਰੀ ਦੀਆਂ ਨਿਸ਼ਾਨੀਆਂ ਹਨ; ਬੁਢਾਪੇ ਦਾ ਚਿੰਨ੍ਹ ਹਨ। ਜਵਾਨੀ ਖੁਲ੍ਹ-ਦਿਲੀ ਹੁੰਦੀ ਹੈ ਕਿਉਂਕਿ ਉਸ ਨੂੰ ਆਪਣੀ ਤਾਕਤ ਤੇ ਆਪਣੀ ਉਮਰ ਉਤੇ ਭਰੋਸਾ ਹੁੰਦਾ ਹੈ। ਅੰਤ ਉਮਰ ਤਕ ਪੈਦਾ ਕਰਨ ਦੀ ਸਮਰੱਥਾ ਹੋਵੇ, ਹਰ ਥਾਂ ਤੇ ਹਰ ਉਮਰ ਵਿੱਚ ਆਪਣੀਆਂ ਲੋੜਾਂ ਆਪਣੇ ਉੱਦਮ ਨਾਲ ਪੂਰੀਆਂ ਕੀਤੀਆਂ ਜਾ ਸਕਣ। ਆਦਤਾਂ ਇਹੋ ਜਿਹੀਆਂ ਹੋਣ ਕਿ ਖ਼ੁਦਮੁਖ਼ਤਾਰ ਰਿਹਾ ਜਾ ਸਕੇ। ਖ਼ੁਸ਼ੀ ਦਾ ਸੋਮਾ ਆਪਣੇ ਅੰਦਰੋਂ ਲੱਭ ਪਵੇ; ਇਕੱਲਿਆਂ ਵੀ ਸਮਾਂ ਲੰਘਾਇਆ ਜਾ ਸਕੇ। ਮੌਤ ਦਾ ਕੋਈ ਸਹਿਮ ਨਾ ਹੋਵੇ, ਹਰ ਵੇਲੇ ਮੌਤ ਨੂੰ ਮਿਲਿਆ ਜਾ ਸਕੇ। ਲਿੰਗ-ਤਾਕਤ ਰਚਨਾ-ਸ਼ਕਤੀ ਦਾ ਭਾਗ ਹੈ। ਇਸ ਦਾ ਨਿੱਘ ਅੰਤ ਘੜੀ ਤਕ ਆਪਣੇ ਅੰਦਰ ਰਹੇ। ਇਹੀ ਹੈ ਜਿਹੜੀ ਬੁਢਾਪੇ ਨੂੰ ਵਰਜੀ ਰੱਖਦੀ ਹੈ, ਸਰੀਰ ਤੇ ਆਤਮਾ ਦੋਹਾਂ ਨੂੰ ਪੁਰਾਣਾ ਨਹੀਂ ਹੋਣ ਦੇਂਦੀ। ਇਸ ਦੀ ਸੰਭਾਲ ਦੇ ਸਾਦੇ ਜਿਹੇ ਅਸੂਲ ਹਨ, ਉਹਨਾਂ ਦਾ ਕਦੇ ਉਲੰਘਣ ਨਾ ਕੀਤਾ ਜਾਏ।

ਉਮਰ ਦੇ ਕਿਸੇ ਹਿੱਸੇ ਵਿੱਚ ਦੁਨੀਆਂ ਲਈ ਬੇ-ਲੋੜਾ ਨਾ ਹੋਇਆ ਜਾਏ। ਦੁਨੀਆਂ ਸਾਨੂੰ ਪੁਰਾਣੀ ਹੋ ਚੁੱਕੀ ਚੀਜ਼ ਸਮਝ ਕੇ ਜ਼ਿੰਦਗੀ ਦੀ ਕਤਾਰ 'ਚੋਂ ਪਰ੍ਹਾਂ ਨਾ ਹਟਾ ਦੇਵੇ। ਨਵੀਨ ਯੁੱਗ ਨਾਲ ਹਮੇਸ਼ਾਂ ਦਿਲਚਸਪੀ ਰਹੇ। ਖ਼ਿਆਲਾਂ ਨੂੰ ਬੇ-ਲਚਕ ਨਾ ਹੋਣ ਦਿੱਤਾ ਜਾਏ। ਜਿੰਨਾ ਚਿਰ ਖ਼ਿਆਲਾਂ ਵਿੱਚ ਲਚਕ ਹੈ, ਓਨਾ ਚਿਰ ਦੁਨੀਆਂ ਦੇ ਸ਼ਹਿਜ਼ਾਦਿਆਂ, ਨੌਜਵਾਨਾਂ ਨਾਲ ਪੂਰਨ ਹਮਦਰਦੀ ਰਹੇਗੀ, ਉਹ ਗੁੰਮਰਾਹ ਨਹੀਂ ਜਾਪਣਗੇ, ਉਹਨਾਂ ਦੀਆਂ ਹਰਕਤਾਂ ਸਾਨੂੰ ਛਿੱਥਿਆਂ ਨਹੀਂ ਪਾਣਗੀਆਂ। ਬੁਢਾਪੇ ਦੀ ਪਰਖ ਹੀ ਇਹ ਹੈ ਕਿ ਇਸ ਨੂੰ ਜਵਾਨੀ ਦੀਆਂ ਹਰਕਤਾਂ ਵਿੱਚ ਕੋਈ ਦਲੀਲ ਨਹੀਂ ਦਿੱਸਦੀ। ਵਾਸਤਵ ਵਿੱਚ ਜਵਾਨੀ ਹੀ ਜ਼ਿੰਦਗੀ ਦੀ ਸੋਧੀ ਹੋਈ ਛਾਪ ਹੁੰਦੀ ਹੈ।

ਠਰ੍ਹੰਮਾ, ਸੰਤੁਸ਼ਟਤਾ, ਅਡੋਲਤਾ, ਹਮਦਰਦੀ ਉਮਰ ਦੀ ਪੁਖ਼ਤਗੀ ਦੀਆਂ ਨਿਸ਼ਾਨੀਆਂ ਹਨ। ਪਰ ਇਸ ਦਾ ਇਹ ਭਾਵ ਨਹੀਂ ਕਿ ਜੀਉਣ ਲਈ ਤੁਹਾਡਾ ਉਤਸ਼ਾਹ ਘਟ ਜਾਏ। ਨਹੀਂ, ਉਤਸ਼ਾਹ ਜਿੰਨਾ ਚਿਰ ਭਖ਼ਦਾ ਰਹੇਗਾ, ਓਨਾ ਚਿਰ ਹੀ ਜੀਵਨ ਸੁਆਦ ਨਾਲ ਜੀਵਿਆ ਜਾ ਸਕਦਾ ਹੈ। ਜੀਵਨ ਉਹੀ ਸਫ਼ਲ ਹੈ, ਜਿਹੜਾ ਅਖ਼ੀਰਲੇ ਸੁਆਸਾਂ ਤਕ ਮਾਣਿਆਂ ਜਾ ਸਕੇ, ਤੇ ਜੀਵਨ ਓਨਾਂ ਚਿਰ ਹੀ ਮਾਣਿਆਂ ਜਾ ਸਕਦਾ ਹੈ, ਜਿੰਨਾ ਚਿਰ ਇਹ ਲਾਭਦਾਇਕ ਰਹੇ। ਉਹ ਬੁੱਢੇ ਜਿਹੜੇ ਦੁਨੀਆਂ ਤੇ ਸਨੇਹੀਆਂ ਉਤੇ ਸਿਰਫ਼ ਭਾਰੂ ਹੋ ਜਾਂਦੇ ਹਨ, ਉਹ ਸੁਖੀ ਨਹੀਂ।

ਅੰਤਲੇ ਸੁਆਸਾਂ ਤਕ ਦੁਨੀਆਂ ਵਿੱਚ ਕੋਈ ਖ਼ਾਸ ਥਾਂ ਮੱਲੀ ਰੱਖੀ ਜਾ ਸਕੇ, ਕਿਸੇ ਡਿਊਟੀ ਉਤੇ ਖੜੋਤਾ ਰਿਹਾ ਜਾ ਸਕੇ। ਘਰ ਵਿੱਚ, ਭਾਈਚਾਰੇ ਵਿੱਚ ਇਕ ਵਿਸ਼ੇਸ਼ ਰੁਝੇਵਾਂ ਹੋਵੇ: ਉਤਸ਼ਾਹ ਦੇ

ਸਕਣਾ, ਆਪਣੇ ਰਸਤੇ ਦੀਆਂ ਘਾਟਾਂ ਤੋਂ ਸੰਤਾਨ ਨੂੰ ਹੁਸ਼ਿਆਰ ਕਰ ਸਕਣਾ, ਹਸਾ ਸਕਣਾ, ਦਿਲਬਰੀ ਦੇ ਸਕਣਾ, ਪਿਆਰ-ਭੁੱਖ ਦੂਰ ਕਰ ਸਕਣਾ, ਕਿਸੇ ਦੀ ਨਿਰਾਸ਼ਾ ਵਿੱਚ ਆਪਣੇ ਤਜਰਬੇ ਦੀ ਕਿਰਨ ਪਾ ਸਕਣਾ; ਕਿਸੇ ਥੱਕੇ ਹਫ਼ੇ ਕੰਡਿਆਂ-ਵਿੱਝੇ ਨੂੰ ਆਪਣੀ ਉਮਰ ਦੀ ਛਾਂ ਵਿੱਚ ਦੋ ਘੜੀਆਂ ਸਸਤਾ ਸਕਣਾ, ਇਹੋ ਲੋੜੀਂਦੇ ਰਹਿਣ ਲਈ ਕਾਫ਼ੀ ਹਨ।

ਬਿਨਾਂ ਕੁਝ ਦਿੱਤੇ ਕੁਝ ਵੀ ਸਵੀਕਾਰ ਨਾ ਕੀਤਾ ਜਾਏ। ਜਦੋਂ ਅਸੀਂ ਸਾਰਾ ਖਜ਼ਾਨਾ ਮੁਕਾ ਚੁੱਕੇ ਹੋਈਏ, ਸਾਡੀ ਜੋਤ ਦੀ ਕੋਈ ਕਿਰਨ ਕਿਸੇ ਦੇ ਰਾਹ ਉਤੇ ਨਾ ਪੈ ਸਕਦੀ ਹੋਵੇ, ਓਦੋਂ ਏਥੋਂ ਤੁਰ ਜਾਣ ਦਾ ਸਮਾਂ ਹੁੰਦਾ ਹੈ।

ਮੇਰੇ ਇਸ ਆਦਰਸ਼ ਜੀਵਨ ਵਿੱਚ ਕੋਈ ਸਵਰਗ ਨਹੀਂ ਆਇਆ, ਕਿਸੇ ਨਰਕ ਤੋਂ ਬਚਣ ਦਾ ਕੋਈ ਸਾਧਨ ਨਹੀਂ ਸੋਚਿਆ ਗਿਆ, ਕਿਸੇ ਮੁੱਕਤੀ ਦਾ ਜ਼ਿਕਰ ਨਹੀਂ, ਕਿਸੇ ਬਖ਼ਸ਼ਿਸ਼ ਦਾ ਤਰਲਾ ਨਹੀਂ, ਇਸ ਲਈ ਕਿ ਇਸ ਤਰ੍ਹਾਂ ਦੇ ਜੀਵਨ ਨੂੰ ਮੈਂ ਬਖ਼ਸ਼ਿਸ਼ ਦੇ ਸੋਮੇ ਦੀ ਧਾਰ ਵਿੱਚ ਮਿਲ ਜਾਣਾ ਸਮਝਦਾ ਹਾਂ। ਇਸ ਦੀਆਂ ਥੋੜੀਆਂ ਜਿੰਨੀਆਂ ਘੜੀਆਂ ਨੂੰ ਵੀ ਸਵਰਗ ਨਾਲੋਂ ਵੱਡਾ ਸਮਝਦਾ ਹਾਂ। ਨਰਕ ਦੀ ਇਸ ਵਿੱਚ ਸੰਭਾਵਨਾ ਹੀ ਕੋਈ ਨਹੀਂ।

ਨਾਲੇ ਮੌਤ ਨੂੰ ਮੈਂ ਰੂਹ ਦਾ, ਰੂਹ ਤੇ ਮਾਦੇ ਦਾ, ਮਾਦੇ ਨਾਲ ਇਕ-ਮਿੱਕ ਹੋ ਜਾਣਾ ਯਕੀਨ ਕਰਦਾ ਹਾਂ। ਜੀਵਨ ਹੀ ਮੇਰਾ ਵਿਚਾਰ ਹੈ, ਮੌਤ ਮੇਰਾ ਵਾਸਤਾ ਨਹੀਂ, ਉਸ ਲਈ ਸਿਰਫ਼ ਤਿਆਰ ਰਹਿਣਾ ਮੇਰੇ ਆਪਣੇ ਆਦਰਸ਼ ਵਿੱਚ ਸ਼ਾਮਲ ਹੈ। ■

ਕਲਾਕਰ ਦਾ ਫ਼ਰਜ਼

ਦਿਲ-ਪਰਚਾਵੇ ਤੇ ਵਕਤ-ਟਪਾਈ ਲਈ ਤਮਾਸ਼ੇ ਕਰਨਾ ਜਾਂ ਕਿਤਾਬਾਂ ਲਿਖਣਾ ਕਲਾ ਨਹੀਂ। ਪੈਸਾ ਕਮਾਣ ਲਈ ਲਿਖਾਰੀ ਬਣਨ ਦੀ ਰੀਝ ਤੋਂ ਕਲਾ ਦਾ ਭੁਲੇਖਾ ਨਹੀਂ ਖਾਣਾ ਚਾਹੀਦਾ।

ਉਤਸੁਕਤਾ ਪੈਦਾ ਕਰਨ ਵਾਲੇ ਹਾਦਸਿਆਂ ਦੀ ਲੜੀ ਪ੍ਰੋ ਕੇ ਪਾਠਕਾਂ ਦਾ ਧਿਆਨ ਖਿੱਚ ਸਕਣਾ ਵੀ ਕਲਾ ਨਹੀਂ। ਦੁਨੀਆਂ ਦੀਆਂ ਸਭ ਤੋਂ ਬਹੁਤੀਆਂ ਵਿਕਣ ਵਾਲੀਆਂ ਬਹੁਤੀਆਂ ਕਿਤਾਬਾਂ ਕਲਾ ਤੋਂ ਖ਼ਾਲੀ ਹੁੰਦੀਆਂ ਹਨ। ਜਿਹੜੀ ਕਿਤਾਬ ਪਾਠਕ ਏਸ ਲਈ ਪੜ੍ਹਦਾ ਹੈ, ਕਿ ਉਸ ਦਾ ਦਿਲ ਨਹੀਂ ਲੱਗਦਾ ਤੇ ਉਹ ਵਕਤ ਜਾਂ ਸਫ਼ਰ ਟਪਾਣਾ ਚਾਹੁੰਦਾ ਹੈ, ਉਹ ਕਲਾ ਦੀ ਕਸੌਟੀ ਉਤੇ ਊਣੀ ਹੋਵੇਗੀ।

ਅਸਲੀ ਕਲਾ ਉਹ ਹੈ, ਜਿਹੜੀ ਮਨ ਦੀ ਉਤਸ਼ਾਹ ਭਰੀ ਅਵਸਥਾ ਵਿਚ ਰੰਗੀ ਜਾਏ। ਜਿਸ ਨੂੰ ਪੜ੍ਹਨ ਲਈ ਤਾਜ਼ਾ ਦਿਮਾਗ ਤੇ ਸੁਹਾਉਣੇ ਮਨ ਦੀ ਲੋੜ ਹੋਵੇ।

ਜਿਨ੍ਹਾਂ ਲੋਕਾਂ ਦਾ ਵਕਤ ਗੁਜ਼ਰਨਾ ਮੁਸ਼ਕਿਲ ਹੋਵੇ, ਉਹ ਲੋਕ ਕਲਾ ਦੇ ਅਸਲੀ ਕਦਰਦਾਨ ਨਹੀਂ ਹੁੰਦੇ। ਕਲਾ ਦੇ ਸਨੇਹੀ ਬਹੁਤੇ ਨਹੀਂ, ਪਰ ਉਹ ਹਨ, ਜਿਨ੍ਹਾਂ ਲਈ ਜ਼ਿੰਦਗੀ ਦੀ ਹਰ ਘੜੀ ਹੀ ਅਸਲੀ ਪੀੜ ਜਾ ਅਸਲੀ ਖ਼ੁਸ਼ੀ ਲਿਆਉਂਦੀ ਹੈ।

ਕਲਾਕਾਰ ਲਈ ਤਕਨੀਕ ਦੀ ਵਾਕਫ਼ੀਅਤ ਹੀ ਕਾਫ਼ੀ ਨਹੀਂ – ਸਭ ਤੋਂ ਜ਼ਿਆਦਾ ਚਾਲਚਲਣ ਦੀ ਲੋੜ ਹੈ। ''ਕਲਾਕਾਰ ਦੇ ਜੀਵਨ ਦਾ ਮਨੋਰਥ ਜ਼ਮਾਨੇ ਦੇ ਸੁਆਦਾਂ ਨੂੰ ਰੀਝਾਣਾ ਨਹੀਂ, ਜ਼ਿੰਦਗੀ ਦੀਆਂ ਸਦੀਵੀਂ ਤਾਕਤਾਂ ਨੂੰ ਰੂਪ ਦੇਣਾ ਹੈ – ਸੱਚਾਈ, ਇਨਸਾਫ਼, ਅਨੰਦ, ਸੁੰਦਰਤਾ, ਆਜ਼ਾਦੀ, ਮਨ ਤੇ ਆਤਮਾ ਨੂੰ ਪ੍ਰਗਟ ਕਰਨਾ ਹੈ।''

ਜ਼ਿੰਦਗੀ ਵਿਚ ਗ਼ੈਰ-ਜ਼ਰੂਰੀ ਮੁਥਾਜੀਆਂ ਤੇ ਕਸ਼ਟ ਸਾਇੰਸ ਤੇ ਚੰਗੇ ਸਮਾਜਕ ਨਜ਼ਾਮ ਦੀ ਮਦਦ ਨਾਲ ਕੱਢ ਵੀ ਦਿੱਤੇ ਜਾਣਗੇ, ਪਰ ਹਿਰਖ ਸ਼ੋਕ ਜ਼ਿੰਦਗੀ ਦੀਆਂ ਦੋ ਦਾਈਆਂ ਹਨ। ਇਹ ਸਦਾ ਮਨੁੱਖ ਦੀਆਂ ਸਾਥਣਾਂ ਰਹਿਣਗੀਆਂ। ਜਦੋਂ ਮਨੁੱਖ ਹਰ ਤਰ੍ਹਾਂ ਆਰਥਕ ਤੇ ਰਾਜਨੀਤਕ ਪਹਿਲੂਆਂ ਤੋਂ ਖ਼ੁਸ਼ਹਾਲ ਤੇ ਸੁਤੰਤਰ ਵੀ ਹੋ ਜਾਏਗਾ, ਓਦੋਂ ਵੀ ਦਿਲਾਂ ਦੇ ਕਸ਼ਟ ਜ਼ਿੰਦਗੀ ਨੂੰ ਟੁੰਬਦੇ ਰਿਹਾ ਕਰਨਗੇ, ਓਦੋਂ ਵੀ ਮਾਯੂਸ ਦਿਲ ਆਤਮ-ਘਾਤ ਦੀ ਘਾਟੀ ਤੋਂ ਕਈ ਵਾਰੀ ਝਾਕਿਆ ਕਰਨਗੇ। ਮਨੁੱਖ ਦੀਆਂ ਅੱਖਾਂ 'ਚੋਂ ਅੱਥਰੂ ਖ਼ੁਸ਼ਕ ਨਹੀਂ ਹੋ ਸਕਦੇ, ਨਾ ਛਾਤੀ 'ਚੋਂ ਆਹਾਂ ਮੁੱਕ ਸਕਦੀਆਂ ਹਨ। ਕਾਨੂੰਨੀ ਬੇ-ਇਨਸਾਫ਼ੀ ਦਾ ਹਲ ਨਿਕਲ ਪਵੇਗਾ ਪਰ ਗ਼ਲਤ-ਫ਼ਹਿਮੀਆਂ ਦੀ ਬੇ-ਇਨਸਾਫ਼ੀ ਦਾ ਦਰਦ ਏਸੇ ਤਰ੍ਹਾਂ ਨਿਢਾਲ ਕਰਦਾ ਰਹੇਗਾ। ਦਿਲ ਟੁੱਟਣ ਦੀਆਂ ਚੀਸਾਂ ਉਠਣੋ ਨਹੀਂ ਰੁਕ ਸਕਣਗੀਆਂ – ਇਹ ਸਦੀਵੀ ਹਨ।

ਇਸ ਸਦੀਵੀ ਵੇਦਨਾ ਦੀ ਪ੍ਰਤਿਨਿਧਤਾ ਕਲਾਕਾਰ ਦਾ ਫ਼ਰਜ਼ ਹੈ।

ਹਰ ਚੜ੍ਹਾਈ ਦੇ ਉਤੋਂ ਅਕਾਸ਼ ਉਡਾ ਹੀ ਉੱਚਾ ਲੱਭਦਾ ਹੈ ਜੇਡਾ ਨੀਵੀਆਂ ਥਾਵਾਂ ਤੋਂ। ਇਸ ਅਕਾਸ਼ ਦੀ ਲਾਲਸਾ ਸਦਾ ਮਨੁੱਖ ਨੂੰ ਉਤਾਂਹ ਚੁਕਦੀ ਰਹੇਗੀ। ਏਸ ਅਕਾਸ਼ ਦੇ ਤਾਰਿਆਂ ਨੂੰ ਜਾਣਨਾ ਤੇ ਜਨਾਣਾ ਕਲਾਕਾਰ ਦਾ ਫ਼ਰਜ਼ ਹੈ।

ਸਚਾਈ, ਖ਼ੂਬਸੂਰਤੀ, ਤੇ ਆਨੰਦ, ਮਨ ਤੇ ਆਤਮਾ ਦੀਆਂ ਡੂੰਘਾਈਆਂ ਵਿਚ ਤੇ ਉਚਾਈਆਂ ਉਤੇ ਜਨਤਾ ਨੂੰ ਝਾਤੀਆਂ ਪੁਆਣਾ ਕਲਾਕਾਰ ਦਾ ਕਰਤੱਵ ਹੈ।

ਜਿਹੜੀ ਤਸਵੀਰ ਜਾਂ ਜਿਹੜੀ ਪੁਸਤਕ ਮਨੁੱਖ ਨੂੰ ਇਕਾਂਤ ਵਿਚ ਆਪਣਾ ਆਪ ਫੋਲਣ ਲਈ ਨਹੀਂ ਭੇਜਦੀ, ਉਹ ਕਲਾ ਦੀ ਕ੍ਰਿਤ ਨਹੀਂ–ਉਹ ਸਿਰਫ਼ ਦਿਲ-ਪਰਚਾਵਾ ਹੈ, ਵਿਹਲਿਆਂ ਦੀ ਘੜੀ ਪਲ ਦੀ ਖੇਡ ਹੈ, ਤੇ ਉਦੋਂ ਹੀ ਵੇਖੀ ਜਾ ਸਕਦੀ ਹੈ, ਜਦੋਂ ਆਤਮਾ ਵਿਚ ਕੋਈ ਚੰਗਾ ਰੁਝੇਵਾਂ ਨਾ ਹੋਵੇ।

ਕਲਾ ਮਨੁੱਖ ਦੀ ਅੰਤਰ ਵੇਦਨਾ ਤੇ ਆਨੰਦ ਦਾ ਪ੍ਰਗਟਾਵਾ ਹੈ। ਇਸ ਵਿਚ ਯੋਗਤਾ ਲਈ ਸਿਰਫ਼ ਤਕਨੀਕ ਹੀ ਕਾਫ਼ੀ ਨਹੀਂ, ਤਜਰਬਾ, ਜਜ਼ਬਾ, ਆਤਮਕ ਕੋਮਲਤਾ, ਮਨੁੱਖ ਮਾਤਰ ਨਾਲ ਏਕਤਾ ਦਾ ਅਹਿਸਾਸ ਜ਼ਰੂਰੀ ਹਨ। ਕਲਾਕਾਰ ਦਾ ਕੋਈ ਧੜਾ ਨਹੀਂ, ਨਾ ਫ਼ਿਰਕਾ ਹੈ, ਨਾ ਬਰਾਦਰੀ, ਨਾ ਰਿਸ਼ਤੇਦਾਰੀ ਹੈ – ਇਹ ਦੁਸ਼ਮਣੀਆਂ ਨਹੀਂ ਪਾਲ ਸਕਦਾ, ਇਹ ਕਿਸੇ ਦੇ ਨੁਕਸਾਨ ਦਾ ਵਸੀਲਾ ਨਹੀਂ ਬਣ ਸਕਦਾ। ਇਸ ਦਾ ਕੋਈ ਆਪਣਾ ਨਹੀਂ, ਨਾ ਬੇਗਾਨਾ ਹੈ।

ਇਹ ਹਰ ਦੁਖਦੇ ਦਿਲ ਦੀ ਪੀੜ ਤੇ ਹਰ ਵਿਗਸੇ ਦਿਲ ਦਾ ਹੁਲਾਰਾ ਹੈ। ■

ਅੰਤਿਕਾ

ਗੁਰਬਖ਼ਸ਼ ਸਿੰਘ ਬਾਰੇ ਜ਼ਰੂਰੀ ਜਾਣਕਾਰੀ

ਜਨਮ ਤਾਰੀਖ਼
26 ਅਪ੍ਰੈਲ, 1895।

ਜਨਮ ਸਥਾਨ
ਸਿਆਲਕੋਟ (ਹੁਣ ਪੱਛਮੀ ਪਾਕਿਸਤਾਨ)।

ਪਿਤਾ ਦਾ ਨਾਂ
ਸ: ਪਸ਼ੌਰਾ ਸਿੰਘ।

ਮਾਤਾ ਦਾ ਨਾਂ
ਮਾਲਣੀ।

ਪੜ੍ਹਾਈ ਦਾ ਵੇਰਵਾ
ਸਿਆਲਕੋਟ ਤੋਂ ਦਸਵੀਂ ਦੀ ਪ੍ਰੀਖਿਆ,
ਇੰਜੀਨੀਅਰਿੰਗ : ਟਾਮਸਨ ਸਿਵਲ ਇੰਜੀਨੀਅਰਿੰਗ ਰੁੜਕੀ, ਮਿਸ਼ੀਗਨ ਯੂਨੀਵਰਸਿਟੀ (ਯੂ. ਐਸ. ਏ.)।

ਨੌਕਰੀ
ਦਸਵੀਂ ਕਰ ਕੇ ਕੁਝ ਚਿਰ ਕਲਰਕੀ।
1914-18 ਤਕ ਈਰਾਨ ਵਿਚ ਇੰਜੀਨੀਅਰ।
1924-32 ਤਕ ਭਾਰਤ ਰੇਲਵੇ ਵਿਚ ਇੰਜੀਨੀਅਰ। ਨੁਸ਼ਹਿਰੇ ਵਿਚ ਅਕਾਲੀ ਫੂਲਾ ਸਿੰਘ ਦੇ ਗੁਰਦੁਆਰੇ ਵਿਚ ਪ੍ਰਬੰਧ ਦੀ ਸੇਵਾ।
ਨਵੀਨ ਤਕਨੀਕੀ ਢੰਗ ਨਾਲ ਫ਼ਾਰਮਿੰਗ ਕੀਤੀ।
ਪ੍ਰੀਤਨਗਰ ਵਿਚ ਵੀ ਇਹੋ ਕਿੱਤਾ ਅਪਨਾਇਆ।

ਵਿਆਹ
1912 ਵਿਚ।

ਪਤਨਾ ਦਾ ਨਾਂ
ਸ਼ਿਵਦਈ (ਪੇਕਾ ਨਾਂ), ਜਗਜੀਤ ਕੌਰ (ਸਹੁਰਾ ਨਾਂ)।

ਬੱਚੇ	ਜਨਮ ਮਿਤੀ
ਨਵਤੇਜ	8-1-25
ਉਮਾ	27-7-27
ਉਰਮਿਲਾ	15-10-28
ਪ੍ਰਤਿਮਾ	30-5- 30
ਹਿਰਦੇਪਾਲ	6-2-34
ਅਨੁਸੂਈਆ	9-1-36

ਪ੍ਰੀਤ ਲੜੀ ਮਾਸਕ ਦਾ ਆਰੰਭ : 1933 ਵਿਚ

ਬਾਲ ਸੰਦੇਸ਼ (ਮਾਸਕ) ਦਾ ਆਰੰਭ : 1942

ਪ੍ਰੀਤ ਨਗਰ ਦੀ ਸਥਾਪਨਾ : 1938 ਵਿਚ।

ਦੇਸ਼-ਜਿਨ੍ਹਾਂ ਦੀ ਯਾਤਰਾ ਕੀਤੀ
ਇਰਾਕ, ਈਰਾਨ, ਅਮਰੀਕਾ, ਕੈਨੇਡਾ, ਇੰਗਲੈਂਡ; ਫ਼ਰਾਂਸ, ਬੈਲਜੀਅਮ, ਸਵਿਟਰਲੈਂਡ, ਇਟਲੀ, ਆਸਟਰੀਆ, ਜਰਮਨੀ, ਚੀਨ, ਹਾਂਗ ਕਾਂਗ, ਸੋਵੀਅਤ ਯੂਨੀਅਨ, ਹੰਗਰੀ, ਰੁਮਾਨੀਆ, ਚੈਕੋਸਲੋਵਾਕੀਆ, ਫ਼ਿਨਲੈਂਡ, ਜਮਹੂਰੀ ਜਰਮਨੀ, ਅਫ਼ਗਾਨਿਸਤਾਨ।

ਸਨਮਾਣ

1. ਭਾਸ਼ਾ ਵਿਭਾਗ ਵਲੋਂ ਵਰ੍ਹੇ ਦੇ ਸਾਹਿਤਕਾਰ ਦਾ ਪੁਰਸਕਾਰ।
2. ਭਾਸ਼ਾ ਵਿਭਾਗ, ਪੰਜਾਬ ਵਲੋਂ ਤਿੰਨ ਵਾਰ ਪਹਿਲਾ ਸਾਹਿਤਕ ਇਨਾਮ।
3. ਗੋਰਕੀ ਦੇ ਨਾਵਲ 'ਮਾਂ' ਦੇ ਅਨੁਵਾਦ ਲਈ ਸੋਵੀਅਤ ਲੈਂਡ ਨਹਿਰੂ ਪੁਰਸਕਾਰ।
4. ਪਰਧਾਨ, ਸਾਹਿਤ ਅਕਾਦਮੀ, ਪੰਜਾਬ।
5. ਮੈਂਬਰ, ਪੰਜਾਬੀ ਸਲਾਹਕਾਰ ਕਮੇਟੀ, ਸਾਹਿਤ ਅਕਾਦਮੀ ਨਵੀਂ ਦਿੱਲੀ।
6. ਮੈਂਬਰ, ਜਨਰਲ ਕੌਂਸਲ, ਸਾਹਿਤ ਅਕਾਦਮੀ, ਨਵੀਂ ਦਿੱਲੀ।
7. ਮੀਤ ਪਰਧਾਨ, ਆਲ ਇੰਡੀਆ ਪੀਸ ਕੌਂਸਲ।
8. ਮੈਂਬਰ, ਸੰਸਾਰ ਅਮਨ ਕੌਂਸਲ।

ਪਹਿਲੀ ਸਾਹਿਤਿਕ ਰਚਨਾ:

ਕਹਾਣੀ

ਪ੍ਰਿਤਮਾ (ਕਹਾਣੀ) 1913 ਵਿਚ ਦੇਸ ਵਿਚ ਰਹਿੰਦਿਆਂ।
ਭੁੱਖੀ ਆਤਮਾ (ਕਹਾਣੀ) 1922-23 ਜੋ ਮੂਲ ਰੂਪ ਵਿਚ ਪਹਿਲਾਂ ਅੰਗਰੇਜ਼ੀ ਵਿਚ Starved Soul ਨਾਂ ਹੇਠ ਅਮਰੀਕਾ ਵਿਚ ਛਪੀ।

ਨਾਟਕ

ਪ੍ਰੀਤ ਮੁਕਟ 1922-23 ਵਿਚ।
ਪਹਿਲਾਂ ਮੂਲ ਰੂਪ ਵਿਚ ਅੰਗਰੇਜ਼ੀ ਵਿਚ Love's Crown ਨਾਂ ਹੇਠ ਛਪਿਆ।

ਲੇਖ

ਮੇਰੀ ਦਾਦੀ 1922-23
ਜੋ ਪਹਿਲਾਂ ਮੂਲ ਰੂਪ ਅੰਗਰੇਜ਼ੀ ਵਿਚ My Grandmother ਸਿਰਲੇਖ ਹੇਠ ਛਪਿਆ।

ਕੁਲ ਕਿਤਾਬਾਂ

ਹੁਣ ਤਕ 62।

ਕਾਲ ਕ੍ਰਮ ਅਨੁਸਾਰ ਗੁਰਬਖ਼ਸ਼ ਸਿੰਘ ਦੀਆਂ ਰਚਨਾਵਾਂ ਦੀ ਸੂਚੀ

ਨੰ: ਰਚਨਾ	ਵਿਸ਼ਾ	ਪਹਿਲਾ ਸੰਸਕਰਣ
1. ਪ੍ਰੀਤ ਮਾਰਗ	ਲੇਖ	1934
2. ਰਾਜ ਕੁਮਾਰੀ ਲਤਿਕਾ	ਨਾਟਕ	1935
3. ਪ੍ਰੀਤ ਮੁਕਟ	ਨਾਟਕ	1936
4. ਏਸ਼ੀਆ ਦਾ ਚਾਨਣ	ਮਹਾਂ ਕਾਵਿ (ਅਨੁਵਾਦ)	1937
5. ਨਾਗ ਪ੍ਰੀਤ ਦਾ ਜਾਦੂ	ਕਹਾਣੀ ਸੰਗ੍ਰਹਿ	1940
6. ਅਨੋਖੇ ਤੇ ਇਕੱਲੇ	ਕਹਾਣੀ ਸੰਗ੍ਰਹਿ	1940
7. ਖੁਲ੍ਹਾ ਦਰ	ਲੇਖ	1940
8. ਸੁਪਨੇ	(ਅਨੁਵਾਦ)	1940
9. ਅਸਮਾਨੀ ਮਹਾਂ ਨਦੀ	ਕਹਾਣੀਆਂ	1940
10. ਪ੍ਰੀਤ ਮਣੀ	ਡਰਾਮਾ	1940
11. ਪੂਰਬ ਪੱਛਮ	ਡਰਾਮਾ	1940
12. ਗੁਲਾਬੀ ਐਨਕਾਂ	ਕਹਾਣੀਆਂ (ਬੱਚਿਆਂ ਲਈ)	1940
13. ਮਧੁਰ ਬੈਨ	ਕਹਾਣੀਆਂ (ਬੱਚਿਆਂ ਲਈ)	1940
14. ਫ਼ੈਸਲੇ ਦੀ ਘੜੀ	ਲੇਖ	1941
15. ਰੋਜ਼ਾਨਾ ਜ਼ਿੰਦਗੀ ਦੀ ਸਾਇੰਸ	ਲੇਖ	1942
16. ਅਣਵਿਆਹੀ ਮਾਂ	ਨਾਵਲਿਟ	1942
17. ਵੀਣਾ ਵਿਨੋਦ	ਕਹਾਣੀਆਂ	1942
18. ਸਾਵੀਂ ਪੱਧਰੀ ਜ਼ਿੰਦਗੀ	ਲੇਖ	1943
19. ਮਨੋਹਰ ਸ਼ਖ਼ਸੀਅਤ	ਲੇਖ	1943
20. ਪਰਮ ਮਨੁੱਖ	ਲੇਖ	1943
21. ਪ੍ਰਣ-ਪੁਸਤਕ	ਲੇਖ ਤੇ ਡਾਇਰੀ	1944
22. ਪ੍ਰੀਤਾਂ ਦੀ ਪਹਿਰੇਦਾਰ	ਕਹਾਣੀਆਂ	1946
23. ਮੇਰੇ ਝਰੋਖੇ 'ਚੋਂ	ਲੇਖ	1946
24. ਸਾਡੀ ਹੋਣੀ ਦਾ ਲਿਸ਼ਕਾਰਾ	ਲੇਖ	1946
25. ਭਾਬੀ ਮੈਨਾ	ਕਹਾਣੀਆਂ	1946
26. ਮੇਰੀਆਂ ਅਭੁੱਲ ਯਾਦਾਂ	ਲੇਖ	1947
27. ਪ੍ਰਸੰਨ ਲੰਮੀ ਉਮਰ	ਲੇਖ	1947
28. ਇਕ ਦੁਨੀਆਂ ਤੇ ਤੇਰਾਂ ਸੁਪਨੇ	ਲੇਖ	1947
29. ਸਵੈ ਪੂਰਨਤਾ ਦੀ ਲਗਨ	ਲੇਖ	1947
30. ਚੰਗੇਰੀ ਦੁਨੀਆਂ	ਲੇਖ	1947
31. ਸਾਡੇ ਵਾਰਸ	ਲੇਖ	1947
32. ਨਵਾਂ ਸ਼ਿਵਾਲਾ	ਲੇਖ	1947
33. ਤਾਜ ਤੇ ਸਰੂ	ਲੇਖ	1949
34. ਕੁਦਰਤੀ ਮਜ਼੍ਹਬ	ਲੇਖ	1949
35. ਆਖ਼ਰੀ ਸਬਕ	ਕਹਾਣੀਆਂ (ਅਨੁਵਾਦ)	1949
36. ਪ੍ਰੀਤ ਕਹਾਣੀਆਂ	ਕਹਾਣੀਆਂ	1950
37. ਭੱਖਦੀ ਜੀਵਨ ਚੰਗਿਆੜੀ	ਲੇਖ	1950
38. ਨਵੀਂ ਤਕੜੀ ਦੁਨੀਆਂ	ਲੇਖ	1950
39. ਖ਼ੁਸ਼ਹਾਲ ਜੀਵ	ਲੇਖ	1951
40. ਰੀਝਾਂ ਦੀ ਖੱਡੀ	ਲੇਖ	1953
41. ਸ਼ਬਨਮ	ਕਹਾਣੀਆਂ	1955
42. ਜ਼ਿੰਦਗੀ ਦੀ ਰਾਸ	ਲੇਖ	1957
43. ਮੋਲੀਏਰ ਦੇ ਨਾਟਕ	ਨਾਟਕ(ਅਨੁਵਾਦ)	1958
44. ਇਕ ਝਾਤ ਪੂਰਬ ਪੱਛਮ ਤੇ	ਲੇਖ	1958
45. ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ	ਕਹਾਣੀਆਂ	1959
46. ਮੇਰੀ ਜੀਵਨ ਕਹਾਣੀ	ਆਤਮ ਕਥਾ	1959
47. ਮਾਂ	ਨਾਵਲ(ਅਨੁਵਾਦ)	1960
48. ਜ਼ਿੰਦਗੀ ਵਾਰਸ ਹੈ	ਕਹਾਣੀ ਸੰਗ੍ਰਹਿ	1960
49. ਮੰਜ਼ਿਲ ਦਿਸ ਪਈ	ਆਤਮ ਕਥਾ	1964
50. ਪਰੀਆਂ ਦਾ ਮੋਚੀ	ਕਹਾਣੀਆਂ (ਬੱਚਿਆਂ ਲਈ)	1966
51. ਗੁਲਾਬੋ	ਨਾਵਲਿਟ (ਬੱਚਿਆਂ ਲਈ)	1966
52. ਮੁਰਾਦਾਂ ਪੂਰੀਆਂ ਕਰਨ ਵਾਲਾ ਖੂਹ	ਕਹਾਣੀਆਂ (ਬੱਚਿਆ ਲਈ)	1968
53. ਬੰਮ ਬਹਾਦਰ	ਕਹਾਣੀਆਂ (ਬੱਚਿਆਂ ਲਈ)	1966
54. ਜੁਗਾਂ ਪੁਰਾਣੀ ਗੱਲ	ਲੇਖ (ਬੱਚਿਆਂ ਲਈ)	1968
55. ਘਾਹ ਦੀਆਂ ਪੱਤੀਆਂ	ਕਵਿਤਾਵਾਂ (ਅਨੁਵਾਦ)	1968
56. ਬੰਦੀ ਛੋੜ ਗੁਰੂ ਨਾਨਕ	ਲੇਖ	1969
57. ਸਰਬ ਪੱਖੀ ਨਾਇਕ	ਲੇਖ	1970
58. ਰੰਗ ਸਹਿਕਦਾ ਦਿਲ	ਕਹਾਣੀਆਂ	1970
59. ਜ਼ਿੰਦਗੀ ਦੇ ਰਾਹਾਂ ਤੇ	ਅਨੁਵਾਦ	1970
60. ਮੇਰੀ ਜੀਵਨ ਕਹਾਣੀ III		1978
61. ਜ਼ਿੰਦਗੀ ਦੀ ਡਾਟ	ਲੇਖ	1978
62. ਇਹ ਜਗ ਸਾਡਾ	ਲੇਖ	1988

ਵਾਟ ਹਮਾਰੀ
ਸੂਰਜ ਤੇ ਸਮੁੰਦਰ
ਤੀਲੀ ਦਾ ਨਿਸ਼ਾਨ — ਮੁੱਲ **225/-**

ਦੂਜੀ ਸੈਂਚੀ
ਦੂਸਰੀ ਸੀਤਾ
ਲੰਮੀ ਉਡਾਰੀ
ਸਰਕੰਡਿਆਂ ਦੇ ਦੇਸ
ਸਭ ਦੇਸ ਪਰਾਇਆ
ਧੁੱਪ ਛਾਂ ਤੇ ਰੁੱਖ — ਮੁੱਲ **225/-**

ਤੀਜੀ ਸੈਂਚੀ
ਰਿਣ ਪਿਤਰਾਂ ਦਾ
ਪੀਲੇ ਪੱਤਿਆਂ ਦੀ ਦਾਸਤਾਨ
ਐਰ ਵੈਰ ਮਿਲਦਿਆਂ
ਲੰਘ ਗਏ ਦਰਿਆ
ਵਿਦ ਇਨ ਵਿਦ ਆਊਟ — ਮੁੱਲ **225/-**

ਚੌਥੀ ਸੈਂਚੀ
ਦੂਨੀ ਸੁਹਾਵਾ ਬਾਗੁ
ਕਥਾ ਕੁਕਨੁਸ ਦੀ
ਹਸਤਾਖ਼ਰ
ਪੈੜ-ਚਾਲ
ਜਿਮੀ ਪੁਛੈ ਅਸਮਾਨ — ਮੁੱਲ **250/-**

ਇਹ ਚਾਰ ਸੈਂਚੀਆਂ ਬੇਹਦ ਖ਼ੂਬਸੂਰਤ ਸੁਨਹਿਰੀ ਤੇ ਨੀਲੇ ਰੰਗ ਦੀਆਂ ਜਿਲਦਾਂ ਵਿਚ ਛਾਪੀਆਂ ਗਈਆਂ ਹਨ।

ਰਾਜਿੰਦਰ ਸਿੰਘ ਬੇਦੀ
ਇਕ ਚਾਦਰ ਅਧੋਰਾਣੀ 35/-
ਰਾਜਿੰਦਰ ਸਿੰਘ ਬੇਦੀਆਂ ਦੀਆਂ ਚੋਣਵੀਆਂ ਕਹਾਣੀਆਂ। 35/-
ਜਿਲਦ ਦੂਜੀ 35/-
ਹੱਡੀਆਂ ਤੇ ਫੁੱਲ 40/-

ਡਾ: ਜਸਵੰਤ ਸਿੰਘ ਨੇਕੀ
ਬਿਰਖੇ ਹੇਠ ਸਭ ਜੰਤ 65/-
ਕਰੁਣਾ ਦੀ ਛੋਹ ਤੋਂ ਮਗਰੋਂ 30/-
ਸਿਮਰਤੀ ਦੇ ਕਿਰਨ ਤੋਂ ਪਹਿਲਾਂ 20/-

ਡਾ: ਹਰਿਭਜਨ ਸਿੰਘ
ਚੋਲਾ ਟਾਕੀਆਂ ਵਾਲਾ (ਜੀਵਨੀ) 160/-
ਧੁੱਪੇ ਬਲਦਾ ਦੀਵਾ 50/-
ਮੇਰੀ ਕਾਵਿ ਯਾਤਰਾ (ਸੰਪੂਰਨ ਕਵਿਤਾ) 350/-
ਨਿਰਭਉ ਨਿਰਵੈਰ (ਸਫ਼ਰਨਾਮਾ) 18/-
ਲੈਨਿਨ ਨੈਣ ਨਕਸ਼ 100/-
ਮਾਵਾਂ ਧੀਆਂ 40/-
ਨਿਕਸੁਕ 40/-
ਪਿਆਰ ਤੇ ਪਰਿਵਾਰ 75/-
ਮੇਰੀ ਪਸੰਦ 35/-
ਅਲਵਿਦਾ ਤੋਂ ਪਹਿਲਾਂ 35/-

ਮੱਥਾ ਦੀਵੇ ਵਾਲਾ 45/-
ਅਲਫ਼ ਦੁਪਹਿਰ 25/-
ਚੌਥੇ ਦੀ ਉਡੀਕ 65/-
ਰੁੱਖ ਤੇ ਰਿਸ਼ੀ 65/-
ਰਿਗ ਬਾਣੀ 70/-

ਪਿਆਰਾ ਸਿੰਘ ਸਹਿਰਾਈ
ਜੋਤਿ ਇਕ ਸਰੂਪ ਦਸ 80/-
ਮੇਰੀ ਆਤਮ ਕਥਾ 45/-
ਗੀਤ ਮਰਿਆ ਨਹੀਂ ਕਰਦੇ 25/-
ਬਾਤਾਂ ਵਕਤ ਦੀਆਂ 35/-
ਗੁਜ਼ਰਗਾਹ 20/-
ਵਣ ਤ੍ਰਿਣ 12/-
ਵਿਸ਼ਵ ਕੋਸ਼ ਪੁਲਾੜ ਵਿਗਿਆਨ 30/-
ਸੰਗੀਤ ਦੋ ਖੰਭ 45/-
ਗੌਤਮ ਬੁੱਧ (ਗਾਥਾ ਕਾਵਿ) 40/-
ਮੇਰੀ ਕਵਿਤਾ ਦਾ ਸਫ਼ਰ (ਸੰਪੂਰਨ ਕਵਿਤਾ) 250/-

ਡਾ: ਸ.ਸ. ਵਣਜਾਰਾ ਬੇਦੀ
ਅੱਧੀ ਮਿੱਟੀ ਅੱਧਾ ਸੋਨਾ 30/-
ਵਿਰਸੇ ਦੀ ਫੁਲਕਾਰੀ 40/-
ਮੇਰਾ ਨਾਨਕਾ ਪਿੰਡ 25/-
ਗਲੀਏ ਚਿਕੜ ਦੂਰਿ ਘਰ 18/-
ਬਾਤਾਂ ਲੋਕ ਪੰਜਾਬ ਦੀਆਂ 60/-
ਰੂਸੀ ਲੋਕਧਾਰਾ ਇਕ ਪਛਾਣ 35/-

ਮਹਿੰਦਰ ਸਿੰਘ ਸਰਨਾ
ਅਬ ਜੂਝਨ ਕੋ ਦਾਉ (ਮਹਾਂ ਕਾਵਿ) 350/-
ਮੇਰੀਆਂ 80 ਚੋਣਵੀਆਂ ਕਹਾਣੀਆਂ 250/-
ਨਵੇਂ ਯੁਗ ਦੇ ਵਾਰਸ 45/-
ਔਰਤ ਈਮਾਨ 120/-
ਪੀੜਾਂ ਮੱਲੇ ਰਾਹ 15/-
ਕਾਲਾ ਬੱਦਲ ਕੂਲੀ ਧੁੱਪ 35/-
ਸੂਹਾ ਸਾਲੂ ਸੂਹਾ ਗੁਲਾਬ 35/-
ਸੁੰਦਰ ਘਾਟੀ ਦੀ ਸਹੁੰ 20/-

ਪ੍ਰੇਮ ਪ੍ਰਕਾਸ਼
ਕਥਾ ਅਨੰਤ (80 ਕਹਾਣੀਆਂ) 350/-
ਰੰਗਮੰਚ ਤੇ ਭਿਕਸ਼ੂ 50/-

ਸੰਤੋਖ ਸਿੰਘ ਧੀਰ
ਹਿੰਦੋਸਤਾਂ ਹਮਾਰਾ 40/-
ਮੇਰੀਆਂ ਸ੍ਰੇਸ਼ਟ ਕਹਾਣੀਆਂ 25/-
ਆਉਣ ਵਾਲਾ ਸੂਰਜ (ਕਵਿਤਾ) 20/-
ਸਿੰਘਾਵਲੀ 25/-
ਸੰਜੀਵਨੀ 16/-

ਦੇਵਿੰਦਰ ਸਤਿਆਰਥੀ
ਗਿੱਧਾ 45/-

ਲੰਕਾ ਦੇਸ ਹੈ ਕੋਲੰਬੂ 100/-
ਘੋੜਾ ਬਾਦਸ਼ਾਹ 70/-
ਮੀਟ ਮਾਈ ਪੀਪਲ (ਅੰਗ੍ਰੇਜ਼ੀ) 225/-

ਸੁਖਬੀਰ
ਸੜਕਾਂ ਤੇ ਕਮਰੇ 250/-
ਅੱਧੇ ਪੌਣੇ 25/-
ਪਾਣੀ ਤੇ ਪੁਲ 40/-
ਬਾਰੀ ਵਿਚਲਾ ਸੂਰਜ (ਕਹਾ:) 25/-
ਇਕਾਈ (ਕਹਾ:) 25/-
ਲਫ਼ਜ਼ ਤੇ ਲੀਕਾਂ (ਕਵਿਤਾ) 40/-

ਖ਼ੁਸ਼ਵੰਤ ਸਿੰਘ
ਕਾਲੀ ਚੰਬੇਲੀ 25/-
ਪੰਜਾਬ ਦਾ ਦੁਖਾਂਤ 20/-

ਬਚਿੰਤ ਕੌਰ
ਪਗਡੰਡੀਆਂ 65/-
ਮੁਕਲਾਵੇ ਵਾਲੀ ਰਾਤ 35/-
ਖੁਰੇ ਹੋਏ ਰੰਗ 20/-

ਡਾ. ਕਰਨਜੀਤ ਸਿੰਘ
ਪੰਜਾਬੀ ਦੀ ਲੋਕਧਾਰਾ ਤੇ ਪੰਜਾਬੀ ਜੀਵਨ 65/-
ਕਾਵਿ-ਚਿੰਤਨ 95/-
ਜਿਨ੍ਹਾਂ ਪਛਾਤਾ ਸੱਚ 50/-
ਫੁੱਲ ਵੀ ਅੰਗਿਆਰ ਵੀ 16/-

ਰਘਬੀਰ ਢੰਡ
ਰਿਸ਼ਤਿਆਂ ਦੀ ਯਾਤਰਾ 80/-
ਸ਼ਾਨੇ ਪੰਜਾਬ 70/-

ਗੁਲਜ਼ਾਰ ਸੰਧੂ
ਅਮਰ ਕਥਾ 25/-
ਕੰਧੀਂ ਜਾਏ (ਨਾਵਲ) 20/-
ਗੁਰਦਿਆਲ ਸਿੰਘ ਦੀਆਂ ਚੋਣਵੀਆਂ ਕਹਾਣੀਆਂ 50/-
ਕਮਲੇਸ਼ਵਰ ਦੀਆਂ ਚੋਣਵੀਆਂ ਕਹਾਣੀਆਂ 35/-

ਗੁਰਬਚਨ ਸਿੰਘ ਭੁੱਲਰ
ਓਪਰਾ ਮਰਦ (ਕਹਾਣੀਆਂ) 24/-
ਵਖਤਾ ਮਾਰੇ (ਕਹਾਣੀਆਂ) 24/-
ਮੈਂ ਗਜ਼ਨਵੀ ਨਹੀਂ (ਕਹਾਣੀਆਂ) 25/-
ਦੀਵੇ ਵਾਂਗ ਬਲਦੀ ਅੱਖ (ਚੋਣਵੀਆਂ 25 ਕਹਾਣੀਆਂ) 48/-
ਮੌਨ ਕਹਾਣੀ (ਕਵਿਤਾ) 25/-
ਨੇੜੇ ਨੇੜੇ (ਰੇਖਾ ਚਿੱਤਰ) 65/-

ਗੁਰਦੇਵ ਸਿੰਘ ਰੁਪਾਣਾ
ਡਿਫੈਂਸ ਲਾਈਨ 25/-
ਜਲਦੇਵ 35/-

ਐਡੀਟਰ, ਪ੍ਰਿੰਟਰ ਤੇ ਪਬਲਿਸ਼ਰਜ਼ ਸ: ਪ੍ਰੀਤਮ ਸਿੰਘ ਨੇ ਜਨਤਕ ਪ੍ਰੈੱਸ, ਪਲੱਈਅਰ ਗਾਰਡਨ ਮਾਰਕਿਟ, ਚਾਂਦਨੀ ਚੌਕ, ਦਿੱਲੀ-6 ਤੋਂ ਛਪਵਾ ਕੇ ਦਫ਼ਤਰ ਆਰਸੀ, ਕੇ-24, ਹੌਜ਼ ਖ਼ਾਸ, ਨਵੀਂ ਦਿੱਲੀ-1[illegible] ਕੀਤਾ।

MAY 1995

ARSEE

K-24, Hauz Khas, New Delhi-110016

Delhi Postal Regd. No. DL-11368/95
Phone No. 668248, 6802488
Registration No. 858/58

ਅਜੀਤ ਰਾਹੀ

ਥਲ ਡੂੰਗਰ ਭਵਿਓਮਿ	70/-
ਕਬਰ ਜਿਨ੍ਹਾਂ ਦੀ ਜੀਵੇ ਹੂ	70/-

ਜੋਗਿੰਦਰ ਸ਼ਮਸ਼ੇਰ

1919 ਦਾ ਪੰਜਾਬ	75/-
ਕੁਝ ਕਵਿਤਾਵਾਂ	45/-

ਹਜ਼ਾਰਾ ਸਿੰਘ ਰਮਤਾ

ਰਮਤੇ ਦੇ ਹਾਸੇ	50/-
ਪਰਦੇਸੀ ਰਮਤਾ	60/-
ਰਮਤਾ ਦਰੈ ਮੈਖ਼ਾਨਾ	80/-

ਰਵਿੰਦਰ ਰਵੀ

ਆਪਣੇ ਖ਼ਿਲਾਫ਼	50/-
ਅੱਧੀ ਰਾਤ ਦੁਪਹਿਰ	30/-
ਅਘਰਵਾਸੀ	80/-
ਚੌਕ ਨਾਟਕ	40/-
ਸੂਰਜ ਨਾਟਕ	75/-
ਕੰਪਿਊਟਰ ਕਲਚਰ	35/-
ਸ਼ੀਸ਼ੇ 'ਤੇ ਦਸਤਕ	35/-

ਪ੍ਰਭਜੋਤ ਕੌਰ

ਪਾਰਦਰਸ਼ੀ (ਕਵਿਤਾ)	75/-
ਵਡਦਰਸ਼ੀ ਸ਼ੀਸ਼ਾ	12/-
ਸਹਿਰ ਹੋਣੇ ਤਕ	20/-
ਪੱਬੀ	20/-

ਨਰਿੰਦਰਪਾਲ ਸਿੰਘ

ਸਿਰ ਦੀਜੈ ਕਾਣ ਨਾ ਕੀਜੈ	225/-
ਖੰਨਿਉ ਤਿਖੀ	40/-
ਵਾਲੋਂ ਨਿਕੀ	40/-
ਏਤਿ ਮਾਰਗ ਜਾਣਾ	55/-
ਇਕ ਸਰਕਾਰ ਬਾਝੋਂ	75/-

ਹੋਰ ਪੁਸਤਕਾਂ

ਚਿੜੀਏ ਨੀ ਤੂੰ ਕੀ ਜਾਣੇ (ਅਨੁਵਾਦ ਅਜੀਤ ਕੌਰ)	ਸੀਤਾਕਾਂਤ ਮਹਾਪਾਤਰ	70/-
ਦੇਵ-ਚੋਣਵੀਂ ਕਵਿਤਾ	ਸੁਤਿੰਦਰ ਸਿੰਘ ਨੂਰ	125/-
ਪਰਦੇਸ ਨਾਮਾ	ਰਣਜੀਤ ਧੀਰ	65/-
ਮੁੱਲ ਦੀ ਤੀਵੀ	ਵੀਨਾ ਵਰਮਾ	95/-
ਵਿਚਾਰ ਕੋਸ਼	ਰੂਪ ਸਨਮ	300/-
ਚਿੱਟੀ ਮੌਤ (ਨਾਵਲ)	ਨਦੀਮ ਪਰਮਾਰ	80/-
ਭੁੱਲੀਆਂ ਵਿਸਰੀਆਂ ਯਾਦਾਂ	ਪਿਆਰਾ ਸਿੰਘ ਦਾਤਾ	200/-
ਰਾਜ ਦਾ ਸਿੱਖ ਸੰਕਲਪ	ਡਾ: ਜਸਪਾਲ ਸਿੰਘ	225/-
ਕਹਿਕਸ਼ਾਂ	ਤਾਰਾ ਸਿੰਘ	35/-
ਇਕੱਤੀ ਕਹਾਣੀਆਂ	ਐਸ. ਸਾਕੀ	160/-
ਕਣੀ (ਨਾਵਲ)	ਐਮ.ਐਸ. ਸੇਠੀ	135/-
ਚੇਤੇ ਦੀ ਚੰਗੇਰ 'ਚੋਂ	ਜਗਜੀਤ ਸਿੰਘ ਆਨੰਦ	75/-
ਸਮੁੰਦਰ ਨਾਲ ਗੱਲਾਂ	ਦਰਸ਼ਨ ਬੁਲੰਦਵੀ	40/-
ਪਾਣੀ ਦਾ ਪਰਛਾਵਾਂ	ਇਕਬਾਲ ਰਾਮੂਵਾਲੀਆ	40/-
ਬਾਣੀ ਸਾਰ	ਮਹਿੰਦਰ ਕੌਰ ਗਿੱਲ	100/-
ਬਲਦੇ ਬੁਝਦੇ ਅੱਖਰ	ਸੋਹਨ ਸਿੰਘ ਜੋਸ਼ (ਉਰਦੂ)	225/-
ਬਲਦੇ ਬੁਝਦੇ ਅੱਖਰ	ਸੋਹਨ ਸਿੰਘ ਜੋਸ਼ (ਹਿੰਦੀ)	225/-
ਬਾਹਰੋਂ ਸਰਾਪੇ ਅੰਦਰੋਂ ਗੁਆਚੇ	ਜ.ਸ. ਆਹਲੂਵਾਲੀਆ	35/-
ਮੇਰੀ ਚੋਣਵੀਂ ਕਵਿਤਾ	ਸੁਖਪਾਲਵੀਰ ਸਿੰਘ ਹਸਰਤ	35/-
ਪ੍ਰੇਤ ਪਿਆਸ	ਕਮਲ ਇਕਾਗਸ਼ੀ	25/-
ਪਿਘਲੇ ਹੋਏ ਪਲ	ਹਰਭਜਨ ਹਲਵਾਰਵੀ	20/-
ਦੋ ਕਿਨਾਰੇ	ਅਮਰਜੀਤ ਚੰਦਨ	30/-
ਕਵਿਤਾਵਾਂ	ਅਮਰਜੀਤ ਚੰਦਨ	20/-
ਵਲਾਇਤੀਏ	ਅਮਰਜੀਤ ਚੰਦਨ	35/-
ਬਰਤਾਨਵੀ ਪੰਜਾਬੀ ਸਾਹਿਤ ਦੀਆਂ ਪ੍ਰਾਪਤੀਆਂ	ਹਰਬਖ਼ਸ਼ ਸਿੰਘ ਮਕਸੂਦਪੁਰੀ	40/-
ਆਪ-ਬੀਤੀ	ਮਹਿੰਦਰ ਸਿੰਘ ਰੰਧਾਵਾ	75/-
ਗਿਆਨੀ ਜ਼ੈਲ ਸਿੰਘ -ਜੀਵਨੀ	ਸੁਰਿੰਦਰ ਸਿੰਘ ਜੌਹਰ	85/-
ਰੂਸੀ ਇਤਿਹਾਸ ਦੀਆਂ ਕਹਾਣੀਆਂ		16/-
ਬੱਬਰ ਅਕਾਲੀ ਲਹਿਰ ਦਾ ਇਤਿਹਾਸ	ਮਿਲਖਾ ਸਿੰਘ ਨਿੱਝਰ	150/-
ਜੀਵਨ ਭਾਈ ਮੋਹਨ ਸਿੰਘ ਵੈਦ		100/-
ਮੇਰੀ ਆਤਮ ਕਥਾ	ਦਾਰਾ ਸਿੰਘ	70/-
ਚੁਪ ਦੀ ਅਵਾਜ਼	ਜਸਪਾਲ ਸਿੰਘ ਸੂਸ	40/-
ਮਿੱਟੀ-ਮਿੱਟੀ	ਸੋਹਨ ਕਾਦਰੀ	50/-
ਅਹਿਮਦ ਨਦੀਮ ਕਾਸਮੀ ਦੀਆਂ ਕਹਾਣੀਆਂ		24/-
ਅਨੇਕਤਾ ਵਿਚ ਏਕਤਾ	ਓ.ਪੀ. ਘਈ	45/-
ਸਿਫ਼ਰ-ਸਿਫ਼ਰ	ਗੁਰੂਮੇਲ	30/-
ਦੂਰ ਨੇੜੇ	ਗੁਰਮੁਖ ਸਿੰਘ ਮੁਸਾਫ਼ਿਰ	50/-
ਕਮਿਊਨਿਸਟ ਲਹਿਰ	ਭਗਵਾਨ ਸਿੰਘ ਜੋਸ਼	30/-
ਮਿੱਟੀ ਦਾ ਰੰਗ	ਭੂਪਿੰਦਰ ਪੁਰੇਵਾਲ	16/-
ਮਿੱਟੀ 'ਚੋਂ ਉਕਰੇ ਅੱਖਰ	ਚਰਨ ਸਿੰਘ	25/-
ਨਿਖੰਭੜੇ	ਮਨਜੀਤ ਮੀਤ	30/-
ਸਰਦ ਪੈਰਾਂ ਦੀ ਉਡੀਕ	ਹਰਜੀਤ ਅਟਵਾਲ	25/-
ਜੰਗ ਤੇ ਅਮਨ (ਦੋਵੇਂ ਭਾਗ)	ਤਾਲਸਤਾਏ	200/-
ਤਾਰਾ ਸਿੰਘ ਹੇਅਰ	ਰਵਿੰਦਰ ਰਵੀ	400/-
ਮਹਾਂਨੂਰ	ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ	400/-
ਬੋਗਨ ਵਿਲਾ ਦੇ ਵਸਤਰ	ਸ਼ਸ਼ੀ ਸਮੁੰਦਰਾ	60/-
ਮਹਿਕ	ਸ਼ੀਲਾ ਗੁਜਰਾਲ	45/-
ਤਰਸੇਮ ਨੀਲਗੀਰੀ - ਰਚਨਾ ਸੰਸਾਰ		200/-
ਛੜਿਆਂ ਦਾ ਗੀਤ	ਤਰਸੇਮ ਨੀਲਗਿਰੀ	35/-
ਕਲਾ ਵਾਹਿਗੁਰੂ ਦੀ	ਸੋਭਾ ਸਿੰਘ	350/-
ਸੰਤ ਸਿੰਘ ਸੇਖੋਂ	ਪ੍ਰੋ. ਪ੍ਰੀਤਮ ਸਿੰਘ	350/-
ਲਕੀਰਾਂ ਦੇ ਮਨੁੱਖ	ਦਰਸ਼ਨ ਸਿੰਘ ਧੀਰ	85/-
ਸੁਫ਼ਨਿਆਂ ਦੀ ਸ਼ਾਮ	ਬੂਟਾ ਸਿੰਘ	25/-
ਅਗਮ ਅਗੋਚਰ	ਪ੍ਰੀਤਮ ਸਿੰਘ ਸਫ਼ੀਰ	25/-
ਬਲਰਾਜ ਬਿਨਾ ਹੁਣ ਕਾਹਦੇ ਮੇਲੇ	ਅਮਰਜੀਤ ਸਿੰਘ ਦੀਪਕ	60/-
ਬਾਰਾਂ ਮਾਹ	ਕ੍ਰਿਸ਼ਨ ਸਰਸ਼ਾਰ	12/-
ਇਕ ਸੁਪਨਾ ਮਛਲੀ ਦਾ	ਜਗਤਾਰ ਢਾਅ	20/-
ਇਕ ਖ਼ਤ	ਬਲਦੇਵ ਬਾਵਾ	25/-

ਮਿਲਣ ਦਾ ਪਤਾ – ਨਵਯੁਗ ਪਬਲਿਸ਼ਰਜ਼, K-24, ਹੌਜ਼ ਖਾਸ, ਨਵੀਂ ਦਿੱਲੀ–16